ਜੀਵਨ ਚਰਿਤ੍ਰ :

# ਬਾਬਾ ਆਲਾ ਸਿੰਘ

ਲੇਖਕ

ਸ: ਕਰਮ ਸਿੰਘ ਹਿਸਟੋਰੀਅਨ

ਪ੍ਰਕਾਸ਼ਕ

ਪ੍ਰਕਾਸ਼ ਪੁਸਤਕਾਲਾ ਪਟਿਆਲਾ

ਕੀਮਤ ੨॥)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਬਾਬਾ ਆਲਾ ਸਿੰਘ

—ਲੇਖਕ—

ਸ; ਕਰਮ ਸਿੰਘ ਹਿਸਟੋਰੀਅਨ

—ਪ੍ਰਕਾਸ਼ਕ—

'ਪ੍ਰਕਾਸ਼ ਪੁਸਤਕਾਲਾ', ਪਟਿਆਲਾ

Digitized by Panjab Digital Library | www.panjabdigilib.org

ਸਾਰੇ ਹੱਕ ਰਾਖਵੇਂ ਹਨ

ਗਿਆਨੀ ਗੁਰਦਿੱਤ ਸਿੰਘ ਮਾਲਕ 'ਪ੍ਰਕਾਸ਼-ਪੁਸਤਕਾਲਾ ਅਤੇ
ਪ੍ਰਕਾਸ਼ ਪ੍ਰੈਸ ਪਟਿਆਲਾ ਨੇ ਆਪਣੇ ਪ੍ਰਕਾਸ਼ ਪ੍ਰੈਸ
(ਲੱਦਿਰਮਾਲ) ਪਟਿਆਲਾ ਤੋਂ ਪ੍ਰਕਾਸ਼ਤ ਕੀਤੀ

Digitized by Panjab Digital Library | www.panjabdigilib.org

# ਤਤਕਰਾ


| | |
|---|---|
| ਭੂਮਕਾ | ੧੨ |
| ਪੁਸਤਕਾਂ ਦੀ ਫਰਿਸਤ | ੧੮ |
| ਪਹਿਲੇ ਹਾਲ | ੩੦ |
| ਤਾਕਤ ਦਾ ਵਾਧਾ | ੬੯ |
| ਭਟੀਆਂ ਨਾਲ ਟਾਕਰੇ | ੮੦ |
| ਅਲੀ ਮਹੰਮਦ ਖਾਂ ਦਾ ਸਰਹੰਦ ਆਉਣਾਂ | ੯੦ |
| ਵਿਗੜਿਆਂ ਨੂੰ ਸੋਧਣਾਂ | ੧੦੨ |
| ਇਲਾਕੇ ਦਾ ਵਾਧਾ | ੧੧੧ |
| ਰਾਜਗੀ ਦਾ ਅਰੰਭ | ੧੨੦ |
| ਰਾਜਗੀ ਦੀ ਪਕਿਆਈ | ੧੩੭ |
| ਪਟਿਆਲਾ ਰਾਜਧਾਨੀ ਦੀ ਨੀਂਹ | ੧੫੨ |
| ਰਾਜਗੀ ਦੀ ਪ੍ਰਾਪਤੀ | ੧੬੬ |
| ਮਹਾਰਾਜਾ ਜੀ ਦੀ ਉਲਾਦ | ੧੭੫ |
| ਅੰਤਕਾ | ੧੮੭ |
| ਅੰਤਕਾ ਨੰ: ੨ ਅਲੀ ਮਹੰਮਦ ਖਾਂ ਦਾ ਸਰਹੰਦ ਆਉਣਾ | ੧੯੬ |
| ਅੰਤਕਾ ਨੰ: ੩ ਮਹਾਰਾਜਾ ਆਲਾ ਸਿੰਘ ਜੀ ਦੀ ਮਰਹਟਿਆਂ ਨੂੰ ਸਹਾਇਤਾ | ੧੯੮ |


Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਮਹਾਰਾਜਾ ਆਲਾ ਸਿੰਘ ਜੀ ਦੇ ਜਿਤਨੇ ਹਾਲ ਲਿਖੇ ਗਏ ਹਨ, ਐਸੇ ਅਧੂਰੇ ਤੇ ਸੰਖੇਪ ਹਨ ਕਿ ਪੜ੍ਹਨ ਵਾਲੇ ਦੇ ਦਿਲ ਉਤੇ ਮਹਾਰਾਜਾ ਆਲਾ ਸਿੰਘ ਜੀ ਦੀ ਬਜ਼ੁਰਗੀ ਦਾ ਕੁਝ ਵੀ ਅਸਰ ਨਹੀਂ ਪੈਂਦਾ। ਗੱਲ ਅਸਲ ਇਹ ਕਿ ਜਦ ਤੀਕ ਲਿਖਣ ਵਾਲਾ ਆਪ ਹ ਮਹਾਰਾਜਾ ਜੀ ਦੀ ਬਜ਼ੁਰਗੀ ਨੂੰ ਮਹਿਸੂਸ ਨਾ ਕਰੇ, ਤਦ ਤੀਕ ਓਹ ਆਪਣੀ ਲਿਖਤ ਦਵਾਰਾ ਦੂਜਿਆਂ ਉਤੇ ਕੀ ਪ੍ਰਭਾਵ ਪਾ ਸਕਦਾ ਹੈ।

ਮਹਾਰਾਜਾ ਆਲਾ ਸਿੰਘ ਜੀ ਦੇ ਹਾਲਾਂ ਨੂੰ ਸਮਝਾਣ ਵਾਸਤੇ ਕੇਵਲ ਏਨਾਂ ਹੀ ਜ਼ਰੂਰੀ ਨਹੀਂ, ਕਿ ਓਸ ਸਮੇਂ ਦੀਆਂ ਦੋ ਚਾਰ ਮੋਟੀਆਂ ਮੋਟੀਆਂ ਗੱਲਾਂ ਨੂੰ ਕਿਸੇ ਇਤਿਹਾਸ ਵਿਚੋਂ ਪੜ੍ਹ ਲਿਆ ਜਾਵੇ, ਬਲਕਿ ਜ਼ਰੂਰੀ ਗੱਲ ਇਹ ਹੈ ਕਿ ਉਸ ਸਮੇਂ ਦੇ ਹਾਲਾਂ ਨੂੰ ਮਹਿਸੂਸ ਕੀਤਾ ਜਾਵੇ। ਮਹਾਰਾਜਾ ਜੀ ਦੇ ਉਤਰ ਵਲ ਧਾਰੀਵਾਲ, ਰਾਇਕੇ ਤੇ ਈਸੈ ਖਾਂ ਮੰਜ ਵਰਗੇ ਸਨ, ਦੱਖਣ ਵਲ ਸਾਬੋਕੇ ਤੇ ਭੱਟੀ ਪੂਰਬ ਵਲ ਸਰਹੰਦ ਦੇ ਸਰਕਾਰੀ ਹਾਕਮ ਸਨ, ਅਤੇ ਪੱਛਮ ਵਲ ਮਾਰਖੋਰ ਬੈਰਾੜ। ਜਦ ਤੀਕ ਇਨ੍ਹਾਂ ਸਾਰਿਆਂ ਗਵਾਂਢੀਆਂ ਦੇ ਹਾਲਾਂ ਦੀ ਪੂਰੀ ਪੂਰੀ ਵਾਕਫੀ ਨਾ ਹੋ ਜਾਵੇ, ਕਿਸੇ ਆਦਮੀ ਦਾ ਮਹਾਰਾਜਾ

Digitized by Panjab Digital Library | www.panjabdigilib.org

ਆਲਾ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਨੂੰ ਲਿਖਣ ਦਾ ਜਤਨ ਕਰਨਾ, ਮਾਨੋ, ਇਤਿਹਾਸ ਨਾਲ ਮਖੌਲ ਕਰਨਾ ਹੈ।

ਮਹਾਰਾਜਾ ਜੀ ਦੇ ਚੁਗਿਰਦੇ ਕਈ ਤਾਕਤਾਂ ਕੰਮ ਕਰਦੀਆਂ ਸਨ। ਦਿੱਲੀ ਦੇ ਹਾਕਮ ਆਪਣੀ ਅੱਡ ਹਕੂਮਤ ਜਗਾਉਂਦੇ ਸਨ, ਹਰ ਸਾਲ ਗਿਲਜੇ ਆ ਕੇ ਆਪਣੀ ਅੱਡ ਹਕੂਮਤ ਮਨਵਾ ਜਾਂਦੇ ਸਨ; ਠੰਢ ਉਤਰਦਿਆਂ ਹੀ "ਖਾਲਸਾ ਦਲ" ਏਧਰ ਆ ਕੇ ਆਪਣੀ ਅੱਡ ਉਗਰਾਹੀ ਕਰ ਜਾਂਦਾ ਸੀ, ਭੱਟੀ ਸਨ, ਕਿ ਉਨ੍ਹਾਂ ਦਾ ਧਾੜੇ ਮਾਰਨ ਦਾ ਹੀ ਕੰਮ ਸੀ; ਸਾਬੋਕੇ ਸਨ, ਕਿ ਓਹ ਰਾਏਕਿਆਂ ਤੀਕ ਦੇ ਪਸ਼ੂ ਘੇਰ ਲਿਜਾਂਦੇ ਸਨ। ਚੁਤਰਫੀਂ ਐਸਾ ਘਮਸਾਨ ਮੱਚ ਰਿਹਾ ਸੀ, ਅਤੇ ਮਹਾਰਾਜਾ ਆਲਾ ਸਿੰਘ ਜੀ ਏਨ੍ਹਾਂ ਦੇ ਵਿਚਕਾਰ ਕੌੜੀ ਵੇਲ ਵਾਂਗ ਵਧ ਰਹੇ ਸਨ।

੧. ਮਹਾਰਾਜਾ ਜੀ ਦਾ ਭਾਈ-ਕਿਆਂ ਤੇ "ਖਾਲਸਾ ਦਲ" ਨਾਲ ਬੜਾ ਗੂੜ੍ਹਾ ਸੰਬੰਧ ਸੀ। ਇਕ ਧਿਰ ਦਾ ਕੰਮ ਬਾਕੀ ਦੋਹਾਂ ਧਿਰਾਂ ਦੇ ਕੰਮਾਂ ਉਤੇ ਆਪਣਾ ਅਸਰ ਪਾਉਂਦਾ ਸੀ। ਇਨ੍ਹਾਂ ਦੀਆਂ ਮਾਰਾਂ ਸਾਂਝੀਆਂ ਸਨ, ਇਨ੍ਹਾਂ ਦੇ ਨਿਸ਼ਾਨੇ ਸਾਂਝੇ ਸਨ। ਇਸੇ ਲਈ ਇਹ ਜ਼ਰੂਰੀ ਹੈ, ਕਿ ਇਕ ਧਿਰ ਦੇ ਹਾਲਾਂ ਨੂੰ ਸਮਝਣ ਲਈ ਤਿੰਨਾਂ ਹੀ ਧਿਰਾਂ ਦੇ ਹਾਲਾਂ ਨੂੰ ਚੰਗੀ ਤਰ੍ਹਾਂ ਜਾਣਿਆ ਜਾਵੇ। ਇਸ ਤ੍ਰਿਗੜੇ (Trio) ਵਿਚੋਂ ਆਪ ਇਕ ਧਿਰ ਨੂੰ ਕਢ ਦੇਵੋ, ਬਾਕੀ ਦੋਹਾਂ ਧਿਰਾਂ ਦੇ ਅਸਲ ਅਸੂਲ ਹਾਲ ਆਪ ਸਮਝ ਹੀ ਨਾ ਸਕੋਗੇ।

ਮਹਾਰਾਜਾ ਆਲਾ ਸਿੰਘ ਜੀ ਦੇ ਹਾਲ ਇਸੇ ਕਰ ਕੇ ਹੀ ਹੁਣ ਤੀਕ ਠੀਕ ਨਹੀਂ ਲਿਖੇ ਜਾ ਸਕੇ, ਕਿ ਲਿਖਣ ਵਾਲਿਆਂ ਕੇਵਲ ਮਹਾਰਾਜਾ ਆਲਾ ਸਿੰਘ ਜੀ ਦੇ ਹਾਲਾਂ ਨੂੰ ਹੀ ਲਿਆ ਹੈ, ਅਤੇ ਆਪ ਦੇ ਨਾਲ ਜੋ ਹੋਰ ਤਾਕਤਾਂ ਕੰਮ ਕਰ ਰਹੀਆਂ ਸਨ, ਓਨ੍ਹਾਂ ਦੇ ਪ੍ਰਸਪਰ ਅਸਰਾਂ ਦਾ ਕੁਝ ਖਿਆਲ ਨਹੀਂ ਕੀਤਾ। ਪਿਆਜ਼ ਦੀਆਂ ਜੇਕਰ ਛਿੱਲਾਂ ਲਾਹੀ ਜਾਈਏ, ਤਾਂ ਪਿਆਜ਼ ਦਾ ਵਜੂਦ ਹੀ ਜਾਂਦਾ ਰਹਿੰਦਾ ਹੈ,

Digitized by Panjab Digital Library | www.panjabdigilib.org

ਸਭ ਤਾਕਤਾਂ ਦਾ ਇਕ ਦੂਜੀ ਉਤੇ ਇਤਨਾ ਅਸਰ ਪੈਂਦਾ ਸੀ, ਕਿ ਇਕ ਨੂੰ ਦੂਜੀ ਨਾਲੋਂ ਅਡ ਕੀਤਾ ਹੀ ਨਹੀਂ ਜਾ ਸਕਦਾ।

ਮਹਾਰਾਜਾ ਆਲਾ ਸਿੰਘ ਜੀ ਦੇ ਹਾਲ ਲਿਖਣ ਵਾਲਿਆਂ ਵਿਚੋਂ ਕਿਸੇ ਨੇ ਓਸ ਸਮੇਂ ਦੀ ਸਿਖ ਬਿਵਸਥਾ ਨੂੰ ਸਮਝਣ ਦਾ ਜਤਨ ਨਹੀਂ ਕੀਤਾ। ਮਹਾਰਾਜਾ ਜੀ ਨੇ ਸਿਖ ਖਿਆਲਾਂ ਵਿਚ ਪਰਵਰਸ਼ ਪਾਈ ਸੀ, ਆਪ ਦੇ ਵਿਹਾਰਕ ਤੇ ਰਾਜਨੀਤਕ ਸੰਬੰਧ ਸਿਖ਼ਾਂ ਨਾਲ ਸਨ, ਆਪ ਦੇ ਚੁਗਿਰਦੇ ਅਡ ਅਡ ਸ਼ਕਲਾਂ ਵਿਚ ਸਿਖ ਬਿਵਸਥਾ ਆਪਣਾ ਪ੍ਰਭਾਵ ਪਾ ਰਹੀ ਸੀ, ਇਸ ਲਈ ਇਹ ਕਦ ਸੰਭਵ ਹੋ ਸਕਦਾ ਹੈ, ਕਿ ਸਿਖ ਬਿਵਸਥਾ ਵਲੋਂ ਅੱਖਾਂ ਮੀਟ ਕੇ ਕੋਈ ਲੇਖਕ ਮਹਾਰਾਜਾ ਆਲਾ ਸਿੰਘ ਜੀ ਦੇ ਠੀਕ ਠੀਕ ਹਾਲ ਲਿਖ ਸਕੇ।

ਸਿਖ ਭਾਵਾਂ ਨੂੰ ਸਮਝਣ ਤੋਂ ਬਿਨਾਂ ਸਿਖਾਂ ਦੇ ਕੰਮ ਨੂੰ ਕੋਈ ਕੀਕੂੰ ਸਮਝ ਸਕਦਾ। ਸਿੰਘ ਉਠਦੇ ਸਨ, 'ਦਲ' ਬੰਨਦੇ ਸਨ, ਅਤੇ ਸਰਹੰਦ ਦੀ ਚੂਨੇ ਗੱਚ ਫਸੀਲ ਨਾਲ ਆ ਟੱਕਰ ਲਾਉਂਦੇ ਸਨ। ਉਨ੍ਹਾਂ ਨੂੰ ਸਰਹੰਦ ਦੀ ਦੌਲਤ ਦਾ ਲਾਲਚ ਨਹੀਂ ਸੀ—ਦੌਲਤ ਹੋਰਨਾਂ ਸ਼ਹਿਰਾਂ ਵਿਚ ਬਹੁਤ ਪਈ ਸੀ ਉਨ੍ਹਾਂ ਨੂੰ ਸਰਹੰਦ ਉਤੇ ਕਬਜ਼ਾ ਕਰਨ ਦਾ ਲਾਲਚ ਨਹੀਂ ਸੀ—ਸਰਹੰਦ ਨੂੰ ਸਰ ਕਰਕੇ ਵੀ ਕਿਸੇ ਸਰਦਾਰ ਨੇ ਉਸ ਉਤੇ ਕਬਜ਼ਾ ਨਹੀਂ ਕੀਤਾ ਸੀ—ਉਨ੍ਹਾਂ ਅੰਦਰ ਅੱਗ ਬਲ ਉਠਦੀ ਸੀ, ਸਰਹੰਦ ਨੂੰ ਵੇਖ ਸੁਣ ਕੇ ਉਨ੍ਹਾਂ ਅੰਦਰ ਮਵਾਤੇ ਬਲ ਉਠਦੇ ਸਨ, ਭਾਂਬੜ ਬਲ ਉਠਦੇ ਸਨ। ਇਸ ਸੇਕ ਨੂੰ ਸਿਖਾਂ ਤੋਂ ਬਿਨਾਂ ਹੋਰ ਕੌਣ ਮਹਿਸੂਸ ਕਰ ਸਕਦਾ ਹੈ, ਇਹੋ ਕਾਰਨ ਹੈ, ਕਿ ਸਿਖਾਂ ਤੋਂ ਬਿਨਾਂ ਜਿਸ ਜਿਸ ਨੇ ਸਿਖਾਂ ਦਾ ਇਤਿਹਾਸ ਲਿਖਿਆ ਹੈ, ਉਸ ਨੇ ਅਸਲ ਰਸ ਨੂੰ ਤਾਂ ਗਵਾ ਦਿਤਾ ਹੈ, ਅਤੇ ਫੋਕ ਫੋਕ ਪਾਠਕਾਂ ਲਈ ਰਖ ਲਿਆ ਹੈ।

੨. ਮਹਾਰਾਜਾ ਆਲਾ ਸਿੰਘ ਜੀ ਨੇ ਸਾਧਾਰਨ ਹਾਲਤ ਤੋਂ ਉੱਠ ਕੇ ਰਾਜ ਪਦਵੀ ਤੀਕ ਉੱਨਤੀ ਕੀਤੀ ਸੀ। ਆਪ ਉਨ੍ਹਾਂ

Digitized by Panjab Digital Library | www.panjabdigilib.org

ਸਾਰੀਆਂ ਪੌੜੀਆਂ ਥਾਣੀ ਚੜ੍ਹੇ ਸਨ, ਜੇਹੜੀਆਂ ਸਰਦਾਰੀ ਤੋਂ ਲੈ ਕੇ ਰਾਜ-ਗੱਦੀ ਤੀਕ ਆ ਸਕਦੀਆਂ ਹਨ। ਇਸ ਲਈ ਆਪ ਦਾ ਜੀਵਨ ਲਿਖਣ ਵਾਲੇ ਨੂੰ ਦੋਹਾਂ ਪਾਸਿਆਂ ਦਾ ਧਿਆਨ ਰਖ ਕੇ ਤੁਰਨਾ ਜ਼ਰੂਰੀ ਹੈ। ਕਿਸੇ ਇਕ ਪਾਸੇ ਵਲ ਝੁਕਿਆਂ ਦੂ. ਪਾਸੇ ਨਾਲ ਅਨਆਇ ਹੋ ਜਾਣ ਦਾ ਡਰ ਹੈ।

ਗਰਿਫ਼ਨ ਸਾਹਿਬ ਨੇ ਆ ' ਅੱਖਾਂ ਸਾਹਮਣੇ ਮਹਾਰਾਜਾ ਜੀ ਦੀ ਸਰਦਾਰੀ ਹਾਲਤ ਰਖ ਕੇ ਆਪਣੇ ਹਾਲ ਲਿਖੇ ਹਨ; ਅਤੇ "ਤਜ਼ਕਰਾ" ਦੇ ਲੇਖਕ ਨੇ ਮਹਾਰਾਜਾ ਜੀ ਦੀ ਰਾਜਗੀ ਦੀ ਹਾਲਤ ਨੂੰ ਅੱਖਾਂ ਸਾਹਮਣੇ ਰਖ ਕੇ। ਦੋਹਾਂ ਨੇ ਹੀ ਇਕ ਅੰਗ ਨੂੰ ਛੱਡ ਦਿਤਾ ਹੈ, ਇਸ ਲਈ ਦੋਹਾਂ ਦੇ ਹਾਲ ਅਧੂਰੇ ਹਨ।

**੩.** ਤੀਜੀ ਵਡੀ ਔਕੜ ਇਤਿਹਾਸਕ ਹਾਲਾਂ ਦੀ ਥੁੜ ਹੈ। ਮਹਾਰਾਜਾ ਆਲਾ ਸਿੰਘ ਜੀ ਦੇ ਸਿਲਸਿਲੇ ਵਾਰ ਹਾਲ ਕਿਤੋਂ ਵੀ ਨਹੀਂ ਮਿਲਦੇ, ਅਤੇ ਜੋ ਮਿਲਦੇ ਹਨ, ਓਹ ਮੂਲੋਂ ਹੀ ਅਧੂਰੇ ਹਨ। ਇਥੇ ਫੁਲ ਚੁਣ ਕੇ ਗੁਲਦਸਤਾ ਬਣਾ ਲਿਆਉਣ ਦਾ ਕੰਮ ਨਹੀਂ, ਇਥੋਂ ਜ਼ਮੀਨ ਵਿਚੋਂ ਖਾਣ ਲਭੋ, ਧਾਤ ਕਢੋ, ਉਸ ਨੂੰ ਢਾਲ ਕੇ ਖਾਲਸ ਕਰੋ; ਅਤੇ ਫੇਰ ਗਹਿਣਾ ਬਣਾ ਕੇ ਓਸ ਵਿਚ ਆਪਣੀ ਕਾਰੀਗਰੀ ਵਖਾਓ, ਵਾਲਾ ਕੰਮ ਹੈ।

ਅਡ ਅਡ ਇਤਿਹਾਸਾਂ ਤੋਂ ਜੋ ਕੁਝ ਮਿਲ ਸਕਦਾ ਸੀ, ਉਸ ਦੀ ਪਹਿਲਾਂ ਸਿਲੇ–ਚੋਣ ਕੀਤੀ ਗਈ, ਅਤੇ ਨਿੱਕੀ ਨਿੱਕੀ ਗੱਲ ਵਾਸਤੇ ਕਈ ਕਈ ਦਰਜਨ ਤੁਵਾਰੀਖਾਂ ਨੂੰ ਵੇਖਣ ਪਿਆ- ਕੇਵਲ ਪਾਣੀਪਤ ਦੀ ਲੜਾਈ ਵਿਚ ਮਹਾਰਾਜਾ ਆਲਾ ਸਿੰਘ ਜੀ ਦਾ ਨਾਮ ਵੇਖਣ ਲਈ ਗਲ ਪਗ ਵੀਹ ਪ੍ਰਮਾਣੀਕ ਤਵਾਰੀਖਾਂ ਵੇਖਣੀਆਂ ਪਈਆਂ ਹੋਣਗੀਆਂ। ਜਿਸ ਜਿਸ ਜਗ੍ਹਾ ਨਾਲ ਮਹਾਰਾਜਾ ਜੀ ਦਾ ਥੋੜਾ ਬਹੁਤਾ ਸਬੰਧ ਰਿਹਾ ਸੀ, ਉਸ ਉਸ ਥਾਂ ਆਪ ਜਾ ਕੇ ਲੋਕਾਂ ਪਾਸੋਂ ਹਾਲ ਪੁਛੇ ਗਏ; ਜਿਥੇ ਜਿਥੇ

Digitized by Panjab Digital Library | www.panjabdigilib.org

ਮਹਾਰਾਜਾ ਜੀ ਨੇ ਲੜਾਈਆਂ ਕੀਤੀਆਂ ਸਨ, ਉਹਨਾਂ ਸਭ ਰਣਭੂਮੀਆਂ ਨੂੰ ਅਖੀਂ ਜਾ ਕੇ ਡਿਠਾ; ਜਿਨ੍ਹਾਂ ੨ ਘਰਾਣਿਆਂ ਤੇ ਖਾਨਦਾਨਾਂ ਦਾ ਕਿਸੇ ਨਾ ਕਿਸੇ ਸ਼ਕਲ ਵਿਚ ਮਹਾਰਾਜਾ ਜੀ ਨਾਲ ਸਬੰਧ ਰਿਹਾ ਸੀ, ਉਹਨਾਂ ਪਾਸੋਂ ਪੁਛ ਪੁਛਾ ਕੇ ਹਾਲ ਜਮ੍ਹਾਂ ਕੀਤੇ ਗਏ। ਇਸ ਤਰ੍ਹਾਂ ਸਾਰਾ ਮਸਾਲਾ ਕੱਠਾ ਕਰਕੇ ਇਸ ਨੂੰ ਸੋਧਿਆ ਤੇ ਸਮਕਾਲੀ ਤਵਾਰੀਖਾਂ ਨਾਲ ਟਕਰਾਇਆ ਗਿਆ। ਜਦ ਸਭ ਤਰਾਂ ਤਸੱਲੀ ਹੋ ਗਈ, ਤਾਂ ਉਸ ਨੂੰ ਇਸ ਜੀਵਨ ਬ੍ਰਿਤਾਂਤ ਦੀ ਸ਼ਕਲ ਵਿਚ ਲਿਆਂਦਾ ਗਿਆ।

ਇਸ ਪੁਸਤਕ ਦੇ ਅਕਾਰ ਤੋਂ ਇਸ ਦੇ ਲੇਖਕ ਦੀ ਮੇਹਨਤ ਦ ਅੰਦਾਜ਼ਾ ਲਾਉਣਾ ਲੇਖਕ ਨਾਲ ਇਕ ਤਰ੍ਹਾਂ ਦਾ ਅਨਯਾਇ ਕਰਨਾ ਹੈ। ਜਿਥੇ ਇਤਿਹਾਸਕ ਮਸਾਲੇ ਦੀ ਬਹੁਲਤਾ ਹੋਵੇ, ਸਿਲਸਿਲੇ ਵਾਰ ਮਸਾਲਾ ਮਿਲ ਸਕਦਾ ਹੋਵੇ, ਅਤੇ ਲੋੜ ਕੇਵਲ ਉਸ ਨੂੰ ਢਾਂਚਾ ਦੇਣ, ਤੇ ਚੰਗੀ ਸ਼ਕਲ ਬਣਾ ਦੇਣ ਦੀ ਹੋਵੇ, ਉਥੇ ਤਾਂ ਆਕਾਰ ਤੇ ਮੇਹਨਟ ਦਾ ਕੁਝ ਤਨਾਸਬ ਭਾਵੇਂ ਹੋ ਸਕੇ, ਪਰ ਜਿਥੇ ਮੁੱਢ ਸਿਰੇ ਤੋਂ ਹੀ ਸਭ ਕੁਝ ਟੋਲ ਖੋਜ ਕੇ ਕਰਨਾ ਪਵੇ, ਉਥੇ ਆਕਾਰ ਤੇ ਮੇਹਨਤ ਦਾ ਕੋਈ ਤਨਾਸਬ ਨਹੀਂ ਹੋ ਸਕਦਾ ਹੈ।

ਮੈਨੂੰ ਜਿਤਨਾ ਮਸਾਲਾ ਮਿਲ ਸਕਿਆ, ਉਸੇ ਨੂੰ ਮੈਂ ਯਥਾ ਯੋਗ ਵ੍ਰਤਣ ਦਾ ਜਤਨ ਕੀਤਾ ਹੈ। ਇਸ ਮਸਾਲਾ ਅਨੇਕਾਂ ਸ਼ਕਲਾਂ ਵਿਚ ਭੁਲਾਂ ਨਾਲ ਭਰਿਆ ਪਿਆ ਸੀ, ਅਤੇ ਜਿਨ੍ਹਾਂ ਤਵਾਰੀਖਾਂ ਵਿਚ ਵੀ ਅਨੇਕਾਂ ਭੁਲਾਂ ਸਨ; ਇਸ ਲਈ ਸੁਧਾਈ ਦਾ ਕੰਮ ਬੜਾ ਔਖਾ ਸੀ। ਪਰ ਇਸ ਔਕੜ ਨੂੰ ਸ: ਰਤਨ ਸਿੰਘ ਜੀ ਦੇ "ਪੰਥ ਪਰਕਾਸ਼" ਤੇ ਮੇਰੇ ਆਪਣੇ ਕ੍ਰਿਤ 'ਹਾਲਾਤ ਮੁਕਦਮਾ ਨਾਲੀ' ਨੇ ਸਾਫ ਕਰ ਦਿਤਾ, ਅਤੇ ਸਾਰੇ ਹਾਲ ਇਕ ਲੜੀ ਵਿਚ ਪਰੋਤੇ ਜਾਣ ਦੇ ਲੈਕ ਹੋ ਗਏ।

ਮੈਂ ਪਹਿਲੇ ਲੇਖਕਾਂ ਦੀਆਂ ਜੋ ਭੁਲਾਂ ਸਮਝਦਾ ਹਾਂ, ਉਹਨਾਂ ਨੂੰ ਸੰਖੇਪ ਨਾਲ ਅੰਤਕਾ ਵਿਚ ਲਿਖ ਦਿਤਾ ਹੈ। ਛੋਟੀਆਂ ਛੋਟੀਆਂ ਕਈ ਹੋਰ ਭੀ ਗੱਲਾਂ ਹਨ, ਜਿਨ੍ਹਾਂ ਬਾਬਤ ਪਹਿਲੇ ਲੇਖਕਾਂ ਨਾਲ ਮੇਰੀ ਸੰਮਤੀ

Digitized by Panjab Digital Library | www.panjabdigilib.org

ਨਹੀਂ ਰਲਦੀ, ਪਰ ਮੈਂ ਉਹਨਾਂ ਸਾਰੀਆਂ ਗੱਲਾਂ ਦਾ ਅੰਤਕਾ ਵਿਚ ਜ਼ਿਕਰ ਕਰਨਾ ਤੇ ਉਨ੍ਹਾਂ ਉਤੇ ਬਹਿਸ ਕਰਨੀ ਵਿਅਰਥ ਸਮਝੀ ਹੈ। ਮੈਂ ਆਪਣੀ ਵਲੋਂ ਹਰ ਇਕ ਗੱਲ ਦੀ ਪੂਰੀ ਪੂਰੀ ਖੋਜ ਪੜਤਾਲ ਕਰ ਕੇ ਉਸ ਨੂੰ ਮੰਨਿਆ ਹੈ ਅਤੇ ਜਦ ਤੀਕ ਹਰ ਤਰ੍ਹਾਂ ਮੇਰੀ ਤਸੱਲੀ ਨਹੀਂ ਸੀ ਗਈ, ਮੈਂ ਉਸ ਗੱਲ ਨੂੰ ਨਹੀਂ ਛਡਿਆ, ਅਤੇ ਨਾ ਹੀ ਮੈਂ ਅੱਖਾਂ ਮੀਟ ਪਹਿਲੀਆਂ ਤਵਾਰੀਖਾਂ ਦੀ ਨਕਲ ਕਰਨ ਦਾ ਜਤਨ ਕੀਤਾ ਹੈ, ਜਿਹੋ ਕਰਕੇ ਕਈ ਲੇਖਕ ਬੜੀਆਂ ਹਾਸੇ ਵਾਲੀਆਂ ਭੁਲਾਂ ਕਰਦੇ ਰਹੇ ਹਨ। ਇਕ ਲੜਾਈ ਸੰਮਤ ੧੮੧੧ ਬਿ ਵਿਚ ਹੁੰਦੀ ਹੈ, ਦੂਜੀ ਲੜਾਈ ੧੮੧੫ ਬਿ: ਵਿਚ, ਅਤੇ ਤੀਜੀ ਲੜਾਈ ਸੰਮਤ ੧੮੨੫ ਬਿ: ਵਿਚ; ਪਰ ਚੰਗੇ ਚੰਗੇ ਲੇਖਕਾਂ ਨੇ ਇਨਾਂ ਤਿੰਨਾਂ ਲੜਾਈਆਂ ਨੂੰ ਇਕੋ ਵਾਰ ਕੁਝ ਦਿਨਾਂ ਦੀ ਵਿਥ ਉਥੇ ਦੇ ਦਿਤਾ ਹੈ ਅਤੇ ਇਹ ਪਹਿਲਾ ਹੀ ਸਮਾਂ ਹੈ, ਕਿ ਇਸ 'ਜੀਵਨ ਬ੍ਰਿਤਾਂਤ' ਵਿਚ ਉਹਨਾਂ ਭੁਲਾਂ ਦੀ ਸੋਧ ਕੀਤੀ ਗਈ ਹੈ।

ਇਤਨਾ ਕੁਝ ਕਰਕੇ ਵੀ ਮੈਂ ਏਹ ਕਹਿਣ ਲਈ ਤਿਆਰ ਨਹੀਂ, ਕਿ ਇਸ 'ਜੀਵਨ' ਵਿਚ ਕੋਈ ਭੁਲ ਨਹੀਂ ਹੋਵੇਗੀ। ਹੋ-ਸਕਦਾ ਹੈ, ਕਿ ਕੁਝ ਭੁਲਾਂ ਰਹਿ ਗਈਆਂ ਹੋਣ, ਪਰ ਮੈਂ ਇਤਨਾ ਕਹਿ ਸਕਦਾ ਹਾਂ, ਕਿ ਭੁਲਾਂ ਦੇ ਦੂਰ ਕਰਨ, ਅਤੇ ਹਾਲਾਂ ਨੂੰ ਸੋਧਣ ਲਈ ਕਿਸੇ ਪਰਕਾਰ ਵੀ ਮੇਹਨਤ, ਖਰਚ, ਤੇ ਸਮੇਂ ਦਾ ਸਰਫਾ ਨਹੀਂ ਕੀਤਾ ਗਿਆ। ਅਜੇ ਵੀ ਜੇ ਕਰ ਕੋਈ ਭੁਲ ਰਹਿ ਗਈ ਹੋਵੇ, ਤਾਂ ਗੁਰਵਾਕ ਅਨੁਸਾਰ:—

'ਭੁਲਣ ਅੰਦਰ ਸਭ ਕੋ'

ਮੈਂ ਖਿਮਾ ਦਾ ਭਾਗੀ ਹਾਂ।

ਪਟਿਆਲਾ

੧੬ ਮਾਘ ਸੰਮਤ ੧੯੭੫ ਬਿ:

Digitized by Panjab Digital Library | www.panjabdigilib.org

# ਫਹਿਰਿਸਤ ਉਨ੍ਹਾਂ ਪੁਸਤਕਾ ਦੀ ਜਿਨ੍ਹਾਂ ਤੋਂ ਸਹਾਇਤਾ ਲਈ ਗਈ

੧. ਜੰਗਨਾਮਾ (ਫ਼ਾਰਸੀ) ਕਾਜ਼ੀ ਨੂਰ ਮੁਹੰਮਦ ਕ੍ਰਿਤ (ਸੰਮਤ ੧੮੨੨ ਬਿ:)

ਇਹ ਇਕ ਅਦੁਤੀ ਕਤਾਬ ਹੈ, ਜੋ ਇਤਿਹਾਸਕ ਨਿਗਾਹ ਨਾਲ ਬੜੇ ਕਦਰ ਦੇ ਯੋਗ ਹੈ। ਸੰਮਤ ੧੮੨੧ ਬਿ: ਵਿਚ ਜਦ ਅਹਿਮਦ ਸ਼ਾਹ ਅਬਦਾਲੀ ਸਿੰਘਾਂ ਪਾਸੋਂ ਬਦਲਾ ਲੈਣ ਆਇਆ, ਤਾਂ ਉਸ ਨੇ ਆਪਣੀ ਸਹਾਇਤਾ ਲਈ ਨਸੀਰ ਖਾਂ, ਖਾਨ ਕਲਾਤ, ਨੂੰ ਵੀ ਸਦ ਲਿਆ ਸੀ। ਨਸੀਰ ਖਾਂ ਕਾਜ਼ੀ ਨੂਰ ਮੁਹੰਮਦ ਨੂੰ ਆਪਣੇ ਨਾਲ ਲੈ ਆਖਿਆ, ਕਿ ਉਹ ਸਭ ਗੱਲਾਂ ਆਪਣੀ ਅੱਖੀਂ ਵੇਖ ਜਾਵੇ, ਤੇ ਮੇਰੀਆਂ ਬਹਾਦਰੀਆਂ ਨੂੰ ਕਵਿਤਾ ਵਿਚ ਲਿਖੇ। ਸੋ ਅਹਿਮਦ ਸ਼ਾਹ ਦੇ ਇਸ ਹਮਲੇ ਦਾ ਹਾਲ ਕਾਜ਼ੀ ਨੂਰ ਮੁਹੰਮਦ ਨੇ ਬੜਾ ਖੋਲ੍ਹ ਕੇ ਲਿਖਿਆ ਹੈ।

ਅਹਿਮਦ ਸ਼ਾਹ ਨੇ ਸਰਹੰਦ ਆ ਕੇ ਜਦ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖ਼ਤਾਬ ਦਿਤਾ ਸੀ, ਤਾਂ ਉਸ ਸਮੇਂ ਕਾਜ਼ੀ ਨੂਰ ਮਹੰਮਦ ਸਰਹੰਦ ਹੀ ਸੀ। ਉਸ ਨੇ ਆਪਣੇ 'ਜੰਗਨਾਮੇ' ਵਿਚ ਮਹਾਰਾਜਾ

Digitized by Panjab Digital Library | www.panjabdigilib.org

ਆਲਾ ਸਿੰਘ ਜੀ ਸਬੰਧੀ ਪੂਰਾ ਇਕ ਧਿਆਇ ਲਿਖਿਆ ਹੈ, ਅਤੇ ਇਹ ਲਿਖਤ ਚੂੰਕਿ ਅੱਖੀਂ ਡਿੱਠੀ ਸ਼ਹਾਦਤ ਹੈ, ਇਸ ਲਈ ਇਸ ਦਾ ਇਕ ਸ਼ਹਰ:—

ਮੁਫੱਖ ਤਮਦਸ਼ ਬ ਜੂਦੋ ਕਰਮ।

ਬ ਬਖ਼ਸ਼ੀਸ਼ ਅਜ ਲੁਤਬ ਤਬਲੋ ਅਲਮ।

ਇਤਿਹਾਸਕ ਨਿਗਾਹ ਵਿਚ ਇਕ ਸ਼ਾਹੀ ਫ਼ੁਰਮਾਣ ਦੀ ਹੈਸੀਅਤ ਰਖਦਾ ਹੈ।

ਸਰਕਾਰ ਪਟਿਆਲਾ ਦੀਆਂ ਪੁਰਾਣੀਆਂ ਲਿਖਤਾਂ ਵਿਚ ਕੋਈ ਐਸੀ ਲਿਖਤ ਨਹੀਂ, ਜਿਸ ਤੋਂ ਸਿਧ ਹੋ ਸਕੇ, ਕਿ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖਤਾਬ ਮਿਲਿਆ ਸੀ, ਨਾ ਹੀ ਕਿਸੇ ਪੁਰਾਣੇ ਸਮਕਾਲੀ ਤਵਾਰੀਖ ਪਟਿਆਲਾ ਵਿਚ ਮਹਾਰਾਜਾ ਜੀ ਨੂੰ ਰਾਜਗੀ ਦਾ ਖ਼ਤਾਬ ਦਿਤਾ ਜਾਣਾ ਐਸੇ ਅਖਰਾਂ ਵਿਚ ਮੰਨਿਆ ਹੈ ਜਿਸ ਤੋਂ ਖ਼ਤਾਬ ਦਾ ਨਾ ਦਿਤਾ ਜਾਣਾ ਹੀ ਸਿੱਧਾ ਹੁੰਦਾ ਹੈ *।

ਇਸ ਗੱਲ ਦਾ ਫੈਸਲਾ ਜੰਗਨਾਮੇ ਦੇ ਇਕ ਸ਼ੇਅਰ ਨੇ ਹੀ ਕਰ ਦਿਤਾ ਹੈ, ਜੋ ਮੈਂ ਉਪਰ ਲਿਖ ਆਇਆ ਹਾਂ। ਇਸੇ ਕਰਕੇ ਮੈਂ ਇਸ ਇਕ ਸ਼ੇਅਰ ਨੂੰ ਹੀ ਇਕ ਸ਼ਾਹੀ ਫੁਰਮਾਨ ਦੀ ਤੁਲਨਾ ਦਿਤੀ ਹੈ। ਇਸ 'ਜੰਗਨਾਮੇ' ਦੀਆਂ ਇਸ ਵੇਲੇ ਸਾਰੀ ਦੁਨੀਆਂ ਵਿਚ ਕੇਵਲ ਪੰਜ ਛੇ

---

* ਵਖ ਅੰਤਕਾ ਨੰ: ੧ [ ੧ ]

Digitized by Panjab Digital Library | www.panjabdigilib.org

ਕਾਪੀਆਂ ਹੀ ਹੋਣਗੀਆਂ। ਇਕ ਕਾਪੀ ਮੇਰੇ ਪਾਸ ਵੀ ਹੈ, ਜੋ ਮੈਂ 'ਮਤ ੧੯੬੩ ਬਿ: ਵਿਚ ਸਵਰਗਵਾਸੀ ਸਰਦਾਰ ਸਾਧੂ ਸਿੰਘ ਜੀ ਦੀ ਰਾਹੀਂ ਸਰਕਾਰੀ ਆਗਿਆ ਲੈ ਕੇ ਕੋਇਟੇ ਤੋਂ ਨਕਲ ਕਰ ਲਿਆਇਆ ਸਾਂ। ਇਹ 'ਜੰਗਨਾਮਾ' ਸੰਮਤ ੧੮੨੨ ਬਿ: ਵਿਚ ਲਿਖਿਆ ਗਿਆ ਸੀ।

## ੨. 'ਖਜ਼ਾਨਾ–ਏ–ਅਮਰਾ– (ਫਾਰਸੀ)

ਮੀਰ ਗੁਲਾਮ ਅਲੀ ਕ੍ਰਿਤ (ਸੰਮਤ ੧੮੧੯ ਬਿ:)

ਇਸ ਦਾ ਕਰਤਾ ਪਾਣੀਪਤ ਦੀ ਲੜਾਈ ਦੇ ਹਾਲ ਆਪਣੇ ਇਕ ਸ਼ਗਿਰਦ ਦੀ ਜ਼ਬਾਨੀ ਲਿਖਦਾ ਹੈ, ਜੋ ਲੜਾਈ ਵਿਚ ਹਾਜ਼ਰ ਸੀ ਇਹ ਪਹਿਲੀ ਲਿਖਤ ਹੈ, ਜਿਸ ਤੋਂ ਪਤਾ ਲਗਦਾ ਹੈ, ਕਿ ਮਹਾਰਾਜਾ ਆਲਾ ਸਿੰਘ ਜੀ ਨੇ ਪਾਣੀਪਤ ਦੀ ਲੜਾਈ ਵਿਚ ਮਰਹਟਿਆਂ ਨੂੰ ਰਸਦ ਨਾਲ ਸਹਾਇਤਾ ਦਿਤੀ ਸੀ, ਜਿਸ ਤੋਂ ਗੁਸੇ ਹੋ ਕੇ ਅਹਿਮਦ ਸ਼ਾਹ ਅਬਦਾਲੀ ਨੇ ਬਰਨਾਲਾ ਲੁਟ ਲਿਆ ਸੀ, (ਸਵਿਸਥਾਰ ਹਾਲ ਲਈ ਵੇਖੋ ਅੰਤਕਾ ਨੰ: ੩)

ਖਾਲਸਾ ਕੌਮ ਦੀਆਂ ਵਡੀਆਂ ਲੜਾਈਆਂ ਵਿਚੋਂ 'ਵਡਾ ਘਲੂ-ਘਾਰਾ' ਵੀ ਇਕ ਹੈ। ਇਸ ਦਾ ਸਾਲ ਸੰਮਤ ਤਾਂ 'ਪੰਥ ਪ੍ਰਕਾਸ਼' ਵਿਚ ਦਿਤਾ ਹੋਇਆ ਹੈ, ਪਰ ਮਹੀਨਾ ਤੇ ਤਰੀਕ ਦਾ ਕੁਝ ਪਤਾ ਨਹੀਂ। ਇਸ ਲੜਾਈ ਦੀ ਤਰੀਕ ਵੀ ਕੇਵਲ 'ਖਜ਼ਾਨਾ–ਏ–ਅਮਰਾ' ਵਿਚ ਦਿਤੀ ਹੈ। ਇਹ ਕਿਤਾਬ ਛਪੀ ਹੋਈ ਹੈ।

## ੩. 'ਕਾਗਜ਼ਾਤ ਰਾਏ ਭਗਵੰਤ ਰਾਏ' (ਫਾਰਸੀ)–

ਰਾਏ ਭਗਵੰਤ ਰਾਏ ਪਾਸ ਹੋਰ ਪੁਰਾਣੇ ਕਾਗਜ਼ਾਂ ਤੋਂ ਬਿਨਾਂ ਨੌਂ ਚਿਠੀਆਂ ਐਸੀਆਂ ਹਨ, ਜਿਨ੍ਹਾਂ ਦਾ ਸਬੰਧ ਮਹਾਰਾਜਾ ਆਲਾ ਸਿੰਘ ਜੀ ਨਾਲ ਹੈ ਅਤੇ ਜੋ ਸੰਮਤ ੧੮੧੪–੧੫–੧੬ ਤੇ ੧੭ ਦੀਆਂ ਲਿਖੀਆਂ

Digitized by Panjab Digital Library | www.panjabdigilib.org

ਹੋਈਆਂ ਜਾਪਦੀਆਂ ਹਨ । ਇਨ੍ਹਾਂ ਵਿਚ ਮਰਹਟਿਆਂ ਦੇ ਪਹਿਲੀ ਵਾਰ ਇਧਰ ਆਉਣ, ਮਲੇਰਕੋਟਲੇ ਉਤੇ ਕਾਜ਼ਮ ਅਲੀ ਖਾਂ ਦੇ ਚੜਾਈ ਕਰਨ, ਜਮਾਲਪੁਰ, ਧਾਰਸੂਲ ਉਤੇ ਕਬਜ਼ਾ ਕਰਨ, ਰੁਲੀਆ ਖਾਂ ਬਲੋਚ ਹਾਕਮ ਹਾਂਸੀ ਦਾ ਮੁਹੰਮਦ ਅਮੀਨ ਖਾਂ ਭੱਟੀ ਦੀ ਸਹਾਇਤਾ ਉਤੇ ਆਉਣ, ਸਮਾਣੇ ਉਤੇ ਕਬਜ਼ਾ ਕਰਨ, ਭਾਈ ਗੁਰਬਖਸ਼ ਸਿੰਘ ਜੀ ਨਾਲ ਕਰਿਹਾਲੀ, ਮਰਦਾਂਹੇੜੀ ਆਦਿ ਪੰਦਰਾਂ ਵੀਹਾਂ ਪਿੰਡਾਂ ਦੀ ਵੰਡ ਕਰਨ, ਆਦਿ ਮਾਮ-ਲਿਆਂ ਸਬੰਧੀ ਇਕ ਇਕ ਚਿਠੀ ਹੈ । ਇਨ੍ਹਾਂ ਚਿਠੀਆਂ ਤੋਂ ਉਸ ਸਮੇਂ ਦੇ ਹਾਲਤ ਉਤੇ ਬੜਾ ਸੋਹਣਾ ਚਾਨਣਾ ਪੈਂਦਾ ।

ਭਾਵੇਂ ਇਨ੍ਹਾਂ ਚਿਠੀਆਂ ਦੇ ਉਤਾਰੇ, ਯਾ ਕਿਸੇ ਪ੍ਰਕਾਰ ਦੇ ਨੋਟ ਕਰਨ ਦੀ ਰਾਏ ਜੀ ਨੇ ਮੈਨੂੰ ਆਗਿਆ ਨਹੀਂ ਦਿਤੀ ਸੀ ਅਤੇ ਚਿਠੀਆਂ ਵੀ ਕੇਵਲ ਇਕ ਵਾਰ ਹੀ ਪੜ੍ਹਨ ਦਿਤੀਆਂ ਸਨ, ਪਰ ਮੈਂ ਆਪਣੀ ਯਾਦਦਾਸ਼ਤ ਤੋਂ ਹੀ ਇਨ੍ਹਾਂ ਚਿਠੀਆਂ ਦਾ ਪੂਰਾ ਪੂਰਾ ਸਾਰ ਘਰ ਆ ਕੇ ਲਿਖ ਲਿਆ ਸੀ । ਮਰਹਟਿਆਂ ਨਾਲ ਤੇ ਭਾਈ ਗੁਰਬਖਸ਼ ਸਿੰਘ ਜੀ ਨਾਲ ਮਹਾਰਾਜਾ ਜੀ ਦਾ ਜਿਸ ਤਰ੍ਹਾਂ ਦਾ ਸਬੰਧ ਸੀ, ਇਨ੍ਹਾਂ ਚਿਠੀਆਂ ਤੋਂ ਉਹ ਸਬੰਧ ਬੜੀ ਚੰਗੀ ਤਰ੍ਹਾਂ ਪਰਗਟ ਹੁੰਦਾ ਹੈ। ਸਮਾਣੇ ਦੇ ਸਰਕਦਨ ਦਾ ਹੋਰ ਕਿਸੇ ਤਵਾਰੀਖ ਵਿਚੋਂ ਹਾਲ ਨਹੀਂ ਮਿਲਿਆ; ਇਹ ਹਾਲ ਤੇ ਹੋਰ ਕਈ ਨਵੀਆਂ ਗੱਲਾਂ ਕੇਵਲ ਇਨ੍ਹਾਂ ਚਿਠੀਆਂ ਤੋਂ ਹੀ ਮਿਲ ਸਕੀਆਂ ਹਨ ।

## ੪. 'ਗੁਲਿਸਤਾਨ–ਏ-ਅਮਰਾ' (ਫਾਰਸੀ)

ਮੁਸਤਿਜਾਬ ਖਾਂ ਕ੍ਰਿਤ ।

ਇਹ ਪਹਿਲੀ ਤਵਾਰੀਖ ਹੈ, ਜੋ ਅਲੀ ਮੁਹੰਮਦ ਖਾਂ ਦੇ ਉਸ ਸਮੇਂ ਦੇ ਹਾਲ ਦਸਦੀ ਹੈ, ਜਦ ਅਲੀ ਮੁਹੰਮਦ ਖਾਂ ਸਰਹੰਦ ਦਾ ਹਾਕਮ ਸੀ। ਇਸ ਵਿਚ ਕਈ ਗੱਲਾਂ ਐਸੀਆਂ ਸਨ, ਜਿਨ੍ਹਾਂ ਦਾ ਜ਼ਿਕਰ ਪੰਜਾਬ ਵਿਚ ਲਿਖੇ ਗਏ ਕਿਸੇ ਇਤਿਹਾਸ ਵਿਚ ਨਹੀਂ ਮਿਲਦਾ। ਵੇਖੋ ਅੰਤਕਾ ਨੰ: ੨।

Digitized by Panjab Digital Library | www.panjabdigilib.org

### ੫. 'ਤਵਾਰੀਖ ਸਿਖਾਂ' (ਫਾਰਸੀ)

ਖੁਸ਼ਵਕਤ ਰਾਇ ਕ੍ਰਿਤ ।

ਪਹਿਲਾਂ ਪਹਿਲ ਜਦ ਲੁਧਿਆਣੇ ਅੰਗਰੇਜ਼ੀ ਛਾਉਣੀ ਪਈ ਸੀ, ਤਾਂ ਕਰਨੈਲ ਅਖਤਰ ਲੋਨੀ ਨੇ ਖੁਸ਼ਵਕਤ ਰਾਇ ਨੂੰ ਸਭ ਸਿਖ ਸਰਦਾਰਾਂ ਦੇ ਹਾਲ ਲਿਖਣ ਲਈ ਕਹਿਆ ਸੀ; ਸੋ ਉਸ ਨੇ ਸੰਮਤ ੧੮੬੯ ਬਿ: ਵਿਚ ਇਹ ਹਾਲ ਪੂਰੇ ਕਰ ਦਿਤੇ ਸਨ । ਇਹ ਤਵਾਰੀਖ ਵੀ ਕਿਤੇ ਕਿਤੇ ਹੀ ਮਿਲਦੀ ਹੈ, ਛਪੀ ਹੋਈ ਨਹੀਂ । ਦਾਸ ਪਾਸ ਇਸ ਦੀ ਇਕ ਕਾਪੀ ਹੈ।

### ੬. 'ਤਵਾਰੀਖ ਪੰਜਾਬ' (ਫਾਰਸੀ)

ਬੂਟੇ ਸ਼ਾਹ ਕ੍ਰਿਤ ।

ਕਰਨੈਲ ਅਖਤਰ ਲੋਨੀ ਤੋਂ ਮਗਰੋਂ ਮਰੇ ਸਾਹਿਬ ਨੇ ਆਪਣੇ ਸਰਿਸ਼ਤੇਦਾਰ ਬੂਟੇ ਸ਼ਾਹ ਨੂੰ ਸਿਖਾਂ ਦੀ ਸਵਿਸਥਾਰ ਤਵਾਰੀਖ ਲਿਖਣ ਲਈ ਕਹਿਆ, ਤੇ ਸਰਕਾਰੀ ਤੌਰ ਪਰ ਸਭ ਸਿਖ ਸਰਦਾਰਾਂ ਤੇ ਰਾਜਿਆਂ ਪਾਸੋਂ ਉਹਨਾਂ ਦੇ ਹਾਲ ਮੰਗਵਾਏ । ਪੁਰਾਣੇ ਹਾਲਾਂ ਦੀ ਇਹ ਪ੍ਰਮਾਣੀਕ ਤਵਾਰੀਖ ; ਤੇ ਅਜ ਤੀਕ ਨਹੀਂ ਛਪੀ। ਦਾਸ ਪਾਸ ਇਸ ਦੀ ਇਕੀ ਕਾਪੀ ।

### ੭. 'ਪੰਥ ਪ੍ਰਕਾਸ਼' (ਪੰਜਾਬੀ ਕਵਿਤਾ)–

ਸਰਦਾਰ ਰਤਨ ਸਿੰਘ ਕ੍ਰਿਤ ।

ਜਦ ਮਰੇ ਸਾਹਿਬ ਨੇ ਬੂਟੇ ਸ਼ਾਹ ਨੂੰ ਸਿਖਾਂ ਦੀ ਤਵਾਰੀਖ ਲਿਖਣ ਲਈ ਕਹਿਆ, ਤਾਂ ਸ: ਰਤਨ ਸਿੰਘ ਜੀ ਨੇ ਮਰੇ ਸਾਹਿਬ ਨੂੰ ਕਹਿਆ, ਕਿ ਸਿਖਾਂ ਦੀ ਤਵਾਰੀਖ ਸਿਖਾਂ ਤੋਂ ਬਿਨਾਂ ਹੋਰ ਕੋਈ ਨਹੀਂ ਲਿਖ ਸਕਦਾ, ਸਿਖ ਖਿਆਲਾਂ ਨੂੰ ਕੇਵਲ ਸਿਖ ਹੀ ਸਮਝ ਸਕਦੇ ਹਨ । ਤਾਂ ਮਰੇ ਸਾਹਿਬ ਨੇ ਕਹਿਆ, ਕਿ ਪੁਰਾਣੇ ਹਾਲ ਲਿਖ ਦੇਵੋ । ਸੋ ਸਰਦਾਰ ਰਤਨ ਸਿੰਘ ਜੀ ਨੇ ਬੂਟੇਸ਼ਾਹ ਦੇ ਮੁਕਾਬਲੇ ਉਤੇ 'ਪੰਥ ਪ੍ਰਕਾਸ਼' ਲਿਖਿਆ, ਅਤੇ ਐਸਾ ਸੋਹਣਾ ਲਿਖਿਆ, ਕਿ ਪੜ੍ਹਨ ਵਾਲੇ ਜਾਣਦੇ ਹਨ, ਜੋ ਅਜ

Digitized by Panjab Digital Library | www.panjabdigilib.org

ਤੀਕ ਐਸੀ ਸੋਹਣੀ ਪੁਸਤਕ ਕਿਸੇ ਪਾਸੋਂ ਨਹੀਂ ਲਿਖੀ ਗਈ। ਮੈਂ ਮੰਨਦਾ ਹਾਂ, ਕਿ ਜੇਕਰ ਇਹ 'ਪੰਥ ਪ੍ਰਕਾਸ਼' ਮੇਰੇ ਪਾਸ ਨਾ ਹੁੰਦਾ, ਤਾਂ ਮੈਂ ਉਨ੍ਹਾਂ ਭੁਲਾਂ ਤੋਂ ਕਦੇ ਨਹੀਂ ਬਚ ਸਕਦਾ ਸੀ; ਜੋ ਮੈਥੋਂ ਪਹਿਲੇ ਇਤਿਹਾਸਕਾਰਾਂ ਨੇ ਮਹਾਰਾਜਾ ਆਲਾ ਸਿੰਘ ਜੀ ਦੇ ਹਾਲਾਂ ਸਬੰਧੀ ਕੀਤੀਆਂ ਹਨ। ਇਹ ਪੁਸਤਕ ਛਪੀ ਹੋਈ ਹੈ, ਪਰ ਪੁਜ ਕੇ ਅਸ਼ੁੱਧ।

**੮. 'ਸ਼ਾਹ ਆਲਮ ਨਾਮਾ' (ਫਾਰਸੀ)**

ਗੁਲਾਮ ਅਲੀ ਕ੍ਰਿਤ।

ਇਹ ਗੁਲਾਮ ਅਲੀ ਭਿਖਾਰੀ ਖਾਂ ਦਾ ਪੁਤਰ ਤੇ ਪੰਜਾਬ ਦੇ ਹਾਲਾਂ ਤੋਂ ਚੰਗਾ ਜਾਣੂ ਸੀ। ਅਦੀਨਾ ਬੇਗ ਦੇ ਸਮੇਂ ਦੇ ਹਾਲਾਂ ਵਿਚ ਇਸ ਨੇ ਕਈ ਗੱਲਾਂ ਐਸੀਆਂ ਦਸੀਆਂ ਹਨ, ਜੋ ਹੋਰਸ ਕਿਸੇ ਇਤਿਹਾਸ ਵਿਚ ਨਹੀਂ ਮਿਲਦੀਆਂ। ਬੰਗਾਲ ਏਸ਼ੀਆਟਿਕ ਸੁਸਾਇਟੀ ਨੇ ਪਿਛੇ ਜਹੇ ਹੀ ਇਸ ਦਾ ਥੋੜਾ ਜਿਹਾ ਹਿਸਾ ਛਪਵਾਇਆ।

**੯. 'ਐਹਵਾਲ ਖਾਨਦਾਨ ਸਰਕਾਰ ਪਟਿਆਲਾ' (ਫਾਰਸੀ**

ਦੀਵਾਨ ਗੋਪਾਲ ਸਿੰਘ ਕ੍ਰਿਤ

ਇਹ ਹਾਲ ਕੰਵਰ ਅਜੀਤ ਸਿੰਘ ਜੀ ਦੇ ਦੀਵਾਨ ਗੋਪਾਲ ਸਿੰਘ ਨੇ ਸੰਮਤ ੧੯੭੭ ਬਿ: ਵਿਚ ਲਿਖੇ ਸਨ। ਇਹ ਕੇਵਲ ਇਕ-ਰੁਖੀ ਤਸਵੀਰ ਹੈ; ਇਸ ਲਈ ਹਰ ਇਕ ਗਲ ਨੂੰ ਬੜਾ ਸੋਚ ਸਮਝ ਕੇ ਮੰਨਣਾ ਚਾਹੀਦਾ ਹੈ। ਤਦ ਵੀ ਇਸ ਵਿਚ ਕਈ ਗਲਾਂ ਨਵੀਆਂ ਹਨ।

**੧੦. 'ਤਵਾਰੀਖ ਖਾਨਦਾਨ ਰਾਜਾਹਾਏ ਫੂਲਕਿਆਂ' (ਫਾਰਸ਼ੀ)**

ਇਹ ਤਵਾਰੀਖ ਮਹਾਰਾਜਾ ਕਰਮ ਸਿੰਘ ਸਾਹਿਬ ਦੇ ਸਮੇਂ ਇਸੇ ਅਹਿਲਕਾਰ ਦੀ ਲਿਖੀ ਹੋਈ ਹੈ, ਜਿਸ ਦਾ ਨਾਮ ਕਿਤੇ ਨਹੀਂ ਲਿਖਿਆ ਹੋਇਆ। ਅਜ ਕਲ ਇਸ ਨੂੰ ਪੁਰਾਤਨ ਤਵਾਰੀਖ ਪਟਿਆਲਾ ਕਹਿਆ

Digitized by Panjab Digital Library | www.panjabdigilib.org

ਜਾ ਸਕਦਾ ਹੈ। ਮਹਾਰਾਜਾ ਆਲਾ ਸਿੰਘ ਜੀ ਸਬੰਧੀ ਇਸ ਵਿਚ ਬਹੁਤ ਹੀ ਥੋੜਾ ਹਾਲ ਹੈ, ਅਤੇ ਜੋ ਕੁਝ ਹੈ, ਉਸ ਵਿਚ ਬਹੁਤ ਸਾਰੀਆਂ ਭੁਲਾਂ ਹਨ। ਮਹਾਰਾਜਾ ਅਮਰ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਸਾਹਿਬ ਸਿੰਘ ਜੀ ਦੇ ਅਖੀਰ ਸਮੇਂ ਤੀਕ ਸਿਲਸਿਲੇ ਵਾਰ ਹਾਲ ਹਨ ਜੋ ਬਹੁਤ ਹੀ ਸੋਹਣੇ ਹਨ। ਐਸਾ ਮਾਲੂਮ ਹੁੰਦਾ ਹੈ, ਕਿ ਇਹ ਤਵਾਰੀਖ ਸੰਮਤ ੧੮੯੦ ਬਿ: ਵਿਚ ਲਿਖੀ ਗਈ ਹੋਵੇਗੀ।

**੧੧.** <u>'ਤਜ਼ਕਰਾ ਖ਼ਾਨਦਾਨ ਮਹਾਰਾਜਾ ਕਰਮ ਸਿੰਘ ਸਾਹਿਬ'</u> (ਫਾਰਸੀ)

ਇਹ 'ਤਜ਼ਕਰਾ' ਵੀ ਕਿਸੇ ਐਹਲਕਾਰ ਦਾ ਹੀ ਲਿਖਿਆ ਹੋਇਆ ਜਾਪਦਾ ਹੈ, ਪਰ ਉਸ ਦਾ ਨਾਮ ਕਿਤੇ ਨਹੀਂ ਲਿਖਿਆ। ਇਸ ਵਿਚ ਮਹਾਰਾਜਾ ਆਲਾ ਸਿੰਘ ਜੀ ਦਾ ਸਵਿਸਥਾਰ ਹਾਲ ਲਿਖਿਆ ਹੈ, ਪਰ ਸਿਰੇ ਤੀਕ ਨਹੀਂ ਪੁਚਾਇਆ, ਅੱਧ ਵਿਚਾਲੇ ਹੀ ਛਡ ਦਿਤਾ ਹੈ। ਭੁਲਾਂ ਇਸ ਵਿਚ ਵੀ ਹਨ, ਪਰ ਨੰ: ੧੦ ਨਾਲੋਂ ਬਹੁਤ ਥੋੜੀਆਂ। ਇਹ 'ਤਜ਼ਕਰਾ' ਸੰਮਤ ੧੮੮੪ ਬਿ: ਦੇ ਲਗ-ਪਗ ਲਿਖਿਆ ਗਿਆ, ਜਾਪਦਾ ਹੈ।

**੧੨.** 'ਐਹਵਾਲ ਖ਼ਾਨਦਾਨ ਭਦੌੜੀਆਂ' (ਫਾਰਸੀ)

**੧੩.** ਐਹਵਾਲ ਖ਼ਾਨਦਾਨ ਫੂਲ' (ਫਾਰਸੀ)।

**੧੪.** 'ਐਹਲਵਾਲ ਖ਼ਾਨਦਾਨ ਪਟਿਆਲਾ' (ਫਾਰਸੀ)

**੧੫.** 'ਅਹਿਵਾਲ ਕੰਵਰ ਹਿੰਮਤ ਸਿੰਘ ਸਾਹਿਬ' (ਫਾਰਸੀ)

**੧੬.** 'ਯਾਦਦਾਸ਼ਤ ਸਰਦਾਰ ਰਾਜੂ ਸਿੰਘ (ਫਾਰਸੀ)

**੧੭.** ''ਯਾਦਦਾਸ਼ਤ ਨਾਮਾ ਹਿੰਮਤ ਸਿੰਘ ਗਰੇਵਾਲ,

Digitized by Panjab Digital Library | www.panjabdigilib.org

ਹਿੰਮਤ ਸਿੰਘ ਗਰੇਵਾਲ, ਹੀਰਾ ਸਿੰਘ ਹੜਿਆਏ ਵਾਲਾ: ਤੇ ਮਾਈ ਭਾਗਨ ਸੁਪਤਨੀ ਮਨਸੂਰਾ ਸਿੰਘ ਚਾਹਲ, ਜੋ ਮਾਈ ਰੋਸ਼ਾਂ ਪਾਸ ਰਹਿੰਦੀ ਸੀ।"

ਇਹ ਛੀਏ ਹੀ ਸੈਂਚੀਆਂ ਦੋ ਦੋ ਚਾਰ ਚਾਰ ਸਫੇ ਦੀਆਂ ਸੈਂਚੀਆਂ ਹਨ, ਜਿਨ੍ਹਾਂ ਵਿਚ ਪੁਰਾਣੇ ਹਾਲ ਬ੍ਰਿਧ ਬ੍ਰਿਧ ਪੁਰਸ਼ਾਂ ਪਾਸੋਂ ਪੁਛ ਕੇ ਲਿਖੇ ਗਏ ਹਨ। ਇਹ ਸੈਂਚੀਆਂ ਅਤਅੰਤ ਹੀ ਲਾਭਦਾਇਕ ਹਨ, ਪਰ ਇਨ੍ਹਾਂ ਵਿਚ ਵਧੀਕ ਹਾਲ ਕਵਰ ਅਜੀਤ ਸਿੰਘ ਜੀ ਦਾ ਹੀ ਹੈ। ਇਹ ਸੈਂਚੀਆਂ ਸੰਮਤ ੧੮੮੩ ਬਿ: ਵਿਚ ਲਿਖੀਆਂ ਗਈਆਂ ਸਨ।

ਨੰ: ੯ ਤੋਂ ਲੈ ਕੇ ਨੰ: ੧੭ ਤੀਕ ਸਰਕਾਰ ਪਟਿਆਲੇ ਦੇ ਮੁਨਸ਼ੀ ਖਾਨੇ ਵਿਚ ਇਹ ਸੈਂਚੀਆਂ ਹਨ। ਨੰ: ੯, ੧੦, ਤੇ ੧੧ ਦੀਆਂ ਕਾਪੀਆਂ, ਵਸ਼ੇਸ਼ ਕਰਕੇ ਨੰ: ੧੦ ਦੀਆਂ ਕਾਪੀਆਂ, ਪੁਰਾਣੇ ਸਰਦਾਰ ਘਰਾਣਿਆਂ ਵਿਚ ਵੀ ਵੇਖੀਆਂ ਗਈਆਂ ਹਨ।

**੧੮. "ਰਪੋਟ ਮੁਕਦਮਾਂ ਨਾਲੀ" (ਫਾਰਸੀ)**

ਬਰਾਊਨ ਸਾਹਿਬ ਕ੍ਰਿਤ।

ਇਹ ਅੰਗਰੇਜ਼ੀ ਰਪੋਟ ਦਾ ਹੀ ਤਜਰਮਾ ਹੈ, ਇਸ ਵਿਚ ਬਾਂਗਰ ਤੇ ਭਟਯਾਣੇ ਦੇ ਸੋਹਣੇ ਹਾਲ ਹਨ। ਇਹ ਰਪੋਰਟ ਸੰਮਤ ੧੮੯੯ ਬਿ: ਵਿਚ ਤਿਆਰ ਕੀਤੀ ਗਈ ਸੀ।

**੧੯. "ਰਪੋਟ ਮੁਕਦਮਾ ਨਾਲੀ" (ਫਾਰਸੀ)**

ਰਾਸ ਬੇਲ ਕ੍ਰਿਤ।

ਇਹ ਵੀ ਅੰਗਰੇਜ਼ੀ ਰਪੋਟ ਦਾ ਹੀ ਤਜਰਮਾ ਹੈ, ਪਰ ਇਸ ਵਿਚ ਇਕ-ਰੁਖ਼ੀ ਤਸਵੀਰ ਹੈ। ਪੜ੍ਹਨ ਵਾਲੇ ਨੂੰ ਬੜਾ ਸੰਭਲ ਕੇ ਕਿਸੇ ਗਲ ਨੂੰ ਮੰਨਣਾ ਚਾਹੀਦਾ ਹੈ, ਨਹੀਂ ਤਾਂ ਭੁਲੇਖਾ ਪੈ ਜਾਣ ਦਾ ਡਰ ਹੈ। ਇਹ ਰਪੋਟ ਸੰਮਤ ੧੮੯੩ ਬਿ: ਵਿਚ ਤਿਆਰ ਹੋਈ ਸੀ।

ਨੰ: ੧੮ ਤੇ ੧੯ ਸਰਕਾਰ ਪਟਿਆਲਾ ਦੇ ਮੁਨਸ਼ੀ ਖਾਨੇ

Digitized by Panjab Digital Library | www.panjabdigilib.org

ਵਿਚ ਹਨ।

੨੦. "ਸਾਖੀਆਂ ਭਾਈ ਮੂਲ ਚੰਦ" (ਪੰਜਾਬੀ ਕਵਿਤਾ)–

ਭਾਈ ਭਗਵਾਨ ਸਿੰਘ ਕ੍ਰਿਤ।

ਇਹ ਭਗਵਾਨ ਸਿੰਘ ਸੁਨਾਮ ਦਾ ਥਾਣੇਦਾਰ ਸੀ, ਤੇ ਭਾਈ ਮੂਲ ਚੰਦ ਜੀ ਦਾ ਸ਼ਰਧਾਲੂ। ਉਸ ਨੇ ਸੰਮਤ ੧੯੯੫ ਬਿ: ਵਿਚ ਇਹ ਸਾਖੀਆਂ ਲਿਖੀਆਂ ਸਨ। ਇਨ੍ਹਾਂ ਸਾਖੀਆਂ ਤੋਂ ਓਸ ਸਮੇਂ ਦਾ ਬਹੁਤ ਸੋਹਣਾ ਹਾਲ ਮਲੂਮ ਹੁੰਦਾ ਹੈ, ਤੇ ਚੂੰਕਿ ਫੂਲਕਿਆਂ ਦਾ ਭਾਈ ਮੂਲ ਚੰਦ ਜੀ ਨਾਲ ਗੂੜ੍ਹਾ ਸੰਬੰਧ ਸੀ, ਇਸ ਲਈ ਇਨ੍ਹਾਂ ਸਾਖੀਆਂ ਤੋਂ ਚੰਗਾ ਮਸਾਲਾ ਮਿਲ ਸਕਦਾ ਹੈ।

੨੧. "ਤਵਾਰੀਖ ਸਿਧੂ ਬਰਾੜਾਂ" (ਉਰਦੂ)

ਸਰਦਾਰ ਅਤਰ ਸਿੰਘ ਜੀ ਕ੍ਰਿਤ।

ਇਹ ਤਵਾਰੀਖ ਬੜੀ ਮੇਹਨਤ ਨਾਲ ਤਿਆਰ ਕੀਤੀ ਗਈ ਸੀ। ਇਸ ਵਿਚ ਸਾਲ, ਸੰਮਤ, ਉਲਾਦ ਤੇ ਵਿਆਹ ਸ਼ਾਦੀਆਂ ਦਾ ਹੀ ਜ਼ਿਕਰ ਹੈ, ਹੋਰ ਹਾਲ ਕੁਝ ਨਹੀਂ ਦਿਤਾ ਹੋਇਆ। ਇਸ ਦੀ ਇਕ ਕਾਪੀ ਦਾਸ ਪਾਸ ਹੈ।

੨੨. "ਤਵਾਰੀਖ ਪਟਿਆਲਾ" (ਉਰਦੂ)

ਖਲੀਫ਼ਾ ਸਯਦ ਮਹੰਮਦ ਹਸਨ ਸਾਹਿਬ ਕ੍ਰਿਤ॥

ਇਸ ਤਵਾਰੀਖ ਵਿਚ ਮਹਾਰਾਜਾ ਆਲਾ ਸਿੰਘ ਜੀ ਦੇ ਹਾਲ ਨੰ: ੯, ੧੦, ਤੇ ੧੧ ਤੋਂ ਹੀ ਲਏ ਗਏ ਹਨ, ਕੇਵਲ ਅਖੀਰ ਵਿਚ ਕੁਝ ਕੁ ਨਵੀਆਂ ਗੱਲਾਂ ਹਨ, ਜੋ ਹੋਰਸ ਕਿਸੇ ਤਵਾਰੀਖ ਵਿਚ ਨਹੀਂ ਹਨ। ਇਸ ਤਵਾਰੀਖ ਵਿਚ ਓਹ ਸਭ ਭੁੱਲਾਂ ਹਨ, ਜੋ ਨੰ: ੯, ੧੦ ਤੇ ੧੧ ਵਿਚ ਹਨ। ਕੁਝ ਕੁ ਭੁੱਲਾਂ ਦਾ ਜ਼ਿਕਰ ਅੰਤਕਾ ਨੰ: ੧ ਵਿਚ ਕਰ ਦਿਤਾ ਗਿਆ ਹੈ।

੨੩. "ਜਨਮ ਸਾਖੀ ਭਾਈ ਬੁੱਢਾ ਜੀ" (ਪੰਜਾਬੀ)

ਭਾਈ ਮੰਗਲ ਸਿੰਘ ਕ੍ਰਿਤ॥

Digitized by Panjab Digital Library | www.panjabdigilib.org

ਭਾਈ ਬੁਢਾ ਜੀ ਦੇ ਖਾਨਦਾਨ ਵਿਚ ਬੀਬੀ ਫੱਤੋ ਜੀ ਤੇ ਬੀਬੀ ਪ੍ਰਧਾਨ ਜੀ ਵਿਆਹੇ ਹੋਏ ਹਨ। ਉਨ੍ਹਾਂ ਸੰਬੰਧੀ ਹਾਲ ਕੇਵਲ ਇਸ ਪੁਸਤਕ ਤੋਂ ਹੀ ਮਿਲ ਸਕਦੇ ਹਨ।

੨੪. "ਹਾਲਾਤ ਮੁਕੱਦਮਾ ਨਾਲੀ" (ਉਰਦੂ)

ਦਾਸ ਕ੍ਰਿਤ।

ਬਾਂਗਰ ਤੇ ਭਟਿਆਣੇ ਵਲ ਦੇ ਹਾਲ ਇਸ ਵਿਚ ਬੜੇ ਵਿਸਥਾਰ ਨਾਲ ਦਿਤੇ ਗਏ ਹਨ। ਇਸ ਦੇ ਆਸਰੇ ਹੀ ਮੈਂ ਭੱਟੀਆਂ ਦੀਆਂ ਲੜਾਈਆਂ ਸੰਬੰਧੀ ਹਾਲਾਂ ਨੂੰ ਦਰੁਸਤ ਕਰ ਸਕਿਆ ਹਾਂ; ਜੋ ਨੰ: ੯, ੧੦, ੧੧ ਤੇ ੨੨ ਵਿਚ ਅਸ਼ੁਧ ਦਿਤੇ ਹੋਏ ਸਨ।

---o---

ਉਤੇ ਲਿਖੀਆਂ ਪੁਸਤਕਾਂ ਵਿਚੋਂ ਕੇਵਲ ਨੰ: ੨, ੭, ੮, ੨੨ ਤੇ ੨੩ ਹੀ ਛਪੀਆਂ ਹੋਈਆਂ ਹਨ, ਬਾਕੀ ਸਭ ਲਿਖਤ ਦੀਆਂ ਹਨ, ਅਸਲ ਵਿਚ ਇਹੋ ਹੀ ੨੪ ਪੁਸਤਕਾਂ ਹਨ, ਜਿਨ੍ਹਾਂ ਤੇ ਮਹਾਰਾਜਾ ਆਲਾ ਸਿੰਘ ਜੀ ਸੰਬੰਧੀ ਕੁਝ ਹਾਲ ਮਿਲ ਸਕਦੇ ਹਨ। ਪਰ ਸੱਚ ਤਾਂ ਇਹ ਹੈ, ਕਿ ਹਰ ਇਕ ਪੁਸਤਕ ਵਿਚੋਂ ਐਤਨਾ ਥੋੜ੍ਹਾ ਥੋੜ੍ਹਾ ਹਾਲ ਮਿਲਦਾ ਹੈ, ਅਤੇ ਐਸਾ ਉਲਟਾ ਪੁਲਟਾ ਹਾਲ ਮਿਲਦਾ ਹੈ, ਕਿ ਅਣਜਾਣ ਆਦਮੀ ਬੜੇ ਭੁਲੇਖੇ ਖਾ ਸਕਦਾ ਹੈ।

ਉਤੇ ਲਿਖੀਆਂ ਪੁਸਤਕਾਂ ਤੋਂ ਬਿਨਾਂ ਹੇਠ ਲਿਖੀਆਂ ਤਵਾਰੀਖਾਂ ਤੋਂ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਸਹਾਇਤਾ ਲਈ ਗਈ ਹੈ:-

੨੫. "ਰਾਜਗਾਨ ਪੰਜਾਬ" (ਅੰਗਰੇਜ਼ੀ)-

ਗਰਿਫਨ ਸਾਹਿਬ ਕ੍ਰਿਤ॥

੨੬. "ਬੰਦਾ ਬਹਾਦਰ" (ਪੰਜਾਬੀ)-ਦਾਸ ਕ੍ਰਿਤ॥

੨੭. "ਹਾਲਾਤ ਅਫਗਾਨ-ਏ-ਕੋਟਲਾ" (ਅੰਗਰੇਜ਼ੀ)-

ਅਨੈਤ ਅਲੀ ਕ੍ਰਿਤ॥

Digitized by Panjab Digital Library | www.panjabdigilib.org

੨੮. "ਆਈਨਾਂ–ਬੇਰਾੜ ਬੰਸ" (ਉਰਦੂ)–
ਵਲੀ ਅੱਲਾ ਕ੍ਰਿਤ ॥

੨੯. "ਤਵਾਰੀਖ ਝੱਜਰ" (ਉਰਦੂ)–
ਗੁਲਾਮ ਨਬੀ ਕ੍ਰਿਤ ॥

੩੦. "ਤਵਾਰੀਖ ਬੰਗਲਾ ਫਾਜ਼ਲਕਾ" (ਉਰਦੂ)–
ਮਹੰਮਦ ਅਲੀਮ--ਉੱਲਾ ਕ੍ਰਿਤ ॥

੩੧. "ਤਵਾਰੀਖ ਪਰਗਣਾ ਮੁਕਤਸਰ" (ਉਰਦੂ)--

੩੨. 'ਤਵਾਰੀਖ ਹਿਸਾਰ' (ਉਰਦੂ) ਕ੍ਰਿਤ ॥

੩੩. 'ਮੁਆਸਰੁਲ ਉਮਰਾਅ' (ਫ਼ਾਰਸੀ)--
ਨਵਾਬ ਸ਼ਾਹ ਨਵਾਜ਼ ਕ੍ਰਿਤ ॥

੩੪. "ਮੁਨਤਖਿਬ--ਉੱਲ--ਓਲੂਮ" (ਫ਼ਾਰਸੀ)--
ਕੁਦਰਤ--ਉੱਲਾ ਕ੍ਰਿਤ ॥

੩੫. "ਸਫਰਨਾਮਾ ਬਨਗੜ੍ਹ" (ਫ਼ਾਰਸੀ)–
ਅਨੰਦ ਰਾਮ ਮੁਖਲਿਸ ਕ੍ਰਿਤ ॥

੩੬. "ਫਰਹਿ ਬਖਸ਼" (ਫ਼ਾਰਸੀ)--ਸ਼ਿਵ ਪ੍ਰਸ਼ਾਦ ਕ੍ਰਿਤ ॥

੩੭. "ਸੈਰੁਲ ਮੁਤਾਖਰੀਨ" (ਫ਼ਾਰਸੀ)–
ਗੁਲਾਮ ਹੁਸੈਨ ਖਾਂ ਕ੍ਰਿਤ ॥

੩੮. "ਹਦੀਨਾ--ਤੁਲ--ਅਕਾਲੀਮ" (ਫ਼ਾਰਸੀ)–

੩੯. "ਬਿਆਨੇ ਵਾਕਈ" (ਫ਼ਾਰਸੀ)--
ਅਬਦੁਲ ਕਰੀਮ ਕ੍ਰਿਤ ॥

੪੦. "ਮਿਨਹਾਜ--ਉਲ–ਫਤੂਹ" (ਫ਼ਾਰਸੀ)–

੪੧. "ਤਵਾਰੀਖ ਇਬਰਾਹੀਮ ਖ਼ਾਂ" (ਫ਼ਾਰਸੀ)--
ਨਵਾਬ ਇਬਰਾਹੀਮ ਖ਼ਾਂ ਕ੍ਰਿਤ ॥

Digitized by Panjab Digital Library | www.panjabdigilib.org

੪੨. "ਤਵਾਰੀਖ--ਏ--ਮੁਜ਼ੱਫਰੀ" (ਫ਼ਾਰਸੀ)--

੪੩. "ਏਸ਼ੀਆਟਿਕ ਰੀਸਰਚਿਜ਼" ਜਿਲਦ ੩, (ਅੰਗਰੇਜ਼ੀ)

੪੪. "ਮਰਹੱਟਿਆਂ ਦਾ ਇਤਹਾਸ" (ਅੰਗਰੇਜ਼ੀ)--
ਗਰੈਂਡ ਡਫ ਕ੍ਰਿਤ ॥

੪੫. "ਇਤਿਹਾਸ ਹਿੰਦ" (ਅੰਗਰੇਜ਼ੀ)--
ਡ੍ਰੋਊ ਸਾਹਿਬ ਕ੍ਰਿਤ ॥

੪੬. "ਤਵਾਰੀਖ ਐਹਮਦੀ" (ਫ਼ਾਰਸੀ)--
ਮੁਨਸ਼ੀ ਅਬਦੁਲ ਕਰੀਮ ਕ੍ਰਿਤ ॥

੪੭. "ਸਰੂਵੇ--ਆਜ਼ਾਦ" (ਫ਼ਾਰਸੀ)--
ਮੀਰ ਗੁਲਾਮ ਅਲੀ ਕ੍ਰਿਤ ॥

੪੮. "ਆਸ਼ਾਰਲ ਸਨਾਦੀਦ" (ਉਰਦੂ)--
ਮਹੰਮਦ ਨਜਾਮੁਲ ਗਨੀ ਕ੍ਰਿਤ ॥

੪੯. 'ਤਵਾਰੀਖ ਖਾਲਸਾ' (ਉਰਦੂ)--
ਗਿਆਨੀ ਗਿਆਨ ਸਿੰਘ ਜੀ ਕ੍ਰਿਤ ॥

੫੦. "ਤਵਾਰੀਖੇ ਪੰਜਾਬ" (ਅੰਗਰੇਜ਼ੀ)--
ਸਯਦ ਮਹੰਮਦ ਲਤੀਫ ਕ੍ਰਿਤ ॥

੫੧. "ਤਵਾਰੀਖੇ ਰਾਜਪੂਤਾਂ--ਨੇ--ਪੰਜਾਬ" (ਉਰਦੂ)--
ਕਾਹਨ ਚੰਦ ਕ੍ਰਿਤ ॥

੫੨. "ਐਹਵਾਲ ਮਰਾਜਕਿਆ" (ਫ਼ਾਰਸੀ)--

੫੩. "ਕੈਫੀਅਤ ਰਵਾਜ ਸਰਦਾਰਾਂ--ਨੇ--ਮਾਲਵਾ" (ਫ਼ਾਰਸੀ) ॥

੫੪. "ਗੋਸ਼ਾ--ਏ--ਪੰਜਾਬ" (ਉਰਦੂ)--
ਪੰਡਤ ਰਾਧਾ ਕਿਸ਼ਨ ਕ੍ਰਿਤ ॥

Digitized by Panjab Digital Library | www.panjabdigilib.org

# ਪਹਿਲੇ ਹਾਲ

## ੧.

ਮਹਾਰਾਜਾ ਆਲਾ ਸਿੰਘ ਜੀ ਸਿਧੂ ਗੋਤ ਦੇ ਹੀਰੇ ਸਨ। ਅਤੇ ਆਪ ਦੀ ਬੰਸਾਵਲੀ ਸਿਧੀ ਸ੍ਰੀ ਕਿਸ਼ਣ ਜੀ ਜਾਦਵ ਵੰਸ਼ ਨਾਲ ਜਾ ਰਲਦੀ ਹੈ। ਸਮੇਂ ਨੇ ਇਸ ਬੰਸ ਨੂੰ ਪਿਛਲੇ ਪੰਜ ਹਜਾਰ ਸਾਲ ਵਿਚ ਅਨੇਕ ਤਰਾਂ ਦੀਆਂ ਉਚਾਈਆਂ ਨੀਚਾਈਆਂ ਵਖਾਈਆਂ, ਅਤੇ ਦਵਾਰਕਾ ਤੋਂ ਇਲਾਕੇ ਗਜਨੀ, ਸਿਆਲਕੋਟ ਤੇ ਜੈਸਲਮੇਰ ਆਦਿ ਕਈ ਰਾਜਧਾਨੀਆਂ ਦੇ ਮਾਲਕ ਬਣਾਇਆ ਜਿਸ ਸਮੇਂ ਗਜਨੀ ਦੇ ਤਖਤ ਉਤੇ ਮੈਹਮੂਦ ਅਤੇ ਲਾਹੌਰ ਦੇ ਤਖਤ ਉਤੇ ਜੈਪਾਲ ਸੀ, ਓਸ ਸਮੇਂ ਸਤਲੁਜੋਂ ਦਖਣ ਵਲ ਜਾਦਵ-ਕੁਲ ਬਿਜੇ ਰਾਏ ਭੱਟੀ ਸ਼ਾਹਜ਼ਾਦਾ ਰਾਜ ਕਰ ਰਿਹਾ ਸੀ* ।

ਜੈਪਾਲ ਨੇ ਮੈਹਮੂਦ ਦੀ ਈਨ ਮੰਨ ਲਈ ਸੀ, ਪਰ ਬਿਜੇ ਰਾਇ ਮੈਹਮੂਦ ਦਾ ਵੈਰੀ ਸੀ; ਇਸ ਲਈ ਮੈਹਮੂਦ ਨੇ ਸੰਮਤ ੧੦੬੧ ਬਿ: ਵਿਚ ਬਿਜੇ ਰਾਇ ਵਲ ਮੂੰਹ ਕੀਤਾ, ਤੇ ਕਈ ਮਹੀਨੇ ਲੜਾਈ ਕਰਕੇ ਭੱਟੀਆਂ ਦਾ ਜੋਰ ਤੋੜ ਦਿਤਾ‡ । ਬਿਜੇ ਰਾਇ ਦਾ ਛੋਟਾ ਭਾਈ ਭਾਓ ਅੱਲਣ ਤਾਂ ਪਿਤਾ ਦੇ ਸਮੇਂ ਤੋਂ ਹੀ ਪੰਜਾਬ ਵਲ ਆ ਕੇ ਵੱਸ ਪਿਆ ਸੀ, ਇਸ ਲਈ ਬਿਜੇ ਰਾਇ ਦਾ ਪੁਤ੍ਰ ਦੇਵ ਰਾਜ ਆਪਣੇ ਪਿਤਾ ਦੀ ਥਾਂ ਦੇਸ ਦਾ ਮਾਲਕ ਹੋਇਆ† ।

---

*ਪਛਮੀ ਇਤਹਾਸਕਾਰਾਂ ਦਾ ਮਤ ਹੈ ਕਿ ਇਹ ਇਜੇ ਰਾਏ ਡੇਰੇ ਗਿਰਦੇ ਦੇ ਇਲਾਕੇ ਦਾ ਹਾਕਮ ਸੀ, ਪਰ ਮੈਂ ਟਾਡ ਸਾਹਿਬ ਦੇ ਇਤਹਾਸ 'ਰਾਜਿਸਤਾਨ ਅਨੁਸਾਰ ਇਸ ਨੂੰ ਭੱਟੀਆਂ ਦਾ ਵਡੇਰਾ ਬਿਜੇ-ਰਾਇ ਹੀ ਮੰਨਿਆ ਹੈ ।

‡ਤਵਾਰੀਖ ਯਮਨੀ; ਕਮਾਲ--ਉਲ ਤਵਾਰੀਖ ॥

†ਤਵਾਰੀਖ ਰਾਜਪੂਤਾਂ--ਨੇ--ਪੰਜਾਬ ॥

Digitized by Panjab Digital Library | www.panjabdigilib.org

ਦੇਵਰਾਜ ਦੇ ਪੋਤੇ ਦਾ ਪੋਤਾ, ਰਾਓ ਜੈਸਲ ਹੋਇਆ, ਜਿਸ ਨੇ ਜੈਸਲਮੇਰ ਦੀ ਮੋੜ੍ਹੀ ਗਡੀ। ਜੈਸਲ ਦੇ ਚਾਰ ਪੁਤ੍ਰ ਸਨ, ਜਿਨ੍ਹਾਂ ਵਿਚੋਂ ਹੇਮ ਨੇ ਜੈਸਲ ਮੇਰ ਦੀ ਜੂਹ ਛਡ ਕੇ ਬਠਿੰਡੇ ਵਲ ਮੂੰਹ ਕੀਤਾ। ਇਸ ਦਾ ਇਕਲੋਤਾ ਪੁਤਰ ਜੂੰਧਰ ਹੋਇਆ, ਜਿਸ ਦੇ ਫਿਰ ੨੧ ਪੁਤ੍ਰ ਹੋਏ। ਜੂੰਧਰ ਤੋਂ ਅਨੇਕਾਂ ਗੋਤਾਂ ਤੁਰੀਆਂ, ਇਸ ਦੀ ਓਲਾਦ ਸਤਲੁਜ ਦੇ ਦੋਹੀਂ ਪਾਸੀਂ ਖਿਲਰ ਗਈ, ਦੂਰ ਦੂਰ ਤੀਕ ਰੋਕਾਂ ਰੋਕ ਲਈਆਂ, ਅਤੇ ਇਸ ਸਮੇਂ, ਕੀ ਗਿਣਤੀ ਵਿਚ, ਤੇ ਕੀ ਪ੍ਰਤਾਪ ਵਿਚ, ਪੰਜਾਬ ਦਾ ਕੋਈ ਗੋਤ ਜੂੰਧਰ ਦੀ ਓਲਾਦ ਦਾ ਟਾਕਰਾ ਨਹੀਂ ਸੀ ਕਰ ਸਕਦਾ। ਭਟਯਾਣੇ ਦੇ ਭੱਟੀ, ਬੇਟ ਦੇ ਰਾਜਪੂਤ ਜੰਗਲ ਦੇ ਸਿਧੂ ਤੇ ਸਾਰੀ ਬਡਰੱਕੀ, ਰਿਆੜਕੀ ਦੇ ਰੰਧਾਵੇ, ਅਤੇ ਮਾਝੇ ਵਲ ਦੇ ਛੀਨੇ ਆਦਿ ਹੋਰ ਅਨੇਕ ਗੋਤ ਆਪਦੀ ਬੰਸਾਵਲੀ ਨੂੰ ਜੂੰਧਰ ਨਾਲ ਜਾ ਰਲਾਉਂਦੇ ਹਨ।

ਜੂੰਧਰ ਦੇ ੨੧ ਪੁਤਰਾਂ ਵਿਚੋਂ ਬਟੇ ਰਾਇ ਬੜਾ ਪ੍ਰਤਾਪੀ ਹੋਇਆ, ਜਿਸ ਕਰ ਕੇ ਇਸ ਨੂੰ "ਵੀਹਾਂ ਦਾ ਸਰਦਾਰ" ਆਖਣ ਲਗ ਗਏ। ਇਸ ਦਾ ਪੁਤਰ ਮੰਗਲ ਰਾਇ ਪਿਤਾ ਤੋਂ ਵੀ ਵਧ ਗਿਆ, ਅਤੇ ਆਪਣੀ ਚੰਗੀ ਹੈਸੀਅਤ ਬਣਾ ਲਈ। ਇਸ ਸਮੇਂ ਗਜਨੀ ਦੇ ਪਹਾੜਾਂ ਵਲੋਂ ਫਿਰ ਇਕ ਤੂਫਾਨ ਉਠਿਆ, ਅਤੇ ਮੁਲਤਾਨ ਤੋਂ ਲੈ ਕੇ ਦਿੱਲੀ ਤੀਕ ਦਾ ਸਾਰਾ ਅਲਾਕਾ ਡੁੱਬਿਆ ਗਿਆ। ਅਰਥਾਤ ਦਿੱਲੀ ਤੋਂ ਪਰੇ ਤੀਕ ਗੋਰੀਆਂ ਦਾ ਤੈਹਤ ਹੋ ਗਿਆ। ਜੂੰਧਰ ਦੀ ਓਲਾਦ ਪਾਸੋਂ ਹਕੂਮਤ ਉੱਕੀ ਹੀ ਜਾਂਦੀ ਰਹੀ। ਮੰਗਲ ਰਾਓ ਤੇ ਓਸ ਦਾ ਪੁਤਰ ਅਨੰਦ ਰਾਓ ਤਲਵਾਰਾਂ ਮਾਰਦੇ ਗੁਜ਼ਰ ਗਏ, ਅਤੇ ਖੀਵਾ ਬਠਿੰਡੇ ਦੇ ਅਲਾਕੇ ਨੂੰ ਛਡ ਕੇ ਨੈਂ ਵਲ ਚਲਿਆ ਗਿਆ।

ਖੀਵਾ ਅਨੰਦ ਰਾਓ ਦਾ ਪੁਤਰ ਸੀ। ਇਹ ਹੁਣ ਬੇਧਿਰ ਹੋ ਚੁਕਾ ਸੀ। ਇਸ ਨੇ ਜੱਟਾਂ ਦਾ ਨਾਤਾ ਲਿਆ, ਜਿਸ ਤੋਂ ਇਸ ਦੇ ਘਰ ਹੋਇਆ। ਫਿਰ ਸਿਧੂ ਤੇ ਇਸ ਦੀ ਓਲਾਦ ਨੂੰ ਵੀ ਜੱਟਾਂ ਦੇ ਹੀ ਨਾਤੇ ਮਿਲੇ, ਜਿਸ ਕਰਕੇ ਇਹ ਜੱਟ ਅਖਵਾਉਣ ਲਗ ਪਏ, ਅਤੇ ਰਾਜਪੂਤਾਂ ਨਾਲੋਂ ਵਖਰੇ ਹੋ ਗਏ।

Digitized by Panjab Digital Library | www.panjabdigilib.org

ਬਹੁਤੇ ਲੋਕਾਂ ਦਾ ਖਿਆਲ ਹੈ, ਕਿ ਜੱਟਾਂ ਦਾ ਨਾਤਾ ਲੈਣ ਕਰਕੇ ਹੀ ਖੀਵੇ ਦੀ ਉਲਾਦ ਰਾਜਪੂਤ ਨਾ ਰਹੀ, ਅਤੇ ਇਸ ਕਰਕੇ ਸਿਧੂ ਯਾ ਉਸ ਦੀ ਉਲਾਦ ਨੂੰ ਕਿਸੇ ਰਾਜਪੂਤ ਨੇ ਨਾਤਾ ਨਾ ਦਿਤਾ, ਪਰ ਇਹ ਭੁਲ ਹੈ। ਜੇਕਰ ਖੀਵੇ ਦੀ ਹਾਲਤ ਚੰਗੀ ਹੁੰਦੀ, ਤਾਂ ਸਿਧੂ ਲਈ ਰਾਜਪੂਤੀ ਨਾਤਿਆਂ ਦਾ ਕੋਈ ਤੋਟਾ ਨਹੀਂ ਸੀ। ਰਾਇ ਜੂੰਧਰ ਦੇ ਪੁਤਰ ਅਚਲ ਦੀ ਮਾਤਾ ਵੀ ਤਾਂ ਜੱਟਾਂ ਦੀ ਹੀ ਲੜਕੀ ਸੀ; ਪਰ ਅਚਲ ਦੀ ਓਲਾਦ ਵਿਚੋਂ ਇਕ ਪਾਸੇ ਭਟਿਆਣੇ ਦੇ ਭੱਟੀ ਤਾਂ ਖਰੇ ਰਾਜ ਪੂਤ ਗਿਣੇ ਜਾਂਦੇ ਹਨ, ਦੂਜੇ ਪਾਸੇ ਅਚਲ ਦੇ ਪੋਤਰੇ ਛੀਨੇ ਦੀ ਓਲਾਦ ਵਿਚੋਂ ਮਾਝੇ ਦੇ ਛੀਨੇ ਜੱਟ ਹਨ, ਅਤੇ ਇਨ੍ਹਾਂ ਦੋਹਾਂ ਦੇ ਵਿਚਾਲੇ ਛੀਨੇ ਦੀ ਹੀ ਓਲਾਦ ਵਿਚੋਂ ਮਈ ਰਾਜਪੂਤ ਹਨ, ਜੋ ਜੱਟਾਂ ਦਾ ਨਾਤਾ ਲੈ ਲੈਂਦੇ ਹਨ, ਪਰ ਇਸ ਪਰ ਵੀ ਰਾਜਪੂਤ ਹੀ ਹਨ*।

ਰਿਸ਼ਤੇ ਨਾਤਿਆਂ ਦੇ ਹੋਣ ਨਾ-ਹੋਣ ਤੋਂ ਕਿਸੇ ਗੋਤ ਦੀ ਉਚਾਈ ਨੀਚਾਈ ਦਾ ਅਨੁਮਾਨ ਨਹੀਂ ਕੀਤਾ ਜਾ ਸਕਦਾ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਣਵਾਸ ਵਿਚ ਕਟੋਚਸ਼ਾਹੀ ਖਾਨਦਾਨ ਦੀਆਂ ਦੋ ਲੜਕੀਆਂ ਸਨ, ਪਰ ਆਪ ਤੋਂ ਥੋੜੀਆਂ ਹੀ ਪੀੜ੍ਹੀਆਂ ਪਹਿਲਾਂ ਕੋਈ ਸਰਦਾ ਪੁਜਦਾ ਜੱਟ ਆਪ ਦੇ ਵਡਿਆਂ ਨੂੰ ਹੱਸ ਕੇ ਨਾਤਾ ਨਹੀਂ ਦਿੰਦਾ ਹੋਵੇਗਾ। ਜਦ ਸਿੰਘ ਪੁਰੀਏ ਕਈ ਲਖ ਰੁਪੈ ਦੇ ਅਲਾਕੇਦਾਰ ਹੋ ਗਏ, ਤਾਂ ਇਨ੍ਹਾਂ ਦੇ ਨਾਤੇ ਨੂੰ ਪੰਨੂੰ ਚੋਧਰੀਆਂ ਨੇ ਕੇਵਲ ਇਸ ਕਰਕੇ ਪਰਵਾਨ ਨਹੀਂ ਕੀਤਾ ਸੀ, ਕਿ ਇਹ ਕੱਲ ਦੇ ਬਣੇ ਸਰਦਾਰ ਖਾਨਦਾਨੀ ਹੈਸੀਅਤ ਵਿਚ ਸਾਡੀ ਬਰਾਬਰੀ ਨਹੀਂ ਕਰ ਸਕਦੇ, ਇਸ ਗੱਲੋਂ ਗੁਸਾ ਖਾ ਕੇ ਸਿੰਘ ਪੁਰੀਆਂ ਨੇ ਪੰਨੂੰ ਚੋਧਰੀਆਂ ਦੀ ਪੱਟੀ ਵਾਲੀ ਹਵੇਲੀ ਦੀ ਇੱਟ ਇੱਟ ਕਰ ਦਿਤੀ, ਅਤੇ ਇਨ੍ਹਾਂ ਇੱਟਾਂ ਨਾਲ ਪੱਟੀ ਦੇ ਬਾਹਰ ਆਪਣਾ ਕਿਲ੍ਹਾ ਉਸਾਰ ਕੇ ਆਪਣੇ ਬਲ ਦਾ ਪਤਾ ਦੇ ਦਿਤਾ।

ਹੁਣ ਤੀਕ ਇਹ ਹਾਲ ਹੈ, ਕਿ ਮਾਲਵੇ ਦਾ ਕੋਈ ਅਣਖ ਵਾਲਾ

---

*ਤਵਾਰੀਖ ਹਿਸਾਰ।

Digitized by Panjab Digital Library | www.panjabdigilib.org

ਜੱਟ ਥਲੀ ਦੇ ਜੱਟਾਂ ਦਾ ਨਾਤਾ ਨਹੀਂ ਲੈਂਦਾ ਕਿ ਇਸ ਵਿਚ ਓਹ ਆਪਣੀ ਕੁਲ ਨੂੰ ਲੀਕ ਲਾਉਣੀ ਸਮਝਦਾ ਹੈ। ਪ੍ਰਸਿਧ ਅਖੌਤ ਹੈ-

'ਕਾਲ ਬਰਾੜੋਂ ਉਪਜੇ, ਬੁਰਾ ਬਾਹਮਣ ਤੋਂ ਹੋਏ'

ਬਰਾੜ ਕਾਲ ਦੀ ਖਾਣ ਪ੍ਰਸਿਧ ਹੈ, ਸੋ ਦੇਸ ਦੀ ਗ਼ਰੀਬੀ ਨੇ ਵਸਨੀਕਾਂ ਦੀ ਖਾਨਦਾਨੀ ਹੈਸੀਅਤ ਨੂੰ ਵੀ ਨੀਵਾਂ ਕਰ ਦਿਤਾ। ਕਾਲੇ ਨੇ ਜਦ ਸ੍ਰੀ ਗੁਰੂ ਸਤਵੇਂ ਪਾਤਸ਼ਾਹ ਜੀ ਦੀ ਰਾਹੀਂ ਇਹ ਜਤਨ ਕੀਤਾ ਸੀ, ਕਿ ਭੁਲਰ ਜੱਟ ਸਾਡਾ ਸਾਕ ਲੈ ਕੇ ਸਾਨੂੰ ਆਪਣਾ ਰਿਸ਼ਤੇਦਾਰ ਬਣਾ ਲੈਣ, ਤਾਂ ਲਾਲੇ ਭੁਲਰ ਨੇ ਕੇਵਲ ਇਨ੍ਹਾਂ ਦੀ ਗਰੀਬੀ ਦੇ ਕਾਰਨ ਹੀ ਸਾਕ ਲੈਣੋਂ ਨਾਂਹ ਕੀਤੀ ਸੀ; ਪਰ ਥੋੜੀਆਂ ਹੀ ਪੀੜ੍ਹੀਆਂ ਮਗਰੋਂ ਜਦ ਇਸ ਘਰਾਣੇ ਦੇ ਦਿਨ ਚਮਕੇ, ਤਾਂ ਜਮੂੰ ਤੋਂ ਲੈ ਕੇ ਸਖੀ ਸਰਵਰ ਤੀਕ ਦੇ ਕਈ ਕਰੋੜ ਰੁਪੈ ਦੇ ਇਲਾਕੇ ਦੇ ਮਾਲਕ, ਕਈ ਰਾਜਿਆਂ ਪਾਸੋਂ ਟਕੇ ਲੈਣ ਵਾਲੇ, ਅਤੇ ਮਾਝੇ ਦੇ ਸਭ ਤੋਂ ਵਡੇ ਰਈਸ ਘਰਾਣੇ ਦਾ ਨਾਤਾ ਟਿੱਕਾ ਸੁਧ ਸਿੰਘ ਜੀ ਲਈ ਆਇਆ ਸੀ*। ਹਾਲਾਂ ਕਿ ਪੁਰਾਣੇ ਵੇਲਿਆਂ ਦੀ ਅਮੀਰੀ ਗ਼ਰੀਬੀ ਦਾ ਖਿਆਲ ਕਰਕੇ ਹੁਣ ਤੀਕ ਮਾਝੇ ਦੇ ਜੱਟ ਹਿਠਾੜ-ਸਤਲੁਜ ਦੇ ਜੱਟਾਂ ਨੂੰ ਆਪਣਾ ਨਾਤਾ ਨਹੀਂ ਦੇਂਦੇ।

ਜੇ ਕਰ ਰਾਓ ਖੀਵਾ ਦੇ ਪੁਤਰ ਨੂੰ ਕਿਸੇ ਰਾਜਪੂਤ ਨੇ ਨਾਤਾ ਦੇਣਾ ਪਸੰਦ ਨਾ ਕੀਤਾ, ਤਾਂ ਇਸ ਦਾ ਇਹ ਭਾਵ ਨਹੀਂ, ਕਿ ਜੱਟਾਂ ਦਾ ਦੋਹਿਤਾ ਹੋਣ ਕਰਕੇ ਸਿੱਧੂ ਖਾਨਦਾਨੀ ਹੈਸੀਅਤ ਵਿਚ ਨੀਵਾਂ ਹੋ ਗਿਆ ਸੀ, ਸਗੋਂ ਅਸਲ ਗਲ ਇਹ ਹੈ, ਕਿ ਸਮੇਂ ਨੇ ਆਪਣੀ ਚਾਲ ਅਨੁਸਾਰ ਇਹਨੂੰ ਕੁਝ ਸਮੇਂ ਲਈ ਚੱਕਰ ਵਿਚ ਲੈ ਆਂਦਾ ਸੀ, ਅਤੇ ਆਪਣੀ ਮੁਸੀਬਤ ਦੇ ਦਿਨ ਕੱਟਣ ਲਈ ਰਾਜਪੂਤਾਂ ਤੋਂ ਇਹ ਐਤਨੀ ਦੂਰ ਚਲੇ ਗਏ ਸਨ, ਕਿ ਆਪੋ ਵਿਚ ਰਿਸ਼ਤੇ ਨਾਤਿਆਂ ਦਾ ਕਾਇਮ ਰਹਿ ਸਕਣਾ ਕੋਈ ਸੌਖੀ ਗਲ ਨਹੀਂ ਸੀ। ਭਲਾ ਜੇ ਕਰ ਨਾਤੇ ਮਿਲਣ ਅਨੁਸਾਰ ਹੀ ਕਿਸੇ ਘਰਾਣੇ ਦੀ ਉਚਾਈ ਨੀਚਾਈ ਦਾ ਖ਼ਿਆਲ ਕੀਤਾ ਜਾਵੇ, ਤਾਂ ਨਾਦਰ

---

*ਰਾਣੀ ਰਤਨ ਕੌਰ ਤੋਂ ਭਾਵ ਹੈ।

Digitized by Panjab Digital Library | www.panjabdigilib.org

ਸ਼ਾਹ ਕੇਹੜੇ ਉੱਚ ਘਰਾਣੇ ਵਿਚੋਂ ਸੀ, ਜਿਸ ਨੂੰ ਸ਼ਹਿਨਸ਼ਾਹ ਅਕਬਰ ਦੀ ਉਲਾਦ ਨੇ ਆਪਣੀ ਲੜਕੀ ਦਾ ਡੋਲਾ ਦਿਤਾ ਸੀ। ਸਚ ਤਾਂ ਇਹ ਹੈ, ਕਿ ਨਾਦਰ ਦੀ ਖ਼ਾਨਦਾਨੀ ਉਸ ਦੀ ਸ਼ਮਸ਼ੀਰ ਸੀ, ਅਤੇ ਸਿੱਧੂ ਦੀ ਸ਼ਮਸ਼ੀਰ ਟੁਟ ਚੁਕੀ ਸੀ* ।

—०—

*ਮੁਗਲਾਂ ਵਿਚ ਰਵਾਜ ਸੀ, ਕਿ ਵਿਆਹ ਤੋਂ ਪਹਿਲਾਂ ਸੱਤਾਂ ਪੁਸ਼ਤਾਂ ਤੀਕ ਦੀ ਬੰਸਾਵਲੀ ਪੁਛ ਲੈਂਦੇ ਸਨ। ਜਦ ਨਾਦਰ ਪਾਸੋਂ ਉਸ ਦੀ ਬੰਸਾਵਲੀ ਪੁਛੀ ਗਈ, ਤਾਂ ਉਸ ਨੇ ਕਹਿਆ--ਨਾਦਰ ਬਿਨ ਸ਼ਮਸ਼ੇਰ, ਬਿਨ ਸ਼ਮਸ਼ੇਰ, ਬਿਨ ਸ਼ਮਸ਼ੇਰ ਆਦਿ--ਅਰਥਾਤ ਨਾਦਰ ਪੁਤ੍ਰ ਸ਼ਮਸ਼ੇਰ ਦਾ, ਪੁਤ੍ਰ ਸ਼ਮਸ਼ੇਰ ਦਾ, ਪੁਤ੍ਰ ਸ਼ਮਸ਼ੇਰ ਦਾ--ਜਿਸ ਦਾ ਭਾਵ ਇਹ ਸੀ, ਕਿ ਮੈਂ ਤਲਵਾਰ ਦੇ ਜ਼ੋਰ ਡੋਲਾ ਲੈ ਰਿਹਾ ਹਾਂ, ਕਿਸ ਖਾਨਦਾਨੀ ਹੈਸਅਤ ਦੇ ਆਸਰੇ ਨਹੀਂ; ਮੇਰਾ ਖਾਨਦਾਨ ਮੇਰੀ ਤਲਵਾਰ ਹੈ।

Digitized by Panjab Digital Library | www.panjabdigilib.org

# ੨.

ਸਿਧੂ ਨਾਂਗੇ ਦੀ ਸਰਾਇ ਵਿਚ ਜਾ ਵਸਿਆ* ਜੋ ਉਨ੍ਹੀਂ ਦਿਨੀਂ ਚੰਗਾ ਤਕੜਾ ਪਿੰਡ ਸੀ । ਏਥੇ ਹੀ ਕਈ ਪੀੜ੍ਹੀਆਂ ਤੀਕ ਉਸ ਦੀ ਉਲਾਦ ਵਸਦੀ ਰਹੀ । ਉਨ੍ਹੀਂ ਦਿਨੀਂ ਹਰ ਸਾਲ ਕਈ ਕਈ ਲੱਖ ਮੁਗ਼ਲਾਂ ਦਾ ਕਟਕ ਪੰਜਾਬ ਉਤੇ ਚੜ੍ਹ ਆਉਂਦਾ, ਅਤੇ ਇਹ ਮਾੜੇ ਦਿਨਾਂ ਵਿਚ ਹੀ ਸਾਰੇ ਦੇਸ ਦੀ ਸੁਵਾਹ ਉਡਾ ਕੇ ਹਜ਼ਾਰਾਂ ਲੱਖਾਂ ਲੜਕੇ ਲੜਕੀਆਂ ਨੂੰ ਫੜ ਕੇ ਲੈ ਜਾਂਦੇ । ਮੁਲਤਾਨੋਂ ਦਿਲੀ ਦਾ ਰਾਹ ਅਬੋਹਰ ਤੇ ਬਠਿੰਡੇ ਵਲ ਦੀ ਸੀ, ਅਤੇ ਸਿਧੂ ਦੀ ਉਲਾਦ ਇਸੇ ਰਾਹ ਉਤੇ ਵਸਦੀ ਸੀ । ਇਧਰ ਰੋਜ਼ ਕਟਕ ਚੜ੍ਹਦੇ, ਤੇ ਧਾੜੇ ਪੈਂਦੇ, ਜੀਉਣ ਦਾ ਕੋਈ ਹੱਜ ਨਹੀਂ ਸੀ, ਲੋਕੀਂ ਕੇਵਲ ਜੂਨਾਂ ਹੀ ਪੂਰੀਆਂ ਕਰਦੇ ਸਨ† ।

ਸੰਮਤ ੧੪੪੯ ਬਿ: ਵਿਚ ਇਸੇ ਰਾਹ ਅਮੀਰ - ਤੈਮੂਰ ਆਇਆ ਇਸ ਨੇ ਭਟਨੇਰ ਵਿਚ ਭੱਟੀਆਂ ਨੂੰ ਘੇਰ ਕੇ ਇਕ ਸਿਰਿਉਂ ਗਭੇਵਾਢ ਕਰ ਦਿਤਾ; ਸਾਰਾ ਦੇਸ ਉਜਾੜ ਦਿਤਾ । ਸਰਸੇ ਤੋਂ ਸਮਾਣੇ ਤੀਕ ਜੱਟਾਂ ਦਾ ਮੁਸ਼ਕ ਨਾਂ ਛਡਿਆ । ਏਧਰ ਅਗੇ ਹੀ ਟਾਵੀਂ ਵਸੋਂ ਸੀ, ਪਰ ਇਸ ਸਾਲ ਓਹ ਵੀ ਨਾ ਰਹੀ, ਅਤੇ ਭੱਟੀਆਂ ਦੀ ਐਸੀ ਬਾਬ ਹੋਈ, ਕਿ ਉਨ੍ਹਾਂ ਨੂੰ ਕਈ ਵਰ੍ਹਿਆਂ ਤੀਕ ਸੁਰਤ ਨਾ ਆਈ‡ ।

ਇਸ ਸਮੇਂ ਸਿਧੂ ਦੀ ਉਲਾਦ ਵਿਚੋਂ 'ਬਰਾੜ' ਦੜਕਿਆਂ; ਅਤੇ ਭੱਟੀਆਂ ਨਾਲ ਟਾਕਰੇ ਕਰਕੇ ਓਹਨਾਂ ਨੂੰ ਕਈ ਵਾਰ ਹਰਾਇਆ । ਸਭ ਸਿਧੂ ਬਰਾੜ' ਦੇ ਮਗਰ ਸਨ, ਇਹ ਸਾਰਿਆਂ ਨੂੰ ਕਠੇ ਕਰਕੇ ਕੱਖਾਂ ਵਾਲੀ§ ਜਾ ਵਸਿਆ ਅਤੇ ਗਿਰਦ ਨਵਾਹੀ ਵਿਚ ਆਪਣਾ ਰੋਹਬ

---

*ਤਵਾਰੀਖ ਮੁਕਤਸਰ ।।

†ਤਵਾਰੀਖ ਨਾਸਰੀ; ਤਵਾਰੀਖ ਫੀਰੋਜ਼ ਸ਼ਾਹੀ ।।

‡ਮਲਫ਼ੂਜ਼ਾ ਤੇ ਤੈਮੂਰੀ; ਜ਼ਫਰ ਨਾਮਾ—ਏ--ਤੈਮੂਰ ।

§ਬਠਿੰਡੇ ਤੋਂ ਤੀਹ--ਕੁ ਮੀਲ ਦੱਖਣ ਪੱਛਮ ਵਲ ।

Digitized by Panjab Digital Library | www.panjabdigilib.org

ਬਿਠਾ ਦਿਤਾ‡।

ਬਰਾੜ ਦੇ ਦੋ ਪੁਤ੍ਰ ਸਨ-ਦੂਲ ਤੇ ਪੌੜ। ਵਡੇ ਭਰਾ ਦੂਲ ਨੇ ਆਪਣੇ ਛੋਟੇ ਭਰਾ ਪੌੜ ਨੂੰ ਕਢ ਦਿਤਾ, ਅਤੇ ਪੌੜ ਤੇ ਇਸ ਦੀ ਉਲਾਦ ਕਈ ਸਾਲ ਗ਼ਰੀਬੀ ਦੀ ਦਸ਼ਾ ਵਿਚ ਐਧਰ ਓਧਰ ਭਟਕਦੀ ਫਿਰੀ*। ਜਦ ਮਹਾਰਾਜ ਦਾ ਸਮਾਂ ਆਇਆ, ਤਾਂ ਇਹ ਭੋਡੀ ਪੁਰ ਜਲਾਲਾਂ ਵਿਚ ਵਸਦੇ ਸਨ; ਮਹਾਰਾਜਾ ਤੋਂ ਮਗਰੋਂ ਇਸ ਦੇ ਪੋਤਰੇ ਪੱਖੋ ਤੀਕ ਇਹ ਏਥੇ ਹੀ ਰਹੇ। ਪੱਖੋ ਦੇ ਦੋ ਪੁਤਰ ਮੋਹਨ ਤੇ ਹੁੰਬਲ-ਸਨ, ਇਹ ਦੋਵੇਂ ਭਾਈ ਭੋਡੀ ਪੁਰੋਂ ਉਠ ਕੇ ਬੀਦੋਵਾਲੀ† ਜਾ ਵਸੇ, ਜਿਥੇ ਦੂਲ ਦੀ ਉਲਾਦ ਕੱਖਾਂਵਾਲੀ ਤੋਂ ਉਠ ਕੇ ਇਕ ਵਾਰ ਵਸ ਚੁਕੀ ਸੀ, ਤੇ ਫੇਰ ਇਥੋਂ ਵੀ ਉੱਜੜ ਕੇ ਅਬਲੂ ਜਾ ਵਸੀ।

ਉਸ ਸਮੇਂ ਇਹ ਚਕਰਾਂ ਵਾਂਙ ਰਹਿੰਦੇ ਸਨ‡। ਜਿਥੇ ਸੁਖ ਵੇਖਦੇ, ਉਥੇ ਬੈਠ ਜਾਂਦੇ, ਅਤੇ ਜਿਥੋਂ ਦੇ ਲੋਕੀਂ ਰਤਾ ਤੰਗ ਕਰਦੇ; ਓਥੋਂ ਉਠ ਜਾਂਦੇ। ਬੀਦੋਵਾਲੀ ਦੇ ਭੱਟੀਆਂ ਨਾਲ ਇਨ੍ਹਾਂ ਦੀ ਸਦਾ ਅਣ ਬਣ ਹੀ ਰਹਿੰਦੀ। ਇਕ ਵਾਰ ਆਪੋ ਵਿਚ ਲੜਾਈ ਹੋ ਪਈ; ਜਿਸ ਵਿਚ ਭੱਟੀਆਂ ਦਾ ਇਕ ਆਦਮੀ ਮਾਰਿਆ ਗਿਆ। ਇਸ ਖੂਨਾਮੀ ਬਦਲੇ ਮੋਹਨ ਦੋ ਸਾਲ ਭਟਨੇਰ ਦੇ ਕਿਲੇ ਵਿਚ ਕੈਦ ਰਿਹਾ। ਜਦ ਕੈਦੋਂ ਛੁਟ ਕੇ ਆਇਆ; ਤਾਂ ਫੇਰ ਓਹੋ ਹਾਲ ਸੀ; ਅੰਤ ਭੱਟੀਆ ਤੇ ਮੋਹਨਕਿਆਂ ਵਿਚ ਫੇਰ ਲੜਾਈ ਹੋਈ; ਜਿਸ ਵਿਚ ਮੋਹਨ ਤੇ ਉਸ ਦਾਂ ਵਡਾ ਪੁਤਰ ਰੂਪ ਚੰਦ ਮਾਰੇ ਗਏ; ਅਤੇ ਬਾਕੀਆਂ ਨੂੰ ਲਾਚਾਰ ਹੋ ਕੇ ਬੀਦੋਵਾਲੀ ਨੂੰ ਛਡਣਾ ਪਿਆ।

ਮੋਹਨ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਤੋਂ ਰੂਪ ਚੰਦ, ਕਰਮ ਚੰਦ, ਦਿਆ ਚੰਦ (ਕਾਲਾ) ਤੇਕੁਲ ਚੰਦ ਸਨ, ਅਤੇ ਦੂਸਰੀ ਸ਼ਾਦੀ ਤੋਂ

---

‡ਤਵਾਰੀਖ ਫੂਲਕਾ।

*ਤਵਾਰੀਖ ਸਿਧੂ ਬਰਾੜਾਂ।

†ਬਠਿੰਡੇ ਤੋਂ ਵੀਹ ਕੁ ਮੀਲ ਪੱਛਮ ਵਲ॥

‡ਤਵਾਰੀਖ ਸਿਧੂ ਬਰਾੜਾਂ।

Digitized by Panjab Digital Library | www.panjabdigilib.org

ਸੇਮਾਂ ਤੇ ਸਰਦੂਲ। ਕੁਲਚੰਦ ਠੀਕ ਜਵਾਨੀ ਦੀ ਉਮਰ ਵਿਚ ਬਿਮਾਰ ਹੋ ਕੇ ਬੀਦੋਵਾਲੀ ਗੁਜਰ ਗਿਆ ਸੀ। ਮੋਹਨ ਇਸ ਤੋਂ ਮਗਰੋਂ ਕੈਦ ਹੋਇਆ, ਅਤੇ ਭਟਨੇਰੋਂ ਆਕੇ ਜਦ ਇਹ ਲੜਾਈ ਵਿਚ ਰੂਪ ਚੰਦ ਸਣੇ ਮਾਰਿਆ ਗਿਆ, ਤਾਂ ਉਸ ਸਮੇਂ ਹੁੰਬਲ ਤਾਂ ਡਰਦਾ ਮਾਰਿਆ ਘੁੰਮਣ ਨੂੰ ਚਲਿਆ ਗਿਆ, ਤੇ ਓਥੇ ਹੀ ਵਸ ਪਿਆ, ਜਿਸ ਕਰਕੇ ਹੁਣ ਉਸ ਦੀ ਉਲਾਦ ਵਡੇ ਛੋਟੇ ਘੁਮਣ, ਵਡੇ ਛੋਟੇ ਕੁੱਤੀਵਾਲ, ਤੇ ਅਧੇ ਜਖੇਪਲ ਵਿਚ ਵਸਦੀ ਹੈ, ਅਤੇ ਬਾਕੀ ਦੇ ਜੋ ਬੀਦੋਵਾਲੀਓਂ ਨਿਕਲੇ, ਓਹ ਇਹ ਸਨ:-ਰੂਪ ਚੰਦ ਦੇ ਦੋਵੇਂ ਪੁਤਰ-ਸੰਦਲੀ ਤੇ ਫੂਲ,-ਕੁਲਚੰਦ ਦਾਂ ਪਤਰ ਸਾਓਲ, ਸੇਮਾਂ, ਸਰਦੂਲ, ਕਰਮ ਚੰਦ ਤੇ ਕਾਲਾ, ਅਤੇ ਏਨ੍ਹਾਂ ਦੀਆਂ ਬਹੂ ਬੇਟੀਆਂ ਤੇ ਬੱਚੇ।

ਜੰਗਲ ਦੇ ਅਲਾਕੇ ਵਿਚ ਇਹ ਇਕ ਖੂਹ ਉਤੇ ਆ ਬੈਠੇ, ਜਿਥੇ ਸਿੱਧ ਕਲੰਦਰ ਦੀ ਮਾੜੀ ਸੀ। ਇਹ ਸਿੱਧ ਕਲੰਦਰ ਭੁੱਲਰ ਗੋਤ ਦੇ ਜੱਟਾਂ ਦਾ ਕੋਈ ਵਡ-ਵਡੇਰਾ ਹੋਇਆ ਹੈ, ਜਿਸ ਦੀ ਭੁੱਲਰ ਹੁਣ ਤੀਕ ਮਾਨਤਾ ਕਰਦੇ ਹਨ, ਅਤੇ ਪੁਰਾਣੇ ਵੇਲਿਆਂ ਤੋਂ ਵਰ੍ਹੇ-ਦੇ-ਵਰ੍ਹੇ ਇਸ ਮਾੜੀ ਉਤੇ ਮੇਲਾ ਲਗਦਾ ਹੈ। ਇਹ ਮਾੜੀ ਰਾਮ ਪੁਰਾ-ਫੂਲ ਰੇਲਵੇ ਸਟੇਸ਼ਨ ਤੋਂ ਡੇਢ ਦੋ ਮੀਲ ਉੱਤਰ-ਪੱਛਮ ਵੱਲ ਹੈ।

ਕਹਿੰਦੇ ਹਨ, ਕਿ ਇਕ ਵਾਰ ਇਕ ਵਣਜਾਰਾ ਇਸ ਮਾੜੀ ਪਾਸ ਆ ਕੇ ਉਤਰਿਆ, ਤੇ ਲੋਕਾਂ ਪਾਸੋਂ ਓਸ ਨੂੰ ਪਤਾ ਲੱਗਾ, ਕਿ ਇਸ ਮਾੜੀ ਦੀ ਸੁਖਣਾ ਸੁੱਖਣ ਨਾਲ ਮਨ ਦੀ ਮੁਰਾਦ ਪੂਰੀ ਹੁੰਦੀ ਜੈ। ਓਸੇ ਦਿਲ ਵਿਚ ਧਾਰੀ, ਕਿ ਜੇ ਮੇਰੇ ਘਰ ਪੁਤਰ ਹੋਵੇ, ਤਾਂ ਮੈਂ ਇਸ ਜੰਗਲ ਵਿਚ ਪੱਕਾ ਖੂਹ ਲਵਾ ਦੇਵਾਂ, ਤੇ ਮਾੜੀ ਬੀ ਪੱਕੀ ਬਣਵਾ ਦੇਵਾਂ। ਕੁਦਰਤ ਕਰਤਾਰ ਨਾਲ ਉਸ ਦੇ ਘਰ ਲੜਕਾ ਹੋਇਆ, ਜਿਸ ਕਰਕੇ ਉਸ ਨੇ ਪੱਕਾ ਖੂਹ ਲਵਾ ਦਿੱਤਾ, ਤੇ ਮਾੜੀ ਵੀ ਪੱਕੀ ਬਣਵਾ ਦਿਤੀ। ਇਸੇ ਕਰਕੇ ਇਸ ਨੂੰ ਲੱਖੀ ਵਣਜਾਰੇ ਦਾ ਖੂਹ ਆਖਦੇ ਹਨ। ਏਸੇ ਖੂਹ ਉਤੇ ਮੋਹਨ ਦੀ ਉਲਾਦ ਨੇ ਆਨ ਡੇਰਾ ਲਾਇਆ।

Digitized by Panjab Digital Library | www.panjabdigilib.org

ਜੰਗਲ ਵਿਚ ਅਜ ਤੀਕ ਇਹ ਹਾਲ ਹੈ, ਕਿ ਖੂਹਾਂ ਵਿਚ ਸੌ ਸੌ ਡੇਢ ਡੇਢ ਸੌ ਹੱਥ ਉਤੇ ਪਾਣੀ ਹੈ। ਪਿਛਲੇ ਸਮਿਆਂ ਵਿਚ ਇਸ ਸਾਰੇ ਅਲਾਕੇ ਵਿਚ ਕਿਤੇ ਕਿਤੇ ਹੀ ਕੋਈ ਪੱਕਾ ਖੂਹ ਸੀ, ਅਤੇ ਕੱਚੀਆਂ ਕੁਹਾਰਾਂ ਵੀ ਕੋਈ ਬਹੁਤੀਆਂ ਨਹੀਂ ਸਨ। ਛਾਬਾਂ ਵੀ ਗਿਣਤੀ ਦੀਆਂ ਹੀ ਸਨ, ਜਿਨ੍ਹਾਂ ਵਿਚ ਬਰਸਾਤ ਦਾ ਪਾਣੀ ਜਮਾਂ ਹੋ ਜਾਇਆ ਕਰਦਾ ਸੀ। ਲੋਕੀ ਦਸ ਦਸ ਪੰਦਰਾਂ ਪੰਦਰਾਂ ਕੋਹਾਂ ਤੋਂ ਪਾਣੀ ਲੈਣ ਆਉਂਦੇ, ਅਤੇ ਇਕ ਦਿਨ ਦੇ ਲਿਆਂਦੇ ਪਾਣੀ ਨਾਲ ਕਈ ਕਈ ਦਿਨ ਲੰਘਾਉਂਦੇ। ਉਨ੍ਹਾਂ ਨੂੰ ਪਾਣੀ ਵਾਲੇ ਪਿੰਡ ਦੀ ਸਦਾ ਮੁਥਾਜੀ ਰਖਣੀ ਪੈਂਦੀ, ਅਤੇ ਉਨ੍ਹਾਂ ਦੀਆਂ ਅਨੇਕਾਂ ਈਨਾਂ ਮੰਨਣੀਆਂ ਪੈਂਦੀਆਂ। ਜਿਸ ਪਿੰਡੋਂ ਪਾਣੀ ਮਿਲਦਾ, ਉਸ ਪਿੰਡ ਦੇ ਵਸਨੀਕਾਂ ਦੀ ਆਂਢ ਗੁਆਂਢ ਵਿਚ ਖ਼ਾਸ ਇਜ਼ਤ ਹੁੰਦੀ, ਅਤੇ ਉਹ ਅਪਣੇ ਆਪਨੂੰ ਪਾਣੀ-ਹੀਨ ਪਿੰਡਾਂ ਨਾਲੋਂ ਬਹੁਤ ਕੁਝ ਉਚੇਰਾ ਤੇ ਵਡੇਰਾ ਸਮਝਦੇ।

ਇਸ ਲੱਖੀ ਵਣਜਾਰੇ ਦੇ ਖੂਹ ਦੇ ਪਾਸ ਹੀ ਲੱਾਲੇ ਭੁੱਲਰ ਦਾ ਪਿੰਡ ਸੀ। ਇਹ ਇਸ ਲਤੇ ਦੇ ਭੁੱਲਰਾਂ ਦਾ ਚੌਧਰੀ ਸੀ, ਅਤੇ ਇਸ ਸਮੇਂ ਇਸ ਦਾ ਬੜਾ ਜ਼ੋਰ ਸੀ। ਜਦ ਮੋਹਨ-ਕੇ ਇਸ ਖੂਹ ਉਤੇ ਆ ਕੇ ਬੈਠੇ, ਤਾਂ ਭੁੱਲਰਾਂ ਨੇ ਕਈ ਈਨਾਂ ਮਨਾ ਕੇ ਮੰਨੇ। ਪਾਣੀ ਬਾਝੋਂ ਕਿਤੇ ਬੈਠਾ ਵੀ ਨਹੀਂ ਜਾਂਦਾ ਸੀ, ਬੀਦੋਵਾਲੀ ਦੀ ਮੁਸੀਬਤ ਵੀ ਅਜੇ ਅਖਾਂ ਸਾਹਮਣੇ ਸੀ, ਅਤੇ ਇਹ ਵੀ ਪਤਾ ਸੀ, ਕਿ ਅਸਾਂ ਜਿਸ ਬਗਾਨੀ ਜੂਹ ਜਾ ਕੇ ਬੈਠਣਾ ਹੈ, ਅਗਲਿਆਂ ਦੀ ਈਨ ਮੰਨ ਕੇ ਹੀ ਬੈਠਨਾ ਹੈ; ਇਸ ਲਈ ਮੋਹਨਕਿਆਂ ਨੇ ਭੂੱਲਰਾਂ ਦੀਆਂ ਈਨਾਂ ਮੰਨ ਲਈਆਂ।

ਕੁਝ ਸਮਾਂ ਏਸੇ ਤਰਾਂ ਲੰਘ ਗਿਆ, ਪਰ ਇਹ ਗਲ ਕਦ-ਕੁ ਤੀਕ ਨਿਭਣੀ ਸੀ। ਇਕ ਦਿਨ ਇਕ ਬਹੂ ਨੇ ਖੂਹ ਉਤੇ ਘੜਾ ਭੰਨ ਦਿੱਤਾ, ਅਤੇ ਨੰਗੇ ਮੂੰਹ ਮਰਦਾਂ ਵਿਚ ਦੀ ਲੰਘ ਆਈ। ਜਦ ਦੂਜੀਆਂ ਤ੍ਰੀਮਤਾਂ ਨੇ ਉਸ ਨੂੰ ਵਰਜਿਆ, ਤਾਂ ਉਸ ਨੇ ਕਹਿਆ, ਕਿ ਜੇ ਕੋਈ ਮਰਦ ਹੋਵੇ, ਤਾਂ ਘੁੰਡ ਕਢਾਂ, ਇਹ ਤਾਂ ਤ੍ਰੀਮਤਾਂ ਹਨ, ਇਨ੍ਹਾਂ ਵਿਚ ਮਰਦਾਂ ਵਾਲੀ ਅਣਖ ਹੀ

Digitized by Panjab Digital Library | www.panjabdigilib.org

ਨਹੀਂ। ਜਦ ਇਸ ਗੱਲ ਦੀ ਖਬਰ ਕਾਲੇ ਨੂੰ ਦੇਈ; ਤਾਂ ਓਹ ਬੜਾ ਉਦਾਸ ਹੋਇਆ, ਕਿਉਂ ਜੁ ਕਰੜੀਆਂ ਈਨਾਂ ਤੋਂ ਬਿਨਾਂ ਭੁੱਲਰ ਹੋਰ ਕਈ ਤਰ੍ਹਾਂ ਵੀ ਤੰਗ ਕੀਤਾ ਕਰਦੇ ਸਨ।

ਉਨੀਂ ਹੀ ਦਿਨੀਂ ਸਤਿਗੁਰੂ ਹਰਿ ਰਾਇ ਜੀ ਗੁਰੂ-ਸਰ ਆਏ, ਅਤੇ ਸਿਖ ਸੇਵਕਾਂ ਨੂੰ ਨਿਹਾਲ ਕਰਨ ਲਗੇ। ਕਾਲਾ ਸਤਿਗੁਰੂ ਜੀ ਪਾਸ ਜਾਂਦਾ, ਅਤੇ ਅਧੀਨਗੀ ਨਾਲ ਪ੍ਰਾਰਥਨਾ ਕਰਦਾ, ਕਿ ਸਾਨੂੰ ਕਿਸੇ ਤਰ੍ਹਾਂ ਵਸਦੇ ਕਰੋ, ਭੁੱਲਰ ਕਿਵੇਂ ਸਾਡਾ ਨਾਤਾ ਲੈ ਲੈਣ, ਅਤੇ ਸਾਨੂੰ ਆਪਣੇ ਸਾਕ ਬਾਪ ਕੇ ਪੰਜ ਹਲ ਦੀ ਜਮੀਨ ਦੇ ਦੇਣ। ਸ੍ਰੀ ਗੁਰੂ ਜੀ ਨੇ ਧੀਰਜ ਦਿੱਤੀ, ਕਿ ਹੁਣ ਜਦ ਲਾਲਾ ਕੌੜਾ ਸਾਡੇ ਪਾਸ ਆਵੇਗਾ, ਤਾਂ ਅਸੀਂ ਉਸ ਨੂੰ ਇਹ ਗਲ ਸਮਝਾਵਾਂਗੇ।

ਕੁਝ ਦਿਨਾਂ ਮਗਰੋਂ ਜਦ ਲੱਾਲਾ ਕੌੜਾ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਹਾਜਰ ਹੋਇਆ, ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ, ਕਿ ਲੱਾਲੇ! ਤੇਰੇ ਪਾਸ ਬਹੁਤ ਸਾਰੀ ਜ਼ਮੀਨ ਹੈ, ਤੂੰ ਕਾਲੇ ਦੇ ਭਾਈ ਚਾਰੇ ਨੂੰ ਪੰਜ ਹਲਾਂ ਦੀ ਜ਼ਮੀਨ ਦੇ ਦੇਹ, ਤੇ ਉਨ੍ਹਾਂ ਪਾਸੋਂ ਭਾਉਲੀ ਲੈਂਦਾ ਰਹੁ। ਲੱਾਲੇ ਨੇ ਬੇਨਤੀ ਕੀਤੀ, ਕਿ ਹੇ ਸਤਿਗੁਰੂ, ਮੈਂ ਸਭ ਤਰਾਂ ਨਾਲ ਆਪ ਦਾ ਦਾਸ ਹਾਂ, ਪਰ ਜ਼ਮੀਨ ਤਾਂ ਮੈਂ ਐਨੀ ਵੀ ਨਹੀਂ ਦੇਣੀ, ਜਿੰਨੀ ਕਿ ਦਾਤਰੀ ਦੇ ਨੱਕੇ ਉੱਤੇ ਆ ਸਕੇ। ਸ੍ਰੀ ਗੁਰੂ ਜੀ ਨੇ ਫਿਰ ਬਚਨ ਕੀਤਾ, ਕਿ ਹਛਾ, ਉਨ੍ਹਾਂ ਦਾ ਨਾਤਾ ਲੈ ਕੇ ਹੀ ਉਨ੍ਹਾਂ ਨੂੰ ਵਸਣ ਦੇਵੋ, ਤਾਂ ਉਸ ਹੰਕਾਰੀ ਭੁੱਲਰ ਨੇ ਉੱਤਰ ਦਿੱਤਾ, ਕਿ ਅਸਾਂ ਘਲੀ ਵਾਲਿਆਂ ਦਾ ਨਾਤਾ ਲੈ ਕੇ ਅਪਣੀ ਕੁਲ ਨੂੰ ਕਲੰਕ ਲਵਾਉਣਾ ਹੈ? ਇਸ ਪਰ ਸ੍ਰੀ ਗੁਰੂ ਜੀ ਕ੍ਰੋਧਵਾਨ ਹੋਕੇ ਬੋਲੇ, ਕਿ ਅਜ ਤਾਂ ਤੁਸੀਂ ਉਨ੍ਹਾਂ ਦਾ ਨਾਤਾ ਨਹੀਂ ਕਬੂਲਦੇ, ਪਰ ਇਕ ਦਿਨ ਆਵੇਗਾ, ਜਦ ਤੁਸੀਂ ਉਨ੍ਹਾਂ ਦੇ ਪਿੱਛੇ ਪਿੱਛੇ ਲੜਕੀਆਂ ਲਈ ਫਿਰੋਗੇ, ਅਤੇ ਓਹ ਪਸੰਦ ਨਹੀਂ ਕਰਨਗੇ।

ਇਤਨੀ ਗਲਬਾਤ ਹੋਣ ਪਰ ਕੋਨ ਪਰ ਲੱਾਲਾ ਕੌੜਾ ਉਠ ਖੜਾ ਹੋਇਆ ਅਤੇ ਆਪਣੇ ਪਿੰਡ ਦਾ ਰਾਹ ਲਿਆ। ਓਸ ਨੂੰ ਸਤਿਗੁਰੂ ਦੇ ਡੇਰੇ

Digitized by Panjab Digital Library | www.panjabdigilib.org

ਦੇ ਪ੍ਰਾਸ ਹੀ ਕਾਲਾ ਮਿਲ ਪਿਆ. ਜੋ ਲਾਲੇ ਦੇ ਪਿੱਛੇ ਪਿੱਛੇ ਹੀ ਆਇਆ ਸੋ, ਅਤੇ ਇਸੇ ਉਡੀਕ ਵਿਚ ਸੀ, ਕਿ ਕਦ ਲੱਾਲਾ ਜਾਵੇ, ਤੇ ਮੈਂ ਸ੍ਰੀ ਗੁਰੂ ਜੀ ਪਾਸੋਂ ਪੁਛਾਂ, ਕਿ ਕੀ ਫੈਸਲਾ ਹੋਇਆ ਹੈ। ਕਾਲੇ ਨੂੰ ਵੇਖ ਕੇ ਲੱਾਲਾ ਗੁਸੇ ਨਾਲ ਭਰ ਗਿਆ, ਅਤੇ ਕੜਕ ਕੇ ਬੋਲਿਆ, ਕਿ ਕਾਲਿਆ ! ਤੂੰ ਸ੍ਰੀ ਗੁਰੂ ਜੀ ਪਾਸ ਆ ਆ ਕੇ ਮੇਰੀਆਂ ਖੋਟੀਆਂ ਕਰਦਾ ਹੈ; ਤੇ ਸ੍ਰੀ ਗੁਰੂ ਜੀ ਨੂੰ ਮੇਰੇ ਉਤੇ ਗੁਸੇ ਕਰਵਾਉਂਦਾ ਹੈ, ਮੈਂ ਜੇ ਅਜ ਹੀ ਤੱਤੀਆਂ ਤੌੜੀਆਂ ਤੁਸਾਡੇ ਸਿਰਾਂ ਉਤੋ ਚੁਕਵਾ ਕੇ ਪਿੰਡੋਂ ਨਾਂ ਕਢਿਆ, ਤਾਂ ਮੇਰਾ ਨਾਮ ਵੀ ਲੱਾਲਾ ਨਾ ਸੱਦਨਾ।

ਇਹ ਕੁਝ ਸੁਣ ਕੇ ਕਾਲਾ ਡਰ ਗਿਆ, ਅਤੇ ਸ੍ਰੀ ਗੁਰੂ ਜੀ ਪਾਸ ਜਾ ਕੇ ਨੀਰੋ ਨੀਰ ਰੋਣ ਲਗਾ। ਦੁਖੜੇ ਸਨ ਕਿ ਮੁਕਣ ਦਾ ਨਾਮ ਨਹੀਂ ਲੈਂਦੇ ਸਨ, ਅਤੇ ਨਿੱਤ ਨਵੇਂ ਸੂਰਜ ਕੋਈ ਨਾ ਕੋਈ ਬਿਪਤਾ ਸਿਰ ਉੱਤੇ ਖੜੀ ਰੈਂਹਦੀ ਸੀ। ਲੋਕਾਂ ਦੇ ਸਤਾਇਆਂ ਭੋਡੀਪੁਰ ਛਡਿਆ ਸੀ, ਤੇ ਬੀਦੋ ਵਾਲੀ ਦਿਨ ਕੱਟਣ ਲੱਗੇ ਸਨ, ਪਰ ਸਮੇਂ ਨੇ ਓਥੇ ਵੀ ਵੱਸਣ ਨਾ ਦਿੱਤੇ; ਬੀਦੋਵਾਲੀ ਛਡੀ, ਤੇ ਭੁੱਲਰਾਂ ਪਾਸ ਆਏ, ਕਿ ਏਥੇ ਹੀ ਦੁਖ ਸੁਖ ਦੇ ਦਿਨ ਨਿਕਲ ਜਾਣਗੇ, ਪਰ ਸਮੇਂ ਨੇ ਇਹ ਗੱਲ ਵੀ ਨਿਭਣ ਨਾ ਦਿਤੀ, ਅਜ ਭੁੱਲਰ ਇਥੋਂ ਵੀ ਕਢਣ ਨੂੰ ਤਿਆਰ ਹਨ। ਹੁਣ ਕਾਲੇ ਦੀਆਂ ਅੱਖਾਂ ਅੱਗੇ ਸਭ ਦੁਨੀਆਂ ਕਾਲੀ ਹੋ ਗਈ ਸੀ, ਓਸ ਨੂੰ ਕੁਝ ਨਹੀਂ ਸੁਝਦਾ ਸੀ, ਕਿ ਹੁਣ ਅਸੀਂ ਕਿਧਰ ਨੂੰ ਜਾਵਾਂਗੇ।

ਕਾਲੇ ਦੀ ਇਹ ਦਸ਼ਾ ਵੇਖ ਕੇ ਸ੍ਰੀ ਗੁਰੂ ਜੀ ਦਾ ਦਿਆਲੂ ਮਨ ਪੰਘਰ ਪਿਆ, ਅਰ ਆਪ ਨੇ ਕਾਲੇ ਨੂੰ ਹੌਸਲਾ ਦਿਤਾ, ਅਤੇ ਕਹਿਆ, ਕਿ ਤੁਸੀਂ ਰਤਾ ਫਿਕਰ ਨਾ ਕਰੋ, ਗੁਰੂ ਤੁਹਾਡੇ ਅੰਗ ਸੰਗ ਹੈ, ਲੱਾਲਾ ਡਾਢਾ ਆਦਮੀ ਹੈ, ਓਸ ਨਾਲ ਕੋਈ ਵਾਹ ਨਹੀਂ; ਤੁਸੀਂ ਅਜ ਹੀ ਉਸ ਦਾ ਪਿੰਡ ਛਡ ਦੇਵੋ, ਅਤੇ ਜਿਥੇ ਸੂਰਜ ਡੁਬ ਜਾਵੇ, ਓਥੇ ਹੀ ਡੇਰੇ ਲਾ ਦੇਵੋ, ਗੁਰੂ ਭਲੀ ਕਰੇਗਾ।

ਕਾਲੇ ਨੂੰ ਸ੍ਰੀ ਗੁਰੂ ਜੀ ਦੇ ਬਚਨਾਂ ਉਤੇ ਨਿਸਚਾ ਸੀ। ਉਸਨੇ

Digitized by Panjab Digital Library | www.panjabdigilib.org

ਆਉਂਦਿਆਂ ਹੀ ਸਾਰੇ ਪਰਵਾਰ ਨੂੰ ਆਖ ਦਿਤਾ, ਕਿ ਤੁਰਨ ਦੀ ਤਿਆਰੀ ਕਰੋ। ਦਿਨ ਢਲ ਚੁਕਾ ਸੀ, ਤੋੜੀਆਂ ਰਿਝ ਰਹੀਆਂ ਸਨ; ਲੱਖਾ ਭੁਲਰਾਂ ਨੂੰ ਲੈਕੇ ਆਇਆ, ਅਤੇ ਇਸ ਡੇਰੇ ਨੂੰ ਉਠਾਉਣ ਲੱਗਾ। ਚਕਰਾਂਦਾ ਸਮਾਨ ਸੀ; ਸਭ ਕੁਝ ਸਾਂਭ ਕੇ ਤੁਰ ਪਏ। ਦੋ ਕੁ ਕੋਹ ਹੀ ਗਏ ਹੋਣਗੇ, ਕਿ ਸੂਰਜ ਅਸਤ ਗਿਆ ਅਤੇ ਇਨ੍ਹਾਂ ਨੇ ਢਾਬ ਉਤੇ ਡੇਰਾ ਲਾ ਦਿਤਾ।

ਇਹ ਢਾਬ ਭੁਲਰਾਂ ਦੀ ਹੱਦੋਂ ਪਾਰ ਭੂਖੜੀ ਪਿੰਡ ਦੀ ਮੇਰ ਵਿਚ ਸੀ, ਅਤੇ ਭੂਖੜੀ ਪਿੰਡ ਦਾ ਪਰਾਣਾ ਨਾਮੇ ਜੈਦ (ਸਿਧੂ) ਭੁਖੜੀ ਤੋਂ ਲੈ ਕੇ ਭੁਲਰਾਂ ਦੀ ਹੱਦ ਤੀਕ ਸੋਲਾਂ ਸਤਾਰਾਂ ਮੀਲ ਦਾ ਵੈਰਾਨ ਅਲਾਕਾ ਆਪਣੇ ਜੋਰ ਨਾਲ ਸਾਂਭੀ ਬੈਠਾ ਸੀ। ਇਸ ਨੇ ਜਦ ਵੇਖਿਆ, ਕਿ ਇਹ ਡੇਰਾ ਤਾਂ ਉਠਦਾ ਹੀ ਨਹੀਂ; ਉਸ ਨੇ ਜੋਰ ਨਾਲ ਇਨ੍ਹਾਂ ਨੂੰ ਉਠਾਉਣਾ ਚਾਹਿਆ। ਸ੍ਰੀ ਗੁਰੂ ਜੀ ਨੇ ਬਾਂਹ ਫੜੇ ਦੀ ਲਾਜ ਪਾਲੀ, ਤੇ ਕਾਲੇ ਦੀ ਸਭ ਤਰ੍ਹਾਂ, ਸਹਾਇਤਾ ਕੀਤੀ। ਪਰਾਣਾ ਪ੍ਰਸਿਧ ਜੋਧਾ ਸੀ, ਅਤੇ ਗਿਰਦ ਨਵਾਹੀ ਦਾ ਕੋਈ ਸੂਰਮਾਂ ਉਸ ਦੀ ਸਾਂਗ ਦਾ ਸਾਹਮਣਾ ਕਰਨ ਦਾ ਹੀਆ ਨਹੀਂ ਕਰਦਾ ਸੀ। ਸਤਿਗੁਰੂ ਦੀ ਕ੍ਰਿਪਾ ਨਾਲ ਕਾਲੇ ਨੇ ਜੈਦ ਪਰਾਣੇ ਨੂੰ ਮਾਰ ਲਿਆ, ਤੇ ਹੋਰ ਜੈਦ ਵੀ ਚੁਣ ਚੁਣ ਕੇ ਮਾਰੇ, *ਅਤੇ ਢੋਲ ਵਜਾ ਕੇ ਪਿੰਡ ਦੀ ਮੋੜ੍ਹੀ ਗਡ ਦਿਤੀ।

ਪਰਾਣਾ ਆਪਣੇ ਜੋਰ ਨਾਲ ਦੂਰ ਦੂਰ ਤੀਕ ਆਪਣੀ ਮੇਰ ਕਰੀ ਬੈਠਾ ਸੀ, ਉਸ ਸਾਰੀ ਮੇਰ ਉਤੇ ਹੁਣ ਮੋਹਨਕਿਆਂ ਦੀ ਮੇਰ ਹੋ ਗਈ। ਇਨ੍ਹਾਂ ਆਪਣੇ ਵਡੇਰੇ ਦੇ ਨਾਮ ਉਤੇ ਪਿੰਡ ਦਾ ਨਾਮ ਮਰ੍ਹਾਜ ਰਖਿਆ, ਅਤੇ ਹੌਲੀ ਹੌਲੀ ਪਰਾਣੇ ਦੀ ਜੂਹ ਵਿਚ ਹੀ ਬਾਈ ਪਿੰਡ ਵਸਾ ਲਏ, ਜੋ ਹੁਣ ਮਰ੍ਹਾਜ ਕਾ ਬਾਹੀਆਂ ਅਖਵਾਉਂਦੇ ਹਨ†।

---

*ਪਰਾਣੇ ਦੀ ਉਲਾਦ ਇਸ ਵੇਲੇ ਪਿੰਡ "ਪੱਤੋਕੇ" ਤਹਿਸੀਲ ਮੋਗਾ ਵਿਚ ਵਸਦੀ ਹੈ।

†ਅਜ ਕਲ ੨੫ ਪਿੰਡ ਹਨ: - ਪੂਹਲਾ, ਪੂਹਲੀ, ਲੇਹਰਾ, ਢਿਲਵਾਂ, ਮਾੜੀ ਮਾਨਾਂਵਾਲੀ ਫੂਲ ਚੰਦ ਦੀ ਉਲਾਦ ਪਾਸ। ਨਥਾਣਾ, ਗੰਗਾ ਤੇ ਬੁਰਜੀ ਕਾਲੇ ਦੀ ਉਲਾਦ ਪਾਸ। ਪਜੇ ਕਲਯਾਣਾਂ, ਬੱਜੋਆਣਾਂ ਤੇ ਕਾਣੀ ਭੈਣੀ, ਮੰਦਲ ਦੀ ਉਲਾਦ ਪਾਸ। ਚਾਰੇ ਲੈਹਰੇ, ਗਿਦੜੇ, ਨਾਥ ਪੁਰਾ, ਛੰਨਾ, ਤੇ ਬਾਠ, ਕਰਮ ਚੰਦ ਦੀ ਉਲਾਦ ਪਾਸ। ਸੇਮਾਂ ਪਿੰਡ ਸਿਮੋਂ ਦੀ ਉਲਾਦ ਪਾਸ ਮਰ੍ਹਾਜ ਪਿੰਡ ਸਭ ਦਾ ਸਾਂਝਾ।

Digitized by Panjab Digital Library | www.panjabdigilib.org

ਇਸ ਸਮੇਂ ਇਸ ਜੱਥੇ ਦਾ ਮੋਹਰੀ ਕਾਲਾ ਸੀ, ਜਿਸ ਦੇ ਦੋ ਭਈ ਕੂਲ ਚੰਦ ਤੇ ਰੂਪ ਚੰਦ ਬੀਦੋ ਵਾਲੀ ਗੁਜਰ ਚੁੱਕੇ ਸਨ, ਅਤੇ ਬਾਕੀ ਤਿੰਨ ਭਾਈ ਇਸਦੇ ਨਾਲ ਸਨ। ਕੂਲ ਚੰਦ ਤੋਂ ਮਗਰੋਂ ਉਸ ਦੀ ਘਰ ਵਾਲੀ ਪਰ ਕਾਲੇ ਨੇ ਚਾਦਰ ਪਾ ਲਈ ਸੀ, ਜਿਸ ਤੋਂ ਕਾਲੇ ਦਾ ਤੀਜਾ ਪੁਤਰ ਡੱਲਾ ਹੋਇਆ। ਰੂਪ ਚੰਦ ਦੇ ਦੋਵੇਂ ਪੁਤਰਾਂ ਦੇ ਪਾਲਨ ਪੋਸਨ ਦਾ ਭਾਰ ਵੀ ਕਾਲੇ ਦੇ ਹੀ ਸਿਰ ਸੀ, ਸੋ ਸੰਦਲੀ ਫੂਲ ਤੇ ਇਨ੍ਹਾਂਦੀ ਮਾਤਾ ਕਾਲੇ ਦੇ ਘਰ ਹੀ ਰੈਂਹਦੇ ਰਹੇ।

ਇਕ ਦਿਨ ਕਾਲਾ ਆਪਣੇ ਦੋਹਾਂ ਭਤੀਜਿਆਂ ਨੂੰ ਜੋ ਅਜੇ ਛੋਟੀ ਉਮਰ ਦੇ ਹੀ ਸਨ, ਸਿਖਾ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਲੈ ਗਿਆ। ਸ੍ਰੀ ਗੁਰੂ ਜੀ ਨੇ ਇਨ੍ਹਾਂ ਦੀਆਂ ਭੋਲੀਆਂ ਭਾਲੀਆਂ ਸ਼ਕਲਾਂ ਵੇਖ ਕੇ ਬਚਨ ਕੀਤਾ ਕਿ ਕਾਲਿਆ ਇਹ ਬੱਚੇ ਕੀ ਚਾਹੁੰਦੇ ਹਨ ? ਕਾਲੇ ਨੇ ਬੇਨਤੀ ਕੀਤੀ, ਜੀ ਸੱਚੇ ਪਾਤਸ਼ਾਹ, ਇਹ ਖਾਣ ਨੂੰ ਮੰਗਦੇ ਹਨ। ਤਾਂ ਸ੍ਰੀ ਗੁਰੂ ਜੀਨੇ ਬਚਨ ਕੀਤਾ– ਕਾਲਿਆ ਇਨ੍ਹਾਂ ਦੇ ਲੰਗਰੋਂ ਹਜਾਰਾਂ ਆਦਮੀ ਰੱਜਣਗੇ, ਇਹ ਰਾਜੇ ਹੋਣਗੇ, ਅਤੇ ਇਨ੍ਹਾਂ ਦੇ ਘੋੜੇ ਸਤਲੁਜ ਤੇ ਜਮਨਾਂ ਕੰਢੇ ਪਾਣੀ ਪੀਣਗੇ।

ਜਦ ਇਸ ਵਰ ਦੀ ਖਬਰ ਕਾਲੇ ਦੀ ਘਰ ਵਾਲੀ ਨੂੰ ਹੋਈ, ਤਾਂ ਓਹ ਅਪਣੇ ਪਤੀ ਨੂੰ ਬੜੀ ਗੁੱਸੇ ਹੋਈ, ਕਿ ਸ਼ਰੀਕ ਤਾਂ ਰਾਜੇ ਹੋ ਜਾਣਗੇ ਅਤੇ ਤੇਰੀ ਓਲਾਦ ਉਨ੍ਹਾਂ ਦੀ ਚਾਕਰੀ ਕੀਤਾ ਕਰੂ, ਕੁਝ ਅਪਣੇ ਪੁਤਾਂ ਦੀ ਵੀ ਸਾਰੀ ਰਖ। ਕਾਲੇ ਨੇ ਅਪਣੇ ਪੁਤਾਂ ਨੂੰ ਵੀ ਓਸੇ ਤਰ੍ਹਾਂ ਸਿਖਾ ਕੇ ਪੇਸ਼ ਕੀਤਾ, ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ, ਕਿ ਰਾਜੇ ਤਾਂ ਨਹੀਂ ਹੋਣ, ਪਰ ਆਪਣੀ ਮਾਰੀ ਆਪ ਹੀ ਖਾਣਗੇ। ਸੋ ਅਜ ਤੋਕ ਮਰ੍ਹਾਜ ਕੇ ਆਪਣੇ ਪਿੰਡਾਂ ਦਾ ਮਾਮਲਾ ਸਰਕਾਰੇ ਨਹੀਂ ਭਰਦੇ।

----

Digitized by Panjab Digital Library | www.panjabdigilib.org

# ੩.

ਫੂਲ ਸਾਧੂ ਸੁਭਾਉ ਤੇ ਸ਼ਾਂਤ ਬ੍ਰਿਤੀ ਵਾਲਾ ਸੀ। ਇਹ ਸਾਧਾਂ ਸੰਤਾਂ ਦੀ ਟਹਿਲ ਸੇਵਾ ਕੀਤਾ ਕਰਦਾ, ਅਤੇ ਜਦ ਕੋਈ ਭੁਖਾ ਤਿਹਾਇਆ ਸੰਤ ਆਉਂਦਾ, ਤਾਂ ਪਿੰਡੋਂ ਰੋਟੀ ਪਾਨੀ ਲਿਆ ਕੇ ਉਸ ਦੀ ਹਰ ਤਰ੍ਹਾਂ ਖਾਤਰ ਕਰਦਾ। ਇਸੇ ਕਰਕੇ ਲੋਕਾਂ ਨੇ ਇਸ ਦਾ ਨਾਮ ਲੋਹੀਆ ਰਖਿਆ ਹੋਇਆ ਸੀ।

ਇਕ ਸਮੇਂ ਸੁਮੇਰ ਪੁਰੀ ਨਾਮੇਂ ਬੈਰਾਗੀ ਸੰਤ ਫਿਰਦੇ ਫਰਾਂਉਦੇ ਮਰ੍ਹਾਜ ਪਿੰਡ ਦੀ ਜੂਹ ਪਾਸ ਘੁਮਣਾ ਦੇ ਥੇਹ ਉਤੇ ਆ ਬੈਠੇ। ਫੂਲ ਨੂੰ ਜਦ ਆਪ ਦਾ ਪਤਾ ਲਗਾ, ਤਾਂ ਤਨੋਂ ਮਨੋਂ ਹੋ ਕੇ ਸੇਵਾ ਕਰਨ ਲਗਾ। ਆਪ ਦਾ ਇਹ ਨੇਮ ਸੀ, ਕਿ ਹਰ ਰੋਜ ਮਰ੍ਹਾਜੋਂ ਦੁਧ ਲੈ ਕੇ ਵਲਟੋਹੀ ਵਿਚ ਪਾਉਂਦੇ, ਅਤੇ ਭੂਰੇ ਦਾ ਭਾਰਾ ਮੜ੍ਹਾਸਾ ਬੰਨ੍ਹਕੇ ਸਿਰ ਉਤੇ ਮਘਦੇ ਗੋਹਿਆ ਦੀ ਭੜੋਲੀ ਰਖ ਕੇ ਪਿੰਡੋਂ ਦੋ ਢਾਈ ਕੋਹ ਸੰਤ ਸੁਮੇਰਪੁਰੀ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੁੰਦੇ, ਜਦ ਠੀਕ ਦੁਧ ਕੜ੍ਹ ਜਾਂਦਾ ਅਤੇ ਗਰਮਾ ਗਰਮ ਹੀ ਸੰਤਾਂ ਨੂੰ ਛਕਾ ਦਿਤਾ ਜਾਂਦਾ।

ਸਾਰਾ ਸਿਆਲ ਫੂਲ ਇਸੇ ਤਰ੍ਹਾਂ ਸੇਵਾ ਕਰਦਾ ਰਿਹਾ। ਸੁਮੇਰ ਪੁਰੀ ਜੀ ਨੂੰ ਸਮਾਧੀ ਲਾਉਣ ਦਾ ਅਭਿਆਸ ਸੀ। ਇਕ ਵਾਰ ਆਪ ਸਮਾਧੀ ਵਿਚ ਸਨ, ਕਿ ਸੰਝ ਸਮੇਂ ਮੀਂਹ ਪੈਣ ਲਗ ਪਿਆ। ਫੂਲ ਸੰਤਾਂ ਦੇ ਸਿਰ ਉਤੇ ਆਪਣਾ ਭੂਰਾ ਤਾਣ ਕੇ ਖੜੋ ਗਿਆ, ਅਤੇ ਸਾਰੀ ਰਾਤ ਸੰਤਾਂ ਦੇ ਸਰੀਰ ਉਤੇ ਮੀਂਹ ਦੀ ਇਕ ਬੂੰਦ ਨਾ ਪੈਣ ਦਿਤੀ। ਸਵੇਰ ਵੇਲੇ ਜਦ ਸੰਤਾਂ ਦੀ ਸਮਾਧੀ ਖੁੱਲੀ, ਤਾਂ ਆਪ ਫੂਲ ਦੀ ਘਾਲਣਾ ਤੋਂ ਬੜੇ ਖੁਸ਼ ਹੋਏ, ਅਤੇ ਵਚਨ ਕੀਤਾ, ਕਿ ਇਸ ਘੁਮਾਣਾ ਵਾਲੇ ਥੇਹ ਨੂੰ ਅਬਾਦ ਕਰ ਲਵੇ।

ਇਹ ਥੇਹ ਰਾਇ ਬਖਤਿਆਰ ਸਾਂਗੜੇ ਵਾਲੇ ਦੀ ਮੇਰ ਵਿੱਚ ਸੀ,

Digitized by Panjab Digital Library | www.panjabdigilib.org

ਜੋ ਉਸ ਸਮੇਂ ਕਾਂਗੜ ਤਪੇ ਦਾ ਚੌਧਰੀ ਤੇ ਬੜੇ ਜ਼ੋਰਾਂ ਉਤੇ ਸੀ। ਮੁਗਲਾਂ ਸਮੇਂ ਕਾਂਗੜ ਦਾ ਤੱਪਾ ਲਾਹੌਰ ਦੇ ਸੂਬੇ ਨਾਲ ਲਗਦਾ* ਸੀ, ਜਿਸ ਕਰਕੇ ਰਾਇ ਬਖਤਿਆਰ ਨੂੰ ਕਈ ਵਾਰ ਲਾਹੌਰ ਜਾਣਾ ਪੈਂਦਾ ਸੀ। ਮਾਝੇ ਵਿਚ ਲਾਹੌਰ ਦੇ ਰਾਹ ਉਤੇ ਬੇਹਬਲ ਨਾਮੇ ਗਿੱਲ ਇਕ ਚੰਗਾ ਖਾੜਕੂ ਆਦਮੀ ਵਸਦਾ ਸੀ, ਜਿਸ ਨਾਲ ਰਾਇ ਬਖਤਿਆਰ ਦੀ ਚੰਗੀ ਵਾਕਫੀ ਹੋ ਗਈ, ਅਤੇ ਜੋ ਹਰ ਸਮੇਂ ਰਾਇ ਬਖਤਿਆਰ ਦੀ ਚੰਗੀ ਸੇਵਾ ਕੀਤਾ ਕਰਦਾ। ਰਾਇ ਬਖਤਿਆਰ ਉਸ ਨੂੰ ਆਖਦਾ, ਕਿ ਜੇਕਰ ਕਦੇ ਦੇਸ ਵੱਲ ਆਵੇਂ, ਤਾਂ ਮੈਂ ਵੀ ਆਪ ਦੀ ਚੰਗੀ ਸੇਵਾ ਕਰਾਂ। ਸੰਜੋਗ ਐਸਾ ਹੋਇਆ, ਕਿ ਕਿਸੇ ਕਾਰਨ ਬੈਹਬਲ ਮਾਝੇ ਤੋਂ ਉਠਾਕੇ ਮਰ੍ਹਾਜ ਆ ਗਿਆ, ਅਤੇ ਫੂਲ ਨਾਲ ਇਸ ਦਾ ਚੰਗਾ ਪਿਆਰ ਪੈ ਗਿਆ।

ਇਕ ਦਿਨ ਫੂਲ ਨੇ ਬੈਹਬਲ ਨੂੰ ਕਹਿਆ, ਕਿ ਸੰਤਾਂ ਦਾ ਬਚਨ ਘੁਮਾਣਾਂ ਵਾਲਾ ਥੇਹ ਅਬਾਦ ਕਰਨ ਦਾ ਹੈ, ਜੇਕਰ ਰਾਇ ਬਖਤਿਆਰ ਮੰਨ ਜਾਵੇ, ਤਾਂ ਇਸ ਥੇਹ ਨੂੰ ਅਬਾਦ ਕਰ ਲਈਏ। ਬੈਹਬਲ ਆਪਣੇ ਪੁਰਾਣੇ ਮਿਤ੍ਰ ਰਾਏ ਬਖਤਿਆਰ ਪਾਸ ਕਾਂਗੜ ਗਿਆ, ਅਤੇ ਇਕ ਢਾਲ ਨਜ਼ਰ ਦੇ ਕੇ ਰਾਇ ਪਾਸੋਂ ਅਜਾਰੇ ਦੇ ਤੌਰ ਥੇਹ ਦਾ ਪਟਾ ਫੂਲ ਦੇ ਨਾਮ ਲੈ ਆਂਦਾ, ਸੋ ਫੂਲ ਨੇ ਅਪਣੇ ਨਾਮ ਉਤੇ ਫੂਲ ਪਿੰਡ ਦੀ ਮੋੜ੍ਹੀ ਗੱਡ ਦਿੱਤੀ, ਅਤੇ ਬੈਹਬਲ ਵੀ ਉਥੇ ਹੀ ਵੱਸ ਪਿਆ। ਕੁਝ ਚਿਰਾਂ ਮਗਰੋਂ ਬੈਹਬਲ ਨੇ ਫੂਲੋਂ ਤਿੰਨ ਕੋਹ ਦਖਣ ਵੱਲ ਆਪਣਾ ਨਵਾਂ ਪਿੰਡ ਗਿੱਲ ਨਾਮੇ ਵਸਾ ਲਿਆ, ਜਿਥੋਂ ਉਠ ਕੇ ਬੈਹਬਲ ਦੇ ਪੁਤਰ ਕੱਟੂ ਨੇ ਚੋਧਰੀ ਗੁਰਦਿਤ ਸਿੰਘ ਜੀ ਦੀ ਆਗਿਆ ਨਾਲ ਧਨੌਲੇ ਦੀ ਜੂਹ ਵਿੱਚ ਆਪਣੇ ਨਾਮ ਉਤੇ ਕੱਟੂ ਪਿੰਡ ਵਸਾ ਲਿਆ। ਫੂਲ ਨੇ ਦੋ ਸਾਲ ਤੀਕ ਤਾਂ ਅਜਾਰੇ ਦਾ ਮਾਂਮਲਾ

---

*ਮੁਗਲਾਂ ਸਮੇਂ ਅਲਾਕਾ ਦਿਹਾੜ-ਸਤਲੁਜ (Cis-satluj) ਦੀਆਂ ਵੰਡਾਂ ਕੁਝ ਅਜੀਬ ਜਹੀਆਂ ਸਨ, ਕੁਝ ਅਲਾਕਾ ਸੂਬੇ ਮੁਲਤਾਨ ਨਾਲ ਲਗਦਾ ਸੀ, ਕੁਝ ਸੂਬੇ ਲਾਹੌਰ ਨਾਲ, ਅਤੇ ਬਾਕੀ ਅਲਾਕਾ ਸੂਬੇ ਦਿੱਲੀ ਦੀਆਂ ਦੋ ਸਰਕਾਰਾਂ ਸਰਕਾਰ ਸਰ੍ਹੰਦ ਤੇ ਸਰਕਾਰ ਹਿਸਾਰ-ਨਾਲ। ਇਨ੍ਹਾਂ ਵੰਡਾਂ ਦਾ ਸਵਿਸਥਾਰ ਹਾਲ "ਇਤਿਹਾਸ ਮਾਲਵਾ" ਵਿਚ ਹੈ।

Digitized by Panjab Digital Library | www.panjabdigilib.org

ਰਾਇ ਬਖਤਿਆਰ ਨੂੰ ਦਿੱਤਾ, ਪਰ ਇਸ ਤੋਂ ਮਗਰੋਂ ਹੋਰਨਾਂ ਚੌਧਰੀਆਂ ਵਾਂਙ ਫੂਲ ਪਿੰਡ ਦਾ ਮਾਮਲਾ ਸਰਕਾਰੀ ਹਾਕਮਾਂ ਨੂੰ ਦੇਂਦੇ ਰਹੇ। ਇਸ ਸਮੇਂ ਸਾਰੇ ਮਰ੍ਹਾਜਕਿਆਂ ਵਿੱਚੋਂ ਦੀਪੇ ਦਾ ਜ਼ੋਰ ਵੱਧ ਕੇ ਸੀ, ਜੋ ਸਾਉਲ ਦਾ ਦੂਜਾ ਪੁਤ੍ਰ ਸੀ*।

ਫੂਲ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਸ਼ਾਦੀ ਜੱਸੇ ਢਿਲੋਂ ਦੀ ਲੜਕੀ ਮਾਈ ਬਾਲੀ ਨਾਲ, ਤੇ ਦੂਜੀ ਸ਼ਾਦੀ ਦਾਦੂ ਸਿਧਾਣੇ ਦੀ ਲੜਕੀ ਮਾਈ ਰੱਜੀ ਨਾਲ। ਜੱਸਾ ਢਿੱਲੋਂ ਚਕਰ ਬੰਨ ਕੇ ਇਕ ਵਾਰ ਮਰ੍ਹਾਜ ਆ ਬੈਠਾ ਸੀ, ਤੇ ਇਥੇ ਹੀ ਉਸ ਦੀ ਲੜਕੀ ਦਾ ਨਾਤਾ ਫੂਲ ਨਾਲ ਹੋਇਆ ਸੀ। ਜਦ ਈਸੇ ਖਾਂ ਮੰਜ ਨੇ ਮੌੜਾਂ ਪਿੰਡ ਅਬਾਦ ਕੀਤਾ, ਤਾਂ ਜੱਸਾ ਢਿਲੋਂ ਆਪਣੀ ਸਾਰੀ ਬਰਾਦਰੀ ਸਣੇ ਮੌੜਾਂ ਪਾਸ ਜਾ ਬੈਠਾ ਅਤੇ ਢਿਲਵਾਂ ਦਾ ਚਕਰ ਜਾ ਬੱਧਾ‡।

ਮਰ੍ਹਾਜੋਂ ਦੋ ਕੋਹ ਉੱਤਰ ਵੱਲ ਸਿਧਾਣਾ ਪਿੰਡ ਵਸਦਾ ਹੈ, ਜਿਥੋਂ ਦੇ ਦਾਦੂ ਸਿਧਾਣੇ ਦੀਆਂ ਤਿੰਨ ਲੜਕੀਆਂ ਸਨ:–ਅਨਾਰੀ, ਰੱਜੀ ਤੇ ਅਮਰਾਉ। ਫੂਲ ਦੇ ਵਡੇ ਭਾਈ ਸੰਦਲੀ ਦੀ ਸ਼ਾਦੀ ਅਨਾਰੀ ਨਾਲ ਹੋਈ ਵੀ ਸੀ। ਇਕ ਦਿਨ ਫੂਲ ਸਰਕਾਰ ਖੇਡਦਾ ਸਿਧਾਣ ਪਿੰਡ ਦੀ ਹੱਦ ਵਿੱਚ ਚਲਿਆ ਗਿਆ। ਅਗੋ ਰੱਜੀ ਮਣੇ ਉਤੇ ਬੈਠੀ ਬਾਜਰੇ ਦੀ ਰਾਖੀ ਕਰ ਰਹੀ ਸੀ। ਉਸ ਨੇ ਸਵਾਰ ਨੂੰ ਵੇਖ ਕੇ ਦੂਰੋਂ ਹੀ ਕਹਿਆ, ਕਿ ਖੇਤ ਵਿੱਚ ਨਾ ਵੜੀ, ਨਹੀਂ ਤਾਂ ਗੁਲੇਲਿਆਂ ਨਾਲ ਬੁਰੀ ਮਾਰ ਕਰਾਂਗੀ। ਫੂਲ ਉਥੇ ਹੀ ਖੜੋ ਗਿਆ, ਅਤੇ ਬਰਛੀ ਉੱਚੀ ਕਰਕੇ ਬੋਲਿਆ, ਕਿ ਭਲਾ, ਇਸ ਨੂੰ ਗੁਲੇਲਾ ਮਾਰ ਕੇ ਵਖਾ! ਰੱਜੀ ਨੇ ਉਸੇ ਪੋਰੀ ਨੂੰ ਗੁਲੇਲਾ ਮਾਰਿਆ, ਜਿਸ ਨੂੰ ਫੂਲ ਨੇ ਆਖਿਆ ਸੀ। ਫੂਲ ਬੜਾ ਖੁਸ਼ ਹੋਇਆ, ਅਤੇ ਜਦ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਦਾਦੂ ਦੀ ਲੜਕੀ ਰੱਜੀ ਹੈ, ਤਾਂ ਸੰਦਲੀ ਦੇ ਖੈਹੜੇ ਪੈ ਕੇ ਰੱਜੀ ਨਾਲ ਆਪਣੀ ਸ਼ਾਦੀ ਕਰਵਾ ਲਈ।

---

*ਯਾਦਦਾਸ਼ਤ ਸਰਦਾਰ ਰਾਜੂ ਸਿੰਘ। ਵੇਖੋ ਅੰਤਕਾ ਨੰ: ੭

‡ਯਾਦਦਾਸ਼ਤ ਸਰਦਾਰ ਰਾਜੂ ਸਿੰਘ।

Digitized by Panjab Digital Library | www.panjabdigilib.org

ਮਾਈ ਬਾਲੀ ਤੋਂ ਰੁਘੂ, ਤਲੋਕ ਚੰਦ, ਰਾਮ ਚੰਦ ਤੇ ਬੀਬੀ ਫੱਤੋ* ਜੀ ਹੋਏ, ਅਤੇ ਮਾਈ ਰੱਜੀ ਤੋਂ ਤਖਤ ਮਲ, ਛੰਡੂ, ਚਨੂੰ ਤੇ ਗੁਰਦਾਸ। ਜਿਹਾ ਕਿ ਦੁਨੀਆਂ ਦੀ ਰੀਤ ਹੈ, ਫੂਲ ਦਾ ਮਾਈ ਰੱਜੀ ਨਾਲ ਬਹੁਤ ਪਿਆਰ ਸੀ, ਅਤੇ ਘਰ ਵਿੱਚ ਇਸੇ ਦੀ ਉਲਾਦ ਦੀ ਮੁਖਤਾਰੀ ਸੀ, ਮਾਈ ਬਾਲੀ ਦੀ ਉਲਾਦ ਬਹੁਤ ਤੰਗੀ ਦੀ ਹਾਲਤ ਵਿਚ ਰਹਿੰਦੀ ਸੀ। ਜਦ ਕੋਈ ਸਰਕਾਰੀ ਪਿਆਦਾ ਮਾਂਮਲਾ ਉਗਰਾਹੁਣ ਆਉਂਦਾ, ਤਾਂ ਦੀਪਾ ਸਾਉਲਕਾ ਵਾਰੀ ਨਾਲ ਉਸ ਦਾ ਖਰਚ ਖੁਰਾਕ ਇਕ ਵਾਰ ਮਾਈ ਰੱਜੀ ਦੀ ਉਲਾਦ ਪਾਸੋਂ ਦਿਵਾਉਂਦਾ, ਅਤੇ ਇਕ ਵਾਰ ਮਾਈ ਬਾਲੀ ਦੀ ਉਲਾਦ ਪਾਸੋਂ। ਮਾਈ ਬਾਲੀ ਵਿਚਾਰੀ ਅਪਣੇ ਪਤੀ-ਸਲੂਕ ਦੇ ਕਾਰਨ ਆਪਣੇ ਪੁਤ੍ਰਾਂ ਨੂੰ ਬੜੇ ਔਖ ਨਾਲ ਪਾਲਦੀ ਸੀ, ਉਹ ਸਰਕਾਰੀ ਪਿਆਦਿਆਂ ਦੇ ਖਰਚਾਂ ਨੂੰ ਕਿਸੇ ਤਰ੍ਹਾਂ ਨਿਭਾ ਸਕਦੀ ਸੀ।

ਅੰਤ ਬਹੁਤ ਲਚਾਰੀ ਵੇਖ ਕੇ ਮਾਈ ਬਾਲੀ ਨੇ ਅਪਣੇ ਪਿਤਾ ਨੂੰ ਅਖਵਾ ਘਲਿਆ, ਕਿ ਇਥੇ ਮੇਰਾ ਗੁਜ਼ਾਰਾ ਔਖਾ ਹੈ, ਮੈਨੂੰ ਅਪਣੇ ਪਾਸ ਲੈ ਜਾਵੋ। ਸੋ ਜੱਸਾ ਢਿਲੋਂ ਫੂਲ ਆਇਆ, ਅਤੇ ਆਪਣੀ ਲੜਕੀ ਤੇ ਦੋਹਤਿਆਂ ਨੂੰ ਆਪਣੇ ਨਾਲ ਢਿਲਵੀਂ ਲੈ ਗਿਆ, ਜਿਥੇ ਇਹ ਫੂਲ ਦੇ ਸਵਰਗਵਾਸ ਹੋਣ ਤੱਕ ਵਸਦੇ ਰਹੇ‡।

ਫੂਲ ਨੇ ਸੁਮੇਰ ਪੁਰੀ ਪਾਸੋਂ ਪ੍ਰਾਣਾਯਾਮ ਦੀ ਵਿਧਿ ਸਿਖੀ ਹੋਈ ਸੀ। ਇਕ ਵਾਰ ਫੂਲ ਦਾ ਮਾਂਮਲਾ ਟੁੱਟ ਗਿਆ ਜਿਸ ਕਰ ਕੇ ਫੂਲਨੂੰ ਸਰੰਦ ਜਾਣਾ ਪਿਆ, ਇਸ ਸਮੇਂ ਫੂਲ ਨਾਲ ਗਿਦੜੀਆ ਮਰਾਸੀ ਵੀ ਸੀ। ਸਰੰਦ ਦੇ ਹਾਕਮ ਨੇ ਫੂਲ ਨਾਲ ਕਰੜਾਈ ਕੀਤੀ, ਜਿਸ ਕਰ ਕੇ ਫੂਲ ਨੇ ਆਪਣੇ ਸਵਾਸ ਚੜ੍ਹਾ ਲਏ ਪਰ ਸਵਾਸ ਚੜਾਉਣ ਤੋਂ ਪਹਿਲਾਂ ਉਸ ਨੇ ਗਿਦੀਏ ਨੂੰ ਤਕੀਦ ਕਰ ਦਿਤੀ ਸੀ, ਕਿ ਮੇਰੀ ਲੋਥ ਨੂੰ ਰੱਜੀ ਪਾਸ ਲੈ ਜਾਵੀਂ, ਓਹ ਸਵਾਸ ਉਤਾਰਨ ਦੀ ਵਿਧੀ ਜਾਣਦੀ ਹੈ।

---

*(ਤਵਾਰੀਖ) ਸਿਧ ਬਰਾੜਾਂ ਵਿੱਚ ਬੀਬੀ ਰਾਮਾਂ ਲਿਖਿਆ ਹੈ, ਜੋ ਭੁਲ ਹੈ।

‡ਯਾਦਦਾਸ਼ਤ ਸ੍ਰ: ਰਾਜੂ ਸਿੰਘ।

Digitized by Panjab Digital Library | www.panjabdigilib.org

ਜਦ ਸਰਕਾਰੀ ਆਦਮੀਆਂ ਨੇ ਫੂਲ ਨੂੰ ਟੁਰਦਾ ਨਾ ਵੇਖਿਆ, ਤਾਂ ਉਸ ਦੀ ਲੋਥ ਨੂੰ ਮਰਾਸੀ ਦੇ ਹਵਾਲੇ ਕਰ ਦਿੱਤਾ, ਜੋ ਲੋਥ ਨੂੰ ਬਹਿਲੀ ਵਿੱਚ ਪਾ ਕੇ ਫੂਲ ਵੱਲ ਨੂੰ ਤੁਰ ਪਿਆ। ਫੂਲ ਦੇ ਸਵਰਗਵਾਸ ਹੋਣ ਦੀ ਖਬਰ ਜਦ ਫਿਲਵੀਂ ਅਪੜੀ, ਤਾਂ ਸ੍ਰ: ਰਾਮ ਚੰਦ ਤਲੋਕ ਚੰਦ ਦੋਵੇਂ ਭਰਾ ਸਰੰਦ ਨੂੰ ਤੁਰ ਪਏ, ਕਿ ਪਿਤਾ ਦਾ ਸਸਕਾਰ ਕਰ ਆਈਏ। ਜਦ ਦੁੱਗ ਬਹਾਦਰਪੁਰ ਅਪੜੇ ਤਾਂ ਅਗੋਂ ਗਿਦੀਆ ਮਰਾਸੀ ਵੀ ਲੋਥ ਲਈ ਆਉਂਦਾ ਮਿਲ ਪਿਆ, ਜਿਸ ਕਰਕੇ ਉਥੇ ਹੀ ਫੂਲ ਦਾ ਸਸਕਾਰ ਕਰ ਦਿਤਾ ਗਿਆ।

ਜਦ ਮਾਈ ਰੱਜੀ ਨੂੰ ਇਸ ਗੱਲ ਦੀ ਖਬਰ ਹੋਈ, ਤਾਂ ਉਸ ਦੇ ਮਨ ਵਿਚ ਇਹ ਭਰਮ ਗਿਆ, ਕਿ ਉਨ੍ਹਾਂ ਨੇ ਜਾਣ ਬੁਝ ਕੇ ਫੂਲ ਦਾ ਸਸਕਾਰ ਕਰ ਦਿੱਤਾ ਹੈ, ਜਿਸ ਕਰ ਕੇ ਹੁਣ ਮੇਰੀ ਵੀ ਖੈਰ ਨਹੀਂ। ਉਸ ਨੇ ਸਮਝਿਆ, ਕਿ ਜੋ ਸਲੂਕ ਮੈਂ ਮਾਈ ਬਾਲੀ ਨਾਲ ਕੀਤਾ ਸੀ, ਓਹੋ ਸਲੂਕ ਹੁਣ ਮੇਰੇ ਨਾਲ ਹੋਵੇਗਾ। ਇਸ ਲਈ ਉਹ ਆਪਣੇ ਪੁਤਾਂ ਨੂੰ ਲੈ ਕੇ ਆਪਣੀ ਛੋਟੀ ਭੈਣ ਅਮਰਾਉ ਪਾਸ ਚਲੀ ਗਈ, ਜੋ ਸੁਖਾ ਨੰਦ ਬੈਰਾੜ ਦੇ ਘਰੋਂ ਸੀ। ਅਤੇ ਗਿਦੀਆ ਮਰਾਸੀ ਵੀ ਇਨ੍ਹਾਂ ਨਾਲ ਹੀ ਚਲਿਆ ਗਿਆ।

ਬਰਾੜਾਂ ਦੀ ਹੱਦ ਕੋਲੋਂ ਵਾਲ ਤੀਕ ਸੀ, ਜੋ ਅੱਜ ਕਲ ਹਟਨਾਮ-ਘ ਵਾਲੇ ਤੇ ਸੇਲ ਬਰਾਹ ਦੇ ਵਿਚਕਾਰ ਹੈ। ਸੁਖਾ ਨੰਦ ਬੜਾ ਜੋਰਾਵਰ ਬਰਾੜ ਸੀ, ਇਸ ਦੀ ਸ਼ਹਿ ਨਾਲ ਮਾਈ ਰੱਜੀ ਦੇ ਪੁਤਾਂ ਨੇ ਫੂਲ ਦੇ ਪਾਸ ਹੀ ਕੋਲੋਵਾਲ ਦੀ ਜੂਹ ਵਿੱਚ ਇਕ ਬੁਰਜ ਉਸਾਰ ਲਿਆ, ਅਤੇ ਰੋਜ ਮਾਈ ਬਾਲੀ ਦੀ ਉਲਾਦ ਨਾਲ ਲੜਾਈ ਭੜਾਈ ਕਰਨ ਲਗੇ। ਝੰਡੂ ਬੜਾ ਜੋਧਾ ਸੀ, ਅਤੇ ਉਸਨੇ ਚੋਧਰੀ ਤਿਲਕ ਚੰਦ ਹੋਰਾਂ ਨੂੰ ਬੜਾ ਤੰਗ ਕਰ ਰਖਿਆ ਸੀ। ਪਰ ਇਕ ਲੜਾਈ ਵਿਚ ਉਸ ਨੂੰ ਐਤਨੇ ਫੱਟ ਲਗੇ, ਕਿ ਭਾਵੇਂ ਫੂਲ ਪਿੰਡ ਦੇ ਜਰਾਹ ਨੇ ਸੌ ਜਤਨ ਕੀਤਾ, ਪਰ ਝੰਡੂ ਰਾਜੀ ਨਾ ਹੋ ਸਕਿਆ,

Digitized by Panjab Digital Library | www.panjabdigilib.org

ਅਤੇ ਏਸੇ ਹਾਲ ਵਿੱਚ ਗੁਜਰ ਗਿਆ*।

ਇਸ ਤੋਂ ਮਗਰੋਂ ਮਾਈ ਰੱਜੀ ਤਾਂ ਆਪਣੇ ਪੇਕੇ ਸਿਧਾਣੇ ਚਲੀ ਗਈ ਅਤੇ ਇਸ ਦੇ ਪੁਤਰ ਆਪਣੀ ਮਾਸੀ ਅਮਰਾਉ ਪਾਸ ਰਹਿੰਦੇ ਰਹੇ। ਹੁਣ ਸੁਖਾ ਨੰਦ ਨੂੰ ਇਹ ਡਰ ਵੀ ਹੋ ਗਿਆ, ਕਿ ਕਿਤੇ ਚੌਧਰੀ ਤਲੋਕ ਚੰਦ ਬੌਰਾਂ ਨਾਲ ਮੇਰਾ ਵਗਾੜ ਨਾ ਦੋ ਜਾਏ, ਸੋ ਉਸ ਨੇ ਸਿਧਾਣੇ ਤੋਂ ਚਾਰ ਕੋਹ ਉੱਤਰ ਵੱਲ ਗੁੱਮਟੀ‡ ਪਿੰਡ ਬਨ੍ਹਵਾ ਦਿਤਾ, ਜਿਥੇ ਮਾਈ ਰੱਜੀ ਦੀ ਉਲਾਦ ਹੁਣ ਤੀਕ ਵਸਦੀ ਹੈ।

ਮਾਈ ਰੱਜੀ ਦੇ ਚਾਰ ਪੁਤ੍ਰ ਸਨ:—ਤਖ਼ਤ ਮਲ, ਚੰਨੂੰ, ਝੰਡੂ, ਅਤੇ ਗੁਰਦਾਸ। ਝੰਡੂ ਤੇ ਗੁਰਦਾਸ ਬੇ-ਉਲਾਦੇ ਗੁਜ਼ਰ ਗਏ, ਅਤੇ ਇਨ੍ਹਾਂ ਦੇ ਕਬੀਲੇ ਦੋਹਾਂ ਵਡੇ ਭਰਾਵਾਂ ਦੇ ਘਰ ਬੈਠ ਗਏ, ਝੰਡੂ ਦਾ ਕਬੀਲਾ ਤਖਤ ਮਲ ਦੇ ਘਰ, ਤੇ ਗੁਰਦਾਸ ਦਾ ਕਬੀਲਾ ਚੰਨੂੰ ਦੇ ਘਰ। ਤਖਤ ਮਲ ਦੇ ਪੰਜ ਪੁਤਰ ਹੋਏ, ਜਿਨ੍ਹਾਂ ਵਿੱਚੋਂ ਤਿੰਨ-ਵੀਰ, ਲਖਬੀਰ ਤੇ ਭੋਮੀਆਂ ਸੇਹਰੇ ਬੰਨ੍ਹ ਕਬੀਲੇ ਵਿੱਚੋਂ ਸਨ, ਅਤੇ ਦੋ-ਦੁੱਲਾਂ ਤੇ ਤਖਤਾ-ਕਰੇਵੇ ਦੇ ਕਬੀਲੇ ਵਿਚੋਂ। ਚੰਨੂੰ ਦੇ ਕੇਵਲ ਦੋ ਪੁਤਰ ਸਨ, ਕਲਾਸ ਸੇਹਰੇ ਬੰਨ੍ਹ ਕਬੀਲੇ ਵਿੱਚੋਂ ਸੀ, ਤੇ ਮਸੂਰ ਕਰੇਵੇ ਦੇ ਕਬੀਲੇ ਵਿੱਚੋਂ ਇਨ੍ਹਾਂ ਦੀ ਉਲਾਦ ਹੁਣ ਲੌਂਵ-ਘਰੀਏ ਸਰਦਾਰ ਅਖਵਾਉਂਦੀ ਹੈ†।

———

*ਚੌਧਰੀ ਫੂਲ ਦਾ ਜੋ ਹਾਲ ਮੈਂ ਇਥੇ ਲਿਖਿਆ ਹੈ; ਇਹ ਰਾਮ ਪੁਰੀਏ ਸਰਦਾਰ ਤੇ ਫੂਲ ਗਿਰਦੇ ਦੇ ਅਤਬਾਰੀ ਆਦਮੀਆਂ ਜਬਾਨੀ ਲਿਖ਼ਿਆ ਹੈ।

‡ਇਹ ਜੂਹ ਕਪੂਰੇ ਬਰਾੜ ਦੇ ਅਲਾਕੇ ਵਿਚੋਂ ਸੀ ਜਿਸ ਦੀ ਆਗਿਆ ਨਾਲ ਸੁਖਾ ਨੰਦ ਨੇ ਇਹ ਪਿੰਡ ਬੰਨ੍ਹਵਾਇਆ ਸੀ। ਇਥੇ ਇਕ ਢਾਬ ਤੇ ਰੁਖਾਂ ਦਾ ਗੁੰਮ (ਝੁੰਡ) ਸੀ। ਬਰਾੜ ਧਾੜ ਮਾਰ ਕੇ ਇਸ ਗੁਮ ਵਿਚ ਆ ਅਰਾਮ ਕਰਦੇ, ਅਤੇ ਢਾਬੋਂ ਆਪਣੇ ਘੋੜਿਆਂ ਨੂੰ ਪਾਣੀ ਪਿਆ ਲੈਂਦੇ। ਰੁਖਾਂ ਦੇ ਗੁੰਮ ਕਰਕੇ ਹੀ ਇਸ ਦਾ ਨਾਮ ਗੁਮਟੀ ਪ੍ਰਸਿਧ ਹੋ ਗਿਆ।

†ਇਹ ਕੁਝ ਮੈਂ ਲੌਂਵਘਰੀਏ ਸਰਦਾਰਾਂ ਦੀ ਜ਼ਬਾਨੀ ਲਿਖਿਆ ਹੈ।


Digitized by Panjab Digital Library | www.panjabdigilib.org

## ੪.

ਚੌਧਰੀ ਫੂਲ ਦੇ ਗੁਜਰਨ ਤੋਂ ਮਗਰੋਂ ਮਾਈਂ ਬਾਲੀ ਦੀ ਉਲਾਦ ਫੂਲ ਆ ਵਸੀ, ਅਤੇ ਤਿੰਨੇ ਭਾਈ ਅੱਕਠੇ ਰੈਹਣ ਲਗ ਪਏ। ਰੁੱਘੂ ਸਭ ਨਾਲੋਂ ਵਡਾ* ਸੀ, ਜੋ "ਜੀਉਦਾ" ਪਿੰਡ ਦੇ ਮੱਲਾ ਨਾਮੀ ਭੁਲਰ ਜੱਟ ਦੀ ਲੜਕੀ ਮਾਈ ਲੱਖਾਂ ਨਾਲ ਵਿਆਹਿਆ ਹੋਇਆ ਸੀ। ਇਹ ਆਪਣੇ ਭਰਾਵਾਂ ਵਾਂਙ ਜੋਧਾ ਤੇ ਮਾਰ ਖੋਰ ਸੀ। ਇਕ ਵਾਰ ਇਹ ਕਟਕ ਲੈਕੇ ਪੰਜਗਰਾਂਈ ਵਲ ਗਿਆ ਸੀ, ਕਿ ਨੈਹਰੇ ਗੋਤ ਦੇ ਜਿਮੀਦਾਰਾਂ ਨਾਲ ਕਰੜਾ ਟਾਕਰਾ ਹੋ ਪਿਆ, ਜਿਸ ਵਿਚ ਰੁਘੂ ਮਾਰਿਆ ਗਿਆ।

ਇਸ ਵੇਲੇ ਰੁਘੂ ਦੇ ਘਰ ਦੋ ਛੋਟੇ ਛੋਟੇ ਪੁਤ੍ਰ ਸਨ--ਹਰਿ ਦਾਸ ਤੇ ਸ਼ਮੀਰ। ਭੁੱਲਰਾਂ ਨੂੰ ਇਹ ਭਰਮ ਪਿਆ, ਕਿ ਸਾਡੀ ਭੈਂਣ ਉਤੇ ਉਸ ਦਾ ਦੇਉਰ ਚਾਦਰ ਨਾ ਪਾ ਲਵੇ, ਇਸ ਲਈ ਆਪੋ ਵਿਚ ਸਲਾਹ ਕਰਕੇ ਇਹ ਰਾਤ ਸਮੇਂ ਫੂਲ ਅਪੜੇ, ਅਤੇ ਕਮੰਦਾਂ ਸੁੱਟਕੇ ਆਪਣੀ ਭੈਂਣ ਤੇ ਦੋਹਾਂ

*ਸਭ ਇਤਿਹਾਸਾਂ ਵਿਚ ਰੁਘੂ ਨੂੰ ਸਭ ਨਾਲੋਂ ਛੋਟਾ ਲਿਖਿਆ ਹੈ, ਪਰ ਇਹ ਭੁਲ ਹੈ। ਰੁਘੂ ਦਾ ਪੋਤਾ, ਸਰਦਾਰ ਜੀਵਨ ਸਿੰਘ, ਮਹਾਰਾਜਾ ਆਲਾ ਸਿੰਘ ਜੀ ਦਾ ਹਾਣੀ ਸੀ। ਇਹ ਗਲ ਤਦੇ ਸੰਭਵ ਹੋ ਸਕਦੀ ਹੈ, ਜੇਕਰ ਰੁਘੂ ਨੂੰ ਸਭ ਨਾਲੋਂ ਵਡਾ ਮੰਨਿਆ ਜਾਵੇ, ਜਿਹਾ ਕਿ 'ਜੀਉਦਾਂ' ਵਾਲ ਮੰਨਦੇ ਹਨ।




Digitized by Panjab Digital Library | www.panjabdigilib.org

ਭਾਂਣਜਿਆਂ ਨੂੰ "ਜੀਉਂਦੀ" ਲੈ ਆਏ। ਓਸ ਸਮੇਂ ਤਾਂ ਚੌਧਰੀ ਤਲੋਕ ਚੰਦ, ਰਾਮ ਚੰਦ ਜੀ ਨੇ ਕੁਝ ਖਿਆਲ ਨਾ ਕੀਤਾ, ਪਰ ਜਦ ਕੁਝ ਸਮੇਂ ਮਗਰੋਂ ਦੋਵੇਂ ਭਾਈ "ਆਕਲੀਆ" ਪਿੰਡ ਮਾਰਕੇ ਫੂਲ ਨੂੰ ਮੁੜੇ ਆਉਂਦੇ ਸਨ, ਤਾਂ ਉਨ੍ਹਾਂ ਨੇ ਰਾਹ ਵਿਚ "ਜੀਉਂਦੀ" ਆ ਡੇਰਾ ਕੀਤਾ, ਅਤੇ ਅਪਣੇ ਭਤੀਜਿਆਂ ਤੇ ਉਨ੍ਹਾਂ ਦੀ ਮਾਈ ਨੂੰ ਆਪਣੇ ਨਾਲ ਲੈ ਜਾਣਾ ਚਾਹਿਆ। ਭੁੱਲਰਾਂ ਨੇ ਇਹ ਗੱਲ ਨਾ ਮੰਨੀ, ਅਤੇ ਜਦ ਰਾਤ ਹੋਈ, ਤਾਂ ਦੋਹਾਂ ਸਰਦਾਰਾਂ ਦੇ ਕੁਝ ਕੁ ਘੋੜੇ ਚੋਰੀ ਕਰਵਾ ਦਿੱਤੇ। ਇਸ ਗੱਲੋਂ ਗੁੱਸੇ ਹੋਕੇ ਸਵੇਰੇ ਇਹ ਫੂਲ ਨੂੰ ਚਲੇ ਆਏ, ਤੇ ਰੁਘੂ ਦਾ ਪਰਵਾਰ "ਜਿਉਂਦੀ" ਹੀ ਰਿਹਾ।

ਭੁਲਰਾਂ ਨੇ ਆਪਣੇ ਦੋਹਿਤਿਆਂ ਨੂੰ ਬਾਰਾਂ ਹਲ ਦੀ ਜ਼ਮੀਨ ਦੇ ਛੱਡੀ ਸੀ, ਪਰ ਜਦ ਸ੍ਰ: ਜੀਵਨ ਸਿੰਘ ਤੇ ਦੀਵਾਨ ਸਿੰਘ ਜੀ ਤਕੜੇ ਹੋਏ, ਤਾਂ ਮਹਾਰਾਜਾ ਆਲਾ ਸਿੰਘ ਜੀ ਦੀ ਸਹਾਇਤਾ ਨਾਲ ਇਹ ਸਾਰੇ ਹੀ ਪਿੰਡ ਦੇ ਮਾਲਕ ਬਣ ਗਏ। ਹੁਣ ਤੀਕ ਉਨ੍ਹਾਂ ਦੀ ਉਲਾਦ "ਜੀਉਂਦੀ" ਵਸਦੀ ਹੈ।

"ਜੀਉਦਾਂ" ਪਿੰਡ ਦੀ ਜ਼ਮੀਨ ਦੂਰ ਦੂਰ ਤੀਕ ਸੀ, ਤੇ ਇਸ ਦੀ ਹੱਦ ਮੰਡੀ ਪਿੰਡ ਨਾਲ ਜਾ ਰਲਦੀ ਸੀ। ਚੌਧਰੀ ਤਲੋਕ ਚੰਦ ਤੇ ਸ੍ਰ: ਰਾਮ ਚੰਦ ਜੀ ਨੇ ਭੁਲਰਾਂ ਦੀ ਜੂਹ ਵਿਚ ਲੇਂਦਾ, ਬਦਯਾਲਾ ਤੇ ਬੱਲੋ, ਤਿੰਨ ਪਿੰਡ ਵਸਾ ਦਿੱਤੇ, ਇਸ ਗੁਸੇ ਕਰਕੇ ਕਿ ਇਨ੍ਹਾਂ ਨੇ ਸਾਡਾ ਆਖਾ ਨਹੀਂ ਮੰਨਿਆ ਸੀ।

ਚੌਧਰੀ ਫੂਲ ਦੀ ਲੜਕੀ ਬੀਬੀ ਫੱਤੋ ਜੀ ਦਾ ਵਿਆਹ ਰਾਮ ਦਾਹ ਪਿੰਡ (ਜ਼ਿ: ਅੰਮ੍ਰਿਤਸਰ) ਦੇ ਭਾਈ ਪੰਨਾ ਸਿੰਘ ਜੀ ਨਾਲ ਹੋਇਆ, ਜੋ ਪ੍ਰਸਿੱਧ ਬਾਬਾ ਬੁਢਾ ਜੀ ਦੀ ਉਲਾਦ ਵਿਚੋਂ ਸਨ। ਬੀਬੀ ਜੀ ਦਾ ਪੁਤਰ ਸੰਗਤ ਸਿੰਘ ਜਦ ਦੋ ਛੋਟੇ ਛੋਟੇ ਮਸੂਮ ਛਡ ਕੇ ਗੁਜ਼ਰ ਗਿਆ, ਤਾਂ ਸ਼ਰੀਕ ਵੈਰ ਵਰੋਧ ਕਰਨ ਲਗ ਪਏ, ਜਿਸ ਕਰਕੇ ਬੀਬੀ ਜੀ ਅਪਣੇ ਭਾਈਆਂ ਪਾਸ ਫੂਲ ਆ ਗਏ। ਭਾਈਆਂ ਨੇ ਫੂਲ ਦੀ ਇਕ ਪੱਤੀ ਆਪ

Digitized by Panjab Digital Library | www.panjabdigilib.org

ਦੇ ਨਾਮ ਲਾ ਦਿੱਤੀ, ਤੇ ਭਾਣਜਿਆਂ ਦੀ ਪਾਲਣਾ ਕਰਦੇ ਰਹੇ। ਜਦ ਬੀਬੀ ਜੀ ਗੁਜ਼ਰੇ* ਤਾਂ ਚੌਧਰੀ ਤਲੋਕ ਚੰਦ ਜੀ ਨੇ, ਜੋ ਇਸ ਸਮੇਂ ਅਕੱਲੇ ਹੀ ਭੂਲ ਦੇ ਮਾਲਕ ਸਨ, ਅਪਣੇ ਭਾਣਜਿਆਂ ਨੂੰ ਭੂਲ ਦੀ ਪਤ
ਪਿੰਡ ਦੇ ਦਿਤਾ, ਇਥੋਂ ਉਠ ਕੇ ਉਨ੍ਹਾਂ ਨੇ ਸੰਮਤ ੧੭੯੧ ਬਿ: ਵਿਚ ਭਦੌੜੋਂ ਪੰਜ ਕੋਹ ਉੱਤਰ ਪੂਰਬ ਵੱਲ ਬੀਲ੍ਹਾ ਪਿੰਡ ਬੰਨ ਲਿਆ, ਜਿਥੇ ਹੁਣ ਤੀਕ ਉਨ੍ਹਾਂ ਦੀ ਉਲਾਦ ਵਸਦੀ ਹੈ।

ਚੌਧਰੀ ਤਲੋਕ ਚੰਦ ਤੇ ਰਾਮ ਚੰਦ ਜੀ ਸ੍ਰੀ ਦਸਮੇਸ ਜੀ ਦੇ ਸ਼ਰਧਾਲੂ ਸਿਖ ਸਨ, ਅਤੇ ਦੋਵੇਂ ਭਾਈ ਕਈ ਵਾਰ ਸ੍ਰੀ ਗੁਰੂ ਜੀ ਦੇ ਦਰਸ਼ਨਾਂ ਲਈ ਅਨੰਦ ਪੁਰ ਸਾਹਿਬ ਗਏ ਸਨ। ਸੰਮਤ ੧੭੫੩ ਬਿ: ਵਿਚ ਜਦ ਸ੍ਰੀ ਦਸਮੇਸ ਜੀ ਨੂੰ ਆਦਮੀਆਂ ਦੀ ਲੋੜ ਪਈ, ਤਾਂ ਆਪ ਨੇ ਅਗੇ ਲਿਖਿਆ ਹੁਕਮ ਨਾਮਾ ਇਨ੍ਹਾਂ ਦੋਹਾਂ ਭਰਾਵਾਂ ਵੱਲ ਘਲਿਆ ਸੀ:

---

*ਜਨਮ ਸਾਖੀ ਭਾਈ ਬੁਢਾ ਜੀ ਵਿਚ ਲਿਖਿਆ ਹੈ, ਕਿ ਬੀਬੀ ਫਤੋ ਜੀ ਦਾ ਵਿਆਹ ਭਾਈ ਹਰਿਦਿਤਾ ਜੀ ਨਾਲ ਸੰਮਤ ੧੭੧੫ ਬਿ: ਨੂੰ ਹੋਇਆ, ਅਤੇ ਆਪ ਦੇ ਘਰ ਇਕ ਲੜਕਾ ਰਾਜ ਮੱਲ ਨਾਮੇ ਹੋਇਆ, ਜਿਸ ਦੀ ਉਲਾਦ ਬੀਲ੍ਹੇ ਵਾਲੇ ਸਰਦਾਰ ਹਨ। ਪਰ ਇਹ ਭੁਲ ਹੈ। ਮੈਂ ਜੋ ਕੁਝ ਸੁਣਿਆਂ ਹੈ, ਬੀਲ੍ਹੇ ਵਾਲੇ ਸਰਦਾਰਾਂ ਦੀ ਜ਼ਬਾਨੀ ਸੁਣਿਆ ਹੈ, ਕਿ ਬੀਬੀ ਫੱਤੋ ਜੀ ਦੀ ਉਲਾਦ ਵਿਚੋਂ ਹਨ।

ਧੰਨਾ ਸਿੰਘ
|
ਮੰਗਤ ਸਿੰਘ
|
ਹੇਮ ਰਾਜ — ਨੱਥੂ ਸਿੰਘ

(ਉਲਾਦ) — X

Digitized by Panjab Digital Library | www.panjabdigilib.org

"੧ ੴ ਸਤਿਗੁਰੂ ਜੀ ॥
ਸ੍ਰੀ ਗੁਰੂ ਜੀਉ ਕੀ ਆਗਿਆ ਹੈ
ਭਾਈ ਤਲੋਕਾ ਭਾਈ ਰਾਮਾ ਸਰਬਤ ਸੰਗਤ
ਗੁਰ ਰਹੇਗਾ ਤੁਧੇ ਜਮੀਅਤ ਲੈ ਕੇ ਅਸਾਡੇ
ਹਜ਼ੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ
ਖੁਸ਼ੀ ਹੈ ਤੇਰਾ ਘਰੁ ਮੇਰਾ ਹੈ ਤੁਧੇ ਹੁਕਮੁ
ਦੇਖਦਿਆ ਹੀ ਛੇਤੀ ਅਸਾਡੇ ਹਜੂਰ ਆਵਣਾ
ਤੇਰਾ ਘਰੁ ਮੇਰਾ ਅਸੀ ਤਧ ਸਿਤਾਬੀ ਹੁਕਮੁ
ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ ਲੈ ਕੇ
ਆਵਣਾ ਹਜ਼ੂਰ ਆਵਣਾ ਤੇਰੇ ਉਤੇ ਅਸਾਡੀ
ਭਾਰੀ ਮਿਹਰਵਾਨਗੀ ਅਸੇ ਤੇ ਆਵਣਾ ਇਕ
ਜੋੜਾ ਭੇਜਾ ਹੈ ਰਖਾਵਣਾ ਭਾਦੋਂ ੨ ਸੰਮਤ ੫੩* ॥"

ਇਸ ਤੋਂ ਨੌਂ ਸਾਲ ਮਗਰੋਂ ਜਦ ਸ੍ਰੀ ਦਸਮੇਸ਼ ਜੀ ਅਨੰਦ ਪੁਰ ਨੂੰ ਛਡ, ਅਤੇ ਚਮਕੌਰ ਦਾ ਜੁੱਧ ਕਰਕੇ ਦੀਨੇ ਪਿੰਡ ਆਏ, ਤਾਂ ਦੋਵੇਂ ਭਰਾ ਕਈ ਵਾਰ ਸ੍ਰੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੁੰਦੇ ਰਹੇ, ਉਸ ਸਮੇਂ ਸ੍ਰ: ਰਾਮ ਚੰਦ ਜੀ ਦੇ ਛੋਟੇ ਪੁਤਰ ਲਧੇ ਨੇ ਅੰਮ੍ਰਿਤ ਪਾਨ ਕੀਤਾ, ਜਿਸ ਕਰਕੇ ਆਪ ਦਾ ਨਵਾ ਨਾਮ ਰਾਮ ਸਿੰਘ ਰਖਿਆ ਗਿਆ। ਅਤੇ ਜਦ ਸ੍ਰੀ ਗੁਰੂ ਜੀ ਮੁਕਤਸਰ ਦੇ ਜੁਧ ਤੋਂ ਮਗਰੋਂ ਤਲਵੰਡੀ ਸਾਬੋ ਜਾ ਬਰਾਜੇ, ਤਾਂ ਦੋਹਾਂ ਭਰਾਵਾਂ ਨੇ ਉਥੇ ਜਾਕੇ ਅੰਮ੍ਰਿਤ ਪਾਨ ਕੀਤਾ, ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋ ਗਏ।

ਅਰੰਭ ਸੰਮਤ ੧੭੬੭ ਬਿ: ਵਿਚ ਜਦ ਬੰਦਾ ਬਹਾਦਰ ਇਸ ਦੇਸ ਵਿਚ ਆਇਆ, ਤਾਂ ਦੋਹਾਂ ਭਰਾਵਾਂ ਨੇ ਰੁਪੈ ਤੇ ਆਦਮੀਆਂ ਨਾਲ ਉਸ ਦੀ ਸਹਾਇਤਾ ਕੀਤੀ, ਪਰ ਖੁਲਮ-ਖੁਲੇ ਉਸਦੇ ਸੰਗ ਨਾ ਰਲ ਸਕੇ, ਕਿਉਂ ਜੁ ਪਾਸ ਹੀ ਈਸ ਖਾਂ ਮੰਜ ਬੈਠਾ ਸੀ, ਜੋ ਉਸ ਸਮੇਂ ਪੰਜਾਬ ਦੇ ਸਭ ਹਾਕਮਾਂ, ਨਾਲੋਂ ਜੋਰਾਵਰ ਸੀ। ਬੰਦਾ ਬਹਾਦਰ ਨੇ ਸਮਾਣਾ, ਸੁਨਾਮ

---

*ਇਸ ਤਰਾਂ ਦਾ ਇਕ ਹੁਕਮਨਾਮਾਂ ਤਾਂ ਸਰਕਾਰ ਪਟਿਆਲਾ ਪਾਸ ਹੈ, ਅਤੇ ਇਕ ਸਰਕਾਰ ਨਾਭਾ ਪਾਸ। ਇਹ ਪਹਿਲਾ ਸਮਾ ਹੈ, ਕਿ ਇਸ ਹੁਕਮਨਾਮੇ ਦਾ ਅਖਰੇ ਅਖਰ ਉਤਾਰਾ ਇਸੇ ਕਿਤਾਬ ਵਿਚ ਛਾਪਿਆ ਗਿਆ ਹੈ।

Digitized by Panjab Digital Library | www.panjabdigilib.org

ਕੈਂਥਲ ਘੁੜਾਮ, ਸਢੌਰਾ, ਬਨੂੜ ਅਤੇ ਸਰੰਦ ਨੂੰ ਥੇਹ ਨਾਲ ਰਲਾਕੇ ਕਰਨਾਲ ਤੋਂ ਲੈਕੇ ਲਾਹੌਰ ਤੀਕ ਮੁਗਲਾਂ ਦੀ ਸਫਾ ਉਡਾ ਦਿਤੀ, ਅਤੇ ਫੂਲਕਿਆਂ ਜਹੇ ਉਨਤੀ ਕਰਨ ਵਾਲੇ ਜਥੇ ਦੇ ਸਿਰ ਉਤੋਂ ਸਰਕਾਰੀ ਹਾਕਮਾਂ ਦਾ ਭਾਰ ਲਾਹ ਦਿਤਾ।

ਇਹ ਸਾਲ ਅਜੇ ਮੁਕਾ ਨਹੀਂ ਸੀ, ਕਿ ਪਾਤਸ਼ਾਹੀ ਫ਼ੌਜਾਂ ਨੇ ਆਕੇ ਫੇਰ ਆਪਣਾ ਅਮਲ ਕੈਮ ਕਰ ਲਿਆ। ਪਰ ਅਸਲ ਗਲ ਇਹ ਹੈ, ਕਿ ਸੰਮਤ ੧੭੭੧ ਬਿ: ਤੀਕ ਅਮਨ ਕੈਮ ਹੋਇਆ ਹੀ ਨਹੀਂ। ਸੰਮਤ ੧੭੭੦ ਬਿ: ਵਿਚ ਵੱਡਾ ਭਾਰੀ ਕਾਲ ਪਿਆ ਸੀ. ਅਤੇ ਸੰਮਤ ੧੭੬੭ ਤੋਂ ਲੈਕੇ ਸੰਨ ੧੭੭੦ ਤੀਕ ਐਤਨਾ ਰਾਮ ਰੌਲਾ ਰਿਹਾ, ਕਿ ਦੇਸ਼ ਵਿਚ ਸ਼ਾਹੀ ਹਾਕਮਾਂ ਦਾ ਕੁਝ ਨਹੀਂ ਵਟੀਦਾ ਸੀ। ਪਰ ਈਸੇ ਖ਼ਾਂ ਮੰਜ ਆਕ ਹੋਕੇ ਦੂਰ ਦੂਰ ਤੀਕ ਦਾ ਅਲਾਕਾ ਮੱਲੀ ਬੈਠਾ ਸੀ, ਅਤੇ ਕਪੂਰ ਬੈਰਾੜਾਂ ਨੂੰ ਫਾਹਾ ਦੇਵਣ ਦੇ ਕਾਰਨ ਸਾਰੇ ਬੈਰਾੜ ਇਸ ਦੇ ਲਹੂ ਦੇ ਤਿਹਾਏ ਬੈਠੇ ਸਨ।

ਚੌਧਰੀ ਤਲੋਕ ਸਿੰਘ ਤੇ ਸ੍ਰ: ਰਾਮ ਸਿੰਘ ਜੀ ਦੇ ਸੁਭਾਵ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਚੌਧਰੀ ਤਲੋਕ ਸਿੰਘ ਜੀ ਤਾਂ ਅਰਾਮ ਨਾਲ ਦਿਨ ਕਟਣ ਵਾਲੇ ਸਨ, ਪਰ ਸ੍ਰ: ਰਾਮ ਸਿੰਘ ਜੀ ਇਸ ਦੇ ਉਲਟ ਖਾੜਕੂ ਤੇ ਮਾਰ ਖੋਰ ਸਨ। ਇਸ ਲਈ ਅੰਤ ਨੂੰ ਦੋਹਾਂ ਭਰਾਵਾਂ ਵਿਚ ਨਸ਼ੁਦੀ ਹੋ ਗਈ, ਅਤੇ ਚੌਧਰੀ ਤਲੋਕ ਸਿੰਘ ਜੀ ਨੇ ਇਹ ਕਹਿਕੇ ਕਿ ਤੂੰ ਮੈਨੂੰ ਹਾਕਮਾਂ ਵਿਚ ਬਦਨਾਮ ਕਰ ਦੇਵੇਂਗਾ, ਸ੍ਰ: ਰਾਮ ਸਿੰਘ ਜੀ ਨੂੰ ਜ਼ੋਰ ਨਾਲ ਫੂਲੋਂ ਬਾਹਰ ਕੱਢ ਦਿਤਾ।

ਫੂਲੋਂ ਬੇ ਦਖਲ ਹੋਕੇ ਸਰਦਾਰ ਰਾਮ ਸਿੰਘ ਜੀ ਢਬਾਲੀ ਦੇ ਥੇਹ ਉਤੇ ਜਾ ਬੈਠੇ, ਪਰ ਛੇਤੀ ਹੀ ਏਥੋਂ ਵੀ ਆਪ ਨੂੰ ਉਠਣਾ ਪਿਆ। ਫਿਰ ਆਪ ਭਦੌੜ ਦੇ ਥੇਹ ਉਤੇ ਜਾ ਬੈਠੇ, ਜਿਥੋਂ ਸੇਮੇਂਕਿਆਂ ਨੇ ਆਪ ਨੂੰ ਉਠਾ ਦਿਤਾ। ਅੰਤ ਆਪ ਨੇ ਆਪਣੇ ਨਾਮ ਉਤੇ ਰਾਮ ਪੁਰਾ ਆਣ ਅਬਾਦ ਕੀਤਾ, ਅਤੇ ਇਸ ਤੋਂ ਮਗਰੋਂ ਫੂਲ ਨਾ ਗਏ। ਇਹ ਗਲ ਸੰਮਤ ੧੭੫੭ ਬਿ: ਦੀ ਹੈ।

Digitized by Panjab Digital Library | www.panjabdigilib.org

ਫੂਲਕੇ ਅਜਾਰੇਦਾਰ ਸਨ, ਜੋ ਕੁਝ ਕੁ ਪਿੰਡਾਂ ਦੇ ਟਕੇ ਸਰਕਾਰੀ ਖਜਾਨੇ ਵਿਚ ਭਰਦਿਆ ਕਰਦੇ ਸਨ। ਬੰਦਾ ਬਹਾਦਰ ਤੋਂ ਮਗਰੋਂ ਜਦ ਦੇਸ਼ ਵਿਚ ਰਾਜ ਰੌਲਾ ਪੈ ਗਿਆ, ਤਾਂ ਇਸ ਸਮੇਂ ਸੇਮੇਂ ਦਾ ਪੁਤ੍ਰ ਚੈਨਾ ਫੂਲਕਿਆਂ ਵਲੋਂ ਟਕੇ ਉਗਰਾਹੁੰਦਾ, ਤੇ ਸਰਕਾਰੇ ਤਾਰ ਆਇਆ ਕਰਦਾ ਸੀ। ਇਕ ਸਾਲ ਰਾਜ ਰੌਲੇ ਦੇ ਕਾਰਨ ਟਕੇ ਲੈਣ ਵਾਲਾ ਕੋਈ ਨਹੀਂ ਸੀ। ਚੈਨਾ ਓਹ ਕਰਮ ਲੈਕੇ ਆਪਣੇ ਸੋਹਰੀਂ ਚੈਨੇ ਵਾਲ (ਜੋ ਨਾਲੀ ਉਤੇ ਇਕ ਪਿੰਡ ਹੈ) ਜਾ ਵੜਿਆ। ਜਦ ਸਰਦਾਰ ਰਾਮ ਸਿੰਘ ਨੂੰ ਇਸ ਗੱਲ ਦਾ ਪਤਾ ਲਗਾ, ਤਾਂ ਆਪ ਮਰੁਜਾਕਿਆਂ ਨੂੰ ਆਪਣੇ ਨਾਲ ਲੈਕੇ ਚੈਨੇਵਾਲ* ਜਾ ਲੜੇ, ਅਤੇ ਚੈਨੇ ਨੂੰ ਮਾਰਕੇ ਸਭ ਰਕਮ ਲੈ ਆਂਦੀ। ਇਸ ਲੜਾਈ ਵਿਚ ਮਰੁਜਕਿਆਂ ਵਿਚੋਂ ਕਾਲੇ ਦਾ ਪੁਤ੍ਰ ਫੱਤਾ ਮਾਰਿਆ ਗਿਆ ਸੀ।

ਹੁਣ ਚੈਨੇ ਦੀ ਉਲਾਦ ਨੇ ਸੌਂਹ ਖਾ ਲਈ, ਕਿ ਜਦ ਤੀਕ ਅਸੀਂ ਬਦਲਾ ਨਹੀਂ ਲੈ ਲੈਂਦੇ, ਤਦ ਤੀਕ ਸਾਨੂੰ ਵੀ ਸੁਖ ਦੀ ਨੀਂਦ ਸੌਣਾ ਹਰਾਮ ਹੈ। ਸਰਦਾਰ ਰਾਮ ਸਿੰਘ ਜੀ ਦੀ ਕੋਟਲਾ ਵਾਲੇ ਪਠਾਣਾ ਨਾਲ ਚੰਗੀ ਮਿਤ੍ਰਾਚਾਰੀ ਸੀ, ਅਤੇ ਆਪ ਕਈ ਵਾਰ ਕੋਟਲੇ ਆਉਂਦੇ ਜਾਂਦੇ ਰਹਿੰਦੇ ਸਨ। ਇਕ ਵਾਰ ਆਪ ਕੋਟਲੇ ਬੇ-ਫਿਕਰੀ ਨਾਲ ਪਾਸਾ ਖੇਡ ਰਹੇ ਸਨ, ਕਿ ਵੈਰੀ ਅੱਚਣ ਚੇਤ ਜਾ ਪਏ, ਖਬਰਦਾਰ ਹੋਂਣ ਤੋਂ ਪਹਿਲਾਂ ਹੀ ਵਾਰ ਕਰਕੇ ਨਸ ਗਏ। ਇਹ ਗਲ ਸੰਮਤ ੧੭੭੧ ਬਿ: ਦੀ ਹੈ, ਇਸ ਸਮੇਂ ਚੌਧਰੀ ਤਲੋਕ ਸਿੰਘ ਜੀ ਅਜੇ ਜੀਉਂਦੇ ਸਨ।

ਇਸ ਵਧੀਕੀ ਦੇ ਕਾਰਨ ਸਮੇਂਕਿਆਂ ਤੇ ਸਰਦੂਲਕਿਆਂ ਨੂੰ ਮਰੁਾਜੋਂ ਕਢ ਦਿਤਾ ਗਿਆ, ਅਤੇ ਮਰੁਾਜ ਦੀ ਵੰਡ ਚੌਹਾਂ ਪੱਤੀਆਂ ਉਤੇ ਕਰ ਲਈ ਗਈ। ਸੇਮਾਂ ਤੇ ਸਰਦੂਲ ਇਕ ਮਾਂ ਦੇ ਪੁਤਰ ਸਨ, ਅਤੇ ਦੂਜੇ ਚਾਰੇ ਭਾਈ ਇਕ ਮਾਂ ਤੋਂ ਸਨ। ਸਮੇਂ ਕੇ ਬੜੇ ਮਾਰ ਖੋਰ ਸਨ। ਜਦ ਇਹ ਮਰੁਾੜ ਇਮਲੇ, ਤਾਂ ਹੇਮੇਂ ਦੇ ਪੁਤ੍ਰ ਬਿਹਾਰੀ ਨੇ ਭੁਚੋਕੇ ਭਾਈਕਿਆਂ ਦਾ ਮਾਲ ਜੋਰ ਲਿਆ। ਓਥੇ ਉਨ੍ਹਾਂ ਨਾਲ ਲੜਾਈ ਹੋ ਪਈ, ਜਿਸ

*ਇਕ ਥਾਂ ਅਬਲੂ ਮੈਹਮਾ ਲਿਖਿਆ ਹੈ, ਜੋ ਭੂਲ ਹੈ।

Digitized by Panjab Digital Library | www.panjabdigilib.org

ਵਿਚ ਸੇਮੇਕਿਆਂ ਉਤੇ ਔਖੀ ਆ ਬਣੀ। ਇਨ੍ਹਾਂ ਨੇ ਭੂਪੇ ਚੂਹੜੇ ਨੂੰ ਦੋ ਰੁਪੇ ਤੇ ਖੇਸ ਦੇਕੇ ਮਰ੍ਹਾਜ ਘਲਿਆ, ਕਿ ਉਥੇ ਜਾਕੇ ਪਲੂ ਫੇਰ ਦੇਵੇ, ਤੇ ਬਹੜੀ ਕਰੇ। ਇਸ ਗੱਲੋਂ ਭਰਾਵਾਂ ਦਾ ਲਹੂ ਪੱਘਰ ਪਿਆ, ਤੇ ਮਰ੍ਹਾਜ ਕਿਆਂਦੀ ਸਹਾਇਤਾ ਨਾਲ ਤਿੰਨਾ ਹਜਾਰ ਘੁਮਾਣਾਂ ਦਾ ਸੇਮਾਂ ਪਿੰਡ ਬਨ੍ਹਵਾ ਦਿੱਤਾ।

ਸ੍ਰਦਾਰ ਰਾਮ ਸਿੰਘ ਜੀ ਦੀ ਸ਼ਾਦੀ ਘੁਨਸਾ ਪਿੰਡ ਦੇ ਨਾਨੂ ਭੁੱਲਰ ਦੀ ਲੜਕੀ ਮਾਈ ਸਾਲੀ* ਨਾਲ ਹੋਈ ਸੀ, ਜਿਸ ਤੋਂ ਆਪ ਦੇ ਘਰ ਛੇ ਪੁਤ੍ਰ ਹੋਏ:—ਦੂਨਾ ਸਿੰਘ, ਸੱਭਾ ਸਿੰਘ, ਆਲਾ ਸਿੰਘ, ਬਖਤਾ ਸਿੰਘ, ਬੁਢਾ ਸਿੰਧ ਤੇ ਲਧਾ ਸਿੰਘ, ਲਧਾ ਸਿੰਘ ਅਪਣੇ ਪਿਤਾ ਦੇ ਜੀਉਂਦਿਆਂ ਹੀ ਲੜਾਈ ਵਿਚ ਮਾਰਿਆ ਗਿਆ ਸੀ† । ਇਕ ਵਾਰ ਇਹ ਫੂਲ ਨੂੰ ਗਿਆ ਸੀ, ਕਿ ਉਥੇ ਪਚਾਧਿਆਂ ਦਾ ਕਟਕ ਆ ਪਿਆ, ਅਤੇ ਉਹ ਸਾਰਾ ਮਾਲ ਵਲ ਕੇ ਲੈ ਨੱਸੇ। ਲਧਾ ਸਿੰਘ ਨੇ ਜਦ ਟਮਕ ਸੁਣੀ, ਤਾਂ ਅਲਾਣੀ ਘੋੜੀ ਉਤੇ ਹੀ ਸਵਾਰ ਹੋਕੇ ਕਟਕ ਮਗਰੇ ਭੱਜਾ, ਅਤੇ ਲੜ—ਭਿੜ ਕੇ ਮਾਲ ਛੁਡਾ ਲਿਆ, ਪਰ ਉਸ ਵੇਲੇ ਗੋਲੀ ਲਗਣ ਕਰਕੇ ਓਥੇ ਹੀ ਠੰਡਾ ਹੋ ਗਿਆ। ਇਸ ਦੀ ਸ਼ਾਦੀ ਰਤੀਏ ਦੇ ਚੋਧਰੀਆਂ ਦੇ ਹੋਈ ਵੀ ਸੀ*।

ਬੁਢਾ ਸਿੰਘ ਸਰਦਾਰ ਰਾਮ ਸਿੰਘ ਜੀ ਤੋਂ ਥੋੜਾ ਹੀ ਚਿਰ ਮਗਰੋਂ ਸੰਮਤ ੧੭੭੧ ਬਿ: ਵਿਚ ਗੁਜਰ ਗਿਆ। ਇਸ ਦੀ ਸ਼ਾਦੀ ਬੰਗੇਹਰ ਪਿੰਡ ਦੇ ਢਿਲਵਾਂ† ਦੀ ਲੜਕੀ ਮਾਈ ਬਖਤੋ ਨਾਲ ਹੋਈ ਸੀ, ਜਿਸ ਤੋਂ ਅਗੇ ਕੋਈ ਉਲਾਦ ਨਹੀਂ ਹੋਈ ਸੀ, ਕਿ ਬੁਢਾ ਸਿੰਘ ਬਰਾੜ

---

*ਤਵ ਰੀਖ ਸਿਧੂ ਬਰਾੜਾਂ। ਪਰ ਰਾਮ ਪੁਰਾਏ ਸਰਦਾਰ ਕਹਿੰਦੇ ਹਨ, ਕਿ ਸਰਦਾਰ ਰਾਮ ਸਿਘ ਜੀ ਦੀ ਸ਼ਾਦੀ ਘੁਨਸ ਪਿੰਡ ਦੇ ਸ਼ਾਹਿਬੇ ਭੁਲਰ ਦੀ ਲੜਕੀ ਮਾਈ ਸਾਹਿਬ ਕੌਰ ਨਾਲ ਹੋਈ ਸੀ।

†ਤਵਾਰੀਖ ਸਿਧੂ ਬਰਾੜਾਂ ਵਿਚ ਸੰਮਤ ੩੭੯੯ ਦਿੱਤਾ ਹੈ, ਜੋ ਭੁਲ ਹੈ।

*ਹਾਲਤ ਮੁ: ਦਮਾਂ ਨਾਲੀ।

†ਤਵਾਰੀਖ ਸਿਧੂ ਬਰਾੜਾਂ ਵਿਚ ਮੋਹਰੀ ਭੁਲਰ ਲਿਖਿਆ ਹੈ, ਜੋ ਭੁਲ ਹੈ।

Digitized by Panjab Digital Library | www.panjabdigilib.org

ਦੀ ਇਕ ਲੜਾਈ ਵਿੱਚ ਗੁਜਰ ਗਿਆ‡। ਕੁਝ ਸਮੇਂ ਮਗਰੋਂ ਚੋਧਰ ਦੂਨਾ ਸਿੰਘ ਨੇ ਸਰਦਾਰਨੀ ਬਖਤੋ ਉਤੇ ਚਾਦਰ ਪਾ ਲਈ, ਜਿਸ ਤੋਂ ਆਪ ਦੇ ਘਰ ਇਕ ਪੁਤਰ ਸੁਮਾਂ ਸਿੰਘ ਹੋਇਆ, ਜਿਸ ਦੀ ਉਲਾਦ ਧਾਮ ਪੁਰੀਏ ਸਰਦਾਰ ਹਨ।

ਸਰਦਾਰ ਰਾਮ ਸਿੰਘ ਜੀ ਦੇ ਬਾਕੀ ਚਾਰੇ ਪੁਤਰ ਬੜੇ ਪਰਤਾਪੀ ਹੋਏ। ਦੂਨਾ ਸਿੰਘ ਦੀ ਉਲਾਦ ਭਦੌੜੀਏ ਤੇ ਕੋਟ ਦੁਨੇ ਵਾਲੇ ਸਰਦਾਰ ਹਨ, ਬਖਤਾ ਸਿੰਘ ਦੀ ਉਲਾਦ ਬੇਰ ਤੇ ਮਲੌਦ ਦੇ ਸਰਦਾਰ ਹਨ, ਸੋਭਾ ਸਿੰਘ ਦੀ ਉਲਾਦ ਨਹੀਂ ਤੁਰੀ ਪਰ ਇਹ ਸਭ ਭੱਰਾਵਾਂ ਨਾਲੋਂ ਵਰਿਆਮ ਤੇ ਜੋਧਾ ਸੀ, ਅਤੇ ਆਪਣੇ ਵੇਲੇ ਮਾਰਾਂ ਮਾਰਨ ਤੇ ਮੱਲਾਂ ਮਲਣ ਵਿਚ ਆਪਣੇ ਭਰਾਵਾਂ ਨਾਲੋਂ ਮੋਹਰੇ ਸੀ। ਸਰਦਾਰ ਰਾਮ ਸਿੰਘ ਜੀ ਦੇ ਤੀਜੇ ਪੁਤ੍ਰ ਮਹਾਰਾਜ ਆਲਾ ਸਿੰਘ ਜੀ ਸਨ, ਜਿਨ੍ਹਾਂ ਦਾ ਹਾਲ ਹੁਣ ਅਗੇ ਲਿਖਿਆ ਜਾਂਦਾ ਹੈ।

ਘੁਨਸ ਪਿੰਡ ਛਿਆਂ* ਰਾਜਗੀਆਂ ਦੇ ਨਾਨਕੇ ਸਨ, ਇਸ ਲਈ ਇਹ ਮੁਢ ਤੋਂ ਮਾਫ ਸੀ। ਅੰਤ ਜ਼ਿਮੀਦਾਰ ਆਪੋ ਵਿਚ ਪਾਟ ਪਏ, ਜਿਸ ਕਰਕੇ ਸੰਮਤ ੧੪੩੫ ਬਿ: ਵਿਚ ਇਹ ਮਾਫੀ ਜਾਂਦੀ ਰਹੀ।

ਇਨ੍ਹਾਂ ਛਿਆਂ ਹੀ ਰਾਜਗੀਆਂ ਦਾ ਮੁਢ ਰਾਮ ਪੁਰੇ ਤੋਂ ਮੰਨਣ ਚਾਹੀਦਾ ਹੈ, ਜਿਥੇ ਸਰਦਾਰ ਰਾਮ ਸਿੰਘ ਜੀ ਦੇ ਚੁਲੇ ਤੇ ਚੱਬੱਚੇ ਹਨ। ਜਦ ਸੰਮਤ ੧੮੧੮ ਬਿ: ਵਿਚ ਮਹਾਰਾਜਾ ਨਰਿੰਦਰ ਸਿੰਘ ਜੀ ਰਾਮ ਪੁਰੇ ਗਏ ਸਨ, ਤਾਂ ਓਦੋਂ ਇਹ ਚੁਬੱਚੇ ਸਾਫ ਕਰਵਾਏ ਗਏ ਸਨ। ਓਦੋਂ ਹੀ ਮਹਾਰਾਜਾ ਸਾਹਿਬ ਜੀ ਰਾਮ ਪੁਰੇ ਦੀ ਬੀਬੀ ਨੂੰ ਆਪਣੀ ਬੀਬੀ ਬਣਾਕੇ ਉਸਦਾ ਨਾਤਾ ਸਰਦਾਰ ਨਰੈਣ ਸਿੰਘ ਜੀ ਸਿਆਲਬੇ ਵਾਲੇ ਲਈ ਲੈ ਗਏ ਸਨ।

---

‡ਭਦੌੜੋਂ ਚਾਰ ਕੋਹ ਪਛਮ ਵਲ ਦੋ ਪੁਰਾਣੇ ਪਿੱਪਲ ਹਨ, ਜਿਨ੍ਹਾਂ ਨੂੰ ਲੜਾਈ ਵਾਲੇ ਪਿਪਲ ਆਖਦੇ ਹਨ। ਦੂਦਾ ਸਿੰਘ ਸ਼ਹੀਦ ਹੋਇਆ ਸੀ--ਤਵਾਰੀਖ਼ ਸਿਧੂ ਬਰਾੜਾਂ।

*ਪਟਿਆਲਾ, ਬੇਰ, ਮਲੌਦ ਭਦੌੜ, ਕੋਟ ਦੂਨਾ ਰਾਮਪੁਰਾ।

Digitized by Panjab Digital Library | www.panjabdigilib.org

# ਮਹਾਰਾਜਾ ਆਲਾ ਸਿੰਘ ਜੀ

ਮਹਾਰਾਜਾ ਆਲਾ ਸਿੰਘ ਜੀ ਸਰਦਾਰ ਰਾਮ ਸਿੰਘ ਜੀ ਦੇ ਤੀਜੇ ਪੁਤ੍ਰ ਸਨ, ਅਤੇ ਸੰਮਤ ੧੭੪੮ ਬਿ: ਵਿੱਚ ਪੈਦਾ ਹੋਏ ਸਨ* ਆਪ ਅਜੇ ਛੋਟੇ ਹੀ ਸਨ, ਕਿ ਆਪ ਦੀ ਸ਼ਾਦੀ ਕਾਲੇਕੇ ਪਿੰਡ ਦੇ ਖਾਨੇ ਦੀ ਪੁਤਰੀ ਮਾਈ ਫੱਤੋ ਨਾਲ ਹੋ ਗਈ। ਓਸ ਸਮੇਂ ਤੋਂ ਅੱਜ ਤੀਕ ਇਹ ਰਵਾਜ ਤੁਰਿਆ ਆਉਂਦਾ ਹੈ, ਕਿ ਸਰਕਾਰ ਪਟਿਆਲਾ ਦੀ ਸ਼ਾਦੀ ਸਮੇਂ ਕਾਲੇਕਿਆਂ ਦੇ ਤਿੰਨ ਵਡੇ ਲਾਗੀਆ–ਬਾਹਮਣ, ਮਰਾਸੀ, ਤੇ ਨਾਈ–ਨੂੰ ਉਨ੍ਹਾਂ ਦੀ ਬੀਬੀ ਫਤੋ ਦਾ ਅੰਗ ਦਿਤਾ ਜਾਂਦਾ ਹੈ।

ਸੰਮਤ ੧੭੪੯ ਬਿ: ਦੀ ਗਲ ਹੈ, ਕਿ ਮਲੂਕ ਨਾਮੇ ਕਾਲੇਕੇ ਨੇ ਪਿੰਡ ਕਾਲੇਕੇ ਨੂੰ ਅਬਾਦ ਕੀਤਾ ਸੀ। ਇਸ ਦਾ ਪੁਤ੍ਰ ਖਾਂਨਾ ਸੀ, ਜਿਸ ਦੇ ਘਰ ਪਿੰਡ ਅਬਾਦ ਹੋਣ ਤੋਂ ਥੋੜਾ ਚਿਰ ਪਿਛੋਂ ਇਕ ਲੜਕੀ ਪੈਦਾ ਹੋਈ। ਉਸ ਸਮੇਂ ਸਨ ਮਾਰਾਂ ਧਾੜਾਂ ਦੇ, ਅਤੇ ਜਿਸ ਪਰਵਾਰ ਦੇ ਜਿਤਨੇ ਵਧੀਕ ਮਨੁਖ ਹੋਂਦੇ, ਓਨ੍ਹਾਂ ਦੀ ਉਤਨੀ ਵਧੀਕ ਤਾਕਤ ਹੁੰਦੀ, ਇਸ ਲਈ ਹਰ ਹਰ ਇਕ ਦੀ ਚਾਹ ਏਹੋ ਹੁਦੀ, ਕਿ ਮੇਰੇ ਘਰ ਪੁਤ੍ਰ ਹੀ ਹੋਵੇ।

ਪਹਿਲ ਪਲੋਠੀ ਦੀ ਲੜਕੀ ਹੋ ਪੈਣੀ ਉਨ੍ਹਾਂ ਦਿਨੀ ਬੇਸ਼ਗਨੀ ਦੀ ਨਸ਼ਾਨੀ ਸਮਝੀ ਜਾਂਦੀ ਸੀ, ਸੋ ਪਰਵਾਰ ਨੇ ਸਲਾਹ ਕਰਕੇ ਨਵੇਂ ਜਹੇ ਮਸੂਮ ਨੂੰ ਭਾਂਡੇ ਵਿਚ ਪਾਇਆ, ਅਤੇ ਬਾਹਰ ਦੱਬ ਆਏ। ਉਨ੍ਹੀ ਦਿਨੀ ਭਾਈ ਭਗਤੂ ਜੀ ਦੀ ਉਲਾਦ ਵਿਚੋਂ ਭਾਈ ਦਿਆਲ ਦਾਸ ਜੀ ਕਾਲੇ ਕੀ ਆਏ ਹੋਏ ਸਨ, ਜੋ ਪੂਰਨ ਸਿਖ ਤੇ ਬੜੇ ਪਹੁੰਚੇ ਹੋਏ ਮਹਾਤਮਾ ਸਨ। ਕਾਲੇਕੇ ਇਨ੍ਹਾਂ ਦੀ ਬੜੀ ਮਾਨਤਾ ਕਰਦੇ ਸਨ; ਅਤੇ ਇਨ੍ਹਾਂ ਦੇ ਬਚਨਾਂ ਉਤੇ ਬਹੁਤ ਭਰੋਸਾ ਰਖਦੇ ਸਨ। ਬਾਲਕੀ ਨੂੰ ਬਾਹਰ ਦਬ ਕੇ ਖਾਨੇ ਨੇ ਇਨ੍ਹਾਂ ਦਾ ਪ੍ਰਸ਼ਾਦ ਵਰਜਿਆਂ; ਪਰ ਆਪ

*ਵੇਖੋ ਅੰਤਕਾ ਨੰ. ੧ (ੳ)

Digitized by Panjab Digital Library | www.panjabdigilib.org

ਨੇ ਓਸੇ ਵੇਲੇ ਕਹਿ ਦਿਤਾ, ਕਿ ਤੁਸਾਂ ਅਜ ਬਹੁਤ ਮਾੜੀ ਗੱਲ ਕੀਤੀ ਹੈ; ਜੋ ਕਰਤਾਰ ਦੀ ਦਾਤ ਦੀ ਪੁੱਜ ਕੇ ਨਰਾਦਰੀ ਕੀਤੀ ਹੈ; ਉਸ ਬੀਬੀ ਨੇ ਰਾਣੀ ਬਣਨਾ ਹੈ, ਉਸ ਦੀ ਉਲਾਦ ਨੇ ਰਾਜ ਕਰਨਾ ਹੈ, ਪਹਿਲਾਂ ਉਸ ਨੂੰ ਲਿਆਓ, ਫਿਰ ਅਸੀਂ ਪ੍ਰਸ਼ਾਦ ਛਕਾਂਗੇ। ਖਾਨੇ ਨੇ ਜਾ ਕੇ ਜਾਂ ਉਸ ਭਾਂਡੇ ਨੂੰ ਪੁਟਿਆ, ਤਾਂ ਕੀ ਵੇਖਦਾ ਹੈ, ਕਿ ਬੀਬੀ ਅੰਗੂਠਾ ਚੂੰਘ ਰਹੀ ਹੈ। ਉਹ ਉਸ ਨੂੰ ਸੰਤਾਂ ਪਾਸ ਲੈ ਆਇਆ; ਤੇ ਫੱਤੋ ਉਸ ਦਾ ਨਾਮ ਰਖਿਆ; ਅਤੇ ਕੁਝ ਸਾਲਾਂ ਮਗਰੋਂ ਮਹਾਰਾਜਾ ਆਲਾ ਸਿੰਘ ਜੀ ਨਾਲ ਉਸ ਦੀ ਸ਼ਾਦੀ ਕਰ ਦਿਤੀ। ਮਾਈ ਫੱਤੋ ਤੇ ਮਹਾਰਾਜਾ ਆਲਾ ਸਿੰਘ ਜੀ ਦਾ ਅਖੀਰ ਵੇਲੇ ਤੀਕ ਭਾਈ ਭਗਤੂ ਜੀ ਦੀ ਸੰਤਾਨ ਉਤੇ ਬੜਾ ਭਰੋਸਾ ਰਿਹਾ, ਅਤੇ ਜਦ ਆਪ ਨੂੰ ਕੋਈ ਪੀੜ ਯਾ ਔਕੜ ਪੈਂਦੀ ਰਹੀ; ਆਪ ਭੁਚੋਕਿਆਂ ਦੀ ਯਾਤਰਾ ਨੂੰ ਉਸ ਔਕੜ ਦਾ ਦਾਰੂ ਸਮਝਦੇ ਰਹੇ।

ਜਦ ਸਰਦਾਰ ਰਾਮ ਸਿੰਘ ਜੀ ਗੁਜ਼ਰੇ, ਤਾਂ ਮਹਾਰਾਜਾ ਆਲਾ ਸਿੰਘ ਜੀ ਦੀ ਉਮਰ ਕੇਵਲ ੨੩ ਸਾਲ ਦੀ ਸੀ। ਆਪ ਨੇ ਪ੍ਰਣ ਕਰ ਲਿਆ ਸੀ, ਕਿ ਜਦ ਤੀਕ ਪਿਤਾ ਦਾ ਬਦਲਾ ਨਹੀਂ ਲੈ ਲੈਂਦਾ, ਸੁਖ ਦੀ ਨੀਂਦ ਸੌਣਾ ਹਰਾਮ ਹੈ। ਬੜਾ ਭਾਈ ਦੁੱਨਾ ਸਿੰਘ ਤਾਂ ਸ਼ਾਂਤ ਸੁਭਾਵ ਸੀ, ਪਰ ਸੱਭਾ ਸਿੰਘ ਤੇ ਮਹਾਰਾਜਾ ਆਲਾ ਸਿੰਘ ਜੀ ਸਮੇਂ ਦੇ ਅਨੁਸਾਰ ਸੁਭਾਵ ਰਖਦੇ ਸਨ, ਅਤੇ ਇਸ ਤਾੜ ਵਿਚ ਸਨ, ਕਿ ਕਦ ਕੋਈ ਸਮਾਂ ਲੱਭੇ, ਅਤੇ ਅਸੀਂ ਆਪਣੇ ਪਿਤਾ ਦੇ ਖ਼ੂਨ ਦਾ ਬਦਲਾ ਲਈਏ। ਇਸੇ ਉਡੀਕ ਵਿਚ ਦੋ ਵਰ੍ਹੇ ਲੰਘ ਗਏ। ਸਰਦਾਰ ਰਾਮ ਸਿੰਘ ਜੀ ਦਾ ਖ਼ੂਨ ਕਰਨ ਵਾਲੇ ਬੀਰਾਂ, ਕਮਾਲਾ, ਤੇ ਉਗਰਸੈਨ ਸਨ। ਇਕ ਦਿਨ ਸੱਭਾ ਸਿੰਘ ਨੂੰ ਪਤਾ ਲਗਾ, ਕਿ ਇਹ ਤਿੰਨ ਜਣੇ ਆਪਣੇ ਸਾਥੀਆਂ ਸਣੇ ਰੁੰਮਟੀ ਗਏ ਹਨ। ਸੱਭਾ ਸਿੰਘ ਨੇ ਮਹਾਰਾਜਾ ਆਲਾ ਸਿੰਘ ਜੀ ਨਾਲ ਸਲਾਹ ਕੀਤੀ, ਅਤੇ ਓਸ ਵੇਲੇ ਸਵਾਰ ਹੋ ਆਪਣੇ ਸਾਥੀਆਂ ਸਣੇ ਵੈਰੀਆਂ ਉਤੇ ਜਾ ਪਏ। ਦੁਵੱਲੀਓਂ ਲੜਾਈ ਹੋਈ, ਅਤੇ ਮਹਾਰਾਜਾ ਆਲਾ ਸਿੰਘ ਜੀ ਦੇ ਮੱਥੇ ਉਤੇ ਜ਼ਖਮ ਵੀ ਲਗਾ, ਪਰ ਅੰਤ ਨੂੰ ਜਿੱਤ

Digitized by Panjab Digital Library | www.panjabdigilib.org

ਇਨ੍ਹਾਂ ਦੀ ਹੀ ਹੋਈ। ਬੀਰਾ, ਕਮਾਲਾ ਤੇ ਇਨ੍ਹਾਂ ਦੇ ਪੰਦਰਾਂ ਸਾਥੀ ਮਾਰੇ ਗਏ, ਅਤੇ ਉਗਰਸੇਨ ਨੱਸ ਕੇ ਸੇਮੇਂ ਪਿੰਡ ਵੜਿਆ। ਮਹਾਰਾਜਾ ਆਲਾ ਸਿੰਘ ਜੀ ਨੇ ਸੇਮਾਂ ਪਿੰਡ ਉਜਾੜ ਦਿਤਾ, ਅਤੇ ਇਸ ਤਰ੍ਹਾਂ ਸੰਮਤ ੧੭੭੩ ਬਿ: ਵਿਚ ਆਪਣੇ ਪਿਤਾ ਦਾ ਬਦਲਾ ਲਿਆ। ਸੇਮੇਂ ਕੇ (ਅਤੇ ਇਨ੍ਹਾਂ ਦੇ ਨਾਲ ਹੀ ਸਰਦੂਲ ਕੇ) ਧਾਲੀ ਵਾਲਾਂ ਦੇ ਤੱਪੇ ਵਲ ਚਲੇ ਗਏ, ਅਤੇ ਬਗਾਨਿਆਂ ਦੇ ਆਸਰੇ ਰਹਿ ਕੇ ਆਪਣੇ ਦਿਨ ਕੱਟਣ ਲਗੇ।

ਇਹ ਉਹ ਸਮਾਂ ਹੈ, ਜਦ ਕਿ ਬੰਦਾ ਬਹਾਦਰ ਦਿਲੀ ਵਿਚ ਸ਼ਹੀਦ ਹੋ ਚੁਕਾ ਸੀ, ਅਤੇ ਅਬਦੁਲ ਸਮੰਦ ਖਾਂ, ਲਾਹੌਰ ਦਾ ਸੂਬਾ, ਮਾਝੇ ਗਿਰਦੇ ਸਿੰਘਾਂ ਦੇ ਆਹੂ ਲਾਹ ਰਿਹਾ ਸੀ†। ਇਸ ਸਮੇਂ ਈਸਾ ਖਾਂ ਮੰਝ ਦੀ ਗੁਡੀ ਚੜ੍ਹੀ ਹੋਈ ਸੀ, ਅਤੇ ਇਸ ਦਾ ਐਤਨਾ ਜੋਰ ਸੀ, ਕਿ ਲਾਹੌਰ ਦਾ ਸੂਬਾ ਵੀ ਇਸ ਪਾਸੋਂ ਖ਼ੌਫ਼ ਖਾਂਦਾ ਸੀ*। ਜਿਸ ਤੱਪੇ ਵਿਚ ਫੂਲਕੇ ਵੱਧ ਫੁਲ ਰਹੇ ਸਨ, ਇਸ ਤੱਪੇ ਦਾ ਸੰਬੰਧ ਤਿਹਾੜੇ ਨਾਲ ਸੀ, ਅਤੇ ਇਹ ਸਾਰਾ ਇਲਾਕਾ ਈਸੇ ਖ਼ਾਂ ਮੰਝ ਦੀ ਮੇਰ ਵਿਚ ਸੀ। ਉਸ ਸਮੇਂ ਕੋਈ ਹਾਕਮ ਈਸੇ ਖ਼ਾਂ ਸਾਹਮਣੇ ਦੱਮ ਨਹੀਂ ਮਾਰ ਸਕਦਾ ਸੀ, ਅਤੇ ਦਿੱਲੀ ਦਰਬਾਰ ਵਿਚ ਇਸ ਦੀ ਐਤਨੀ ਪਹੁੰਚ ਸੀ, ਕਿ ਪਾਤਸ਼ਾਹ ਵਲੋਂ ਇਸ ਨੂੰ ਨਵਾਬੀ ਤੇ ਪੰਜ ਹਜ਼ਾਰੀ ਦਾ ਖ਼ਤਾਬ ਮਿਲ ਚੁਕਾ ਸੀ।

ਜਦ ਅਬਦੁਲ ਸਮੰਦ ਖ਼ਾਂ ਸਿੰਘਾਂ ਵਲੋਂ ਵੇਹਲਾ ਹੋ ਗਿਆ, ਤਾਂ ਉਸ ਨੇ ਈਸੇ ਖਾਂ ਨੂੰ ਵੀ ਟਕਾਣੇ ਲਾਉਣਾ ਚਾਹਿਆ। ਸ਼ੈਹਦਾਦ ਖਾਂ ਕਸੂਰੀਆ ਇਕ ਜੋਧਾ ਪਠਾਣ ਸੀ, ਜੋ ਇਸ ਤੋਂ ਪਹਿਲਾਂ ਈਸੇ ਖਾਂ ਦੇ ਉਲਟ ਅਬਦੁਲ ਸਮੰਦ ਖਾਂ ਦੀ ਸਹਾਇਤਾ ਕਰ ਚੁਕਾ ਸੀ। ਸੋ ਅਬਦੁਲ ਸਮੰਦ ਖਾਂ ਨੇ ਸ਼ੈਹਦਾਦ ਖਾਂ ਨੂੰ ਫੌਜ ਦੇ ਕੇ ਤੋਰਿਆ; ਅਤੇ ਕਪੂਰੇ ਬਰਾੜ ਦਾ ਬਦਲਾ ਲੈਣ ਲਈ ਸਾਰੇ ਬਰਾੜ ਵੀ ਸ਼ਾਹੀ ਸੈਨਾ ਦੇ ਨਾਲ ਰਲ ਗਏ। ਆਪੋ ਵਿਚ ਕਰੜੀ ਲੜਾਈ ਹੋਈ, ਜਿਸ ਵਿਚ ਈਸੇ ਖਾਂ ਮਾਰਿਆ

†ਮੁਆਸਿ ਰੁਲ ਉਮਰਾ, ਤੇ ਇਬਰਤ ਨਾਮਾ।
*ਤਵਾਰੀਖ ਹਦੀਕਾ ਤੁਲ ਅਕਾਲੀਮ।

Digitized by Panjab Digital Library | www.panjabdigilib.org

ਗਿਆ, ਅਤੇ ਈਸੇ ਖਾਂ ਦਾ ਕੋਟ ਲੁਟਿਆ ਗਿਆ। ਇਸ ਤਰ੍ਹਾਂ ਲਾਹੌਰ ਦੇ ਸੂਬੇ ਗਲੋਂ ਤਾਂ ਇਕ ਬਲਾ ਲਥੀ, ਅਤੇ ਫੂਲਕਿਆਂ ਲਈ ਵਧਣ ਫੁਲਨ ਦਾ ਮੈਦਾਨ ਮੋਕਲਾ ਹੋ ਗਿਆ ਇਹ ਗਲ ਸੰਮਤ ੧੭੭੫ ਬਿ: ਦੀ ਹੈ* ॥

ਈਸੇ ਖ਼ਾਂ ਦਾ ਮਾਰਨਾ ਸੀ, ਕਿ ਫੂਲਕੇ ਕੌੜੀ ਵੇਲ ਵਾਂਙ ਵਧਣ ਲਗ ਪਏ ਅਤੇ ਗਿਰਦ ਨਵਾਹੀ ਵਿਚ ਜੋ ਥੇਹ ਸੀ, ਸਭਸ ਉਤੇ ਮੋਹੜੀਆਂ ਗੱਡ ਕੇ ਆਪਣੀ ਮੇਰ ਜਾ ਕੀਤੀ। ਸੱਭਾ ਸਿੰਘ ਛਬਾਲੀ ਜਾ ਬੈਠਾ, ਅਤੇ ਦੁੱਨਾ ਸਿੰਘ ਤੇ ਦੂਜੇ ਦੋਵੇਂ ਭਾਈ ਭਦੌੜ। ਭਦੌੜ ਰਾਜਾ ਭੱਦਰ ਸੈਨ ਭਦੌੜੀਏ ਦੀ ਖੇੜੀ ਸੀ, ਜਿਸ ਉਤੇ ਸਮਾਂ ਪਾ ਕੇ ਕਾਂਗੜ ਦੇ ਰਾਏ ਦਾ ਕਬਜ਼ਾ ਹੋ ਚੁਕਾ ਸੀ, ਪਰ ਸਾਬੋਕਿਆਂ ਨੇ ਉਸ ਨੂੰ ਕਢ ਛਡਿਆ ਸੀ†। ਸਰਦਾਰ ਰਾਮ ਸਿੰਘ ਜੀ ਜਦ ਫੂਲੋਂ ਨਿਕਲੇ ਹਨ, ਤਾਂ ਛਬਾਲੀ ਆ ਡੇਰੇ ਲਾਏ ਸਨ ਅਤੇ ਛਬਾਲੀ ਨੂੰ ਛਡ ਕੇ ਭਦੌੜ ਆ ਗਏ ਸਨ; ਪਰ ਸੇਮੇਂ੍ਰਿਆਂ ਨੇ ਆਪ ਨੂੰ ਇਥੋਂ ਕਢ ਦਿਤਾ, ਅਤੇ ਫੇਰ ਸੇਮੇਂ ਕੇ ਵੀ ਇਥੇ ਨਾ ਟਿਕ ਸਕੇ। ਜਦ ਸੰਮਤ ੧੭੭੩ ਬਿ: ਵਿਚ ਸਰਦਾਰ ਸੋਭਾ ਸਿੰਘ ਨੇ ਛਬਾਲੀ ਮੋਹੜੀ ਜਾ ਗਡੀ, ਤਾਂ ਸਰਦਾਰ ਦੁੱਨਾ ਸਿੰਘ ਨੇ ਭਦੌੜ ਦੀ ਮੇਰ ਕਰ ਲਈ; ਪਰ ਪਾਣੀ ਦੀ ਔਖਿਆਈ ਕਰਕੇ ਤੇ ਕੁਝ ਕੁ ਈਸੇ ਖਾਂ ਨਾਲ ਅਜੋੜ ਹੋਣ ਕਰਕੇ ਇਨ੍ਹਾਂ ਥੇਹੜੀਆਂ ਨੂੰ ਛੇਤੀ ਹੀ ਛਡ ਦਿਤਾ। ਜਦ ਈਸੇ ਖ਼ਾਂ ਮੋਇਆ, ਤਾਂ ਇਨ੍ਹਾਂ ਦੇ ਨਿਸਚਿੰਤ ਹੋ ਕੇ ਹੰਭਲਾ ਮਾਰਿਆ, ਅਤੇ ਸੰਜੋਗ ਦੀ ਗਲ ਹੈ, ਕਿ ਭਦੌੜੋਂ ਇਕ ਪੁਰਾਣਾ ਖੂਹ ਵੀ ਲਭ ਪਿਆ, ਜੋ ਅਜ ਕਲ ਸਰਦਾਰ ਜਗਤ ਸਿੰਘ ਤੇ ਮਹਾਂ ਸਿੰਘ ਦੇ ਕਿਲੇ ਦੇ ਵਿਚਕਾਰ ਹੈ *।

ਹੰਢਿਆਏ ਨੂੰ ਸੰਮਤ ੧੭੬੯ ਬਿ: ਵਿਚ ਸੇਮੇਂ ਤੇ ਤਾਰੇ

---

*ਮੁਆਸਰੁਲ ਉਮਰਾ, ਇਬਾਰਤ ਨਾਮਾ, ਤਵਾਰੀਖ ਫੈਂਹਾੜ ਬੰਸ।

†ਯਾਦ ਦਾਸ਼ਤ ਸਰਦਾਰ ਰਾਜੂ ਸਿੰਘ।

*ਤਵਾਰੀਖ ਸਿਧੂ ਬਰਾੜਾਂ।

Digitized by Panjab Digital Library | www.panjabdigilib.org

ਧਾਲੀਵਾਲ ਜੱਟਾਂ ਨੇ ਧੌਲੇ ਪਿੰਡੋਂ ਉਠ ਕੇ ਅਬਾਦ ਕੀਤਾ ਸੀ। ਉਹ ਸਮੇਂ ਸਨ ਮਾਰਾਂ ਧਾੜਾਂ ਦੇ, ਇਸ ਲਈ ਏਨ੍ਹਾਂ ਨੇ ਸਰਦਾਰ ਸੱਭਾ ਸਿੰਘ ਨੂੰ ਸਦ ਲਿਆ, ਅਤੇ ਸਰਦਾਰ ਸੱਭਾ ਸਿੰਘ ਇਥੇ ਕੱਚਾ ਕਿਲਾ ਬਣਾ ਕੇ ਰਹਿਣ ਲਗ ਪਿਆ। ਇਹ ਗਲ ਸੰਮਤ ੧੭੭੫ ਬਿ: ਦੀ ਹੈ। ਇਸ ਤੋਂ ਮਗਰੋਂ ਸਰਦਾਰ ਸੱਭਾ ਸਿੰਘ ਨੇ ਹੰਡਿਆਏ ਦੇ ਉਦਾਲੇ ਉਦਾਲੇ ਦੇ ਇਲਾਕੇ ਉਤੇ ਮੇਰ ਕਰਕੇ ਖੁਡੀ ਆਦਿ ਕਈ ਪਿੰਡ ਵਸਾ ਲਏ †। ਏਸੇ ਤਰ੍ਹਾਂ ਚੌਧਰੀ ਤਲੋਕ ਸਿੰਘ ਜੀ ਨੇ ਧਨੌਲੇ ਤੀਕ ਦੀ ਮੇਰ ਕਰ ਲਈ, ਅਤੇ ਮਹਾਰਾਜਾ ਆਲਾ ਸਿੰਘ ਤੇ ਸਰਦਾਰ ਬਖਤਾ ਸਿੰਘ ਜੀ ਨੇ ਬਰਨਾਲੇ ਤੇ ਸਹਿਣੇ ਦੀ॥

ਈਸੇ ਖ਼ਾਂ ਨੂੰ ਮਾਰ ਕੇ ਬਰਾੜਾਂ ਦੀ ਚੜ੍ਹ ਮਚ ਗਈ ਸੀ, ਅਤੇ ਫੂਲ ਤੇ ਭਦੌੜ ਦੀ ਹੱਦ ਦੇ ਨਾਲ ਨਾਲ ਬਰਾੜਾਂ ਦੀ ਹੱਦ ਲਗਣ ਕਰਕੇ ਨਿੱਤ ਨਵੇਂ ਸੂਰਜ ਇਨ੍ਹਾਂ ਦਾ ਫੂਲਕਿਆਂ ਨਾਲ ਟਾਕਰਾ ਲਗ ਰਹਿੰਦਾ ਸੀ।

ਭਾਈ ਰੂਪ ਚੰਦ ਜੀ ਦੀ ਉਲਾਦ ਨੂੰ ਜਿਸ ਤਰ੍ਹਾਂ ਫੂਲਕੇ ਮੰਨਦੇ ਸਨ, ਏਸੇ ਤਰ੍ਹਾਂ ਬਰਾੜ ਭੀ ਮੰਨਦੇ ਸਨ, ਸੋ ਸਭ ਭਰਾਵਾਂ ਨੇ ਸਰਹੱਦ ਉਤੇ ਮੋਹੜੀ ਛਡ ਕੇ ਇਕ ਪਿੰਡ ਬੰਨ੍ਹ ਦਿੱਤਾ ਅਤੇ ਉਸ਼ ਵਿਚ ਭਾਈ ਰੂਪ ਚੰਦ ਜੀ ਦੀ ਉਲਾਦ ਨੂੰ ਵਸਾ ਕੇ ਰੋਜ਼ ਰੋਜ਼ ਦਾ ਫ਼ਸਾਦ ਮੁਕਾਉਣਾ ਚਾਹਿਆ। ਇਸ ਤਰ੍ਹਾਂ ਸੰਮਤ ੧੭੭੯ ਬਿ: ਵਿਚ 'ਭਾਈ ਰੂਪੇ' ਪਿੰਡ ਦੀ ਨੀਂਹ ਰਖੀ ਗਈ, ਅਤੇ ਬਰਾੜਾਂ ਨਾਲ ਰੋਜ਼ ਰੋਜ਼ ਦੇ ਫ਼ਸਾਦ ਘਟਾ ਗਏ। ਇਹ ਪਿੰਡ ਇਸੇ ਕਰਕੇ ਬਹੁਤ ਚਿਰ ਤੀਕ ਸਭਸ ਫੂਲਕਿਆਂ ਦਾ

---

†ਇਹ ਹਾਲ ਹੰਢਿਆਏ ਦੇ ਲੋਕਾਂ ਦੀ ਜ਼ਬਾਨੀ ਹਨ।

Digitized by Panjab Digital Library | www.panjabdigilib.org

ਸਾਂਝਾ ਰਿਹਾ * ।

ਇਸ ਸਮੇਂ ਸੁਨਾਮ ਵਿਚ ਭਾਈ ਮੂਲ ਚੰਦ ਜੀ ਚਿੱਟੀ ਬੋਦ ਵਾਲੇ ਬੜੇ ਪ੍ਰਸਿੱਧ ਮਹਾਤਮਾ ਵਸਦੇ ਸਨ, ਜੋ ਪੂਰਨ ਸਿਖ ਤੇ ਪਹੁੰਚੇ ਹੋ ਲੋਕ ਸਨ। ਆਪ ਸੰਮਤ ੧੭੦੫ ਬਿ: ਨੂੰ ਬਠਿੰਡੇ ਪੈਦਾ ਹੋਏ ਸਨ; ਅ ਪਿਤਾ ਦੇ ਗੁਜ਼ਰ ਜਾਣ ਤੋਂ ਮਗਰੋਂ ਭਾਈ ਗੰਗਾ ਰਾਮ ਜੀ ਦੀ ਟਹਿਲ ਸੇਵਾ ਕਰਦੇ ਰਹੇ ਸਨ; ਜੋ ਸ੍ਰੀ ਸੱਤਵੀਂ ਪਾਤਸ਼ਾਹੀ ਜੀ ਦੇ ਸਿਖ ਸਨ। ਜਦ ਬਠਿੰਡੇ ਭਾਈ ਗੋਰੇ ਪਾਸ ਸ੍ਰੀ ਗੁਰੂ ਤੇਗ ਬਹਾਦਰ ਜੀ ਆਏ ਸਨ, ਤਾਂ ਓਦੋਂ ਭਾਈ ਮੂਲ ਚੰਦ ਜੀ ਸਿਖੀ ਵਿਚ ਬਹੁਤ ਸਾਰੀ ਉਨਤੀ ਕਰ ਚੁਕੇ ਸਨ। ਸੰਮਤ ੧੭੫੧ ਬਿ: ਵਿਚ ਬੜਾ ਭਾਰਾ ਕਾਲ ਪਿਆ, ਅਤੇ ਬਠਿੰਡਾ ਉੱਜੜ ਗਿਆ, ਜਿਸ ਕਰਕੇ ਭਾਈ ਮੂਲ ਚੰਦ ਜੀ ਸੁਨਾਮ ਆ ਰਹੇ, ਸ: ਰਾਮ ਸਿੰਘ ਜੀ ਆਪ ਦੇ ਬਚਨਾਂ ਉਤੇ ਬੜਾ ਭਰੋਸਾ ਸੀ ਅਤੇ ਏਸੇ ਤਰ੍ਹਾਂ ਆਪ ਦੀ ਉਲਾਦ ਭਾਈ ਮੂਲ ਚੰਦ ਜੀ ਦੀ ਬੜੀ ਮਾਨਤਾ ਕਰਦੀ ਸੀ।

ਇਨ੍ਹੀਂ ਹੀ ਦਿਨੀਂ ਭਦੌੜ ਪਿੰਡ ਸੰਤ ਚਰਨ ਦਾਸ ਨਾਮੇਂ ਇਕ ਗੁਰੂ ਕੇ ਸਿਖ ਆ ਟਿਕੇ, ਜਿਨ੍ਹਾਂ ਦੇ ਦਰਸ਼ਨਾਂ ਲਈ ਭਾਈ ਮੂਲ ਚੰਦ ਜੀ ਸੁਨਾਮ ਵਾਲੇ ਭਦੌੜ ਆਇਆ ਕਰਦੇ ਸਨ। ਇਕ ਦਿਨ ਸਾਰੇ ਭਾਈ ਸੰਤ ਚਰਨ ਦਾਸ ਜੀ ਦੀ ਸੇਵਾ ਵਿਚ ਬੈਠੇ ਸਨ, ਅਤੇ ਭਾਈ ਮੂਲ ਚੰਦ ਜੀ ਵੀ ਓਥੇ ਹੀ ਸਨ, ਕਿ ਸੰਤ ਚਰਨ ਦਾਸ ਜੀ ਨੇ ਬਚਨ ਕੀਤਾ, ਕਿ ਇਨ੍ਹਾਂ ਭਰਾਵਾਂ ਵਿਚੋਂ ਇਕ ਨੇ ਰਾਜਾ ਬਣਨਾ ਹੈ। ਇਹ ਕਦੇ ਰੁਪਏ

---

*ਮੁਕਦਮਾ ਭਾਈ ਰੂਪਾ। ਇਕ ਪੁਰਾਣੇ ਕਾਗਜ਼ ਵਿਚ ਇੰਨਾਂ ਲਿਖਿਆ ਹੈ ਕਿ ਸੰਮਤ ੧੭੭੪ ਬਿ: ਵਿਚ ਰਾਏ ਤਖਤ ਮਲ ਕਾਂਗੜ ਵਾਲੇ ਨੇ ਇਹ ਪਿੰਡ ਬੱਧਾ ਅਤੇ ਭਾਈ ਰੂਪੇ ਦੀ ਉਲਾਦ ਵਿਚੋਂ ਭਾਈ ਦਾਨ ਨੂੰ ਇਥੇ ਬੈਠਾ ਦਿਤਾ। ਇਕ ਪਤੀ ਉਤੇ ਰਾਏ ਨੇ ਆਪਣਾ ਕਬਜ਼ਾ ਰੱਖਿਆ, ਅਤੇ ਸੰਧੂ ਜਿਮੀਦਾਰ ਵਸਾਏ, ਅਤੇ ਦੂਜੀ ਪੱਤੀ ਉਤੇ ਚੌਧਰੀ ਤਰਲੋਕ ਸਿੰਘ ਜੀ ਦਾ ਕਬਜ਼ਾ ਹੋਇਆ, ਜਿਨ੍ਹਾਂ ਨੇ ਆਪਣੇ ਹਿਸੇ ਵਿਚੋਂ ਕੁਝ ਹਿਸਾ ਭਾਈਆਂ ਨੂੰ ਪੁੰਨ ਕਰ ਦਿਤਾ। ਏਸੇ ਤਰ੍ਹਾਂ ਮਹਾਰਾਜਾ ਆਲਾ ਸਿੰਘ ਜੀ ਨੇ ਵੀ ਆਪਣਾ ਛੋਟਾ ਹਿਸਾ ਭਾਈਆਂ ਨੂੰ ਪੁੰਨ ਕਰ ਦਿਤਾ।

Digitized by Panjab Digital Library | www.panjabdigilib.org

ਨਹੀਂ ਦਬਣੇ ਬਲਕਿ ਇਸਤਰੀ ਮਾਤਰ ਨੂੰ ਆਪਣੀ ਧੀ ਭੈਣ ਸਮਝਣਾ; ਅਤੇ ਜੋ ਗੋਫਾ ਕਰਤਾਰ ਬਖਸ਼ੇ, ਉਸ ਨੂੰ ਲੰਗਰ ਵਿਚ ਲਾਉਣਾ; ਕਿਉਂ ਜੋ ਦੇਗ਼ ਚਲੇ, ਤਾਂ ਤੇਗ਼ ਵਿਚ ਬਰਕਤ ਪੈਂਦੀ ਹੈ।

ਮਹਾਰਾਜਾ ਆਲਾ ਸਿੰਘ ਜੀ ਅਖ਼ੀਰ ਉਮਰ ਤੀਕ ਇਨ੍ਹਾਂ ਦੋਹਾਂ ਨਸੀਹਤਾਂ ਉਤੇ ਚਲਦੇ ਰਹੇ; ਅਤੇ ਐਤਨੀ ਪ੍ਰਭਤਾ ਪਾ ਕੇ ਭੀ ਆਪ ਨੇ ਕਦੇ ਪਰਾਈ ਇਸਤਰੀ ਵਲ ਬੁਰੀ ਨਜ਼ਰ ਨਾ ਕੀਤੀ। ਇਕ ਸਮੇਂ ਲੌਂਗੋਵਾਲ ਆਪ ਕੋਠੇ ਦੀ ਛੱਤ ਉਤੇ ਖੜੇ ਸਨ ਕਿ ਆਪ ਦੀ ਨਜ਼ਰ ਗਵਾਂਢੀ ਤਰਖਾਣ ਦੀ ਜਵਾਨ ਲੜਕੀ ਉਤੇ ਪੈ ਗਈ, ਜੋ ਉਸ ਸਮੇਂ ਕੇਸ਼ੀ ਅਸ਼ਨਾਨ ਕਰ ਰਹੀ ਸੀ। ਆਪ ਉਸ ਵੇਲੇ ਕੋਠੇ ਤੇ ਉਤਰ ਆਏ, ਅਤੇ ਤਰਖਾਣ ਨੂੰ ਸਾਰੀ ਗਲ ਸੁਣਾ ਕੇ ਕਹਿਆ, ਕਿ ਉਹ ਬੀਬੀ ਸਾਡੀ ਲੜਕੀ ਹੈ, ਉਸ ਦੇ ਵਿਆਹ ਦਾ ਸਾਰਾ ਖਰਚ ਅਸੀਂ ਆਪਣੇ ਪਾਸੋਂ ਕਰਾਂਗੇ। ਸੋ ਉਸ ਦਾ ਵਿਆਹ ਹੋਇਆ, ਤਾਂ ਸਾਰਾ ਖਰਚ ਮਹਾਰਾਜਾ ਆਲਾ ਸਿੰਘ ਜੀ ਨੇ ਆਪਣੇ ਪਾਸੋਂ ਕੀਤਾ।

ਲੰਗਰ ਮਹਾਰਾਜ ਜੀ ਦਾ ਅਤੁਟ ਚਲਦਾ ਸੀ, ਅਤੇ ਲੰਗਰ ਦੀ ਸੇਵਾ ਮਾਈ ਫੱਤੋ ਜੀ ਆਪ ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਮਹਾਰਾਜ ਜੀ ਦੀ ਸੋਭਾ ਦੂਰ ਦੂਰ ਤੀਕ ਹੋ ਗਈ, ਅਤੇ ਦੂਰੋਂ ਦੂਰੋਂ ਚੁਣਵੇਂ ਜਵਾਨ ਤੇ ਸੂਰਮੇ, ਅਤੇ ਸੋਹਣੇ ਸੋਹਣੇ ਘੋੜੇ ਆਪ ਪਾਸ ਆਉਣ ਲਗ ਪਏ। ਜਿਨ੍ਹਾਂ ਘੋੜੀਆਂ ਦਾ ਹਿਸਾ ਮੰਗਣ ਲਗਾ। ਮਹਾਰਾਜ ਜੀ ਨੇ ਨਾਂਹ ਕੀਤੀ; ਅਤੇ ਸੰਤ ਚਰਨ ਦਾਸ ਜੀ ਦੇ ਬਚਨਾਂ ਅਨੁਸਾਰ ਭਦੌੜ ਨੂੰ ਛਡ ਦੇਣ ਦੀ ਸਲਾਹ ਕਰ ਲਈ।

ਮਹਾਰਾਜ ਆਲਾ ਸਿੰਘ ਜੀ ਨੇ ਬਰਨਾਲੇ ਦੀ ਥੇਹ ਦੀ ਮੋਰ ਤਾਂ ਕੁਝ ਕੁ ਸਮਾਂ ਪਹਿਲਾਂ ਤੋਂ ਹੀ ਕੀਤੀ ਹੋਈ ਸੀ, ਪਰ ਹੁਣ ਓਥੇ ਜਾ ਵਸਣ ਦੀ ਸਲਾਹ ਕਰ ਲਈ। ਇਸ ਥੇਹ ਦੇ ਪਾਸ ਹੀ ਸੰਘੇੜਾ ਪਿੰਡ ਸੀ, ਜਿਥੋਂ ਦਾ ਬੀਰ ਭਾਨ ਚੌਧਰੀ ਮਹਾਰਾਜ ਜੀ ਦਾ ਅਨੁਸਾਰੀ ਸੀ, ਅਤੇ ਕੋਟਲੇ ਵਾਲਿਆਂ ਦੇ ਹਥੋਂ ਤੰਗ ਹੋਣ ਕਰਕੇ ਚਾਹੁੰਦਾ ਸੀ, ਕਿ ਸਾਡੇ

Digitized by Panjab Digital Library | www.panjabdigilib.org

ਗਵਾਂਢ ਕੋਈ ਤਕੜਾ ਸੂਰਮਾ ਆ ਜਾਵੇ, ਜਿਸ ਦੀ ਛਤਰ ਛਾਇਆ ਹੇਠ ਅਸੀਂ ਅਰਾਮ ਨਾਲ ਦਿਨ ਕੱਟ ਸਕੀਏ । ਸੋ ਉਸ ਨੇ ਵੀ ਬਰਨਾਲਾ ਅਬਾਦ ਕਰਨ ਦੀ ਸਲਾਹ ਦਿਤੀ, ਜਿਸ ਕਰਕੇ ਮਹਾਰਾਜ ਆਲਾ ਸਿੰਘ ਜੀ ਨੇ ਮੋਹੜੀ ਗੱਡ ਦਿਤੀ, ਅਗੇ ਲਈ ਭਦੌੜ ਨੂੰ ਛਡ ਕੇ ਬਰਨਾਲੇ ਹੀ ਰਹਿਣ ਲਗ ਪਏ। ਇਹ ਗਲ ਸੰਮਤ ੧੭੭੯ ਬਿ: ਦੀ ਹੈ। ਲਗ ਪਗ ਇਸੇ ਸਮੇਂ ਸ: ਬਖਤਾ ਸਿੰਘ ਨੇ ਭਦੌੜੋਂ ਉਠ ਕੇ ਸ਼ਹਿਣੇ ਮੋੜ੍ਹੀ ਜਾ ਗਡੀ।

ਬਰਨਾਲੇ ਦੇ ਥੇਹ ਉਤੇ ਮਲੇਰੀਆਂ ਦੀ ਮੋਰ ਸੀ, ਸੋ ਉਨ੍ਹਾਂ ਨੇ ਰੋਕ ਪਾਉਣੀ ਚਾਹੀ, ਪਰ ਥੋੜੇ ਚਿਰ ਮਗਰੋਂ ਉਹ ਆਪ ਹੀ ਚੁਪ ਹੋ ਗਏ। ਮਹਾਰਾਜ ਜੀ ਪਾਸ ਤੱਪੇ ਪਿੰਡ ਦਾ ਲਖਣਾ ਡੋਗਰ ਰਹਿੰਦਾ ਸੀ, ਜੋ ਬੜਾ ਜੋਧਾ ਤੇ ਮਾਰ ਖੋਰ ਹੋਣ ਕਰਕੇ ਪਿੰਡੋਂ ਕਢਿਆ ਹੋਇਆ ਸੀ। ਇਸ ਦੀ ਸਲਾਹ ਨਾਲ ਮਹਾਰਾਜ ਜੀ ਨੇ ਤੱਪੇ ਪਿੰਡ ਉਤੇ ਆਪਣਾ ਕਬਜ਼ਾ ਕਰ ਲਿਆ, ਅਤੇ ਫਿਰ ਥੋੜੇ ਹੀ ਚਿਰ ਮਗਰੋਂ ਤਪੇ ਪਾਸ ਤਾਜੋ ਪਿੰਡ ਨੂੰ ਮਲ ਲਿਆ।

ਇਸ ਸਮੇਂ ਤੀਕ ਇਹ ਚਾਰੇ ਭਾਈ ਤੇ ਚੌਧਰੀ ਕੇ ਸਰਕਾਰੀ ਮਾਂਬਲਾ ਸਰਕਾਰੇ ਤਾਰ ਦਿਆ ਕਰਦੇ ਸਨ, ਅਤੇ ਆਪਣੇ ਵਾਸਤੇ ਹੋਏ, ਤੇ ਮੱਲੇ ਹੋਏ, ਪਿੰਡਾਂ ਦੀ ਆਮਦਨ ਆਪ ਖਾਇਆ ਕਰਦੇ ਸਨ। ਚੌਧਰੀ ਤਲੋਕ ਸਿੰਘ ਜੀ ਅਜੇ ਜੀਉਂਦੇ ਸਨ; ਅਤੇ ਆਪ ਦਾ ਵੱਡਾ ਪੁਤਰ ਚੌਧਰੀ ਗੁਰਦਿਤ ਸਿੰਘ ਧਨੌਲੇ ਰਹਿੰਦਾ ਸੀ, ਅਤੇ ਛੋਟੇ ਪੁਤਰ ਸੁਖਚੈਨ ਨੂੰ ਆਪ ਨੇ ਬਾਲਾਂ ਵਾਲੀ ਪਿੰਡ ਅਬਾਦ ਕਰ ਦਿਤਾ ਸੀ। ਸਰਦਾਰ ਰਾਮ ਸਿੰਘ ਜੀ ਦੀ ਉਲਾਦ ਵਿਚੋਂ ਸਰਦਾਰ ਦੂਨਾ ਸਿੰਘ ਚੌਧਰੀ ਸੀ, ਸੋ ਅਠੱਤ੍ਰੇ ਦੀ ਬਾਕੀ ਦੇ ਕਾਰਨ ਇਸ ਨੂੰ ਸਣੇ ਇਸ ਦੇ ਦੂਜੇ ਪੁਤਰ ਦਾਊ ਸਿੰਘ ਦੇ ਕੈਦ ਕਰ ਦਿਤਾ ਗਿਆ। ਦਾਊ ਸਿੰਘ ਕੈਦ ਵਿਚ ਹੀ ਸੰਮਤ ੧੭੮੦ ਬਿ: ਨੂੰ ਗੁਜ਼ਰ ਗਿਆ, ਅਤੇ ਚੌਧਰੀ ਦੂਨਾ ਸਿੰਘ ਦੀ ਦੂਜੀ ਸਰਦਾਰਨੀ ਮਾਈ ਬਖ਼ਤੋ ਦਾ ਭਾਈ ਭਦੌੜ ਆ ਕੇ ਆਪਣੀ ਭੈਣ ਤੇ

Digitized by Panjab Digital Library | www.panjabdigilib.org

ਭਾਣਜੇ ਸੁਮਾਂ ਸਿੰਘ ਨੂੰ ਬੰਗੇਹਰ ਲੈ ਗਿਆ, ਅਤੇ ਜਾਣ ਲਗਾ ਘਰ ਵਿਚ ਹੀ ਹੁੰਝਾ ਫੇਰ ਗਿਆ। ਚੌਧਰੀ ਦੂਨਾ ਸਿੰਘ ਕੁਝ ਚਿਰਾਂ ਮਗਰੋਂ ਛੁਟ ਆਇਆ, ਅਤੇ ਸੰਮਤ ੧੭੮੩ ਬਿ: ਵਿਚ ਭਦੌੜ ਗੁਜਰ ਗਿਆ* ।

ਸਰਦਾਰ ਰਾਮ ਸਿੰਘ ਜੀ ਦੀ ਉਲਾਦ ਦੀ ਪ੍ਰਭਿਤਾ ਜਦ ਦਿਨੋਂ ਦਿਨ ਵਧਣ ਲਗੀ, ਤਾਂ ਇਨ੍ਹਾਂ ਚੋਹਾਂ ਭਰਾਵਾਂ ਨੇ ਸਲਾਹ ਕਰਕੇ ਚੌਧਰੀ ਤਲੋਕ ਸਿੰਘ ਜੀ ਪਾਸੋਂ ਸਾਂਝੇ ਪਿੰਡਾਂ ਦਾ ਹਿੱਸਾ ਲੈਣਾ ਚਾਹਿਆ। ਚੌਧਰੀ ਫੂਲ ਦੇ ਸਵਰਗ ਵਾਸ ਹੋਣ ਸਮੇਂ ਕੇਵਲ ਇਕ ਪਿੰਡ ਦੀ ਮਾਲਕੀ ਸੀ, ਅਤੇ ਸਰਦਾਰ ਰਾਮ ਸਿੰਘ ਜੀ ਦੇ ਸਵਰਗ ਵਾਸ ਹੋਣ ਸਮੇਂ ਯਾਰਾਂ ਪਿੰਡਾਂ ਦੀ। ਇਨ੍ਹਾਂ ਯਾਰਾਂ ਪਿੰਡਾਂ ਵਿਚੋਂ ਅਠ ਦਸ ਪਿੰਡਾਂ ਉਤੇ ਚੌਧਰੀਕਿਆਂ ਦਾ ਹੀ ਕਬਜ਼ਾ ਸੀ; ਪਰ ਸਰਦਾਰ ਰਾਮ ਸਿੰਘ ਜੀ ਦੇ ਦੁਲਾਰੇ ਕਹਿੰਦੇ ਸਨ, ਕਿ ਇਨ੍ਹਾਂ ਵਿਚੋਂ ਸਾਨੂੰ ਵੀ ਪੂਰਾ ਹਿੱਸਾ ਮਿਲੇ।

ਚੌਧਰੀ ਤਲੋਕ ਸਿੰਘ ਜੀ ਵੇਖਦੇ ਸਨ ਕਿ ਹੁਣ ਉਹ ਸਮਾਂ ਨਹੀਂ, ਕਿ ਜਿਸ ਤਰ੍ਹਾਂ ਸ: ਰਾਮ ਸਿੰਘ ਜੀ ਨੂੰ ਧੱਕਾ ਦੇ ਕੇ ਫੂਲੋਂ ਬਾਹਰ ਕੱਢ ਦਿਤਾ ਸੀ ਓਸੇ ਤਰ੍ਹਾਂ ਹੁਣ ਉਨ੍ਹਾਂ ਦੇ ਪੁਤਰਾਂ ਨਾਲ ਕੀਤਾ ਜਾਵੇ । ਇਸ ਲਈ ਆਪ ਧੀਰਜ ਨਾਲ ਸਾਰੀ ਗਲ ਨੂੰ ਨਜਿਠਣਾ ਚਾਹੁੰਦੇ ਸਨ, ਅਤੇ ਦੇਣਾ ਵੀ ਕੁਝ ਨਹੀਂ ਚਾਹੁੰਦੇ ਸਨ। ਸੋ ਉਨ੍ਹਾਂ ਨੇ ਧਨੌਲੇ ਦੇ ਚੌਧਰੀ ਜੋਗ ਰਾਜ ਤੇ ਕਾਲੇ ਜੱਟ ਨੂੰ ਮੁਨਸਬ ਕੀਤਾ, ਜਿਨ੍ਹਾਂ ਨੇ ਚੌਧਰੀ ਤਲੋਕ ਸਿੰਘ ਜੀ ਦੀ ਹੀ ਰਈ ਕੀਤੀ।

ਪਰ ਮਹਾਰਾਜਾ ਆਲਾ ਸਿੰਘ ਜੀ ਤੇ ਸਰਦਾਰ ਸਭਾ ਸਿੰਘ ਜੀ ਆਦਿ ਇਸ ਗਲ ਨੂੰ ਨਹੀਂ ਮੰਨਦੇ ਸਨ। ਅਤੇ ਚੌਧਰੀ ਤਲੋਕ ਸਿੰਘ ਜੀ ਨੂੰ ਇਹ ਡਰ ਸੀ, ਕਿ ਕਿਤੇ ਜੋਰ ਨਾਲ ਹੀ ਇਹ ਆਪਣਾ ਹਿੱਸਾ ਨਾ ਲੈਣਾ ਚਾਹੁਣ, ਸੋ ਆਪ ਨੇ ਇਨ੍ਹਾਂ ਦੇ ਵੈਰੀ ਸੇਮੇਂਕਿਆਂ ਸਰਦੂਲਕਿਆਂ ਨੂੰ ਫੂਲ ਵਿਚ ਵਸਾ ਲਿਆ, ਤੇ ਇਸ ਤਰ੍ਹਾਂ ਆਪਣਾ ਜੋਰ ਵਧਾ ਕੇ ਇਨ੍ਹਾਂ ਨੂੰ ਫੂਲ ਦੇ

---

*ਤਵਾਰੀਖ ਸਿਧੂ ਬਰਾੜਾਂ ਤੇ ਰਾਮਪੁਰੀਏ ਸਰਦਾਰ ਦੀ ਜ਼ਬਾਨੀ।

Digitized by Panjab Digital Library | www.panjabdigilib.org

ਹਿਸੇ ਤੋਂ ਵੀ ਜਵਾਬ ਦੇ ਦਿੱਤਾ *।

ਇਸ ਸਮੇਂ ਤੀਕ † ਫੂਲ ਕੇ ਤੀਹ ਪਿੰਡਾਂ ਦੇ ਮਾਲਕ ਹੋ ਚੁਕੇ ਸਨ, ਜਿਨ੍ਹਾਂ ਵਿਚੋਂ ਕੁਝ ਤਾਂ ਇਨ੍ਹਾਂ ਨੇ ਆਪ ਵਸਾਏ ਸਨ, ਅਤੇ ਕੁਝ ਕੁ ਇਨ੍ਹਾਂ ਨੇ ਆਪਣੇ ਜ਼ੋਰ ਨਾਲ ਮੱਲ ਲਏ ਸਨ। ਹਰ ਇਕ ਭਾਈ ਦੀ ਵੰਡ ਉਸ ਸਮੇਂ ਇਸ ਤਰ੍ਹਾਂ ਸੀ—

੨ ਪਿੰਡ ਸਾਂਝੇ ਭਦੌੜ, ਢਿਲਵਾਂ।

੧੦ ਪਿੰਡ ਚੌਧਰੀਕਿਆਂ ਦੇ—ਫੂਲ, ਸੇਲਬਰਾਹ, ਪੱਖੋਕੇ, ਗਿੱਲ, ਪਿੱਥੋਕੇ; ਬੱਲੋਕੇ, ਧਨੌਲਾ, ਭੰਦੇਰ ਤੇ ਬਾਲਾਂ ਵਾਲੀ।

੧੮ ਪਿੰਡ ਸ਼ਰਦਾਰ ਰਾਮ ਸਿੰਘ ਜੀ ਦੀ ਉਲਾਦ ਪਾਸ—

੪ ਪਿੰਡ ਚੌਧਰੀ ਦੁੱਨਾ ਸਿੰਘ ਦੇ—ਰਾਮਪੁਰਾ, ਭਦੌੜ, ਰਾਈਕੇ ਤੇ ਬਲੋਕੇ।

੭॥ ਪਿੰਡ ਸ੍ਰ: ਸੱਭਾ ਸਿੰਘ ਦੇ—ਢਬਾਲੀ, ਖੁੱਡੀ, ਹੰਢਿਆਇਆ, ਗੰਜਾ ਧਨੌਲਾ, ਫਰਵਾਹੀ ਘੁੰਨਸ, ਮੈਹਤਾ, ਅੱਧਾ ਆਕਲੀਆ।

੩॥ ਪਿੰਡ ਮਹਾਰਾਜਾ ਆਲਾ ਸਿੰਘ ਜੀ ਦੇ— } ਬਰਨਾਲਾ, ਤਪਾ, ਤਾਜੋ, ਅਧਾ ਆਕਲੀਆ।

੩ ਪਿੰਡ ਸ੍ਰ: ਬਖਤਾ ਸਿੰਘ ਦੇ— ਸ਼ਹਿਣਾ, ਅਲੀਕੇ। ਜੇਠੂ ਕੇ‡।

---

*ਐਹਵਾਲ ਮਰ੍ਹਾਜਕਿਆਂ; ਯਾਦਦਾਸ਼ਤ ਸ: ਰਾਜੂ ਸਿੰਘ।

†ਸੰਮਤ ੧੭੮੦ ਵੇਖੋ ਨਕਸ਼ਾ ਨੰ: ੭।

‡ ਯਾਦਾਸ਼ਤ ਸਰਦਾਰ ਰਾਜੂ ਸਿੰਘ।

Digitized by Panjab Digital Library | www.panjabdigilib.org

ਚੌਧਰੀਕਿਆਂ ਦਾ ਜਿਤਨਾ ਕਬਜ਼ਾ ਸੀ, ਉਹ ਸਾਰਾ ਇਨ੍ਹਾਂ ਦਾ ਆਪਣਾ ਅਬਾਦ ਕੀਤਾ ਹੋਇਆ ਸੀ, ਪਰ ਸ: ਰਾਮ ਸਿੰਘ ਜੀ ਦੀ ਉਲਾਦ ਪਾਸ ਜੋ ਪਿੰਡ ਸਨ, ਉਨ੍ਹਾਂ ਵਿਚੋਂ ਨੌਂ ਪਿੰਡ ਇਨਾਂ ਦੇ ਅਬਾਦ ਕੀਤੇ ਹੋਏ, ਅਤੇ ਨੌਂ ਪਿੰਡ ਇਨ੍ਹਾਂ ਦੇ ਮੱਲੇ ਹੋਏ ਸਨ।

ਇਸ ਸਮੇਂ ਇਹ ਸਾਰਾ ਇਲਾਕਾ ਵੈਰਾਨ ਹੀ ਪਿਆ ਸੀ, ਕੇਵਲ ਟਾਵੇਂ ਟਾਵੇਂ ਹੀ ਪਿੰਡ ਸਨ। ਹੰਢਿਆਏ ਤੇ ਬਰਨਾਲੇ ਦੇ ਵਿਚਕਾਰ ਬੇਰੀਆਂ ਦਾ ਐਸਾ ਸੰਘਣਾ ਜੰਗਲ ਸੀ, ਕਿ ਸਵਾਰ ਲਈ ਇਸ ਵਿਚ ਦੀ ਲੰਘਣਾ ਅਨਹੋਣੀ ਗੱਲ ਸੀ, ਕੇਵਲ ਪੈਦਲ ਆਦਮੀ ਹੀ ਲੰਘ ਸਕਦਾ ਸੀ। ਪਾਣੀ ਦੀਆਂ ਵਡੀਆਂ ਢਾਬਾਂ ਕੇਵਲ ਤਿੰਨ ਸਨ:–ਇਕ ਰਾਏਸਰ, ਜੋ ਰਾਜਪੂਤਾਂ ਦੇ ਕਬਜੇ ਵਿਚ ਸੀ, ਦੂਜੀ, ਤਪੇ, ਅਤੇ ਤੀਜੀ ਸੇਖੇਂ, ਜੋ ਮਲੇਰੀਆ ਦੇ ਤਹਿਤ ਸੀ। ਇਸ ਸਮੇਂ ਮਲੇਰੀਆਂ ਵਲੋਂ ਸ਼ੇਖ ਅਜ਼ੀਜ਼ ਸੇਖੇ, ਅਤੇ ਸ਼ੇਖ ਜਲਾਲ ਜਲੂਰ ਥਾਣੇਦਾਰ ਸਨ, ਅਤੇ ਇਨ੍ਹਾਂ ਨੇ ਹੀ ਸੰਮਤ ੧੭੮੧ ਬਿਕਰਮੀ ਵਿਚ ਇਹ ਪਿੰਡ ਅਬਾਦ ਕੀਤੇ ਸਨ †।

ਇਸ ਸਮੇਂ ਜਿਤਨੇ ਪਿੰਡਾਂ ਉਤੇ ਫੂਲਕਿਆਂ ਦਾ ਕਬਜ਼ਾ ਸੀ, ਉਨ੍ਹਾਂ ਦੀ ਉੱਤਰੋ ਹੱਦ ਬਰਾੜਾਂ, ਕਾਂਗੜ ਦੇ ਧਾਲੀਵਾਲਾਂ ਤੇ ਹਠੂਰ ਦੇ ਰਾਜਪੂਤਾਂ ਨਾਲ ਲਗਦੀ ਸੀ; ਪੂਰਬ ਵਲ ਮਲੇਰੀਆਂ ਦੇ ਪਿੰਡ ਸਨ, ਦੱਖਣ ਵਲ ਚਾਹਲਾਂ ਤੇ ਸਾਬਕਿਆਂ ਦਾ ਇਲਾਕਾ ਸੀ; ਅਤੇ ਪੱਛੋਂ ਵਲ ਮਰ੍ਹਾਜ ਕੇ ਸਨ। ਚੌਧਰੀ ਫੂਲ ਦੇ ਸਮਾਉਣ ਸਮੇਂ ਇਨ੍ਹਾਂ ਪਾਸ ਕੇਵਲ ਪਿੰਡ ਫੂਲ ਸੀ, ਅਤੇ ਸਰਦਾਰ ਰਾਮ ਸਿੰਘ ਜੀ ਦੇ ਸਮਾਉਣ ਸਮੇਂ ਕੇਵਲ ੧੧ ਪਿੰਡ, ਜਿਨ੍ਹਾਂ ਵਿਚੋਂ ਦੋ ਪਿੰਡ ਸਾਂਝੇ, ਤੇ ਇਕ ਪਿੰਡ ਰਾਮ ਪੁਰਾ, ਸ: ਰਾਮ ਸਿੰਘ ਜੀ ਦੀ ਉਲਾਦ ਪਾਸ ਸੀ। ਸੰਮਤ ੧੭੭੦ ਦੇ ਕਾਲ ਤੋਂ ਮਗਰੋਂ ਸ: ਰਾਮ ਸਿੰਘ ਜੀ ਦੀ ਉਲਾਦ ਨੇ ਥੇਹ ਅਬਾਦ ਕਰਨੇ ਅਰੰਭੇ, ਪਰ ਫੇਰ ਸਭ ਮੇਰਾਂ ਨੂੰ ਛੱਡ ਦਿਤਾ। ਈਸੇ ਖਾਂ ਦੇ ਮੋਇਆਂ

---

†ਸੇਖੇ ਤੇ ਹੰਢਿਆਏ ਦੇ ਲੋਕਾਂ ਦੀ ਜ਼ਬਾਨੀ।

Digitized by Panjab Digital Library | www.panjabdigilib.org

ਇਨ੍ਹਾਂ ਨੇ ਫੇਰ ਹੰਭਲਾ ਮਾਰਿਆ, ਅਤੇ ਸੰਮਤ ੧੭੭੯ ਦੇ ਕਾਲ ਤੋਂ ਮਗਰੋਂ ਇਹ ਐਤਨੇ ਤਕੜੇ ਹੋ ਗਏ, ਕਿ ਜਦ ਤੀਕ ਇਨ੍ਹਾਂ ਦੀਆਂ ਹੱਦਾਂ ਇਨ੍ਹਾਂ ਤੋਂ ਤਕੜਿਆਂ ਨਾਲ ਨਾ ਜਾ ਲਗੀਆਂ, ਇਹ ਆਪਣਾ ਇਲਾਕਾ ਵਧਾਈ ਹੀ ਗਏ।

—o—

Digitized by Panjab Digital Library | www.panjabdigilib.org

# ਤਾਕਤ ਦਾ ਵਾਧਾ

(ਸੰਨ ੧੭੮੧ ਤੋਂ ੧੭੯੧ ਤੀਕ)

ਮਹਾਰਾਜਾ ਆਲਾ ਸਿੰਘ ਜੀ ਭਾਈ ਮੂਲ ਚੰਦ ਜੀ ਸੁਨਾਮ ਵਾਲਿਆਂ ਦੇ ਬੜੇ ਸ਼ਰਧਾਲੂ ਸਨ, ਅਤੇ ਉਨ੍ਹਾਂ ਦੇ ਬਚਨਾਂ ਉਤੇ ਬੜਾ ਭਰੋਸਾ ਰਖਦੇ ਸਨ। ਇਕ ਵਾਰ ਇਕ ਗ਼ਰੀਬ ਬ੍ਰਾਹਮਣ ਭਾਈ ਮੂਲ ਚੰਦ ਜੀ ਪਾਸ ਆਇਆ, ਅਤੇ ਬੇਨਤੀ ਕੀਤੀ, ਕਿ ਮੈਂ ਗਰੀਬ ਹਾਂ, ਅਤੇ ਮੇਰੀ ਕੰਨਿਆਂ ਵਰ-ਪ੍ਰਾਪਤ ਹੋ ਗਈ ਹੈ, ਇਸ ਲਈ ਕੁਝ ਸਹਾਇਤਾ ਕਰਵਾ ਦੇਵੋ। ਭਾਈ ਸਾਹਿਬ ਜੀ ਬ੍ਰਾਹਮਣ ਨੂੰ ਆਪਣੇ ਨਾਲ ਲੈ ਕੇ ਬਰਨਾਲੇ ਆਏ, ਅਤੇ ਮਹਾਰਾਜਾ ਆਲਾ ਸਿੰਘ ਜੀ ਨੂੰ ਕਿਹਾ, ਕਿ ਇਸ ਬ੍ਰਾਹਮਣ ਨੂੰ ਜੋ ਕੋਈ ਜਿਤਨੇ ਰੁਪੈ ਦੇਵੇਗਾ, ਉਸ ਨੂੰ ਕਰਤਾਰ ਉਤਨੇ ਹੀ ਪਿੰਡ ਦੇਵੇਗਾ। ਮਹਾਰਾਜਾ ਆਲਾ ਸਿੰਘ ਜੀ ਨੇ ਮਾਈ ਫੱਤੋ ਜੀ ਨੂੰ ਕਿਹਾ, ਕਿ ਘਰ ਜੋ ਰੁਪੈ ਹਨ, ਉਨ੍ਹਾਂ ਵਿਚੋਂ ਭਾਈ ਜੀ ਨੂੰ ਲਿਆ ਕੇ ਦੇਵੋ। ਮਾਈ ਫੱਤੋ ਜੀ ਖੈਲੀ ਹੀ ਲੈ ਆਏ, ਤੇ ਸਾਈ ਜੀ ਦੇ ਚਰਨਾਂ ਉਤੇ ਰਖ ਦਿਤੀ। ਜਾਂ ਭਾਈ ਜੀ ਨੇ ਪੁਛਿਆ, ਕਿ ਕਿਤਨੇ ਰੁਪੈ ਹਨ, ਤਾਂ ਮਾਈ ਜੀ ਨੇ ਬੇਨਤੀ ਕੀਤੀ, ਕਿ ਗਿਣੇ ਨਹੀਂ, ਅਣਗਿਣੇ ਹੀ ਹਨ। ਤਾਂ ਬਚਨ ਹੋਇਆ ਕਿ ਅਣਗਿਣਤ ਹੀ ਪਿੰਡ ਮਿਲਣਗੇ †।

ਸੰਮਤ ੧੭੮੪ ਬਿਕਰਮੀ ਵਿਚ ਮਹਾਰਾਜ ਆਲਾ ਸਿੰਘ ਜੀ ਨੇ ਲੌਂਗੋਵਾਲ ਦਾ ਥੇਹ ਜਾ ਵਸਾਇਆ; ਅਤੇ ਮੋਹੜੀ ਗੱਡ ਕੇ ਇਕ ਚੁਖੰਡੀ ਵੀ ਬਣਾ ਦਿਤੀ। ਮਗਰੋਂ ਹੀ ਢੱਡਰੀ ਪਿੰਡ ਦਾ ਜ਼ਿਮੀਂਦਾਰ ਆਇਆ, ਤੇ ਕਹਿਣ ਲਗਾ, ਕਿ ਇਹ ਥੇਹ ਮੇਰਾ ਹੈ, ਮੈਂ ਹੀ ਇਸ ਨੂੰ ਆਬਾਦ ਕਰਾਂਗਾ। ਇਹ ਕਹਿ ਕੇ ਮੋੜ੍ਹੀ ਪੁਟ ਕੇ ਖੂਹ ਵਿਚ ਸੁਟ ਦਿਤੀ,

---

†ਸਾਖੀਆਂ ਭਾਈ ਮੂਲ ਚੰਦ ਜੀ।

Digitized by Panjab Digital Library | www.panjabdigilib.org

ਅਤੇ ਚੁਖੰਡੀ ਦੀ ਕੰਧ ਦਾ ਡਲਾ ਡਲਾ ਕਰ ਦਿਤਾ। ਮਹਾਰਾਜਾ ਆਲਾ ਸਿੰਘ ਜੀ ਸੁਨਾਮ ਭਾਈ ਮੂਲ ਚੰਦ ਜੀ ਪਾਸ ਗਏ, ਕਿਉਂ ਜੋ ਆਪ ਦੇ ਬਚਨ ਅਨੁਸਾਰ ਹੀ ਮਹਾਰਾਜ ਜੀ ਨੇ ਲੌਂਗੋਵਾਲ ਦੀ ਮੋੜ੍ਹੀ ਗੱਡੀ ਸੀ; ਤਾਂ ਬਚਨ ਹੋਇਆ, ਕਿ ਤੇਰੀ ਮੋੜ੍ਹੀ ਦੀਆਂ ਜੜ੍ਹਾਂ ਸਗੋਂ ਪਤਾਲ ਲਗ ਗਈਆਂ ਹਨ, ਅਤੇ ਤੇਰੀ ਚੁਖੰਡੀ ਦੀਆਂ ਜਿਤਨੀਆਂ ਛੀਮਾਂ ਹੋਈਆਂ ਹਨ, ਤੁਸੀਂ ਉਤਨੀਆਂ ਹੀ ਗੜ੍ਹੀਆਂ ਦੇ ਮਾਲਕ ਬਣੋਗੇ। ਸੋ ਦੂਜੀ ਵਾਰ ਜਦ ਮੋੜ੍ਹੀ ਗਡੀ, ਤਾਂ ਕਿਸੇ ਨੇ ਨਾਂਹ ਨੁੱਕਰ ਨਾ ਕੀਤੀ, ਅਤੇ ਪਿੰਡ ਸੁਖ ਸਾਂਦ ਨਾਲ ਵਸ ਪਿਆ।

ਚੂੰਕਿ ਇਹ ਪਿੰਡ ਸਰਹੱਦ ਉਤੇ ਸੀ, ਇਸ ਲਈ ਮਹਾਰਾਜਾ ਆਲਾ ਸਿੰਘ ਜੀ ਬਹੁਤਾ ਇਥੇ ਈ ਰਿਹਾ ਕਰਦੇ ਸਨ। ਭਾਈ ਦਿਆਲ ਦਾਸ ਜੀ ਭੁਚੋਕਿਆਂ ਵਾਲਿਆਂ ਦਾ ਆਪ ਨੂੰ ਬਚਨ ਸੀ, ਕਿ ਤੁਸਾਂ ਕਿਸੇ ਦਿਨ ਨੂੰ ਰਾਜੇ ਬਣਨਾ ਹੈ, ਉਸ ਸਮੇਂ ਇਨ੍ਹਾਂ ਦੋ ਗੱਲਾਂ ਨੂੰ ਨਾਂ ਭੁਲਣਾ, ਕਿ ਇਹੋ ਹੀ ਸਿਖੀ ਦੀ ਜੜ ਹਨ। ਇਕ ਤਾਂ ਪਰਾਈ ਇਸਤ੍ਰੀ ਵਲ ਕਦੇ ਬੁਰੀ ਨਜ਼ਰ ਨਹੀਂ ਕਰਨੀ, ਅਤੇ ਦੂਜੇ ਧਰਤੀ ਵਿਚ ਗਲ ਸੁਣ ਕੇ ਮਹਾਰਾਜ ਆਲਾ ਸਿੰਘ ਜੀ ਨੇ ਬੇਨਤੀ ਕੀਤੀ, ਕਿ ਕਿਸ ਭਰਾ ਨੇ ਰਾਜਾ ਬਣਨਾ ਹੈ, ਤਾਂ ਜੋ ਅਸੀਂ ਬਾਕੀ ਸਾਰੇ ਭਰਾ ਉਸ ਦੀ ਤਾਬੇਦਾਰੀ ਕਰੀਏ। ਤਿੰਨ ਵਾਰ ਮਹਾਰਾਜ ਆਲਾ ਸਿੰਘ ਜੀ ਨੇ ਇਹੋ ਬੇਨਤੀ ਕੀਤੀ, ਪਰ ਸੰਤ ਚਰਨ ਦਾਸ ਜੀ ਚੁਪ ਹੀ ਰਹੇ। ਤਦ ਪਾਸੋਂ ਭਾਈ ਮੂਲ ਚੰਦ ਜੀ ਨੇ ਬਚਨ ਕੀਤਾ, ਕਿ ਜੋ ਪੁਛਦਾ ਹੈ, ਓਹੋ ਰਾਜਾ ਹੋਵੇਗਾ। ਇਸ ਗਲੋਂ ਮਹਾਰਾਜਾ ਜੀ ਨੂੰ ਪੱਕਾ ਨਿਸਚਾ ਹੋ ਗਿਆ, ਕਿ ਅਸਾਂ ਕਿਸੇ ਦਿਨ ਰਾਜੇ ਬਣ ਜਾਣਾ ਹੈ, ਇਸ ਲਈ ਉਨ੍ਹਾਂ ਨੇ ਕੋਈ ਨਵਾਂ ਪਿੰਡ ਬੰਨ੍ਹਣ ਦੀ ਨੀਤ ਧਾਰ ਲਈ*।

ਸੰਮਤ ੧੭੭੮ ਬਿ: ਵਿਚ ਬੜਾ ਭਾਰਾ ਕਾਲ ਪਿਆ, ਜਿਸ ਤੇ ਲੋਕਾਂ ਨੂੰ ਇਕਵੰਝੇ ਦਾ ਕਾਲ ਵੀ ਭੁਲਾ ਦਿਤਾ। ਅਤੇ ਸੱਤਰੇ (ਸੰਮਤ

---

*ਸਾਖੀਆਂ ਭਾਈ ਮੂਲ ਚੰਦ ਜੀ.

Digitized by Panjab Digital Library | www.panjabdigilib.org

੧੭੭੦) ਦੇ ਕਾਲ ਤੋਂ ਲੋਕੀ ਸੰਭਲੇ ਨਹੀਂ ਸਨ, ਕਿ ਇਸ ਅਠੱਤਰੇ ਦੇ ਕਾਲ ਨੇ ਬਾਕੀ ਵਸਦਿਆਂ ਨੂੰ ਵੀ ਉਜਾੜ ਦਿਤਾ, ਅਤੇ ਸਾਰਾ ਇਲਾਕਾ ਉਜਾੜ ਹੋ ਗਿਆ। ਚੌਧਰੀਆਂ ਦੇ ਜ਼ਿਮੇਂ ਬਾਕੀਆਂ ਟੁਟੀਆਂ, ਅਤੇ ਬਣੀ ਇਨ੍ਹਾਂ ਦੇ ਭਾ ਦੀ, ਚੌਧਰੀ ਦੁੱਨਾ ਸਿੰਘ ਮਹਾਰਾਜ ਆਲਾ ਸਿੰਘ ਜੀ ਨਾਲ ਬੜਾ ਸ਼ਰੀਕਾ ਰਖਦਾ ਸੀ, ਅਤੇ ਗੱਲੋਂ ਗੱਲੋਂ ਇਨ੍ਹਾਂ ਨੂੰ ਤੰਗ ਕੀਤਾ ਰਖਦਾ ਸੀ†। ਹੁਣ ਜਦ ਬਾਕੀ ਟੁਟੀ, ਤਾਂ ਮਹਾਰਾਜ ਜੀ ਪਾਸੋਂ ਵੀ ਟੁਟੀ ਬਾਕੀ ਦੇ ਕਾਰਨ ਸ਼ਹੀਦ ਤਾਰਾ ਸਿੰਘ ਵਾਈਆਂ ਤੇ ਆਪ ਦੇ ੨੧ ਸਾਥੀ ਵਾਂ ਪਿੰਡ ਸ਼ਹੀਦ ਹੋਏ ਸਨ, ਉਹ ਘੋੜੀਆਂ ਲਖਮੀਰ ਸਿੰਘ ਵਲਟੋਹੀਆ ਮਹਾਰਾਜਾ ਆਲਾ ਸਿੰਘ ਜੀ ਪਾਸ ਹੀ ਵੇਚ ਗਿਆ ਸੀ*।

ਬਰਨਾਲੇ ਦੇ ਪਾਸ ਸੌਂਧੇ ਖਾਂ ਰਜਪੂਤ ਦਾ ਪਿੰਡ ਨੀਮਾ ਸੀ ਅਤੇ ਉਹ ਆਪਣੇ ਗਵਾਂਢ ਮਹਾਰਾਜ ਜੀ ਦਾ ਹੋਣਾ ਚੰਗਾ ਨਹੀਂ ਸਮਝਦਾ ਸੀ। ਉਸ ਪਾਸ ਤਿੰਨ ਸੌ ਸਵਾਰ ਰਹਿੰਦੇ ਸਨ, ਅਤੇ ਰਾਏ ਕੋਟ ਵਾਲੇ ਰਾਏ ਕਲੇ ਦਾ ਰਿਸ਼ਤੇਦਾਰ ਹੋਣ ਕਰਕੇ ਉਹ ਬੜੇ ਜ਼ੋਰਾਂ ਉਤੇ ਸੀ। ਉਹ ਕਈ ਵਾਰ ਬਰਨਾਲੇ ਦੇ ਮਾਲ ਨੂੰ ਘੇਰ ਘੇਰ ਕੇ ਲੈ ਗਿਆ, ਤੇ ਕਈ ਤਰਾਂ ਨਾਲ ਮਹਾਰਾਜ ਜੀ ਨੂੰ ਤੰਗ ਕੀਤਾ, ਪਰ ਮਹਾਰਾਜਾ ਆਲਾ ਸਿੰਘ ਜੀ ਸਮਾਂ ਵਿਚਾਰ ਕੇ ਚੁਪ ਕਰ ਰਹਿੰਦੇ ਰਹੇ, ਅਤੇ ਸੌਂਧੇ ਖਾਂ ਨਾਲ ਖੁਲ੍ਹਮ ਖੁਲਾ ਵਿਗਾੜ ਨਾ ਪਾਇਆ।

ਸੰਮਤ ੧੭੮੭ ਬਿ: ਵਿਚ ਇਸ ਦੇਸ ਵਿਚ ਬੜਾ ਭਾਰੀ ਕਾਲ ਪਿਆ‡ ਅਤੇ ਅਗਲੇ ਸਾਲ ਸੰਮਤ ੧੭੮੮ ਬਿ: ਵਿਚ ਸੌਂਧੇ ਖਾਂ ਮਰ ਗਿਆ, ਤੇ ਉਸ ਦਾ ਪਾਲਕ ਨਗਾਹੀ ਖਾਂ ਪਿਛੇ ਰਹਿ ਗਿਆ। ਇਹ ਨਗਾਹੀ ਖਾਂ ਕਿਸੇ ਹਿੰਦੂ ਜੱਟ ਦਾ ਪੁਤਰ ਸੀ, ਤੇ ਸੌਂਧੇ ਖਾਂ ਨੇ ਉਸ ਨੂੰ

---

†ਵਿਸਥਾਰ ਦੇ ਹਾਲ ਲਈ ਵੇਖ ਸਾਖੀਆਂ ਭਾਈ ਮੂਲ ਚੰਦ ਜੀ।

*ਖਾਲਸਾ ਯੰਗ ਮੇਨਜ਼ ਮੈਗਜ਼ੀਨ, ਜਿਲਦ ੨ ਨੰ: ੫।

‡ ਲੋਕੀ ਅਜ ਤੀਕ ਆਖਦੇ ਹਨ:—"ਸਤ ਅਸੀਏ ਦਾ ਮਾਰਿਆ ਰੋਇਆ।"

Digitized by Panjab Digital Library | www.panjabdigilib.org

ਪੁਤਰ ਕਰਕੇ ਪਾਲਿਆ ਸੀ। ਜਦੋਂ ਸੌਂਧੇ ਖਾਂ ਮਰ ਗਿਆ ਤਾਂ ਉਸ ਦੇ ਪੁਤਾਂ ਨੇ ਨਗਾਹੀ ਖਾਂ ਨੂੰ ਨੀਮੇ ਵਿਚੋਂ ਕਢ ਦਿਤਾ, ਸੋ ਨਗਾਹੀ ਖਾਂ ਵਿਚਾਰਾ ਮਹਾਰਾਜਾ ਆਲਾ ਸਿੰਘ ਜੀ ਪਾਸ ਆਣ ਨੌਕਰ ਹਇਆ।

ਨੀਮੇ ਵਾਲਿਆਂ ਨੇ ਮਹਾਰਾਜ ਆਲਾ ਸਿੰਘ ਜੀ ਨਾਲ ਜੋ ਵਧੀਕੀਆਂ ਪਿਛੇ ਕੀਤੀਆਂ ਸਨ, ਉਨ੍ਹਾਂ ਦੇ ਲੇਖੇ ਲੈਣ ਦਾ ਹੁਣ ਸੋਹਣਾ ਵੇਲਾ ਸੀ। ਮਹਾਰਾਜ ਜੀ ਨੇ ਨਗਾਹੀ ਖਾਂ ਦੇ ਨਾਲ ਕੰਵਰ ਸਰਦੂਲ ਸਿੰਘ ਜੀ ਨੂੰ ਕੀਤਾ ਅਤੇ ਹੁਕਮ ਦਿਤਾ, ਕਿ ਨੀਮਾ ਮਾਰਕੇ ਖੇਸ ਨਾਲ ਰਲਾ ਦੇਵੇ। ਮਹਾਰਾਜ ਜੀ ਦੀ ਫੌਜ ਗਈ, ਅਤੇ ਜਾਂਦਿਆਂ ਹੀ ਨੀਮਾ ਮਾਰਕੇ ਧਰਤੀ ਨਾਲ ਰਲਾ ਦਿਤਾ ਅਤੇ ਸੌਂਧੇ ਖਾਂ ਦੇ ਪੁਤਾਂ ਨੂੰ ਉਜਾੜ ਕੇ ਉਨ੍ਹਾਂ ਦੇ ਸਭ ਪਸ਼ੂ ਤੇ ਨਾਲ ਅਸਬਾਬ ਬਰਨਾਲੇ ਲੈ ਆਂਦਾ। ਇਸੇ ਤਰਾਂ ਮਹਾਰਾਜ ਜੀ ਨੇ ਆਪਣੀ ਉਨਤੀ ਦੇ ਰਾਹ ਵਿਚ ਜੋ ਅਟਕ ਸੀ, ਉਸ ਨੂੰ ਤਾਂ ਦੂਰ ਕਰ ਦਿਤਾ, ਪਰ ਮੰਜਾਂ ਨਾਲ ਵੈਰ ਸਹੇੜ ਲਿਆ।

ਮੰਜਾਂ ਰਾਜਪੂਤ ਭਾਈ ਰਾਜਪੂਤਾਂ ਦੀ ਹੀ ਸ਼ਾਖ ਹਨ। ਰਾਓ ਅਲਣ ਉਸ ਬਿਜੇ ਰਾਏ ਭਾਟੀ ਦਾ ਛੋਟਾ ਭਾਈ ਸੀ, ਜਿਸ ਨਾਲ ਸੰਮਤ ੧੦੬੧ ਬਿ: ਵਿਚ ਮੈਹਮੂਦ ਨੇ ਲੜਾਈ ਕੀਤੀ ਸੀ। ਰਾਓ ਅਲਣ ਆਪਣੇ ਪਿਤਾ ਦੇ ਹੀ ਸਮੇਂ ਕਿਸੇ ਗੱਲੋਂ ਗੁਸੇ ਹੋ ਕੇ ਪੰਜਾਬ ਵਲ ਆ ਗਿਆ ਸੀ, ਅਤੇ ਰਾਹੋਂ ਸ਼ਹਿਰ ਉਤੇ ਕਬਜ਼ਾ ਕਰਕੇ ਇਧਰ ਦਾ ਮਾਲਕ ਬਣ ਬੈਠਾ ਸੀ *। ਇਸ ਦੀ ਛੇਵੀਂ ਪੀੜ੍ਹੀ ਰਾਓ ਮੰਜ ਹੋਇਆ, ਜੋ ਰਾਓ ਹੇਮ ਹੇਲ ਦਾ ਸਮਕਾਲੀ ਸੀ। ਇਸ ਦੀ ਉਲਾਦ ਵਿਚੋਂ ਸ਼ੇਖੂ ਜਾਨੂ ਨੇ ਹਠੂਰ ਦੀ ਮੋੜ੍ਹੀ ਗੱਡੀ ‡ ਅਤੇ ਇਕ ਪ੍ਰਸਿੱਧ ਖਾਨਦਾਨ ਦੀ ਨੀਂਹ ਰਖੀ। ਇਹ ਉਹ ਸਮਾਂ ਹੈ, ਜਦ ਸਤਲੁਜ ਦਰਿਆ ਬਠਿੰਡੇ ਪਾਸ ਦੀ ਵਗਿਆ ਕਰਦਾ ਸੀ।

ਸੰਮਤ ੧੫੩੫ ਬਿ: ਵਿਚ ਰਾਏ ਕਮਾਲ ਨੇ ਹਠੂਰੋਂ ਉਠ ਕੇ

---

*ਤਵਾਰੀਖ ਰਾਜਪੂਤਾਂ ਪੰਜਾਬ।

‡ਤਵਾਰੀਖ ਪੰਜਾਬ ਕ੍ਰਿਤ ਬੂਟੇ ਸ਼ਾਹ।

Digitized by Panjab Digital Library | www.panjabdigilib.org

ਤਲਵੰਡੀ ਨੂੰ ਅਬਾਦ ਕੀਤਾ ਅਤੇ ਇਸ ਦੇ ਦੂਜੇ ਭਰਾ ਰਾਏ ਮਨਸੂਰ ਖਾਂ ਨੇ ਹਲਵਾਰਾ ਜਾ ਵਸਾਇਆ। ਰਾਇ ਕਮਾਲ ਦਾ ਪੁਤਰ ਰਾਏ ਕੱਲ੍ਹਾ ਹੋਇਆ, ਇਸ ਦੇ ਤਿੰਨ ਪੁਤਰ-ਰਾਏ ਐਹਮਦ, ਰਾਏ ਸ਼ਾਹਬਾਜ਼, ਤੇ ਫਤਹਿ ਖਾਂ-ਸਨ। ਰਾਏ ਐਹਮਦ ਨੇ ਸੰਮਤ ੧੬੯੬ ਬਿ: ਵਿਚ "ਕੋਟ" ਨੂੰ ਅਬਾਦ ਕੀਤਾ, ਜਿਸ ਨੂੰ ਹੁਣ "ਰਾਏ ਦਾ ਕੋਟ" ਆਖਦੇ ਹਨ। ਰਾਏ ਸ਼ਾਹਬਾਜ਼ ਦਾ "ਕੋਟ" ਆਖਿਆ, ਪਰ ਫੈਤਹਿ ਖਾਂ ਤਲਵੰਡੀ ਹੀ ਰਿਹਾ। ਰਾਏ ਸ਼ਾਹਬਾਜ਼ ਦਾ ਪੁਤਰ ਰਾਏ ਕਮਾਲ-ਦੀਨ, ਤੇ ਰਾਏ ਕਮਾਲ ਦੀਨ ਦਾ ਪੁਤਰ ਰਾਏ ਕੱਲ੍ਹਾ ਹੋਇਆ। ਇਹ ਛੋਟੀ ਉਮਰ ਦਾ ਹੀ ਸੀ, ਕਿ ਇਸ ਦਾ ਪੁਤਰ ਗੁਜ਼ਰ ਗਿਆ, ਪਰ ਇਸ ਦੀ ਸਿਆਣੀ ਮਾਤਾ ਨੇ ਇਸ ਦੀ ਬਹੁਤ ਚੰਗੀ ਪਾਲਣਾ ਕੀਤੀ, ਜਿਸ ਕਰਕੇ ਵਡਾ ਹੋ ਕੇ ਇਹ ਆਪਣੇ ਸਮੇਂ ਦਾ ਪ੍ਰਸਿੱਧ ਆਦਮੀ ਹੋਇਆ *।

ਮੰਜ ਰਾਜਪੂਤਾਂ ਨੂੰ ਹਠੂਰ ਕੁਝ ਐਸਾ ਸੁਫਲ ਹੋਇਆ, ਕਿ ਜਦ ਦੇ ਇਹ ਹਠੂਰ ਵੱਸੇ, ਦਿਨੋਂ ਦਿਨ ਵਧਦੇ ਹੀ ਗਏ, ਅਤੇ ਸਮਾਂ ਪਾ ਕੇ ਸਤਲੁਜ ਟੱਪ ਤਲਵਣ ਤੇ ਨਕੋਦਰ ਤੀਕ ਖਿਲਰ ਗਏ। ਔਰੰਗਜ਼ੇਬ ਦੇ ਪਿਛਲੇ ਦਿਨਾਂ ਵਿਚ ਕੋਟ ਨੌਰੰਗ ਖਾਂ ਦੇ ਵਸਨੀਕ ਈਸੇ ਖਾਂ ਮੰਜ ਦਾ ਬੜਾ ਜੋਰ ਸੀ, ਜਿਸ ਨੇ ਆਪਣੀ ਤਾਕਤ ਵਧਾ ਕੇ "ਕੋਟ ਈਸੇ ਖਾਂ" ਨੂੰ ਵਸਾਇਆ, ਅਤੇ ਤਲਵਾਰ ਦੇ ਜ਼ੋਰ ਲੁਧਿਆਣੇ ਤੋਂ ਫ਼ੀਰੋਜ਼ਪੁਰ ਤੀਕ ਸਾਰਾ ਇਲਾਕਾ ਮੱਲ ਲਿਆ। ਇਹ ਉਹ ਸਮਾਂ ਹੈ, ਜਦ ਕਿ ਫੂਲਕਿਆਂ ਦੀ ਪ੍ਰਭਤਾ ਦਾ ਸੂਰਜ ਲਿਸ਼ਕਣ ਹੀ ਲਗਾ ਸੀ। ਮਹਾਰਾਜ ਆਲਾ ਸਿੰਘ ਜੀ ਦਾ ਸਮਾਂ ਆਇਆ ਹੀ ਸੀ, ਕਿ ਸਮੇਂ ਨੇ ਈਸੇ ਖਾਂ ਨੂੰ ਚੁਕ ਲਿਆ, ਅਤੇ ਫੂਲਕਿਆਂ ਦੀ ਉੱਨਤੀ ਦੇ ਰਾਹ ਵਿਚੋਂ ਇਕ ਭਾਰੀ ਔਕੜ ਦੂਰ ਹੋ ਗਈ।

ਪਰ ਮੰਜਾਂ ਦਾ ਜ਼ੋਰ ਅਜੇ ਵੀ ਬੜਾ ਸੀ। ਹਠੂਰ ਦੇ ਮੰਜ ਅਜੇ ਵੀ ਜ਼ਰਵਾਣੇ ਸਨ, ਤਲਵੰਡੀ ਵਿਚ ਫਤਹਿ ਖਾਂ ਦੀ ਉਲਾਦ ਜੋਰਾਂ ਉਤੇ ਸੀ

*ਤਵਾਰੀਖ ਪੰਜਾਬ, ਕ੍ਰਿਤ ਬੂਟੇ ਸ਼ਾਹ।

Digitized by Panjab Digital Library | www.panjabdigilib.org

ਹਲਵਾਰੇ ਗਿਰਦੇ ਦਲੇਲ ਖਾਂ ਦਾ ਜ਼ੋਰ ਸੀ, ਮਲਸੀਆਂ ਗਿਰਦੇ ਕੁਤਬਦੀਨ ਦਾ ਤ੍ਰੈਹਤ ਸੀ, ਫਤਹਿ ਪੁਰੀਏ ਵੀ ਕੁਝ ਘਟ ਨਹੀਂ ਸਨ, ਨੌਰੰਗ ਖਾਂ ਤਲਵਣ ਗਿਰਦੇ ਦੇ ੧੬੩ ਪਿੰਡ ਮੱਲੀ ਬੈਠਾ ਸੀ, ਅਤੇ ਮਲਕ ਨਕੋਦਰ ਦੀ ਉਲਾਦ ਨਕੋਦਰ ਗਿਰਦੇ ਦੇ ੧੨੭ ਪਿੰਡਾਂ ਵਿਚ ਖਿਲਰੀ ਹੋਈ ਸੀ‡।

ਪਰ "ਕੋਟ" ਦਾ ਮਾਲਕ ਰਾਏ ਕੱਲ੍ਹਾ ਇਨ੍ਹਾਂ ਸਭਨਾਂ ਤੋਂ ਵਧਕੇ ਸੀ ਅਤੇ ਸਾਰੀ ਬਰਾਦਰੀ ਵਿਚ ਇਸ ਦੀ ਸਭ ਨਾਲੋਂ ਵਧੀਕ ਮਾਨਤਾ ਸੀ। ਸੋਂਧੇ ਖਾਂ ਨੀਮੇ ਵਾਲਾ ਇਸ ਦਾ ਸਕੀਰੀਦਾਰ ਸੀ; ਸੋ ਜਦ ਰਾਏ ਕੱਲੇ ਨੇ ਨੀਮੇ ਪਿੰਡ ਦਾ ਹਾਲ ਸੁਣਿਆ ਤਾਂ ਉਹ ਲਾਲੋ ਲਾਲ ਹੋ ਗਿਆ, ਅਤੇ ਉਸ ਨੇ ਚਾਹਿਆ ਕਿ ਮੈਂ ਵੀ ਮਹਾਰਾਜ ਜੀ ਪਾਸੋਂ ਓਨਾਂ ਹੀ ਬਦਲਾ ਲਵਾਂ, ਜਿਹਾ ਕਿ ਮਹਾਰਾਜ ਜੀ ਨੇ ਮੇਰੇ ਰਿਸ਼ਤੇਦਾਰ ਪਾਸੋਂ ਲਿਆ ਹੈ। ਰਾਏ ਕੱਲ੍ਹਾ ਬੜਾ ਜ਼ੋਰਾਵਰ ਆਦਮੀ ਸੀ, ਅਤੇ ਤਿਹਾੜੇ ਗਿਰਦੇ ਸਭ ਇਸ ਦਾ ਹੀ ਇਲਾਕਾ ਸੀ। ਇਸ ਨੇ ਆਪਣੇ ਗਵਾਂਢੀਆਂ ਨੂੰ ਸਮਝਾਇਆ, ਕਿ ਇਸ ਅੱਗ ਦੀ ਚੰਗਿਆੜੀ ਨੂੰ ਜੇਕਰ ਹੁਣੇ ਹੀ ਬੁਝਾ ਨਾ ਦਿਤਾ ਗਿਆ, ਤਾਂ ਇਸ ਨੇ ਛੇਤੀ ਹੀ ਭਾਂਬੜ ਬਣ ਕੇ ਸਭਸ ਦੇ ਘਰਾਂ ਨੂੰ ਫੂਕ ਦੇਣਾ ਹੈ। ਇਸ ਲਈ ਏਹੋ ਚੰਗਾ ਹੈ, ਕਿ ਇਸ ਦਾ ਹੁਣੇ ਹੀ ਕੋਈ ਪ੍ਰਬੰਧ ਕੀਤਾ ਜਾਵੇ।

ਸਭ ਮੰਜਾਂ ਨੇ ਏਕਾ ਕਰ ਲਿਆ, ਅਤੇ ਇਨ੍ਹਾਂ ਦੇ ਨਾਲ ਸਯਦ ਅਸਦ ਅਲੀ ਖਾਂ ਦਵਾਬੇ ਦਾ ਫੌਜਦਾਰ ਵੀ ਰਲ ਗਿਆ, ਕਿਉਂ ਜੋ ਮੰਜ ਇਸ ਦੇ ਮੁਰੀਦ ਸਨ। ਇਹ ਸਯਦ ਪੰਜ ਗਰਾਈਆਂ ਦਾ ਵਸਨੀਕ ਸੀ। ਮੰਜ ਰਜਪੂਤ ਇਸ ਦੇ ਮੁਰੀਦ ਸਨ, ਇਸ ਲਈ ਇਹ ਹਲਵਾਰੇ ਆ ਵਸਿਆ। ਚੂੰਕਿ ਇਹ ਜੋਧਾ ਤੇ ਸੂਰਮਾ ਸੀ, ਇਸ ਲਈ ਦਵਾਬੇ ਵਿਚ ਜਾ ਕੇ ਤਅਲਕਾ ਖੰਦੁ ਵਾਲ ਦੇ ਬਾਰਾਂ ਪਿੰਡਾਂ ਦਾ ਮਾਲਕ ਬਣ ਬੈਠਾ, ਜਿਨ੍ਹਾਂ ਨੂੰ ਪਹਿਲਾਂ ਪਹਿਲ ਮਲਕ ਨਕੋਦਰ ਨੇ ਅਬਾਦ ਕਰ ਕੇ ਆਪਣੇ ਵਡੂ ਮਰਾਸੀਆਂ ਨੂੰ ਦੇ ਦਿਤਾ ਸੀ, ਪਰ ਮਲਕ ਨਕੋਦਰ ਦੇ ਭਰਾ ਮਾਣਕ

‡ਤਵਾਰੀਖ ਪੰਜਾਬ, ਕ੍ਰਿਤ ਬੂਟੇ ਸ਼ਾਹ।

Digitized by Panjab Digital Library | www.panjabdigilib.org

ਦੇਵ ਨੇ ਮਰਾਸੀਆਂ ਨੂੰ ਕੱਢ ਕੇ ਆਪ ਕਬਜਾ ਕਰ ਲਿਆ, ਅਤੇ ਫਿਰ ਮਾਣਕ ਦੇਵ ਦੀ ਉਲਾਦ ਦੇ ਉਜੜ ਜਾਣ ਕਰਕੇ ਤਦੋਂ ਤੋਂ ਸਯਦ ਅਸਦ ਅਲੀ ਦੇ ਸਮੇਂ ਤੀਕ ਇਹ ਪਿੰਡ ਉਜੜੇ ਹੀ ਰਹੇ, ਕਿਉਂ ਜੋ ਕੋਈ ਰਾਜਪੂਤ ਮਰਾਸੀਆਂ ਦੀ ਦੁਰਾਸੀਸ ਦੇ ਕਾਰਨ ਇਸ ਸੁਆਣੇ ਵਿਚ ਵਸਣਾ ਨਹੀਂ ਚਾਹੁੰਦਾ ਸੀ ‡।

ਇਸ ਸਮੇਂ ਦਿੱਲੀ ਦੀ ਹਕੂਮਤ ਕੁਝ ਢਿਲੀ ਜਿਹੀ ਸੀ, ਅਤੇ ਸਾਰੇ ਪੰਜਾਬ ਉਤੇ ਖਾਨ ਬਹਾਦਰ ਦੀ ਹਕੂਮਤ ਸੀ, ਜੋ ਥੋੜੇ ਸਾਲਾਂ ਤੋਂ ਹੀ ਆਪਣੇ ਪਿਤਾ ਦੀ ਥਾਂ ਲਾਹੌਰ ਤੇ ਮੁਲਤਾਨ ਦਾ ਸੂਬਾ ਹੋਇਆ ਸੀ। ਇਸ ਨੇ ਦਵਾਬੇ ਦੇ ਬੇਟ ਦੀ ਫੌਜਦਾਰੀ ਸਯਦ ਅਸਦ ਅਲੀ ਨੂੰ ਦੇ ਦਿਤੀ, ਜਿਸ ਨਾਲ ਇਸ ਦੀ ਮੰਜਾਂ ਵਿਚ ਹੋਰ ਵੀ ਇਜ਼ਤ ਵਧ ਗਈ, ਅਤੇ ਮੰਜ ਵੀ ਆਪਣੇ ਮਾਨਨੀਯ ਸਯਦ ਸਾਹਿਬ ਦੀ ਤਾਕਤ ਦੇ ਵਾਧੇ ਨੂੰ ਆਪਣੀ ਤਾਕਤ ਦਾ ਵਾਧਾ ਸਮਝਣ ਲਗ ਪਏ।

ਸੋ ਜਦ ਸਾਰੇ ਮੰਜ ਏਕਾ ਕਰਕੇ ਮਹਾਰਾਜਾ ਆਲਾ ਸਿੰਘ ਜੀ ਵਲ ਝੁਕੇ, ਤਾਂ ਸਯਦ ਅਸਦ ਅਲੀ ਵੀ ਇਨ੍ਹਾਂ ਦੇ ਨਾਲ ਰਲ ਗਿਆ, ਅਤੇ ਗਵਾਂਢੀ ਹੋਣ ਕਰਕੇ ਨਵਾਬ ਜਮਾਲ ਖਾਂ ਕੋਟਲੇ ਵਾਲਾ ਵੀ ਇਨ੍ਹਾਂ ਦਾ ਸਾਥੀ ਬਣ ਗਿਆ। ਅਰਥਾਤ ਬਰਨਾਲੇ ਤੋਂ ਜਲੰਧਰ ਤੀਕ, ਅਤੇ ਲੁਧਿਹਾਣੇ ਤੋਂ ਹਰੀ ਪੁਰ ਬੂਹ ਤੀਕ, ਇਸ ਇਲਾਕੇ ਵਿਚ ਜਿਤਨੇ ਸਿਰ ਕਢਵੇਂ ਜ਼ੋਰਾਵਰ ਆਦਮੀ ਸਨ, ਓਹ ਆਪਣਾ ਸਾਰਾ ਮਾਣ ਤਾਣ ਲਾਕੇ, ਅਤੇ ਆਪਣੀਆਂ ਫੌਜਾਂ* ਇਕੱਠੀਆਂ ਕਰਕੇ ਮਹਾਰਾਜ ਆਲਾ ਸਿੰਘ ਜੀ ਦੀ ਬਰਨਾਲੇ ਦੀ ਗੜ੍ਹੀ ਨੂੰ ਸਰ ਕਰਨ ਲਈ ਵਧੇ।

ਮਹਾਰਾਜ ਆਲਾ ਸਿੰਘ ਜੀ ਵੀ ਅਵੇਸਲੇ ਨਹੀਂ ਬੈਠੇ ਸਨ, ਅਤੇ ਜਦ ਦਾ ਨੀਮਾਂ ਮਾਰਿਆ ਸੀ, ਆਪ ਸਮਝੀ ਬੈਠੇ ਸਨ, ਕਿ ਅਜ ਭਲਕ ਹੀ ਰਜਪੂਤਾਂ ਦਾ ਕਹਿਰ ਸਾਡੇ ਉਤੇ ਟੁਟਣਾ ਹੈ। ਇਸ ਲਈ

‡ਤਵਾਰੀਖ ਪੰਜਾਬ ਕ੍ਰਿਤ ਬੂਟੇ ਸ਼ਾਹ।

*ਇਕ ਥਾਂ ਚਾਲੀ ਹਜ਼ਾਰ ਫ਼ੌਜ ਲਿਖੀ ਹੈ।

Digitized by Panjab Digital Library | www.panjabdigilib.org

ਆਪ ਨੇ ਪਹਿਲਾਂ ਤੋਂ ਹੀ ਸਭ ਪ੍ਰਬੰਧ ਕਰ ਛਡਿਆ ਸੀ।

ਮਹਾਰਾਜ ਜੀ ਚੰਗੀ ਤਰ੍ਹਾਂ ਸਮਝਦੇ ਸਨ, ਕਿ ਇਸ ਤੂਫਾਨ ਨੂੰ ਕਿਸੇ ਤਕੜੇ ਹਮੈਤੀ ਤੋਂ ਬਿਨਾ ਰੋਕ ਸਕਣਾ ਔਖੀ ਗਲ ਹੈ। ਆਪ ਨੂੰ ਪਤਾ ਸੀ, ਕਿ ਸਿੰਘਾਂ ਦੇ "ਦਲ" ਨੂੰ ਮੁਸਲਮਾਨੀ ਹਾਕਮਾਂ ਤੋਂ ਕਿਤਨੇ ਦੁਖ ਪਹੁੰਚਦੇ ਹਨ, ਅਤੇ ਸਿੰਘ ਵੀ ਹਾਕਮਾਂ ਦੇ ਕਿਤਨੇ ਵੈਰੀ ਹਨ। ਸੋ ਆਪ ਨੇ ਆਪਣੀ ਹਮੈਤ ਉਤੇ ਸਿੰਘਾਂ ਦੇ "ਦਲ" ਨੂੰ ਲਿਆਉਣ ਦੀ ਪੱਕੀ ਸਲਾਹ ਕਰ ਲਈ।

ਆਪ ਨੇ ਭਾਈ ਗੁਰਬਖਸ਼ ਸਿੰਘ ਜੀ ਨੂੰ ਆਪਣੇ ਨਾਲ ਲਿਆ, ਅਤੇ ਸਿੰਘਾਂ ਦੇ "ਦਲ" ਨੂੰ ਲੱਭ ਕੇ ਸਾਰੀ ਗਲ ਜਾ ਸੁਣਾਈ। "ਦਲ" ਤਾਂ ਏਹੋ ਜਹੀ ਗਲ ਨੂੰ ਲੋਚਦਾ ਹੀ ਸੀ, ਉਨ੍ਹਾਂ ਭਰੋਸਾ ਦਿਤਾ, ਕਿ ਜਦ ਲੋੜ ਹੋਵੇ, ਵੇਲੇ ਸਿਰ ਸਾਨੂੰ ਮੰਗਵਾ ਲੈਣਾ। ਮਹਾਰਾਜ ਜੀ ਨੇ ਜਦ ਵੈਰੀਆਂ ਦੇ ਇਕੱਠ ਦੀ ਖਬਰ ਸੁਣੀ, ਤਾਂ ਓਸੇ ਵੇਲੇ ਦਲ ਨੂੰ ਸਦਵਾ ਘਲਿਆ। ਰਾਇ ਕਿਆਂ ਦੀਆਂ ਫੌਜਾਂ ਨੇ ਆ ਕੇ ਬਰਨਾਲਾ ਘੇਰ ਲਿਆ, ਅਤੇ ਮਹਾਰਾਜ ਆਲਾ ਸਿੰਘ ਜੀ ਕੋਟ ਦੀ ਓਟ ਲੈ ਕੇ ਵੈਰੀਆਂ ਦਾ ਟਾਕਰਾ ਕਰਨ ਲਗੇ, ਕਿ ਇਕ ਪਾਸੇ ਵਲੋਂ ਦੋ ਹਜ਼ਾਰ ਦੀ ਗਿਣਤੀ ਵਿਚ "ਦਲ" ਵੀ ਆ ਪਿਆ, ਅਤੇ ਆਉਂਦੇ ਸਾਰ ਹੀ ਤੁਰਕਾਨੀ ਸੈਨਾ ਨਾਲ ਜੁਟ ਪਿਆ। ਇਹ ਵੇਖ ਕੇ ਮਹਾਰਾਜ ਆਲਾ ਸਿੰਘ ਜੀ ਵੀ ਆਪਨੀ ਫ਼ੌਜ ਲੈ ਕੇ ਬਾਹਰ ਮੈਦਾਨ ਵਿਚ ਆ ਗਏ, ਅਤੇ ਖੂਬ ਗੈਹ-ਗੱਚ ਲੜਾਈ ਹੋਈ।

ਵੈਰੀਆਂ ਦੀਆਂ ਮਾਂਗਵੀਆਂ ਧਾੜਾਂ ਨੇ ਜਾਨਾਂ ਹੀਲਣ ਵਾਲੇ ਸਿੰਘ-ਸੂਰਮਿਆਂ ਦਾ ਕੀ ਟਾਕਰਾ ਕਰਨਾ ਸੀ। ਥੋੜੇ ਚਿਰ ਵਿਚ ਹੀ ਹਫ ਖੜੋਤੇ, ਅਤੇ ਜਦ ਸੁਣਿਆ ਕਿ ਫ਼ੌਜਦਾਰ ਮਾਰਿਆ ਗਿਆ ਹੈ, ਤਾਂ ਸਿਰ ਉਤੇ ਪੈਰ ਰੱਖ ਕੇ ਇਉਂ ਨੱਠੇ ਮਾਨੋ ਲੜਨ ਇਹ ਆਏ ਹੀ ਨਹੀਂ ਸਨ। ਸ੍ਰੀ ਗੁਰੂ ਜੀ ਨੇ ਖਾਲਸੇ ਨੂੰ ਜਿੱਤ ਦਿਤੀ, ਵੈਰੀ ਦੀ ਸਾਰੀ ਫੌਜ ਦਾ ਸਮਾਨ ਮਹਾਰਾਜ ਆਲਾ ਸਿੰਘ ਜੀ ਦੇ ਹਥ ਲਗਾ, ਅਤੇ ਦੇਸ ਵਿਚ ਮਹਾਰਾਜ

Digitized by Panjab Digital Library | www.panjabdigilib.org

ਜੀ ਦਾ ਐਸਾ ਧਵ੍ਹਾਂ ਬੈਠ ਗਿਆ, ਕਿ ਇਸ ਤੋਂ ਮਗਰੋਂ ਕਿਸੇ ਆਂਢੀ ਗੁਆਂਢੀ ਨੇ ਮਹਾਰਾਜ ਜੀ ਵਲ ਕੌੜੀ ਨਜ਼ਰ ਨਾਲ ਵੇਖਣ ਦਾ ਹੌਂਸਲਾ ਨਾ ਕੀਤਾ।

ਖਾਲਸਾ "ਦਲ" ਨੇ ਠੀਕਰੀ ਵਾਲੇ ਜਾ ਡੇਰਾ ਕੀਤਾ, ਅਤੇ "ਦਲ" ਦੇ ਮੁਖੀਏ ਸਰਦਾਰ ਦੀਪ ਸਿੰਘ ਨੇ ਮਹਾਰਾਜਾ ਆਲਾ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ‡ ਅਤੇ ਭਰੋਸਾ ਦਿਤਾ, ਕਿ ਜਦ ਤੁਰਕਾਂ ਨਾਲ ਲੜਨ ਦੀ ਲੋੜ ਪਵੇ, ਖਾਲਸੇ ਜੀ ਨੂੰ ਯਾਦ ਕਰ ਲਿਆ ਕਰਨਾ, ਖਾਲਸਾ ਜੀ ਉਨ੍ਹਾਂ ਨੂੰ ਸੋਧ ਦਿਆ ਕਰੇਗਾ। ਜਿਸ ਥਾਂ ਮਹਾਰਾਜ ਆਲਾ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਗਿਆ ਸੀ, ਚੂੰਕਿ ਉਹ ਥਾਂ ਮਹਾਰਾਜ ਜੀ ਦੇ ਜੀਵਨ ਦੇ ਪਲਟੇ ਦੀ ਥਾਂ ਸੀ, ਇਸ ਲਈ ਅਜ ਤੀਕ ਉਸ ਦੀ ਮਾਨਤਾ ਹੁੰਦੀ ਹੈ।

ਇਹ ਪਹਿਲਾ ਸਮਾਂ ਹੈ, ਕਿ ਮਹਾਰਾਜ ਆਲਾ ਸਿੰਘ ਜੀ ਨੂੰ ਖਾਲਸਾ "ਦਲ" ਦਾ ਪਤਾ ਲਗਾ, ਅਤੇ ਖ਼ਾਲਸਾ "ਦਲ" ਨੂੰ ਮਹਾਰਾਜ ਆਲਾ ਸਿੰਘ ਦਾ। ਇਸ ਤੋਂ ਮਗਰੋਂ ਆਪੋ ਵਿਚ ਐਤਨਾ ਸਨੇਹ ਵਧ ਗਿਆ, ਕਿ ਕਈ ਮੁਹਿੰਮਾਂ ਵਿਚ ਇਕ ਦੂਜੇ ਨੂੰ ਸਹਾਇਤਾ ਮਿਲਦੀ ਰਹੀ, ਅਤੇ ਮਹਾਰਾਜ ਜੀ ਵਲੋਂ ਸ਼ੇਖੂ ਸਿੰਘ ਹੰਬਲਕਾ ਵਕੀਲ ਦੇ ਤੌਰ ਖਾਲਸਾ "ਦਲ" ਨਾਲ ਰਹਿੰਦਾ ਰਿਹਾ।

ਭੂਮੀਆਂ ਸਿੰਘ ਮਹਾਰਾਜ ਜੀ ਦਾ ਵਡਾ ਪੁਤਰ ਸੀ, ਜੋ ਅਰੰਭ ਸੰਮਤ ੧੭੯੮* ਬਿ: ਵਿਚ ਬਰਨਾਲੇ ਗੁਜ਼ਰ ਗਿਆ ਅਤੇ ਆਪਣੇ ਪਿਛੇ ਬੀਬੀ ਰਾਜਿੰਦਰ ਨਾਮੇ ਇਕ ਮਸੂਮ ਬੱਚੀ ਨੂੰ ਛਡ ਗਿਆ।

---

‡ਪੰਥ ਪ੍ਰਕਾਸ਼ ।

*"ਤਵਾਰੀਖ ਸਿਧੂ ਬਰਾੜਾਂ" ਤੇ "ਰਾਜਗਾਨ ਪੰਜਾਬ" ਵਿਚ ਇਹ ਕਾਲ ਸੰਮਤ ੧੭੯੯ ਬਿ. ਵਿਚ ਹੋਈ ਮੰਨੀ ਹੈ, ਜੋ ਭੁਲ ਹੈ । ਇਸ ਸਮੇਂ ਭਾਈ ਮੂਲ ਚੰਦ ਜੀ ਗੰਢਾ ਨਵਾਉਣ ਲਈ ਬਰਨਾਲੇ ਮਹਾਰਾਜਾ ਜੀ ਪਾਸ ਆਏ ਸਨ, ਜੋ ਫਿਰ ਸੰਮਤ ੧੭੯੧ ਬਿ: ਵਿਚ ਗੁਜ਼ਰ ਗਏ ਸਨ । ਵੇਖੋ ਸਾਖੀਆਂ ਭਾਈ ਮੂਲ ਚੰਦ ਜੀ ।

Digitized by Panjab Digital Library | www.panjabdigilib.org

ਮਹਾਰਾਜ ਜੀ ਨੂੰ ਇਸ ਜਵਾਨੀ ਦੀ ਮੌਤ ਦਾ ਬੜਾ ਹਿਰਖ ਹੋਇਆ, ਪਰ ਭਾਈ ਮੂਲ ਚੰਦ ਜੀ ਤੇ ਭਾਈ ਦਿਆਲ ਦਾਸ ਜੀ ਦੇ ਉਪਦੇਸ਼ਾਂ ਨਾਲ ਧੀਰਜ ਬੱਝ ਗਈ, ਅਤੇ ਬੀਬੀ ਰਾਜਿੰਦਰ ਨੂੰ ਆਪ ਨੇ ਬੜੇ ਪਿਆਰ ਨਾਲ ਪਾਲਿਆ।

ਸਰਦਾਰ ਸੱਭਾ ਸਿੰਘ ਆਪਣੇ ਸਮੇਂ ਦਾ ਪ੍ਰਸਿੱਧ ਸੂਰਮਾ ਸੀ, ਅਤੇ ਆਪ ਦਾ ਇਕਲੌਤਾ ਪੁਤਰ ਜੋਧ ਸਿੰਘ ਆਪਣੇ ਪਿਤਾ ਤੋਂ ਕਿਸੇ ਗਲੋਂ ਘਟ ਨਹੀਂ ਸੀ ਰਾਇ ਪੁਰੀ (ਰੋੜੀ) ਦੇ ਔਖਲ ਜਟਾਂ ਨੇ ਸ: ਸੱਭਾ ਸਿੰਘ ਪਾਸ ਆ ਕੇ ਸ਼ਕੈਤ ਕੀਤੀ, ਕਿ ਪਰਲੇ ਇਲਾਕੇ ਦੇ ਆਦਮੀ ਸਾਡੀਆਂ ਘੋੜੀਆਂ ਚੁਰਾ ਲਜਾਂਦੇ ਸਨ। ਸ: ਸਭਾ ਸਿੰਘ ਨੇ ਕਹਿਆ, ਕਿ ਤੁਸੀਂ ਉਨ੍ਹਾਂ ਦੀਆਂ ਘੋੜੀਆਂ ਲੈ ਆਓ। ਅਸੀਂ ਉਨ੍ਹਾਂ ਨੂੰ ਮੋੜਕੇ ਨਹੀਂ ਦੇਵਾਂਗੇ। ਇਤਨਾ ਭਰੋਸਾ ਲੈ ਕੇ ਔਲਖ ਜੱਟ ਵੈਰੀਆਂ ਦੀਆਂ ਘੋੜੀਆਂ ਲੈ ਆਏ, ਅਤੇ ਹੰਢਿਆਏ ਦੇ ਕਿਲੇ ਵਿਚ ਵਾੜ ਦਿਤੀਆਂ। ਸ: ਸੱਭਾ ਸਿੰਘ ਨੇ ਇਨ੍ਹਾਂ ਜੱਟਾਂ ਨੂੰ ਕਿਲੇ ਦੇ ਪਾਸ ਹੀ ਵਸ ਪੈਣ ਦੀ ਆਗਿਆ ਦੇ ਦਿਤੀ: ਸੋ ਹੁਣ ਤੀਕ ਉਨ੍ਹਾਂ ਦੀ ਪੱਤੀ ਕ੍ਰਿਲੇ ਵਾਲੀ ਪੱਤੀ ਅਖਵਾਉਂਦੀ ਹੈ।

ਇਨ੍ਹਾਂ ਘੋੜਿਆਂ ਵਿਚ ਦੀਵਾਨੇ ਫਕੀਰਾਂ ਦੀਆਂ ਵੀ ਕੁਝ ਘੋੜੀਆਂ ਸਨ। ਉਹ ਖੋਜ ਕਢਦੇ ਕਢਦੇ ਹੰਢਿਆਏ ਆ ਗਏ, ਅਤੇ ਆਪਣੀਆਂ ਘੋੜੀਆਂ ਸ: ਸੱਭਾ ਸਿੰਘ ਪਾਸੋਂ ਮੰਗੀਆਂ। ਸ: ਸੱਭ ਸਿੰਘ ਨੇ ਕਹਿਆ; ਕ੍ਰਿਲੇ ਵਿਚੋਂ ਜਾ ਕੇ ਆਪ ਫੜ ਲਵੋ, ਉਨ੍ਹਾਂ ਕਹਿਆ ਅਸੀਂ ਆਪ ਤਾਂ ਜਾ ਕੇ ਫੜਾਂਗੇ ਨਹੀਂ; ਤੁਸੀਂ ਆਪ ਲਿਆ ਕੇ ਦੇਵੋ ਸ: ਸੱਭਾ ਸਿੰਘ ਨੇ ਕਹਿਆ ਕਿ ਅਸੀਂ ਤਾਂ ਲਿਆ ਕੇ ਦੇਂਦੇ ਨਹੀਂ ਕਿਉਂ ਜੋ ਅਸਾਂ ਬਚਨ ਦਿਤਾ ਹੋਇਆ ਹੈ, ਪਰ ਤੁਸੀਂ ਆਪ ਜਾ ਕੇ ਫੜ ਲਵੋ, ਤਾਂ ਅਸੀਂ ਤੁਹਾਨੂੰ ਵੀ ਨਹੀਂ ਰੋਕਦੇ।

ਦੀਵਾਨਿਆਂ ਨੇ ਹੱਠ ਕੀਤਾ, ਅਤੇ ਕਿਲੇ ਦੇ ਦਰਵਾਜ਼ੇ ਅਗੇ ਧਰਨਾ ਮਾਰ ਕੇ ਬੈਠ ਗਏ। ਸ: ਸੱਭਾ ਸਿੰਘ ਨੇ ਵੀ ਜਿਦ ਨਾਂ ਛਡੀ,

Digitized by Panjab Digital Library | www.panjabdigilib.org

ਜਿਸ ਦਾ ਫਲ ਇਹ ਹੋਇਆ, ਕਿ ਇਕ ਦੀਵਾਨਾ ਫਕੀਰ ਭੁਖ ਦੇ ਦੁਖੋਂ ਮਰ ਗਿਆ, ਅਤੇ ਬਾਕੀਆਂ ਨੇ ਧਰਤੀ ਉਤੇ ਦੁਹੱਥੜ ਮਾਰ ਕੇ ਦੁਰਾਸੀਸ ਦਿਤੀ, ਕਿ "ਸਭੇ ਗਭਿਓਂ ਵੱਡੇ" ਤੂੰ ਔਤ ਹੀ ਜਾਏਂਗਾ। ਸ: ਸੱਭਾ ਸਿੰਘ ਨੇ ਆਖਿਆ ਕਿ ਮੈਂ ਭਾਵੇਂ ਔਤ ਹੀ ਜਾਵਾਂ, ਪਰ ਜੋ ਬਚਨ ਕਰ ਚੁਕਾ ਹਾਂ, ਉਸ ਤੋਂ ਨਹੀਂ ਫਿਰਾਂਗਾ, ਅਤੇ ਸਰਨ ਆਏ ਦੀਆਂ ਬਾਹਵਾਂ ਆਪਣੇ ਹਥੀਂ ਨਹੀਂ ਫੜਾਵਾਂਗਾ।

ਕਰਤਾਰ ਦਾ ਭਾਣਾ ਐਸਾ ਹੋਇਆ, ਕਿ ਸੰਮਤ ੧੭੯੧* ਬਿ: ਵਿਚ ਜੋਧ ਸਿੰਘ ਗੁਜਰ ਗਿਆ। ਇਸ ਜਵਾਨੀ ਦੀ ਮੌਤ ਦਾ ਸ: ਸੱਭਾ ਸਿੰਘ ਉਤੇ ਬੜਾ ਅਸਰ ਹੋਇਆ। ਸ: ਸੱਭਾ ਸਿੰਘ ਦੀਆਂ ਸਭ ਕਮਾਈਆਂ ਮਿਟੀ ਨਾਲ ਮਿਲ ਗਈਆਂ; ਆਪ ਨੇ ਏਸੇ ਸਾਲ ਬੜੇ ਚਾਓ ਨਾਲ ਹੰਢਿਆਏ ਪੱਕਾ ਖੂਹ ਲਗਵਾਇਆ ਸੀ, ਪਰ ਹੁਣ ਜਾਏਦਾਦਾਂ ਆਪ ਨੂੰ ਵੱਢ ਵੱਢ ਖਾਣ, ਆਪ ਦੁਨੀਆਂ ਵਲੋਂ ਨਰਾਸ ਹੋ ਗਏ, ਅਤੇ ਰੋਜ ਘੁਲ ਘੁਲ ਕੇ ਮਾੜੇ ਹੋਣ ਲਗ ਗਏ। ਕਹਿੰਦੇ ਹਨ, ਕਿ ਸ: ਸੱਭਾ ਸਿੰਘ ਹਰ ਮਹੀਨੇ ਆਪਣੇ ਆਪ ਨੂੰ ਤੋਲਿਆ ਕਰਦਾ ਸੀ, ਆਪ ਦਾ ਜੋਧ ਸਿੰਘ ਦੇ ਗੁਜਰਨ ਤੋਂ ਪਹਿਲਾਂ ਪੰਦਰਾਂ ਮਣ ਕੱਚਾ ਭਾਰ ਸੀ, ਪਰ ਪੁਤਰ ਦੇ ਮਰਨ ਨਾਲ ਹੀ ਚੌਦਾਂ ਮਣ ਰਹਿ ਗਿਆ। ਸੱਚ ਹੈ, ਜਵਾਨ ਪੁਤਰਾਂ ਦੀ ਮੌਤ ਦੇ ਦੁਖ ਐਸੇ ਹੀ ਹੁੰਦੇ ਹਨ।

----

*ਤਵਾਰੀਖ ਸਿਧੂ ਬਰਾੜਾਂ ਵਿਚ ਇਹ ਗਲ ਚੇਤ ਸੁਦੀ ੨ ਸੰਮਤ ੧੭੯੬ ਬਿ: ਨੂੰ ਮੰਨੀ ਹੈ, ਜੋ ਭੁਲ ਹੈ। ਵੇਖੋ ਯਾਦਦਾਸ਼ਤ ਮਾਈ ਭਾਗਣ

Digitized by Panjab Digital Library | www.panjabdigilib.org

# ਭੱਟੀਆਂ ਨਾਲ਼ ਟਾਕਰੇ

(੧੭੬੧-੧੮੦੧ ਤੀਕ)

ਬਰਨਾਲੇ ਦੀ ਜਿੱਤ ਤੋਂ ਮਹਾਰਾਜਾ ਆਲਾ ਸਿੰਘ ਜੀ ਨੂੰ ਬਹੁਤ ਸਾਰੇ ਹਥਿਆਰ ਤੇ ਘੋੜੇ ਹਥ ਲਗ ਗਏ ਸਨ, ਅਤੇ ਸਾਰੇ ਇਲਾਕੇ ਵਿਚ ਆਪ ਦਾ ਨਾਮ ਉੱਘਾ ਹੋ ਗਿਆ ਸੀ । ਇਤਨੀ ਹੋਣ ਨਾਲ ਰਜਪੂਤ ਵੀ ਹੁਣ ਫੂਲਕਿਆਂ ਤੋਂ ਡਰਨ ਲਗ ਪਏ, ਅਤੇ ਭਦੋੜੀਆਂ ਦੇ ਸਿਰ ਉਤੇ ਜੋ ਹੰਨੂਰੀਆਂ ਦਾ ਭਾਰ ਸੀ, ਉਹ ਬਹੁਤ ਕੁਝ ਹੋਲਾ ਹੋ ਗਿਆ, ਜਿਸ ਦਾ ਅਸਰ ਇਹ ਹੋਇਆ, ਕਿ ਰਜਪੂਤਾਂ ਦੀ ਜੂਹ ਵਿਚ ਬੀਹਲਾ ਪਿੰਡ ਹੇਮਰਾਜ ਨੇ ਵਸਾ ਲਿਆ, ਅਤੇ ਗਹਿਲ ਤੇ ਮੂੰਮ, ਦੋਹਾਂ ਪਿੰਡਾਂ ਉਤੇ ਬਿਆ ਮਲ ਭਦੋੜੀਏ ਨੇ ਕਬਜਾ ਕਰ ਲਿਆ । ਏਸੇ ਤਰ੍ਹਾਂ ਟੱਲੇ ਵਾਲਾ ਵਸਾ ਕੇ ਸੰਧੂ ਪਿੰਡ ਨੂੰ ਮੱਲ ਲਿਆ, ਅਤੇ ਕੋਟ ਦੁਨੇ ਨੂੰ ਵਸਾ ਕੇ ਇਸ ਦੇ ਪਾਸ ਦੋ ਚਾਰ ਪਿੰਡ ਸਾਂਭ ਲਏ* ।

ਅਸਲ ਵਿਚ ਫੂਲਕਿਆਂ ਦੀ ਦੱਖਣੀ ਹੱਦ ਤਾਂ ਸੰਮਤ ੧੭੮੦ ਬਿ: ਤੋਂ ਹੀ ਸਾਬੋਕਿਆਂ ਨਾਲ ਜਾ ਲੱਗੀ ਸੀ, ਪਰ ਬਰਨਾਲੇ ਦੀ ਜਿੱਤ ਨੇ ਫੂਲਕਿਆਂ ਦੇ ਹੌਸਲੇ ਵਧਾ ਦਿਤੇ, ਅਤੇ ਮਹਾਰਾਜ ਆਲਾ ਸਿੰਘ ਜੀ ਨੇ ਸਾਬੋਕਿਆਂ ਦੇ ਤੱਪੇ ਵਿਚੋਂ ਉਭੋ ਪਿੰਡ ਉਤੇ ਕਬਜ਼ਾ ਕਰ ਲਿਆ । ਇਸ ਦਾ ਅਸਰ ਇਹ ਹੋਇਆ, ਕਿ ਭੈਣੀ ਚੂਹੜਾ, ਘੁਮਣ, ਤੇ ਕੁਤੀਵਾਲ ਦੇ ਵਸਨੀਕ ਵੀ ਅਨੁਸਾਰੀ ਹੋ ਗਏ, ਅਤੇ ਇਨ੍ਹਾਂ ਤੋਂ ਉਤਰ ਵਲ ਦੇ ਖੋਖਰ, ਡਿਖ, ਸੂਚ ਤੇ ਰੜ ਪਿੰਡਾਂ ਉਤੇ ਬਿਆ ਮਲ ਭਦੋੜੀਏ ਦਾ ਕਬਜ਼ਾ ਹੋ ਗਿਆ ।

ਮਹਾਰਾਜਾ ਆਲਾ ਸਿੰਘ ਜੀ ਲਈ ਵਧਣ ਵਾਲਾ ਪਾਸਾ ਜੇਕਰ ਖਲਾ ਸੀ, ਤਾਂ ਕੇਵਲ ਸੁਨਾਮ ਵਲ ਦਾ ਪਾਸਾ ਹੀ ਸੀ, ਬਾਕੀ ਸਭ ਪਾਸੀਂ

---

*ਅਸਪਾਲ, ਸ਼ਾਹਪੁਰ, ਬਦਰਾ, ਭੈਣੀ ਫੱਤਾ ॥

Digitized by Panjab Digital Library | www.panjabdigilib.org

ਤਕੜੇ ਤਕੜੇ ਆਦਮੀ ਪਏ ਸਨ, ਜਿਨ੍ਹਾਂ ਨਾਲ ਇਸ ਵੇਲੇ ਮੱਥਾ ਲਾਉਣਾ ਮਹਾਰਾਜਾ ਜੀ ਚੰਗਾ ਨਹੀਂ ਸਮਝਦੇ ਸਨ । ਇਸ ਲਈ ਆਪ ਨੇ ਲੌਂਗੋਵਾਲ ਤੋਂ ਸੁਨਾਮ ਵਲ ਕਦਮ ਵਧਾਇਆ, ਅਤੇ ਸੇਰੋਂ ਤੇ ਨਮੋਲ ਨੂੰ ਵਸਾ ਲਿਆ । ਚੌਧਰੀ ਗੁਰਦਿਤ ਸਿੰਘ ਜੀ ਇਸ ਤੋਂ ਪਹਿਲਾਂ ਹੀ ਸੰਗਰੂਰਾਂ ਗਿਰਦੇ ਇਲਾਕਾ ਮੱਲੀ ਬੈਠੇ ਸਨ । ਇਸ ਤਰ੍ਹਾਂ ਫੂਲਕਿਆਂ ਦੀ ਹੱਦ ਸੁਨਾਮ ਦੇ ਲਾਗੇ ਲਾਗੇ ਤੀਕ ਅਪੜ ਗਈ ।

ਇਹ ਜੰਗਲ ਦਾ ਇਲਾਕਾ ਭੱਟੀਆਂ ਤੇ ਸਾਬੋਕਿਆਂ ਲਈ ਲੁਟ ਮਾਰ ਕਰਨ ਦੀ ਥਾਂ ਬਣਿਆ ਹੋਇਆ ਸੀ । ਭੱਟੀਆਂ ਦਾ ਟਾਕਰਾ ਪਹਿਲਾਂ ਤਾਂ ਸਾਬੋਕਿਆਂ ਨਾਲ ਹੋਇਆ ਕਰਦਾ ਸੀ, ਪਰ ਸੰਮਤ ੧੭੬੪ ਬਿ: ਵਿਚ ਜਦ ਡੱਲਾ ਸਿੰਘ ਬੈਰਾੜ ਸਾਰੇ ਸਾਬੋਕਿਆਂ ਨੂੰ ਲੈ ਕੇ ਚੜ੍ਹਿਆ, ਅਤੇ ਭੱਟੀਆਂ ਦਾ ਸਾਰਾ ਇਲਾਕਾ ਉਜਾੜ ਪੁਜਾੜ ਕੇ ਖੇਹ ਨਾਲ ਰਲਾ ਦਿਤਾ,* ਤਦ ਤੋਂ ਭੱਟੀ ਲੁਟੇਰੇ ਸਾਬੋਕਿਆਂ ਵਲੋਂ ਕੰਨ ਭੰਨਣ ਲਗ ਪਏ । ਲੱਖੀ ਜੰਗਲ ਵਲ ਬਰਾੜਾਂ ਦੀ ਵਸੋਂ ਸੀ, ਇਸ ਲਈ ਉਧਰ ਵੀ ਭੱਟੀ ਘਟ ਜਾਂਦੇ ਸਨ । ਭੱਟੀਆਂ ਦਾ ਬਹੁਤਾ ਜ਼ੋਰ ਸੁਨਾਮ ਵਲ, ਤੇ ਇਸ ਤੋਂ ਅਗਾਹਾਂ ਲੰਘ ਕੇ ਮਲੇਰੀਆਂ ਤੇ ਰਾਏਕਿਆਂ ਦੇ ਇਲਾਕੇ ਵਲ ਸੀ, ਜਿਧਰ ਨਿੱਤ ਨਵੇਂ ਸੂਰਜ ਕਟਕ ਚੜ੍ਹਦੇ, ਤੇ ਗਰੀਬ ਕ੍ਰਿਸਾਣਾਂ ਦੇ ਬਾਹਰ ਚੁਗਦੇ ਪਸ਼ੂਆਂ ਨੂੰ ਇਹ ਘੇਰ ਲਜਾਂਦੇ ।

ਉਸ ਸਮੇਂ ਹਰ ਇਕ ਪਿੰਡ ਦਾ ਇਹ ਹਾਲ ਸੀ, ਕਿ ਪਿੰਡੋਂ ਕੋਹ ਕੋਹ ਦੋ ਦੋ ਕੋਹ ਦੀ ਵਿੱਥ ਉਤੇ ਭੱਟੀਆਂ ਵਾਲੇ ਪਾਸੇ ਬੁਰਜ ਬਣਾ ਕੇ ਉਸ ਵਿਚ ਪਹਿਰਾ ਲਾ ਛਡਦੇ ਜੋ ਕਟਕ ਨੂੰ ਦੂਰੋਂ ਹੀ ਵੇਖ ਕੇ ਟਮਕ ਵਜਾ ਦੇਂਦਾ, ਅਤੇ ਇਤਨੇ ਨਾਲ ਹੀ ਪਿੰਡ ਦੇ ਸਭ ਆਦਮੀ ਸੁਚੇਤ ਹੋ ਜਾਂਦੇ । ਰੋਜ ਰੋਜ ਧਾੜੇ ਪੈਣ ਦੇ ਕਾਰਨ ਪਸ਼ੂ ਵੀ ਜਾਣੂ ਹੋ ਗਏ ਸਨ, ਕਿ ਜਦ ਉਹ ਟਮਕ ਦੀ ਅਵਾਜ਼ ਸੁਣਦੇ, ਤਾਂ ਓਸੇ ਵੇਲੇ ਘਾਹ ਚੁਗਣਾ ਛਡ ਕੇ ਚੁਖੁਰੀਏਂ ਪਿੰਡ ਨੂੰ ਨੱਠ ਉਠਦੇ, ਅਤੇ ਪਿੰਡ ਦੇ ਕੋਟ ਅੰਦਰ ਜਾ ਰੋ ਦਮ

---

*ਕਾਰਗੁਜ਼ਾਰ ਮੁਕਦਮਾਂ ਨਾਭੀ ।

Digitized by Panjab Digital Library | www.panjabdigilib.org

ਲੈਂਦੇ। ਹਰ ਇਕ ਪਿੰਡ ਉਦਾਲੇ ਕੱਚਾ ਕੋਟ ਹੁੰਦਾ ਸੀ, ਜਿਸ ਕਰ ਕੇ ਹਰ ਇਕ ਪਿੰਡ ਗੜ੍ਹੀ ਸੀ, ਜਿਸ ਅੰਦਰ ਵੜਿਆ ਕਿਸੇ ਵੈਰੀ ਦਾ ਭੈ ਨਹੀਂ ਰਹਿੰਦਾ ਸੀ।

ਧਾੜਵੀਆਂ ਦਾ ਕੇਵਲ ਏਹੋ ਕੰਮ ਹੁੰਦਾ ਸੀ, ਕਿ ਉਹ ਚੁੱਪ – ਚੁਪਾਤੇ ਕਿਸੇ ਪਿੰਡ ਦੀ ਜੂਹ ਵਿਚ ਜਾ ਵੜਦੇ ਅਤੇ ਜੋ ਪਸ਼ੂ ਉਨ੍ਹਾਂ ਦੇ ਹਥ ਆਉਂਦਾ, ਉਸ ਨੂੰ ਘੇਰ ਕੇ ਆਪਣੇ ਅਗੇ ਲਾ ਲੈਂਦੇ। ਜੇ ਕਰ ਕੋਈ ਪਿੰਡ ਵਾਲਾ ਟੱਕਰਦਾ, ਤਾਂ ਉਸ ਨੂੰ ਵੱਢ ਸੁਟਦੇ, ਅਤੇ ਜੇ ਕਰ ਪਿੰਡ ਦੀ ਵਾਹਰ ਆਉਂਦੀ, ਤਾਂ ਕੁਝ ਆਦਮੀਆਂ ਨੂੰ ਪਸ਼ੂ ਦੇ ਕੇ ਤਾਂ ਅਗਾਹਾਂ ਨੂੰ ਤੋਰ ਦੇਂਦੇ, ਅਤੇ ਬਾਕੀ ਧਾੜਵੀ ਖੜੋ ਕੇ ਵਾਹਰ ਦਾ ਮੁਕਾਬਲਾ ਕਰਦੇ। ਉਨ੍ਹਾਂ ਵਿਚੋਂ ਜੋ ਪਾਸਾ ਜਿੱਤ ਜਾਂਦਾ, ਓਹੋ ਹੀ ਪਸ਼ੂਆਂ ਦਾ ਮਾਲਕ ਬਣ ਜਾਂਦਾ।

ਕਟਕ ਯਾ ਧਾੜ ਦਾ ਕੰਮ ਕੇਵਲ ਪਸ਼ੂ ਘੇਰ ਲੈ ਜਾਣਾ ਹੀ ਹੁੰਦਾ ਸੀ; ਉਹ ਕਿਸੇ ਪਿੰਡ ਉਤੇ ਪੈ ਕੇ ਡਾਕਾ ਨਹੀਂ ਮਾਰਿਆ ਕਰਦੇ ਸਨ; ਕਿਉਂ ਜੋ ਕਿਸੇ ਪਿੰਡ ਦੇ ਕੋਟ ਨੂੰ ਟੱਪਣਾ ਕੋਈ ਸੁਖਾਲਾ ਜਿਹਾ ਕੰਮ ਨਹੀਂ ਸੀ, ਅਤੇ ਪਿੰਡ ਵਿਚੋਂ ਧਾੜਵੀਆਂ ਨੂੰ ਲਭਣਾ ਵੀ ਕੀ ਸੀ, ਰੁਪਯਾ ਤਾਂ ਕਿਸੇ ਪਾਸ ਹੁੰਦਾ ਹੀ ਨਹੀਂ ਸੀ, ਅੰਨ ਵੀ ਕੇਵਲ ਇਤਨਾਂ ਹੀ ਹੁੰਦਾ ਸੀ, ਜਿਸ ਨਾਲ ਬੜੇ ਔਖ ਨਾਲ ਵਰ੍ਹਾ ਪੂਰਾ ਹੋ ਸਕਦਾ। ਲੀੜੇ ਕਪੜੇ ਦਾ ਮੂਲੋਂ ਹੀ ਤੋੜਾ ਸੀ, ਅਤੇ ਚੰਗੇ ਚੰਗੇ ਚੌਧਰੀ ਕੋਲੋਂ ਨੰਗੇ ਫਿਰਿਆ ਕਰਦੇ ਸਨ। ਉਨ੍ਹੀਂ ਦਿਨੀਂ ਕੇਵਲ ਪਸ਼ੂ ਹੀ ਸਨ, ਜਿਨ੍ਹਾਂ ਨੂੰ ਕਿਸੇ ਦਾ ਮਾਲ ਕਿਹਾ ਜਾਂਦਾ ਸੀ। ਜਿਸ ਪਾਸ ਜਿਤਨੇ ਵਧੀਕ ਪਸ਼ੂ ਹੁੰਦੇ, ਉਹ ਉਤਨਾ ਹੀ ਵਧੀਕ ਮਾਲਦਾਰ 'ਗਣਿਆ ਜਾਂਦਾ। ਏਸੇ ਨਾਲ ਨੂੰ ਮਾਰਨ ਲਈ ਹਰ ਵਰ੍ਹੇ ਭੱਟੀਆਂ ਦੇ ਕਈ ਕਈ ਕਟਕ 'ਜੰਗਲ' ਵਲ ਆਇਆ ਕਰਦੇ ਸਨ।

ਰੋਜ਼ ਰੋਜ਼ ਦਾ ਇਹ ਹਾਲ ਸੀ, ਕਿ ਪਸ਼ੂ ਅਰਾਮ ਨਾਲ ਚੁਗ ਰਹੇ ਹਨ, ਅਤੇ ਪਸ਼ੂਆਂ ਦੇ ਛੇੜੂ ਕਿਸੇ ਰੁਖ ਹੇਠ ਬੈਠੇ ਖੇਡ ਰਹੇ ਹਨ, ਕਿ

Digitized by Panjab Digital Library | www.panjabdigilib.org

ਟਾਂਗੂ ਵਲੋਂ ਟਮਕ ਦੀ ਅਵਾਜ਼ ਆਉਣ ਲਗ ਪਈ ਹੈ, ਅਤੇ ਛੇੜੂ ਉਸੇ ਵੇਲੇ ਮਾਲ ਇਕੱਠਾ ਕਰਕੇ ਪਿੰਡ ਨੂੰ ਨੱਠ ਉਠੇ ਹਨ । ਪਿੰਡ ਵਿਚ ਵਾਹਰੂ ਢੋਲ ਵਜ ਪਿਆ ਹੈ, ਅਤੇ ਪਿੰਡ ਦੇ ਗਭਰੂ ਜਵਾਨ ਨੇਜਾ ਸੇਲਾ ਲੈ ਕੇ ਪੈਦਲ ਹੀ, ਯਾ ਅਲਾਣੇ ਸਵਾਰ, ਪਿੰਡੋਂ ਬਾਹਰ ਆ ਜਮਾਂ ਹੋਏ ਹਨ, ਅਤੇ ਉਸੇ ਵੇਲੇ ਧਾੜ ਦੇ ਮਗਰ ਨੱਠ ਉਠੇ ਹਨ । ਵਾਹਰੂ ਢੋਲ ਸੁਣ ਕੇ ਘੋੜੀਆਂ ਸਮਝ ਜਾਂਦੀਆਂ ਸਨ, ਕਿ ਹੁਣ ਸਾਡੀ ਲੋੜ ਦਾ ਵੇਲਾ ਹੈ, ਉਹ ਆਪ ਹੀ ਪਿੰਡ ਨੂੰ ਨੱਸ ਆਉਂਦੀਆਂ । ਪਲੋ ਪਲੀ ਵਿਚ ਧਾੜ ਨੂੰ ਵਾਹਰ ਮਿਲ ਪੈਂਦੀ ਹੈ, ਦੋਹਾਂ ਪਾਸਿਆਂ ਤੋਂ ਵਾਰ ਹੁੰਦੇ ਹਨ, ਕੋਈ ਡਿਗਰਾ ਹੈ, ਕੋਈ ਘਾਇਲ ਹੁੰਦਾ ਹੈ, ਧਾੜ ਪਸ਼ੂਆਂ ਨੂੰ ਛਡ ਕੇ ਭੱਜ ਜਾਂਦੀ ਹੈ, ਅਤੇ ਵਾਹਰ ਪਸ਼ੂਆਂ ਤੇ ਫਟੜਾਂ ਨੂੰ ਲੈ ਕੇ ਪਿੰਡ ਨੂੰ ਮੁੜ ਆਉਂਦੀ ਹੈ। ਇਸ ਗੱਲਾਂ ਰੋਜ਼ ਰੋਜ਼ ਹੁੰਦੀਆਂ ਸਨ, ਅਤੇ ਇਸ ਤਰ੍ਹਾਂ ਦੀ ਲੜਾਈ ਲੜਨਾ ਮੂਲੋਂ ਹੀ ਮਮੂਲੀ ਗੱਲ ਸਮਝੀ ਜਾਂਦੀ ਸੀ ।

ਭੱਟੀਆਂ ਲਈ ਸੁਨਾਮ ਵਾਲਾ ਰਾਹ ਪਹਿਲਾਂ ਤਾਂ ਖੁਲ੍ਹਾ ਪਿਆ ਸੀ, ਪਰ ਜਦ ਦੇ ਫੂਲਕੇ ਦੌੜ ਕੇ; ਤਦ ਤੋਂ ਉਨ੍ਹਾਂ ਦੇ ਰਾਹ ਵਿਚ ਇਹ ਔਕੜ ਖੜੀ ਹੋ ਗਈ, ਪਰ ਤਦ ਵੀ ਉਨ੍ਹਾਂ ਨੇ ਆਉਣਾ ਬੰਦ ਨਾ ਕੀਤਾ। ਜਦ ਹੁਣ ਮਹਾਰਾਜਾ ਆਲਾ ਸਿੰਘ ਜੀ ਨੇ ਆਪਣੇ ਡੋਲਿਆਂ ਵਿਚ ਜ਼ੋਰ ਵੇਖਿਆ, ਤਾਂ ਇਨ੍ਹਾਂ ਧਾੜਵੀਆਂ ਲਈ ਉਹੋ ਦਾਰੂ ਸੋਚਿਆ, ਜੋ ਅਜ ਤੋਂ ਇਕੱਤੀ ਵਰੇ ਪਹਿਲਾਂ ਡੱਲਾ ਸਿੰਘ ਬੈਰਾੜ ਨੇ ਸੋਚਿਆ ਸੀ ।

ਇਸ ਸਮੇਂ ਅਲਾਦਾਦ ਖਾਂ ਬੋਹੇ ਵਾਲਾ, ਵਲੈਤ ਖਾਂ ਤੇ ਅਨੈਤ ਖ਼ਾਂ ਬੁਲਾਡੇ ਵਾਲੇ; ਅਤੇ ਬਾਕਰ ਖਾਂ ਹਰਿਆਓ ਵਾਲਾ, ਏਹੋ ਤਕੜੇ ਭੱਟੀ ਸਨ, ਜੋ ਮਹਾਰਾਜ ਜੀ ਦੇ ਗਵਾਂਢ ਵਸਦੇ ਸਨ, ਅਤੇ ਫ਼ਤਿਹਾਬਾਦ ਵਾਲੇ ਭੱਟੀਆਂ ਨਾਲ ਰਿਸ਼ਤੇਦਾਰੀਆਂ ਹੋਣ ਕਰਕੇ ਇਹ ਕਿਸੇ ਨੂੰ ਨਜ਼ਰ ਥੱਲੇ ਨਹੀਂ ਲਿਆਉਂਦੇ ਸਨ । ਫੂਲਕਿਆਂ ਦੇ ਵਡਿਆਂ ਨੇ ਭੱਟੀਆਂ ਪਾਸੋਂ ਜੋ ਜੋ ਦੁਖ ਸਹੇ ਹਨ, ਉਹ ਕੋਈ ਭੁਲ ਜਾਣ ਵਾਲੀਆਂ ਗੱਲਾਂ ਨਹੀਂ ਸਨ, ਅਤੇ ਜਦ ਤੀਕ ਭੱਟੀਆਂ ਨੂੰ ਉਨ੍ਹਾਂ ਦੀ ਆਪਣੀ ਜੂਹ ਵਿਚ ਰੋਲਿਆ ਨਾ

Digitized by Panjab Digital Library | www.panjabdigilib.org

ਜਾਵੇ, ਤਦ ਤੀਕ ਉਨ੍ਹਾਂ ਦਾ ਫੂਲਕਿਆਂ ਵਲ ਆਉਣਾ ਬੰਦ ਨਹੀਂ ਕੀਤਾ ਜਾ ਸਕਦਾ ਸੀ।

ਸੰਮਤ ੧੭੯੫ ਬਿ: ਵਿਚ ਨਾਦਰ ਸ਼ਾਹ ਦਿੱਲੀ ਨੂੰ ਆਇਆ। ਅਤੇ ਲਾਹੋਰੋਂ ਦਿੱਲੀ ਤਕ ਰਾਹ ਉਜਾੜ ਬੀਆ ਬਾਨ ਹੋ ਗਿਆ। 'ਖਾਲਸਾ ਦਲ' ਦੇ ਅੱਡ ਅੱਡ ਜਥੇ ਬੈਰਾੜਾਂ ਦੇ ਤਪਿਆਂ ਵਿਚ ਆ ਬੈਠੇ, ਅਤੇ ਕੁਝ ਕੁ ਜਥਿਆਂ ਨੂੰ ਮਹਾਰਾਜਾ ਆਲਾ ਸਿੰਘ ਜੀ ਨੇ ਸਦਵਾ ਲਿਆ। ਇਨ੍ਹਾਂ ਨਾਲ ਫੂਲਕਿਆਂ ਤੇ ਮਰ੍ਹਾਜਕਿਆਂ ਨੂੰ ਰਲਾਇਆ, ਅਤੇ ਸਾਰੀ ਸੈਨਾ ਨੂੰ ਲੈ ਕੇ ਭੱਟੀਆਂ ਦੇ ਇਲਾਕੇ ਵਲ ਮੂੰਹ ਕੀਤਾ।

ਭਲਾ ਕਿਸੇ ਭਟੀ ਦੀ ਪਾਂਇਆ ਸੀ, ਕਿ ਇਸ ਹੜ੍ਹ ਨੂੰ ਰੋਕ ਸਕਦਾ, ਜੋ ਸਾਹਮਣੇ ਆਇਆ, ਜਾਨੋਂ ਮਾਰਿਆ ਗਿਆ। ਕਈ ਪਿੰਡ ਸਾੜੇ ਤੇ ਫੂਕੇ ਗਏ, ਅਤੇ ਹਜ਼ਾਰਾਂ ਦੀ ਗਿਣਤੀ ਵਿਚ ਮਾਲ ਲੈ ਕੇ, ਆਪਣੇ ਗਵਾਂਢੀ ਜੋਰਾਵਰ ਭੱਟੀਆਂ ਦੇ ਇਲਾਕੇ ਦੀ ਸੁਵਾਹ ਉਡਾ ਕੇ ਮਹਾਰਾਜਾ ਆਲਾ ਸਿੰਘ ਜੀ ਬਰਨਾਲੇ ਨੂੰ ਮੁੜ ਆਏ।

ਹੁਣ ਇਕ ਵਾਰ ਜੋ ਮੱਥਾ ਲਗ ਗਿਆ, ਇਸ ਲਈ ਰੋਜ਼ ਰੋਜ਼ ਭੱਟੀਆਂ ਨਾਲ ਟਾਕਰੇ ਹੋਣ ਲਗ ਪਏ। ਕਦੇ ਉਹ ਫੂਲਕਿਆਂ ਉਤੇ ਚੜ੍ਹ ਜਾਂਦੇ। ਲਾਹੋਰ ਗਿਰਦੇ ਖਾਨ ਬਹਾਦਰ ਨੇ ਸਿੰਘਾਂ ਦੀ ਕਤਲ ਆਮ ਅਰੰਭੀ ਹੋਈ ਸੀ, ਜਿਸ ਕਰਕੇ ਸਿੰਘ ਸਤਲੁਜ ਟੱਪ ਕੇ ਮਾਲਵੇ ਨੂੰ ਤੁਰੇ ਆਉਂਦੇ ਸਨ, ਕਈ ਬੀਕਾ ਨੇਰ ਨੂੰ ਚਲੇ ਗਏ, ਕਈ ਜੈ ਪੁਰ ਜਾ ਨੌਕਰ, ਹੋਏ, ਬਹੁਤੇ ਬਰਾੜਾਂ ਦੇ ਪਿੰਡੀ ਵਸ ਪਏ, ਅਤੇ ਕਈ ਜੱਥੇ ਮਹਾਰਾਜ ਆਲਾ ਸਿੰਘ ਜੀ ਤੇ ਭਾਈ ਗੁਰਬਖਸ਼ ਸਿੰਘ ਜੀ ਦੇ ਨਾਲ ਰਹਿਣ ਲਗਾ ਪਏ। ਜਦ ਤੀਕ ਸੰਮਤ ੧੮੦੧ ਬਿ: ਵਿਚ ਖਾਨ ਬਹਾਦਰ ਮਰ ਨਹੀਂ ਗਿਆ, ਤਦ ਤੀਕ ਖਾਲਸਾ 'ਦਲ' ਮਾਲਵੇ ਵਿਚ ਹੀ ਫਿਰਦਾ ਰਿਹਾ, ਅਤੇ ਭੱਟੀਆਂ ਦੇ ਟਾਕਰੇ ਲਈ ਮਹਾਰਾਜਾ ਆਲਾ ਸਿੰਘ ਜੀ ਨੂੰ ਚੰਗਾ ਲਸ਼ਕਰ ਹੱਥ ਆ ਗਿਆ।

ਰੋਜ਼ ਰੋਜ਼ ਦੀਆਂ ਸੱਟਾਂ ਨੇ ਭੱਟੀਆਂ ਦੀ ਮੱਤ ਟਕਾਣੇ ਲੈ ਦੀਆਂ

Digitized by Panjab Digital Library | www.panjabdigilib.org

ਅਤੇ ਉਨ੍ਹਾਂ ਦਾ ਜ਼ੋਰ ਸੁਨਾਮ ਵਲੋਂ ਹੌਲਾ ਪੈ ਗਿਆ, ਜਿਸ ਕਰਕੇ ਮਹਾਰਾਜਾ ਆਲਾ ਸਿੰਘ ਜੀ ਸੁਨਾਮ ਤੋਂ ਅਗਾਹਾਂ ਲੰਘ ਤੁਰੇ, ਅਤੇ ਛਾਜਲੀ ਉਤੇ ਕਬਜ਼ਾ ਕਰਕੇ ਦਿੜਬੇ ਨੂੰ ਜਾ ਵਸਾਇਆ, ਇਹ ਗਲ ਸੰਮਤ ੧੮੦੦ ਬਿ: ਦੀ ਹੈ।

ਕਾਲੇਕੇ ਮਹਾਰਾਜਾ ਜੀ ਦੀ ਸੱਜੀ ਬਾਂਹ ਸਨ, ਅਤੇ ਪਹਿਲੇ ਦਿਨ ਤੋਂ ਮਹਾਰਾਜਾ ਜੀ ਦੇ ਨਾਲ ਰਹੇ ਸਨ। ਖਾਨਾ ਤੇ ਸੰਗੂ ਦੋਵੇਂ ਸਕੇ ਭਰਾ ਸਨ, ਅਤੇ ਇਨ੍ਹਾਂ ਦੋਹਾਂ ਭਰਾਵਾਂ ਦੀ ਉਲਾਦ ਮਹਾਰਾਜਾ ਜੀ ਦੇ ਨਾਲ ਸੀ।

ਖਾਨਾ
- ਬੀਬੀ ਫੱਤੋ
- ਹਰੀਆ
- ਸਿਰੀਆ

ਸੰਗੂ
- ਗੁਰਬਖਸ਼ ਸਿੰਘ
- ਸੱਭਾ ਸਿੰਘ

ਪਰ ਸਭਨਾਂ ਵਿਚੋਂ, ਗੁਰਬਖਸ਼ ਸਿੰਘ ਵਧ ਕੇ ਸੀ। ਜਦ ਮਹਾਰਾਜਾ ਆਲਾ ਸਿੰਘ ਜੀ ਨੇ ਦਿੜ੍ਹਬਾ ਅਬਾਦ ਕੀਤਾ, ਤਾਂ ਕਾਲੇ-ਕੇ ਉਸ ਦੀ ਵਾੜ ਬਣ ਕੇ ਲਾਂਭੀ ਚਾਂਭੀ ਵਸ ਪਏ। ਹਰੀਏ ਨੇ ਦੁਗਾਲ ਬੱਧਾ, ਸਿਰੀਏ ਨੇ ਜਨਾਲ, ਗੁਰਬਖਸ਼ ਸਿੰਘ ਨੇ ਕਮਾਲਪੁਰ, ਤੇ ਜੱਸਾ ਸਿੰਘ ਨੇ ਬਮੁਣਾ। ਇਸ ਤਰ੍ਹਾਂ ਮਹਾਰਾਜਾ ਜੀ ਦੇ ਇਲਾਕੇ ਦੀ ਹੱਦ ਸਮਾਣੇ ਦੇ ਪਾਸ ਪ੍ਰਾਸ ਤੀਕ ਪੁਜ ਪਈ*।

ਜਦ ਦਾ ਜੋਧ ਸਿੰਘ ਗੁਜਰਿਆ, ਸ: ਸੱਭਾ ਸਿੰਘ ਗ਼ਮ ਨਾਲ ਘੁਲਦਾ ਹੀ ਗਿਆ। ਆਪ ਦਾ ਐਤਨਾ ਜ਼ੋਰ ਸੀ, ਕਿ ਆਪ ਨੇ ਫ਼ਕੀਰ

*ਵੇਖੋ ਨਕਸ਼ਾ ਨੰ: ੨।

Digitized by Panjab Digital Library | www.panjabdigilib.org

ਖਾਂ ਕਾਕੜੇ ਵਾਲੇ ਦੇ ਨੱਕ ਹੇਠ ਢੋਡਿਆਂ ਦੀ ਮੋੜ੍ਹੀ ਜਾ ਗਡੀ ਸੀ, ਅਤੇ ਕਾਕੜਾ ਆਦਿ ੧੭ ਪਿੰਡਾਂ ਪਾਸੋਂ ਹਰ ਸਾਲ ਰਾਖੀ ਲਿਆ ਕਰਦ ਸਨ। ਅਤੇ ਘਰਾਚੋਂ ਆਦਿ ਦਸਾਂ ਪਿੰਡਾਂ ਦੀ ਕਛ ਬਟਾਈ ਕਰਵਾਇਆ ਕਰਦੇ ਸਨ, ਅਰਥਾਤ ਸਕਰੌਦੀ ਤੋਂ ਲੈ ਕੇ ਦੱਖਣ ਵਲ ਬਿਜਲਪੁਰ ਤੀਕ, ਅਤੇ ਘਰਾਚੋਂ ਤੋਂ ਲੈ ਕੇ ਪੂਰਬ ਵਲ ਕਾਲੇ ਝਾੜ ਤੀਕ ਸਭ ਇਲਾਕਾ ਆਪਦਾ ਹੀ ਸੀ। ਇਕ ਵਾਰ ਆਪ ਨੇ ਬਠਿੰਡੇ ਦੇ ਕਿਲੇ ਉਤੇ ਵੀ ਜਾ ਕਬਜ਼ਾ ਕੀਤਾ ਸੀ, ਜੋ ਓਦੋਂ ਸੁੰਞਾ ਹੀ ਪਿਆ ਸੀ*, ਪਰ ਅਗੇ ਜਦ ਕੋਈ ਜਾਇ-ਦਾਦ ਸਾਂਭਣ ਵਾਲਾ ਹੀ ਨਜ਼ਰ ਨਾ ਆਵੇ, ਤਾਂ ਕਿਸੇ ਦੀ ਖਾਤਰ ਕੋਈ ਦੁਖ ਸੁਖ ਸਹੇ। ਜੋਧ ਸਿੰਘ ਦੀ ਮੌਤ ਨੇ ਸ: ਸੱਭਾ ਸਿੰਘ ਦਾ ਦਿਲ ਬੁਝਾ ਦਿਤਾ ਸੀ। ਆਪਣੇ ਸੂਰਮੇਂ ਪੁਤਰ ਤੋਂ ਮਗਰੋਂ ਆਪ ਦਸ ਸਾਲ ਤੀਕ ਇਸ ਦੁਨੀਆਂ ਦਾ ਰੰਗ ਵੇਖਦੇ ਰਹੇ; ਅਤੇ ਅੰਤ ਨੂੰ ਸੰਮਤ ੧੮੦੧ ਬਿ: ਵਿਚ ਇਸ ਸੰਸਾਰ ਨੂੰ ਛਡ ਗਏ ‡। ਅਜ ਕਲ ਆਪ ਦੀ ਤੇ ਜੋਧ ਸਿੰਘ ਦੀ ਸਮਾਧ ਹੰਢਿਆਏ ਤੋਂ ਬਾਹਰ ਬਰਨਾਲੇ ਦੇ ਰਾਹ ਉਤੇ ਹੈ। ਆਪ ਦੀ ਸਮਾਧ ਉਤੇ ਲੋਕੀਂ ਸੁਖਣਾ ਸੁਖਦੇ ਹਨ, ਅਤੇ ਸਵੇਰ ਹੁੰਦਿਆਂ ਹੀ ਸ਼ੁਭ ਜਾਣ ਕੇ ਆਪ ਦਾ ਨਾਮ ਲੈ ਲੈਂਦੇ ਹਨ।

ਸ: ਸੱਭਾ ਸਿੰਘ ਦੀ ਸ਼ਾਦੀ ਮੌੜ ਦੀ ਲੜਕੀ ਮਾਈ ਬੇਗੀ ਨਾਲ ਹੋਈ ਹੋਈ ਸੀ; ਜਿਸ ਤੋਂ ਇਕੋ ਲੜਕਾ ਜੋਧਾ ਸਿੰਘ ਹੋਇਆ, ਜੋ ਐਨ ਜਵਾਨੀ ਵੇਲੇ ਸੰਮਤ ੧੭੯੧ ਬਿ: ਵਿਚ ਗੁਜਰ ਗਿਆ, ਜੋਧ ਸਿੰਘ ਦੀ ਸ਼ਾਦੀ ਰੱਲਾ ਪਿੰਡ ਦੇ ਦਲਪਤਿ ਚਾਹਲ ਦੀ ਲੜਕੀ ਮਾਈ ਰੇਸਾਂ ਨਾਲ ਹੋਈ ਸੀ। ਮਾਈ ਰੇਸਾਂ ਵਿਚਾਰੀ ਸੌਹਰੇ ਘਰ ਆਈ ਹੀ ਸੀ, ਕਿ ਪਤੀ ਸਿਰ ਉਤੋਂ ਗੁਜਰ ਗਿਆ। ਇਹ ਚਰਖਾ ਕੱਤਦੀ ਰਹਿੰਦੀ; ਅਤੇ ਥਾਨ ਤਿਆਰ ਕਰਵਾ ਕੇ ਸ: ਸੱਭਾ ਸਿੰਘ ਪਾਸ ਘਲਵਾ ਦਿਆ ਕਰਦੀ। ਸ: ਸੱਭਾ ਸਿੰਘ ਕੁਝ ਰੁਪੈ ਘਲਵਾ ਦਿਆ ਕਰਦਾ, ਜਿਸ ਨਾਲ ਮਾਈ

---

*ਯਾਦ ਦਾਸ਼ਤ ਸ: ਅਲਬੇਲ ਸਿੰਘ ਕਾਲੇਕਾ।

‡[illegible]

Digitized by Panjab Digital Library | www.panjabdigilib.org

ਰੇਸਾਂ ਆਪਣੇ ਦਿਨ ਪੂਰੇ ਕਰਦੀ ਰਹੀ।

ਮਾਈ ਰੇਸਾਂ ਦੀ ਸੱਸ ਮਾਈ ਬੇਗੀ ਦਾ ਸੁਭਾਵ ਬੜਾ ਕਰੜਾ ਸੀ। ਉਸ ਨੇ ਇਕ ਵਾਰ ਗੁਸੇ ਹੋ ਕੇ ਮਾਈ ਰੇਸਾਂ ਅਗੇ ਜ਼ਹਿਰ ਦਾ ਕਟੋਰਾ ਰਖ ਦਿਤਾ, ਅਤੇ ਕਹਿਆ ਕਿ ਇਸ ਨੂੰ ਪੀ ਲਵੋ । ਮਾਈ ਰੇਸਾਂ ਕਹੇ, ਪਹਿਲਾਂ ਤੁਸੀਂ ਪੀਵੋ, ਮੈਂ ਮਗਰੋਂ ਪੀਵਾਂਗੀ, ਪਰ ਮਾਈ ਬੇਗੀ ਇਸ ਗਲ ਨੂੰ ਨਾ ਮੰਨੇ, ਜਿਸ ਤੋਂ ਮਾਈ ਰੇਸਾਂ ਨੂੰ ਸ਼ੱਕ ਪੈ ਗਿਆ, ਤੇ ਆਪ ਨੇ ਉਹ ਕਟੋਰਾ ਡੋਲ੍ਹ ਦਿਤਾ† ।

ਪੁਤਰ ਗੁਜਰਨ ਤੋਂ ਦਸ ਸਾਲ ਮਗਰੋਂ ਜਦ ਸਰਦਾਰ ਸੱਭਾ ਸਿੰਘ ਗੁਜਰਿਆ, ਤਾਂ ਮਾਈ ਬੇਗੀ ਨੇ ਰੇਸਾਂ ਤੇ ਉਸ ਦੇ ਚਾਰੇ ਲਖਮੀਰ ਸਿੰਘ ਚਾਹਲ ਦੇ ਕਾਠ ਮਾਰ ਕੇ ਇਕ ਕੋਠੜੀ ਵਿਚ ਕੈਦ ਕਰ ਦਿਤਾ, ਅਤੇ ਦਰਵਾਜਾ ਪੱਕੀਆਂ ਇੱਟਾਂ ਨਾਲ ਚਿਣਵਾ ਕੇ ਕੇਵਲ ਇਤਨਾ ਹੀ ਰਾਹ ਰਖਿਆ ਜਿਥੋਂ ਦੀ ਰੋਟੀ ਦਿਤੀ ਜਾ ਸਕੇ, ਸੋ ਓਸ ਰਾਹ ਥਾਂਣੀ ਗੋਲੀ ਰੋਟੀ ਦੇ ਆਇਆ ਕਰਦੀ।

ਜਦ ਮਹਾਰਾਜਾ ਆਲਾ ਸਿੰਘ ਜੀ ਤੇ ਹੋਰ ਭਾਈਚਾਰਾ ਮੁਕਾਣ ਦੇ ਤੌਰ ਹੰਢਿਆਏ ਆਏ, ਤਾਂ ਗੁਰਮੁਖ ਦੀਵਾਨਾ ਕਿਲੇ ਅੰਦਰ ਜਾ ਕੇ ਸਰਦਾਰਨੀ ਰੇਸਾਂ ਨੂੰ ਲੱਭ ਰਿਹਾ, ਪਰ ਜਦ ਉਹ ਕਿਤੋਂ ਨਾ ਲੱਭੀ; ਤਾਂ ਉਸ ਨੇ ਬਾਹਰ ਆ ਕੇ ਮਹਾਰਾਜਾ ਆਲਾ ਸਿੰਘ ਜੀ ਨੂੰ ਆਖਿਆ, ਕਿ ਮਾਈ ਬੇਗੀ ਨੇ ਸਰਦਾਰਨੀ ਰੇਸਾਂ ਨੂੰ ਸ਼ੈਦ ਮਰਵਾ ਦਿਤਾ, ਕਿਲੇ ਵਿਚ ਓਸ ਦਾ ਕੁਝ ਪਤਾ ਨਹੀਂ ਲਗਦਾ। ਇਹ ਗੱਲ ਸੁਣ ਕੇ ਸਾਰੇ ਭਾਈਚਾਰੇ ਨੇ ਮਾਈ ਬੇਗੀ ਨੂੰ ਤੰਗ ਕੀਤਾ, ਕਿ ਸਰਦਾਰਨੀ ਰੇਸਾਂ ਤੇ ਉਸ ਦੇ ਚਾਚੇ ਲਖਮੀਰ ਸਿੰਘ ਨੂੰ ਹਾਜ਼ਰ ਕਰੋ । ਜਦ ਇਸ ਤਰ੍ਹਾਂ ਉਨ੍ਹਾਂ ਦੀ ਬੰਦ ਖਲਾਸੀ ਹੋਈ, ਤਾਂ ਮਹਾਰਾਜਾ ਆਲਾ ਸਿੰਘ ਜੀ ਨੇ ਮਾਈ ਬੇਗੀ ਨੂੰ ਤਕੀਦ ਕੀਤੀ, ਕਿ ਅਗੇ ਨੂੰ ਇਨ੍ਹਾਂ ਨਾਲ ਐਸਾ ਸਲੂਕ ਕਦੇ ਨ ਕੀਤਾ ਜਾਵੇ ।

---

†ਗਵਾਹ ਵਾਕਫ਼ ਮਾਈ ਭਾਗਣ।

Digitized by Panjab Digital Library | www.panjabdigilib.org

ਸ੍ਰ: ਬਖਤਾ ਸਿੰਘ ਜੀ ਸ਼ੇਹਣੇ ਵਾਲੇ ਗੁਜਰ ਚੁਕੇ ਸਨ*, ਤੇ ਇਸ ਸਮੇਂ ਆਪ ਦੇ ਦੋ ਪੁਤਰ ਸ੍ਰ: ਭਾਗ ਸਿੰਘ ਤੇ ਮਾਨ ਸਿੰਘ ਸ਼ਹਿਣੇ ਰਹਿੰਦੇ ਸਨ । ਸ੍ਰ: ਭਾਗ ਸਿੰਘ ਦੀ ਸਲਾਹ ਸਰਦਾਰਨੀ ਰੌਸਾਂ ਉਤੇ ਚਾਦਰ ਪਾਉਣ ਦੀ ਹੋਈ । ਇਸ ਗਲ ਦਾ ਪਤਾ ਜਦ ਕੰਵਰ ਸਰਦੂਲ ਸਿੰਘ ਜੀ ਨੂੰ ਲਗਾ, ਤਾਂ ਆਪ ਨੇ ਹੰਢਿਆਏ ਦੇ ਵਸਨੀਕ ਨਥਾ ਰੰਗਰੇਜ ਦੀ ਤ੍ਰੀਮਤ ਏਮਨਾਂ ਹਥੀਂ ਇਹ ਸੁਨੇਹਾ ਘਲਵਾਇਆ, ਕਿ ਜੇ ਕਰ ਸਰਦਾਰਨੀ ਰੇਸਾਂ ਦੀ ਮਰਜ਼ੀ ਕਰੇਵੇ ਦੀ ਹੋਵੇ, ਤਾਂ ਅਸੀਂ ਇਸ ਗਲ ਲਈ ਰਾਜ਼ੀ ਹਾਂ† ।

ਸਰਦਾਰਨੀ ਰੇਸਾਂ ਨੇ ਪਿਛਲੇ ਦਸ ਵਰ੍ਹੇ ਬੜੀ ਸਹਿਨ ਸ਼ੀਲਤਾ ਨਾਲ ਕੱਟੇ ਸਨ, ਇਸ ਲਈ ਆਪ ਦੀ ਇੱਛਾ ਕਰੇਵੇ ਦੀ ਨਹੀਂ ਸੀ, ਪਰ ਆਪ ਦੇ ਚਾਚੇ ਲਖਮੀਰ ਸਿੰਘ ਦੇ ਸਮਝਾਉਣ ਕਰਕੇ ਆਪ ਮੰਨ ਗਏ, ਅਤੇ ਕੰਵਲ ਸਰਦੂਲ ਸਿੰਘ ਜੀ ਨੇ ਹੰਢਿਆਏ ਆ ਕੇ ਚਾਦਰ ਪਾ ਲਈ । ਇਸ ਗੱਲੋਂ ਮਾਈ ਬੇਗੀ ਗੁਸੇ ਹੋ ਕੇ ਆਪਣੇ ਪੇਕੇ ਮੌੜੀ ਚਲੀ ਗਈ, ਜਿਥੋਂ ਮਹਾਰਾਜਾ ਆਲਾ ਸਿੰਘ ਜੀ ਨੇ ਸਦਵਾ ਕੇ ਖ਼ੁੱਡ ਪਿੰਡ ਉਨ੍ਹਾਂ ਦੇ ਗੁਜ਼ਾਰ ਲਈ ਦੇ ਦਿਤਾ, (ਤੇ ਹੰਢਿਆਏ ਦੀ ਜ਼ਮੀਨ ਵੀ ਖੁੱਡੀ ਨਾਲ ਲਾ ਦਿਤੀ)‡ ਜਿਥੇ ਅਖੀਰ ਤੀਕ ਮਾਈ ਬੇਗੀ ਰਹਿੰਦੀ ਰਹੀ, ਇਸੇ ਕਰ ਕੇ ਲੋਕੀ ਖੁੱਡੀ ਨੂੰ ਬੇਗੀ ਵਾਲੀ ਖੁੱਡੀ ਆਖਣ ਲਗ ਪਏ ਸਨ ।

---

*ਯਾਦਦਾਸ਼ਤ ਮਾਈ ਭਾਗਣ । ਪਰ ਤਵਾਰੀਖ ਸਿਧੂ ਬੈਰਾੜਾਂ ਵਿਚ ਸ: ਬਖਤਾ ਸਿੰਘ ਜੀ ਦਾ ਗੁਜ਼ਰਨਾ ਇਸ ਤੋਂ ਬਹੁਤ ਚਿਰ ਮਗਰੋਂ ਮੰਨਿਆ ਹੈ । ਰਾਇ ਭਗਵੰਤ ਰਾਇ ਦੇ ਕਾਗਜ਼ਾਂ ਵਿਚ ਇਕ ਚਿਠੀ ਕੰਵਰ ਅਮਰ ਸਿੰਘ ਜੀ ਦੀ ਆਪਣੇ ਬਾਬਾ ਜੀ (ਮਹਾਰਾਜਾ ਆਲਾ ਸਿੰਘ ਜੀ) ਦੇ ਨਾਮ ਹੈ; ਜਿਸ ਵਿਚ ਸ, ਬਖਤਾ ਸਿੰਘ ਤੇ ਸਰਦਾਰ ਮਾਨ ਸਿੰਘ ਜੀ ਦਾ ਨਾਮ ਆਉਂਦਾ ਹੈ, ਇਸ ਤੋਂ ਸਿਧ ਹੁੰਦਾ ਹੈ, ਕਿ ਸਰਦਾਰ ਬਖਤਾ ਸਿੰਘ ਜੀ ਇਸ ਸਮੇਂ ਤੋਂ ਕਿਤੇ ਪਿਛੋਂ ਗੁਜ਼ਰੇ ਹੋਣਗੇ ।

†ਯਾਦਦਾਸ਼ਤ ਮਾਈ ਭਾਗਣ ।

‡ਯਾਦਦਾਸ਼ਤ ਸ: ਰਾਜੂ ਸਿੰਘ ।

Digitized by Panjab Digital Library | www.panjabdigilib.org

ਸਰਦਾਰਨੀ ਰੇਸਾਂ ਦੇ ਗੁਜ਼ਾਰੇ ਲਈ ਹੰਢਿਆਇਆ, ਗੰਜਾ ਧਨੌਲਾ ਤੇ ਰੱਲਾ ਪਿੰਡ ਦਿਤੇ ਗਏ, ਅਤੇ ਹੰਢਿਆਏ ਹੀ ਆਪ ਰਹਿੰਦੇ ਰਹੇ। ਰੱਲਾ ਆਪ ਦਾ ਪੇਕਾ ਪਿੰਡ ਸੀ, ਜਿਸ ਉਤੇ ਜੋਧ ਸਿੰਘ ਨੇ ਸ਼ਾਦੀ ਤੋਂ ਮਗਰੋਂ ਕਬਜ਼ਾ ਕਰ ਲਿਆ ਸੀ। ਸੋ ਇਹ ਤਿੰਨ ਪਿੰਡ ਸਰਦਾਰਨੀ ਰੇਸਾਂ ਦੇ ਗੁਜ਼ਾਰੇ ਲਈ ਦੇ ਕੇ ਸ੍ਰ: ਸੱਭਾ ਸਿੰਘ ਦੇ ਬਾਕੀ ਸਾਰੇ ਪਿੰਡਾਂ * ਉਤੇ ਮਹਾਰਾਜਾ ਆਲਾ ਸਿੰਘ ਜੀ ਨੇ ਕਬਜ਼ਾ ਕਰ ਲਿਆ ਅਤੇ ਹੰਢਿਆਏ ਵਿਚ ਆਪਣਾ ਥਾਣਾ ਬਠਾ ਦਿਤਾ। ਇਹ ਗਲ ਅਰੰਭ ਸੰਮਤ ੧੮੦੨ ਬਿ: ਦੀ ਹੈ।

———

*ਸ੍ਰ: ਸੰਭਾ ਸਿਘ ਦੇ ਇਲਾਕੇ ਵਿਚੋਂ ਕੇਵਲ ਪਿੰਡ ਦਬਾਲੀ ਸ, ਭਾਗ ਸਿੰਘ ਪਾਸ ਰਿਹਾ।

Digitized by Panjab Digital Library | www.panjabdigilib.org

# ਅਲੀ ਮੁਹੰਮਦ ਖਾਂ ਦਾ ਸਰਹੰਦ ਆਉਣਾ

{੧੮੦੨-੧੮੦੪}

ਦਾਊਦ ਖਾਂ ਇਕ ਪਠਾਣ ਸੀ, ਜੋ ਨੌਕਰੀ ਨਾਂ ਲੱਭਣ ਕਰਕੇ ਬਰੇਲੀ ਗਿਰਦੇ ਡਾਕੇ ਮਾਰਨ ਲਗ ਪਿਆ, ਅਤੇ ਹੌਲੀ ਹੌਲੀ ਥੋੜੇ ਜਹੇ ਇਲਾਕੇ ਨੂੰ ਸਾਂਭ ਬੈਠਾ। ਇਕ ਵਾਰ ਬਾਂਕੋਲੀ ਪਿੰਡ ਦੀ ਲੁਟ ਵਿਚ ਇਸ ਨੂੰ ਜੱਟਾਂ ਦਾ ਸੋਹਣਾ ਬਾਲਕ ਹੱਥ ਲਗਾ, ਜਿਸ ਨੂੰ ਦਾਊਦ ਖਾਂ ਨੇ ਪੁੱਤਾਂ ਵਾਗ ਪਾਲਿਆ, ਅਤੇ ਅਲੀ ਮੁਹੰਮਦ ਖਾਂ ਇਸ ਦਾ ਨਾਮ ਰਖਿਆ।

ਦਾਊਦ ਖਾਂ ਤੋਂ ਮਗਰੋਂ ਅਲੀ ਮਹੰਮਦ ਖਾਂ ਵੀ ਇਰਦ ਗਿਰਦ ਦੇ ਇਲਾਕੇ ਨੂੰ ਸਾਂਭਣ ਲਗ ਪਿਆ, ਅਤੇ ਦਿਲੀ ਦੀ ਹਕੂਮਤ ਜੋ ਢਿੱਲੀ ਸੀ, ਇਸ ਲਈ ਸ਼ਾਹੀ ਹਾਕਮਾਂ ਨੂੰ ਕੱਢ, ਸ਼ਾਹੀ ਫੌਜਾਂ ਨੂੰ ਭੱਜਾ, ਅਤੇ ਵਜੀਰ ਦੇ ਪੁਤਰ ਨੂੰ ਆਪਣੀ ਲੜਕੀ ਦਾ ਡੋਲਾ ਦੇ ਕੇ ਰੁਹੇਲ ਖੰਡ ਦੇ ਬਹੁਤ ਸਾਰੇ ਇਲਾਕ ਦਾ ਮਾਲਕ ਬਣ ਬੈਠਾ, ਅਤੇ ਆਂਵਲੇ ਨੂੰ ਆਪਣੀ ਰਾਜਧਾਨੀ ਬਣਾ ਲਿਆ। ਰੋਹੇਲ ਖੰਡ ਵਿਚ ਅਜ ਤੀਕ ਲੋਕੀਂ ਆਖਦੇ ਹਨ:-

ਐਸੇ ਸੇ ਐਸਾ ਭਯਾ, ਦੇਖ ਪ੍ਰਭੂ ਕੇ ਠਾਠ।
ਆਂਵਲੇ ਕਾ ਰਾਜਾ ਭਯੋ ਬਾਂਕਲੀ ਕੋ ਜਾਟ।

ਅੰਤ ਮਹੰਮਦ ਸ਼ਾਹ ਪਾਤਸ਼ਾਹ ਨੇ ਆਪਣੀ ਸਾਰੀ ਫੌਜ ਲੈ ਕੇ ਅਲੀ ਮੁਹੰਮਦ ਖਾਂ ਉਤੇ ਆਪ ਚੜ੍ਹਾਈ ਕੀਤੀ, ਅਤੇ ਤਿੰਨ ਮਹੀਨੇ ਟੱਕਰਾਂ ਮਾਰ ਕੇ ਵੀ ਰੁਹੇਲ ਦੀ ਗੜ੍ਹੀ ਨੂੰ ਸਰ ਨਾ ਕਰ ਸਕੇ। ਸ਼ਾਹੀ ਫੌਜ ਸੁਖ ਰਹਿੰਣੀ ਸੀ, 'ਰੰਗ ਰੰਗ ਜਨਾਨੇ ਸਨ, ਅਖਾਂ ਵਿਚ ਕੱਜਲ ਪਾਉਂਦੇ, ਦੰਦਾਂ ਉਤੇ ਦੰਦਾਸਾ ਮਲਦੇ, ਹੱਥਾਂ ਪੈਰਾਂ ਨੂੰ ਮੈਂਹਦੀ ਲਾਉਂਦੇ,

Digitized by Panjab Digital Library | www.panjabdigilib.org

ਅੰਗੂਠੀ, ਛੱਲੇ, ਚਾਂਦੀ ਦੇ ਤਵੀਤ, ਅਤੇ ਕੰਨਾਂ ਵਿਚ ਵਾਲੇ ਪਾਉਂਦੇ ਸਨ*, ਅਤੇ ਬਖਸ਼ੀ ਜੋ ਇਨ੍ਹਾਂ ਸਾਰਿਆਂ ਨਾਲੋਂ ਵਧੇ ਹੋਏ ਸਨ। ਭਲਾ ਐਸੀ ਫੌਜ ਨੇ ਅਲੀ ਮਹੰਮਦ ਖਾਂ ਜਹੇ ਸੂਰਮੇ ਨੂੰ ਕੀ ਜਿੱਤ ਸਕਣਾ ਸੀ, ਦੂਰੋਂ ਹੀ ਤੀਰ ਮਾਰ ਕੇ ਆਖ ਛਡਦੇ, 'ਔਹ ਮਾਰ ਲਿਆ', ਮਾਨੋ ਅਲੀ ਮਹੰਮਦ ਖ਼ਾਂ ਕੋਈ ਦੁਸੈਹਰੇ ਦਾ ਰਾਵਣ ਸੀ।

ਇਕ ਮਾਮੂਲੀ ਗੜ੍ਹੀ ਨੂੰ ਸਰ ਕਰਨ ਲਈ ਹਿੰਦੁਸਤਾਨ ਦੀਆਂ ਫੌਜਾਂ ਲਗੀਆਂ ਹੋਈਆਂ ਹਨ। ਦਮਦਮੇ ਬਣਾ ਕੇ ਤੋਪਾਂ ਚਾੜ੍ਹ ਦਿਤੀਆਂ, ਗੋਲਾ ਬਾਰੀ ਸ਼ੁਰੂ ਕਰ ਦਿਤੀ, ਪਾਤਸ਼ਾਹੀ ਸਰਦਾਰ ਲੋਹੇ ਦੀਆਂ ਬੁਖਾਰੀਆਂ ਵਿਚ ਬੈਠ ਕੇ ਲੜਾਈ ਦਾ ਰੰਗ ਢੰਗ ਵੇਖਦੇ, ਫੌਜਾਂ ਵਧਦੀਆਂ, ਪਰ ਡਰਦੀਆਂ ਮਾਰੀਆਂ ਫਰ ਆਪੇ ਹੀ ਮੁੜ ਆਉਂਦੀਆਂ ਗੜ੍ਹੀ ਗਿਰਦੇ ਦਿੱਲੀ ਦਾ ਪਾਤਸ਼ਾਹ ਬੈਠਾ ਹੈ, ਪਰ ਗੜ੍ਹੀ ਸਰ ਨਹੀਂ ਹੁੰਦੀ†।

ਲੋਕੀ ਆਖਣ, ਕਿ ਜੋ ਕੋਈ ਆਪਣੇ ਪਾਤਸ਼ਾਹ ਨਾਲ ਲੜਦਾ ਹੈ, ਉਸ ਉਤੇ ਉਸ ਦੀ ਔਰਤ ਹਰਾਮ ਹੋ ਜਾਂਦੀ ਹੈ। ਸੋ ਰੁਹੇਲੇ ਹੋਲੀ ਹੋਲੀ ਖਿਸਕਣ ਲਗ, ਅਤੇ ਅੰਤ ਨੂੰ ਜੇਠ ਸੰਮਤ ੧੮੦੨ ਬਿ: ਵਿਚ ਅਲੀ ਮਹੰਮਦ ਖਾਂ ਨੇ ਵੀ ਈਨ ਮੰਨ ਲਈ, ਅਤੇ ਗੜ੍ਹੀ ਵਿਚੋਂ ਨਿਕਲ ਕੇ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋ ਗਿਆ।

ਪਾਤਸ਼ਾਹ ੨੧ ਹਾੜ ਸੰਮਤ ੧੮੦੨ ਬਿ: ਨੂੰ ਦਿੱਲੀ ਪੁਜਾ, ਅਤੇ ਚਾਰ ਮਹੀਨੇ ਅਲੀ ਮਹੰਮਦ ਖ਼ਾਂ ਨੂੰ ਕੈਦ ਰਖ ਕੇ ਫਿਰ ਸਰਹੰਦ ਦਾ ਹਾਕਮ ਬਣਾ ਦਿਤਾ‡, ਅਤੇ ਉਸ ਦੇ ਦੋਵੇਂ ਪੁਤਰ ਜਮਾਨਤ ਵਜੋਂ ਆਪਣੇ ਪਾਸ ਰਖ ਲਏ। ਉਸ ਸਮੇਂ ਸਰਹੰਦ, ਪੰਜ ਹਜਾਰ ਮੁਗਲਾਂ ਦੀ

---

*ਅਖਬਾਰੁਲ ਸਨਾਦੀਦ।

†ਇਸ ਮੁਹਿੰਮ ਦੇ ਸਵਿਸਥਾਰ ਹਾਲ ਅਨੰਦ ਰਾਮ ਮੁਖਲਸ ਨੇ ਆਪਣੇ "ਸਫਰ ਨਾਮੇ" ਵਿਚ ਲਿਖੇ ਹਨ ਜੋ, ਇਸ ਮੁਹਿੰਮ ਵਿਚ ਲਸ਼ਕਰ ਦੇ ਨਾਲ ਸੀ।

‡ਮੁਨਤਖਿਬ-ਉਲ-ਉਲੂਮ ਵੇਖੋ ਅੰਤਕਾ ਨੰ: ੨।

Digitized by Panjab Digital Library | www.panjabdigilib.org

ਤਨਖਾਹ ਵਜੋਂ ਦਿਤਾ ਜਾਇਆ ਕਰਦਾ ਸੀ, ਅਤੇ ਹਾਕਮ ਨਾਲ ਸਾਰੇ ਇਲਾਕੇ ਦੀ ਆਮਦਨ ਦਾ ਠੇਕਾ ਹੋ ਕੇ ਪੰਜ ਪੰਜ ਹਜ਼ਾਰ ਦੀਆਂ ਕਿਸ਼ਤਾਂ ਵਸੂਲ ਕੀਤੀਆਂ ਜਾਇਆ ਕਰਦੀਆਂ ਸਨ। ਸੋ ਅਲੀ ਮਹੰਮਦ ਖ਼ਾਂ ਨੇ ਪਹਿਲੀ ਕਿਸ਼ਤ ਤਾਂ ਦਿੱਲੀ ਹੀ ਤਾਰ ਦਿਤੀ, ਅਤੇ ਬਾਕੀ ਕਿਸ਼ਤਾਂ ਨੇਮ ਨਾਲ ਵੇਲੇ ਸਿਰ ਤਾਰ ਦੇਂਦਾ ਰਿਹਾ *।

ਅਲੀ ਮੁਹੰਮਦ ਖਾਂ ਸਰਹੰਦ ਦਾ ਹਾਕਮ ਹੋ ਕੇ ਨਹੀਂ ਆਇਆ ਸੀ, ਬਲਕਿ ਇਲਾਕੇ ਦਾ ਠੇਕੇਦਾਰ ਹੋ ਕੇ, ਉਸ ਦਾ ਕੰਮ ਇਲਾਕੇ ਨੂੰ ਵਸਾਉਣਾ, ਸੁਖੀ ਰਖਣਾ, ਜਾ ਨਿਆਉਂ ਕਰਨ ਦਾ ਨਹੀਂ ਸੀ, ਸਗੋਂ ਪਾਤਸ਼ਾਹ ਦੇ ਪੰਜ ਹਜਾਰ ਮੁਗਲਾਂ ਦੀ ਤਨਖਾਹ ਪੂਰੀ ਕਰਨ ਦਾ; ਅਤੇ ਵਧਦੀ ਰਕਮ ਆਪਣੇ ਪਾਸ ਰਖਣ ਦਾ। ਉਸ ਨੇ ਦਿੱਲੀਉਂ ਤੁਰਦਿਆਂ ਹੀ ਆਪਣੇ ਸਭ ਸਰਕਰਦੇ ਮੰਗਵਾ ਲਏ, ਜੋ ਦਿੱਲੀ ਆਉਣ ਤੋਂ ਪਹਿਲਾਂ ਇਸ ਦੇ ਨਾਲ ਸਨ, ਅਤੇ ਰੁਹੇਲਿਆਂ ਦੀ ਬਹੁਤ ਸਾਰੀ ਫੌਜ ਇਕੱਠੀ ਕਰ ਕੇ ਅਰੰਭ ਮੱਘਰ ਵਿਚ ਸਰਹੰਦ ਆ ਗਿਆ।

ਨਾਦਰ ਸ਼ਾਹ ਤੋਂ ਮਗਰੋਂ ਇਸ ਸਾਰੇ ਇਲਾਕੇ ਦੀ ਹਾਲਤ ਵਰਾਨ ਹੀ ਰਹੀ ਸੀ, ਅਤੇ ਦਿਲੀਉਂ ਕੋਈ ਚੱਜ ਦਾ ਹਾਕਮ ਨਹੀਂ ਆਇਆ ਸੀ। ਚੋਧਰੀ ਆਕੀ ਹੋ ਰਹੇ ਸਨ, ਆਪਣੇ ਇਲਾਕਿਆਂ ਦੀ ਆਮਦਨ ਉਹ ਆਪ ਹੀ ਖਾ ਜਾਂਦੇ, ਅਤੇ ਪਾਤਸ਼ਾਹੀ ਆਦਮੀਆਂ ਨੂੰ ਕਦੀ ਕੁਝ ਦੇ ਛਡਦੇ, ਅਤੇ ਕਦੀ ਉਹ ਭੀ ਨਾ ਦੇਂਦੇ। ਅਲੀ ਮਹੰਮਦ ਖਾਂ ਪਹਿਲਾ ਹੀ ਹਾਕਮ ਸੀ, ਜੋ ਸਰਹੰਦ ਆਇਆ, ਅਤੇ ਪਿਛਲੀਆਂ ਬਾਕੀਆਂ ਵਸੂਲ ਕਰਨ ਲਗਾ।

ਹਾਕਮ ਦੇ ਆਇਆਂ ਇਲਾਕੇ ਦੇ ਸਭ ਚੋਧਰੀ ਸਰਹੰਦ ਹਾਜ਼ਰ ਹੋ ਗਏ। ਪਵਾਧ ਵਿਚੋਂ ਚਨਾਰਥਲ ਦੇ ਟਵਾਣੇ, ਜਰਗ ਦੇ ਮੰਡੇਰ, ਧਮੋਟ ਦੇ ਝੱਲੀ ਗਿਲ, ਅਤੇ ਰਾਮਪੁਰੇ ਦੇ ਝੱਜ ਚੋਧਰੀ ਤੇ ਮਲੇਰੀਏ ਤਾਂ ਆ ਗਏ, ਪਰ ਰਾਏ ਪੁਰੀਏ ਗਰੇਵਾਲ, ਤੇ ਰਾਏ ਕੋਟੀਏ ਨਾਂ ਆਏ,

*ਤਵਾਰੀਖ ਫਤਹਿ ਬਖਸ਼।

Digitized by Panjab Digital Library | www.panjabdigilib.org

ਕਉਂ ਜੋ ਸਰਹੰਦੋਂ ਦੂਰ ਤੇ ਬਹੁਤੇ ਇਲਾਕੇ ਦੇ ਮਾਲਕ ਹੋਣ ਕਰਕੇ ਇਹ ਜ਼ੋਰਾਂ ਉਤੇ ਸਨ, ਅਤੇ ਪਿਛਲੇ ਪੰਜਾਂ ਸਤਾਂ ਸਾਲਾਂ ਤੋਂ ਹੀ ਆਕੀ ਹੋ ਰਹੇ ਸਨ। 'ਜੰਗਲ' ਵਿਚੋਂ ਮਹਾਰਾਜਾ ਆਲਾ ਸਿੰਘ ਜੀ, ਤੇ ਫੂਲਕੇ, ਸਾਬੋਕੇ, ਗੈਂਡਾ ਚਾਹਲ ਭਿੱਖੀ ਵਾਲਾ, ਅਤੇ ਵਲੈਤ ਖਾਂ ਅਨੈਤ ਖਾਂ ਬੁਲਾਡੀਆ ਦਾ ਚਾਚਾ ਰਹਿਮਾਨ ਖਾਂ ਆਏ, ਤੇ ਨਵੇਂ ਹਾਕਮ ਨਾਲ ਮੁਲਾਕਾਤਾਂ ਕੀਤੀਆਂ।

ਗਿਰਦ ਨਵ੍ਹਾਹੀ ਦੇ ਸਰਕਾਰੀ ਹਾਕਮ ਤੇ ਮੁਸਲਮਾਨ ਇਲਾਕੇ-ਦਾਰ ਸਾਰੇ ਦੇ ਸਾਰੇ ਮਹਾਰਾਜਾ ਆਲਾ ਸਿੰਘ ਜੀ ਦੇ ਉਲਟ ਸਨ। ਇਨ੍ਹਾਂ ਨੇ ਅਲੀ ਮਹੰਮਦ ਖਾਂ ਦੇ ਐਸੇ ਕੰਨ ਭਰੇ, ਕਿ ਉਸ ਨੇ ਸਰਹੰਦ ਹੀ ਮਹਾਰਾਜਾ ਜੀ ਨੂੰ ਕੈਦ ਕਰ ਲਿਆ*, ਅਤੇ ਹੁਕਮ ਦਿਤਾ, ਕਿ ਇਨ੍ਹਾਂ ਦਾ ਸਭ ਕੁਝ ਜਬਤ ਕਰ ਲਿਆ ਜਾਵੇ।

ਇਹ ਖਬਰ ਸਰਕਾਰੀ ਆਦਮੀਆਂ ਦੇ ਪੁਜਣ ਤੋਂ ਪਹਿਲਾਂ ਹੀ ਬਰਨਾਲੇ ਅਪੜ ਪਈ ਸੀ। ਇਸ ਲਈ ਸਾਰੇ ਪਰਵਾਰ ਵਿਚ ਭਾਜੜ ਪੈ ਗਈ। ਸਭ ਸਮਾਨ ਬਰਨਾਲੇ ਹੀ ਛੱਡਿਆ, ਅਤੇ ਕੇਵਲ ਜਾਨਾਂ ਲੈ ਕੇ ਬਠਿੰਡੇ ਅਪੜੇ। ਉਥੇ ਜੋਧ ਨੇ ਪਨਾਹ ਦਿਤੀ, ਅਤੇ ਜਦ ਤੀਕ ਮਹਾਰਾਜਾ ਜੀ ਕੈਦੋਂ ਨਾ ਛੁਟੇ, ਸਾਰਾ ਪਰਵਾਰ ਬਠਿੰਡੇ ਹੀ ਰਿਹਾ। ਇਹ ਬਿਪਤਾ ਕੇਵਲ ਮਹਾਰਾਜਾ ਆਲਾ ਸਿੰਘ ਜੀ ਦੇ ਪਰਵਾਰ ਉਤੇ ਹੀ ਸੀ, ਭਦੌੜੀਏ ਆਦਿ ਬਾਕੀ ਫੂਲਕੇ ਇਸ ਅਪਦਾ ਤੋਂ ਬਚੇ ਹੋਏ ਸਨ।

ਬਰਨਾਲੇ ਦਾ ਮਾਲ ਸਾਂਭ ਕੇ ਅਲੀ ਮਹੰਮਦ ਖਾਂ ਨੇ ਰਾਏ ਪੁਰੀਆ ਤੇ ਰਾਏ ਕੋਟੀਆਂ ਨੂੰ ਨਚੋੜਨਾ ਚਾਹਿਆ, ਅਤੇ ਰੈਹਮਤ ਖਾਂ, ਦੋਂਦੇ ਖਾਂ, ਤੇ ਬੱਡੂ ਖਾ ਨੂੰ ਤਿੰਨ ਹਜ਼ਾਰ ਰੁਹੇਲਾ ਦੇ ਕੇ ਰਾਏ ਪੁਰ ਵਲ ਘਲਿਆ, ਅਤੇ ਜਮਾਲ ਖਾਂ ਮਲੇਰੀਏ ਨੂੰ ਵੀ ਇਨ੍ਹਾਂ ਨਾਲ ਕਰ ਦਿਤਾ, ਉਸ ਸਮੇਂ ਰਾਏ ਪੁਰ ਦਾ ਚੋਧਰੀ ਭਾਰਾ ਮਲ ਸੀ; ਉਹ ਦਸ ਬਾਰਾਂ ਹਜਾਰ ਦੀ ਵਾਹਰ ਲੈ ਕੇ ਅਗੋਂ ਟਕਰਿਆ। ਬੜੀ ਲੜਾਈ ਹੋਈ, ਅਤੇ

---

*ਯਾਦਾਸ਼ਤ ਮਾਈ ਭਾਗਣ।

Digitized by Panjab Digital Library | www.panjabdigilib.org

ਪਿੰਡਾਂ ਦੀਆਂ ਵਾਹਰਾਂ ਡਟ ਕੇ ਟਾਕਰਾ ਨਾ ਕਰ ਸਕੀਆਂ । ਜਦ ਭਾਰਾ ਮਲ ਪਿਛਾਹਾਂ ਕਿਲੇ ਨੂੰ ਹਟਿਆ, ਤਾਂ ਰੁਹੇਲੇ ਐਤਨੇ ਗਲ ਪਏ ਹੋਏ ਸਨ, ਕਿ ਇਨ੍ਹਾਂ ਨੇ ਕਿਲੇ ਦਾ ਦਰਵਾਜਾ ਬੰਦ ਕਰਨ ਦੀ ਵੀ ਮੋਹਲਤ ਨਾ ਦਿਤੀ। ਹਜਾਰਾਂ ਆਦਮੀ ਮਾਰੇ ਗਏ, ਚੌਧਰੀ ਭਾਰਾ ਮਲ ਵੀ ਤਲਵਾਰਾਂ ਮਾਰਦਾ ਗੁਜਰ ਗਿਆ, ਗਰੇਵਾਲਾਂ ਦੇ ਛਾਈ ਹਜਾਰ ਲੜਕੇ ਲੜਕੀਆਂ, ਪੰਜ ਸੌ ਘੋੜੇ, ਤੇ ਕਈ ਲਖ ਦਾ ਮਾਲ ਮਤਾਹ ਰੁਹੇਲਿਆਂ ਦੇ ਹਥ ਲਗਾ। ਪੰਦਰਾਂ ਦਿਨਾਂ ਤੀਕ ਰੁਹੇਲੇ ਰਾਏ ਪੁਰ ਰਹੇ, ਅਤੇ ਗਰੇਵਾਲਾਂ ਦੇ ਸਾਰੇ ਪਿੰਡਾਂ ਨੂੰ ਸਾੜ ਫੂਕ, ਅਤੇ ਲੁਟ ਪੁਟ ਕੇ ਖੇਹ ਬਰਾਬਰ ਕਰ ਦਿਤਾ* ।

ਰਾਏ ਪੁਰ ਦੇ ਪਾਸ ਹੀ ਜੋਧ ਮਨਸੂਰਾਂ ਦਾ ਨਗਾਹੀ ਮਲ ਆਕੀ ਸੀ। ਸੋ ਰਾਏ ਪੁਰ ਤੋਂ ਮਗਰੋਂ ਨਗਾਹੀ ਮਲ ਦੀ ਵਾਰੀ ਆਈ। ਇਹ ਵੀ ਲੜਿਆ, ਅਤੇ ਹਜਾਰਾਂ ਜੱਟ ਮਰਵਾ ਕੇ ਆਪਣੇ ਬਾਲ ਬੱਚੇ ਸਮੇਤ ਕੈਦ ਹੋ ਗਿਆ, ਪਰ ਫੇਰ ਪੈਂਹਠ ਹਜਾਰ ਰੁਪਯਾ ਦੇ ਕੇ ਆਪਣੀ ਤੇ ਆਪਣੇ ਪਰਵਾਰ ਦੀ ਖਲਾਸੀ ਕਰਵਾਈ।

ਸਰਹੰਦ ਦੇ ਸਾਰੇ ਇਲਾਕੇ ਵਿਚੋਂ ਰਾਏ ਕੋਟ ਦਾ ਰਾਏ ਕੱਲਾ ਸਭ ਤੋਂ ਵਧ ਕੇ ਮਾਲਦਾਰ ਤੇ ਜੋਰ ਵਾਲਾ ਸੀ; ਅਤੇ ਮਮਦੋਟ ਤੋਂ ਲੈ ਕੇ ਲੁਧਿਆਣੇ ਤੀਕ ਸਾਰਾ ਬੇਟ ਇਸ ਪਾਸ ਸੀ। ਅਲੀ ਮਹੰਮਦ ਖਾਂ ਦਾ ਸਰਹੰਦ ਜਾਣਾ ਸੁਣ ਕੇ ਰੁਹੇਲੇ ਆਪ ਤੋਂ ਆਪ ਸਰਹੰਦ ਨੂੰ ਚਲੇ ਆਉਂਦੇ ਸਨ, ਅਤੇ ਜਿਉਂ ਜਿਉਂ ਇਹ ਇਕੱਠੇ ਹੁੰਦੇ ਜਾਂਦੇ ਸਨ, ਅਲੀ ਮਹੰਮਦ ਖਾਂ ਇਨ੍ਹਾਂ ਨੂੰ ਰੈਹਮਤ ਖਾਂ ਵਲ ਘਲੀ ਜਾਂਦਾ ਸੀ, ਜਿਸ ਪਾਸ ਰਾਏ ਕੋਟ ਉਤੇ ਚੜ੍ਹਾਈ ਕਰਨ ਤੋਂ ਪਹਿਲਾਂ ਪੰਦਰਾਂ ਹਜਾਰ ਰੁਹੇਲੇ ਦਾ ਭੀੜ ਭੜੱਕਾ ਹੋ ਗਿਆ।

ਅਲੀ ਮਹੰਮਦ ਖਾਂ ਦੀ ਨੀਤ ਰਾਇਕਿਆਂ ਦਾ ਸਾਕ ਲੈਣ ਦੀ ਸੀ, ਪਰ ਪੀੜੀਓ ਪੀੜੀ ਦੇ ਖਾਨਦਾਨੀ ਰਾਜਪੂਤ ਇਸ ਨਵੇਂ ਰੱਜ ਰੁਹੇਲੇ ਦੀ ਇਸ ਗਲ ਨੂੰ ਕਿਸ ਤਰਾਂ ਮੰਨ ਸਕਦੇ ਸਨ । ਉਨ੍ਹਾਂ ਨੇ ਮਰ

---

*ਗੁਲ ਰੰਹਮਤ।

Digitized by Panjab Digital Library | www.panjabdigilib.org

ਜਾਣੁ ਤੇ ਸਭ ਕੁਝ ਗਵਾਂ ਦੇਣਾ ਮਨਜ਼ੂਰ ਕੀਤਾ, ਪਰ ਕੁਲ ਨੂੰ ਵੱਟਾ ਲਾਉਣਾ ਚੰਗਾ ਮਾ ਸਮਝਿਆ। ਸੋ ਆਪੋ ਵਿਚ ਲੜਾਈ ਹੋਈ, ਦੁਵੱਲੀਉਂ ਹਜ਼ਾਰਾਂ ਜਵਾਨ ਮੋਏ ਰਾਇਕਿਆਂ ਦਾ ਬਖਸ਼ੀ ਮਖਣ ਖਾਂ ਕੈਦ ਹੋਇਆ, ਰਾਏ ਕੱਲਾ ਆਪਣਾ ਬਾਲ ਬੱਚਾ ਲੈ ਕੇ ਸੁਤਲੁਜੋਂ ਪਾਰ ਪਾਕਪਟਨ ਨੂੰ ਚਲਿਆ ਗਿਆ, ਅਤੇ ਰਾਇ ਕੋਟ ਉਤੇ ਰੁਹੇਲਿਆਂ ਦਾ ਕਬਜ਼ਾ ਹੋ ਗਿਆ। ਪੀਹੜੀਆਂ ਦੀ ਜਮਾ ਕੀਤੀ ਹੋਈ ਦੌਲਤ ਰੁਹੇਲਿਆਂ ਦੇ ਹਥ ਲਗੀ; ਸਾਰਾ ਇਲਾਕਾ ਲੁਟਿਆ ਗਿਆ, ਕਿਲਾ ਢਾਹ ਦਿਤਾ ਗਿਆ, ਅਤੇ ਕੁਝ ਕੁ ਕੈਦੀ ਆਪਣੇ ਨਾਲ ਲੈ ਕੇ ਹਾਫਜ਼ ਰੈਹਮਤ ਖਾਂ ਸਰਹੰਦ ਨੂੰ ਮੁੜਿਆ।

ਹੁਣ ਵਾਰੀ ਆਈ ਭੱਟੀਆਂ ਦੀ। ਅਲੀ ਮੁਹੰਮਦ ਖਾਂ ਆਪ ਫੌਜ ਲੈ ਕੇ ਚੜ੍ਹਿਆ, ਅਤੇ ਸਾਰੇ ਇਲਾਕੇ ਨੂੰ ਲੁਟ ਪੁਟ ਕੇ ਨਜਾਬਤ ਖਾਂ ਤੇ ਗੁਲਾਮ ਹਸਨ ਖਾਂ ਨੂੰ ਕੈਦ ਕਰ ਲਿਆਇਆ, ਅਤੇ ਉਹਨਾਂ ਦੀਆਂ ਲੜਕੀਆਂ ਨਾਲ ਆਪਣਾ ਨਕਾਹ ਕਰ ਲਿਆ*। ਮਲੇਰੀਆ ਨੇ ਬੀ ਆਪਣੀ ਲੜਕੀ ਬੀਬੀ ਬੁਲਾਕਣ ਦਾ ਡੋਲਾ ਅਲੀ ਮੁਹੰਮਦ ਖਾਂ ਨੂੰ ਦਿਤਾ, ਅਤੇ ਇਸ ਤਰਾਂ ਆਪਣੇ ਆਪ ਨੂੰ ਲੁਟੇ-ਪੁਟੇ ਜਾਣੋਂ ਬਚਾਇਆ†।

ਅਲੀ ਮੁਹੰਮਦ ਖਾਂ ਦਾ ਅਸਲ ਭਾਵ ਰੁਪਿਆ ਕੱਠਾ ਕਰਨ ਸੀ, ਸੋ ਉਸ ਨੇ ਲੱਖਾਂ ਰੁਪੈ ਕਠੇ ਕਰ ਲਏ, ਅਤੇ ਕਿਸੇ ਨਾ ਕਿਸੇ ਬਹਾਨੇ ਸਾਰੇ ਇਲਾਕੇ ਨੂੰ ਲੁਟ ਖਾਧਾ। ਉਸ ਨੇ ਇਲਾਕੇ ਦੇ ਸਭ ਸਿਰ ਕੱਢਵੇਂ ਕੈਦ ਕੀਤੇ ਹੋਏ ਸਨ, ਜਿਨ੍ਹਾਂ ਬਾਬਤ ਉਸ ਨੂੰ ਸ਼ਕ ਸੀ, ਕਿ ਇਹ ਮੇਰਾ ਟਾਕਰਾ ਕਰ ਸਕਦੇ ਹਨ। ਉਹ ਜਦ ਕਦੀ ਇਲਾਕੇ ਦਾ ਦੌਰਾ ਕਰਦਾ ਤਾਂ ਇਨ੍ਹਾਂ ਕੈਦੀਆਂ ਨੂੰ ਆਪਣੇ ਨਾਲ ਰਖਿਆ, ਯਾ ਸਰਹੰਦ ਅਢਵਾ

---

*ਅਲੀ ਮੁਹੰਮਦ ਖਾਂ ਦੇ ਇਹ ਹਾਲ 'ਗੁਲਿਸਤਾਨ ਰਹਿਮਤ' ਦੇ ਅਖਬਾਰ ਉਲ-ਸਨਾਦੀਦ ਦੇ ਅਧਾਰ ਲਿਖੇ ਹਨ।

†ਤਵਾਖਰੀ ਗੋਸ਼-ਏ-ਪੰਜਾਬ "ਹਾਲਾਤ ਅਫਗਾਨ ਕੋਟਲਾ"।

Digitized by Panjab Digital Library | www.panjabdigilib.org

ਸੁਨਾਮ ਦੇ ਕਿਲਿਆਂ ਵਿਚ ਘਲਵਾ ਦੇਂਦਾ। ਜਦ ਤੀਕ ਇਹ ਸਰਹੰਦ ਦਾ ਹਾਕਮ ਰਿਹਾ, ਮਹਾਰਾਜਾ ਆਲਾ ਸਿੰਘ ਜੀ ਕੈਦ ਹੀ ਰਹੇ, ਅਤੇ ਆਪ ਦਾ ਸਾਰਾ ਪਰਵਾਰ ਬਠਿੰਡੇ ਰਿਹਾ।

ਸੰਮਤ ੧੮੦੩ ਬਿ: ਵਿਚ ਮਾਈ ਰੇਸਾਂ ਤੋਂ ਕੰਵਰ ਹਿੰਮਤ ਸਿੰਘ ਜੀ ਪੈਦਾ ਹੋਏ। ਉਸ ਸਮੇਂ ਮਾਈਆਂ ਤਾਂ ਬਠਿੰਡੇ ਰਹਿੰਦੀਆਂ ਸਨ*। ਜੋ ਅਲੀ ਮੁਹੰਮਦ ਖਾਂ ਦੀ ਪਹੁੰਚ ਤੋਂ ਬਾਹਰ ਸੀ, ਅਤੇ ਕੰਵਰ ਸਰਦੂਲ ਸਿੰਘ ਤੇ ਲਾਲ ਸਿੰਘ ਜੀ ਕਦੇ ਬਠਿੰਡੇ ਆ ਜਾਂਦੇ ਸਨ, ਅਤੇ ਕਦੇ ਖਾਲਸਾ "ਦਲ" ਦੇ ਜਥਿਆਂ ਨਾਲ ਜਾ ਰਲਦੇ ਸਨ, ਜੋ ਛੋਟੇ ਘਲੂ ਘਾਰੇ ਤੋਂ ਮਗਰੋਂ ਇਧਰ ਆ ਕੇ ਜੈਤੋ ਗਿਰਦੇ ਉਤਰੇ ਹੋਏ ਸਨ। ਜਦ ਕੰਵਰ ਹਿੰਮਤ ਸਿੰਘ ਜੀ ਪੈਦਾ ਹੋਏ ਤਾਂ ਮਾਈ ਰੇਸਾਂ ਦਾ ਠੀਕ ਓਹੋ ਹਾਲ ਸੀ; ਜੋ ਅਕਬਰ ਦੇ ਪੈਦਾ ਹੋਣ ਸਮੇਂ ਅਮਰਕੋਟ ਦੀ ਜੂਹ ਵਿਚ ਜੋ ਹਮੀਦਾ ਬੇਗਮ ਦਾ ਸੀ। ਦੇਣ ਲੈਣ ਨੂੰ ਪਲੇ ਕੁਝ ਨਹੀਂ ਸੀ; ਲਚਾਰ ਆਪਣੀ ਗੋਲੀ ਦੀਆਂ ਚੂੜੀਆਂ ਵੇਚ ਕੇ ਦਸ ਬਾਰਾਂ ਰੁਪੈ ਵਟੇ, ਅਤੇ ਸਮੇਂ ਦਾ ਝੱਟ ਲੰਘਾਇਆ। ਇਸ ਤੋਂ ਮਗਰੋਂ ਮਾਈ ਰੇਸਾਂ ਦੇ ਪਿਤਾ ਨੇ ਵੀ ਰੱਲੇ ਤੋਂ ਰੁਪੈ ਘਲਵਾ ਦਿਤੇ।

ਇਹ ਖੁਸ਼ੀ ਭਰੀ ਖਬਰ ਮਹਾਰਾਜਾਂ ਆਲਾ ਸਿੰਘ ਜੀ ਨੂੰ ਵੀ ਅੱਪੜ ਪਈ। ਆਪ ਦਾ ਕਾਲਜਾ ਠੰਡਾ ਹੋ ਗਿਆ ਪਚਵਿੰਜਾ ਵਰ੍ਹੇ ਦੀ ਉਮਰ ਵਿਚ ਪੋਤੇ ਦੇ ਪੈਦਾ ਹੋਣ ਦੀ ਖਬਰ ਸੁਣੀ ਸੀ। ਜੇਕਰ ਬਰਨਾਲੇ ਹੁੰਦੇ, ਤਾਂ ਪਤਾ ਨਹੀਂ, ਕੀ ਕੀ ਖ਼ੁਸ਼ੀਆਂ ਕਰਦੇ; ਪਰ ਲਾਚਾਰ ਸਨ।

ਸਰਦਾਰ ਰਾਮ ਸਿੰਘ ਜੀ ਨੇ ਚੈਨੇ ਨੂੰ ਮਾਰਿਆ ਸੀ, ਤੇ ਚੈਨੇ ਦੇ ਭਰਾਵਾਂ ਭਾਈਆਂ ਨੇ ਸਰਦਾਰ ਰਾਮ ਸਿੰਘ ਜੀ ਨੂੰ ਸ਼ਹੀਦ ਕੀਤਾ ਸੀ, ਜਿਸ ਕਰਕੇ ਮਹਾਰਾਜਾ ਆਲਾ ਸਿੰਘ ਜੀ ਨੇ ਸੇਮੇਂਕਿਆਂ ਤੇ ਸਰਦੂਲਿਆਂ ਨੂੰ ਮਹਾਰਾਜ ਪਿੰਡੋਂ ਕਢ ਕੇ ਸੇਮਾਂ ਪਿੰਡ ਵੀ ਉਜਾੜ

*ਯਾਦਦਾਸ਼ਤ ਮਾਈ ਭ ਗਟ।

Digitized by Panjab Digital Library | www.panjabdigilib.org

ਦਿਤਾ ਸੀ । ਇਸ ਤੋਂ ਕੁਝਕੁ ਸਾਲ ਮਗਰੋਂ ਚੋਧਰੀਕਿਆਂ ਨੇ ਸੇਮੇਂਕਿਆਂ ਤੇ ਸਰਦੂਲਲਿਆਂ ਨੂੰ ਫੂਲ ਵਿਚ ਵਸਾ ਲਿਆ ਸੀ, ਪਰ ਅੰਤ ਨੂੰ ਜਦ ਮਹਾਰਾਜਾ ਆਲਾ ਸਿੰਘ ਜੀ ਦੀ ਤਾਕਤ ਵਧੀ, ਤਾਂ ਸੇਮੇਂਕਿਆਂ ਦੀ ਮਨਸ਼ਾ ਮਹਾਰਾਜਾ ਆਲਾ ਸਿੰਘ ਜੀ ਨਾਲ ਸੁਲਾਹ ਸਫਾਈ ਕਰਨ ਦੀ ਹੋ ਗਈ ।

ਮਹਾਰਾਜਾ ਆਲਾ ਸਿੰਘ ਜੀ ਕੈਦ ਹੋਇਆਂ ਸਵਾ ਦੋ ਕੁ ਵਰ੍ਹੇ ਹੋ ਗਏ ਸਨ, ਅਤੇ ਇਸ ਸਮੇਂ ਮਹਾਰਾਜਾ ਜੀ ਸੁਨਾਮ ਦੇ ਕਿਲੇ ਵਿਚ ਸਨ, ਕਿ ਨਾਨੂ ਸਿੰਘ ਸੈਣੀ ਨਾਲ ਸਲਾਹ ਕਰਕੇ ਕਰਮਾ ਸੇਮੇ–ਕਾ* ਮਹਾਰਾਜਾ ਜੀ ਛੁਡਾਉਣ ਲਈ ਤਿਆਰ ਹਇਆ† । ਨਾਨੂ ਸਿੰਘ ਤਾਂ ਘੋੜੀ ਲੈ ਕੇ ਬਾਹਰ ਖੜਾ ਰਿਹਾ, ਤੇ ਕਰਮਾ ਰਾਤ ਦੇ ਹਨੇਰੇ ਦੀ ਓਟ ਫਸੀਲ ਟਪ ਕੇ ਕਿਲੇ ਅੰਦਰ ਆ ਗਿਆ; ਅਤੇ ਮਹਾਰਾਜਾ ਜੀ ਦਾ ਕਾਠ ਲਾਹ ਕੇ ਤੇ ਮਹਾਰਾਜਾ ਜੀ ਦੇ ਕਪੜੇ ਪਾ ਕੇ ਆਪ ਤਾਂ ਕੋਠੜੀ ਵਿਚ ਬੈਠ ਗਿਆ; ਅਤੇ ਆਪਣੇ ਕਪੜੇ ਮਹਾਰਾਜਾ ਜੀ ਨੂੰ ਪਵਾ ਕੇ ਬਾਹਰ ਨੂੰ ਤੋਰ ਦਿਤਾ । ਮਹਾਰਾਜਾ ਜੀ ਕਰਮੇ ਦੀ ਦਸ ਅਨੁਸਾਰ ਫਸੀਲ ਟਪ ਕੇ ਨਾਨੂ ਸਿੰਘ ਪਾਸ ਅੱਪੜ ਪਏ, ਅਤੇ ਕਰਮੇ ਨੂੰ ਖਬਰ ਕਰਨ ਲਈ ਟੱਮਕ ਵਜਾ ਦਿਤੀ। ਟੱਮਕ ਦੀ ਅਵਾਜ ਸੁਣਦਿਆਂ ਹੀ ਕਰਮਾ ਵੀ ਬਾਹਰ ਆ ਗਿਆ, ਅਤੇ ਮਹਾਰਾਜਾ ਜੀ ਦੋਹਾਂ ਸਾਥੀਆਂ ਸਣੇ ਲੌਂਗੋਵਾਲ ਵਲ ਚਲ ਪਏ ।

ਟੱਮਕ ਦੀ ਅਵਾਜ਼ ਸੁਣ ਕੇ ਕਿਲ੍ਹੇ ਵਾਲੇ ਵੀ ਸੁਚੇਤ ਹੋ ਗਏ ਸਨ, ਅਤੇ ਮਹਾਰਾਜਾ ਜੀ ਅਜੇ ਦੂਰ ਨਹੀਂ ਨਹੀਂ ਗਏ ਸਨ, ਕਿ ਕਿਲ੍ਹੇ ਵਾਲਿਆਂ ਨੂੰ ਇਸ ਗਲ ਦਾ ਪਤਾ ਲਗ ਗਿਆ, ਅਤੇ ਕਿਲ੍ਹੇ ਦੇ ਸ਼ਾਹੀ ਸਵਾਰ ਜੋ ਦੋ ਕੁ ਸੌ ਹੋਇਆ ਕਰਦੇ ਸਨ, ਮਹਾਰਾਜਾ ਜੀ ਨੂੰ ਫੜਨ ਲਈ ਲੌਂਗੋਵਾਲ ਵਲ ਨੱਠੇ । ਕਰਮੇ

---

*ਮਰਕਾ ਪੁਤਰ ਸ਼ਮੀਰ ਪੁਤਰ ਆਲਮ ਪੁਤਰ ਸਮਾਂ ਸੀ :

†ਤਵਾਰੀਖ ਸਿਧੂ ਬਰਾੜਾਂ ।

Digitized by Panjab Digital Library | www.panjabdigilib.org

ਦਾ ਅਗੇ ਹੀ ਪ੍ਰਬੰਧ ਕੀਤਾ ਚੋਇਆ ਸੀ; ਮਹਾਰਾਜ ਜੀ ਨੂੰ ਸੁਨਾਮ ਦੇ ਪਾਸ ਹੀ ਆਪਣੇ ਆਦਮੀ ਮਿਲ ਪਏ: ਅਤੇ ਸਵਾਰ ਹੋਕੇ ਆਪ ਤਾਂ ਲੋਂਗੋਵਾਲ ਨੂੰ ਚਲੇ ਗਏ; ਤੇ ਆਪ ਦੇ ਆਦਮੀ ਤੇ ਸ਼ੇਰੋਂ ਵਾਲੇ ਸ਼ੇਰੋਂ ਪਿੰਡ ਪਾਤਸ਼ਾਹੀ ਸਵਾਰਾਂ ਨੂੰ ਰੋਕਣ ਲਈ ਖੜੋ ਗਏ।

ਸ਼ੇਰੋਂ ਨੂੰ ਮਹਾਰਾਜਾ ਜੀ ਨੇ ਵਸਾਇਆ ਸੀ, ਤੇ ਇਥੇ ਚਾਓਕੇ ਵਸਦੇ ਸਨ, ਜੋ ਮਹਾਰਾਜ ਜੀ ਨੂੰ ਆਪਣਾ ਭਰਾ-ਭਾਈ ਜਾਣ ਕੇ ਉਹਨਾਂ ਲਈ ਆਪਣਾ ਲਹੂ ਡੋਲ੍ਹਣ ਨੂੰ ਤਿਆਰ ਸਨ, ਜਦ ਸ਼ਾਹੀ ਸਵਾਰ ਸ਼ੇਰੋਂ ਪਾਸ ਅਪੜੇ, ਤਾਂ ਚਾਓਕੇ ਉਹਨਾਂ ਨਾਲ ਰੁਝ ਪਏ, ਅਤੇ ਖੂਬ ਲੜੇ। ਸ਼ਾਹੀ ਸਵਾਰਾਂ ਨੇ ਜਦ ਸ਼ਕਾਰ ਹਥੋਂ ਚਲਿਆ ਗਿਆ ਵੇਖਿਆ, ਅਤੇ ਚਾਓਕਿਆਂ ਨੂੰ ਵੀ ਸਰ ਨਾ ਕਰ ਸਕੇ, ਤਾਂ ਪਿਛਾਂਹ ਸੁਨਾਮ ਨੂੰ ਮੁੜ ਗਏ।

ਇਸ ਲੜਾਈ ਵਿਚ ਅਮਰਾ ਆਦਿ ਚਾਓਕੇ ਕਈ ਆਦਮੀ ਸ਼ਹੀਦ ਹੋਏ ਸਨ। ਜਦ ਇਹ ਸੂਰਮੇਂ ਮੁੜ ਕੇ ਪਿੰਡ ਆਏ, ਤਾਂ ਲੋਕਾਂ ਨੇ ਕਿਹਾ, ਕਿ ਭਾਈ, ਤੁਸੀਂ ਤਾਂ ਚੰਗੇ ਤਕੜੇ ਰਹੇ। ਸੋ ਉਸ ਦਿਨ ਤੋਂ ਉਸ ਸ਼ਾਖ ਦੀ ਅੱਲ "ਤਕੜੇ" ਤੁਰੀ ਆਉਂਦੀ ਹੈ ਇਹ ਗਲ ਅਖੀਰ ਮਾਘ ਸੰਮਤ ੧੮੦੪ ਬਿ: ਦੀ ਹੈ।

ਚੈਨੇ ਨੇ ਸ੍ਰ: ਰਾਮ ਸਿੰਘ ਜੀ ਨੂੰ ਸ਼ਹੀਦ ਕਰਕੇ ਆਪਣੇ ਸਭੇ ਭਰਾਵਾਂ ਉਤੇ ਮੁਸੀਬਤ ਲਿਆਂਦੀ ਸੀ। ਹੁਣ ਕਰਮੇ ਨੇ ਮਹਾਰਾਜਾ ਜੀ ਦੀ ਸਹਾਇਤਾ ਕਰਕੇ ਉਹਨਾਂ ਉਜੜੇ ਭਰਾਵਾਂ ਨੂੰ ਮਹਾਰਾਜ ਵਿਚ ਫੇਰ ਵਸਾ ਦਿਤਾ; ਅਤੇ ਸੇਮੇਂਕਿਆਂ ਨੂੰ ਭਾਵੇਂ ਪੂਰਾ ਹਿੱਸਾ ਤਾਂ ਨਾ ਮਿਲਿਆ, ਪਰ ਤਦ ਵੀ ਭਰਾਵਾਂ ਵਿਚ ਤਾਂ ਆ ਮਿਲੇ।

ਗਿੱਲਾਂ ਦੀ ਇਕ ਫਰੋਜੀ ਨਾਮੇ ਲੜਕੀ ਸੀ, ਜੋ ਰੋਜ਼ ਇਕ ਸੇਰ ਘਿਉ ਖਾਇਆ ਕਰਦੀ ਸੀ। ਜਦ ਇਸ ਦਾ ਮਾਲਕ

Digitized by Panjab Digital Library | www.panjabdigilib.org

ਗੁਜ਼ਰ ਗਿਆ, ਤਾਂ ਇਸ ਦਾ ਸਾਕ ਕੋਈ ਨਾ ਲਵੇ, ਕਿ ਐਤਨੀ ਖੁਰਾਕ ਕਿਥੋਂ ਦੇਵਾਂਗੇ। ਫ਼ਰੋਜੀ ਦਾ ਪਿਤਾ ਆਪਣੀ ਲੜਕੀਸਣੇ ਇਕ ਵਾਰ ਮਹਾਰਾਜ ਪਾਸ ਆਇਆ, ਤਾਂ ਭਰਾਵਾਂ ਦੇ ਕਹਿਣ ਕਰਕੇ ਕਰਮ ਚੰਦ ਨੇ ਫ਼ਰੋਜੀ ਨੂੰ ਆਪਣੇ ਘਰ ਵਸਾ ਲਿਆ, ਅਤੇ ਭਰਾਵਾਂ ਨੇ ਕਰਮ ਚੰਦ ਨੂੰ ਫ਼ਰੋਜੀ ਦੇ ਖਰਚ ਵਜੋਂ ਦੂਹਰਾ ਹਿੱਸਾ ਦੇ ਦਿਤਾ।

ਕਰਮ ਚੰਦ ਦੇ ਗੁਜ਼ਰਨ ਮਗਰੋਂ ਸ਼ਰੀਕਾਂ ਨੇ ਫਰੋਜੀ ਨੂੰ ਕਢ ਦਿਤਾ, ਅਤੇ ਉਹ ਆਪਣੇ ਦੋਹਾਂ ਪੁਤਰਾਂ ਮੁਹੱਬਤ ਤੇ ਬਘੇਲੇ ਸਣੇਂ ਆਪਣੇ ਪੇਕੀਂ ਜਾ ਰਹੀ; ਜਿਥੋਂ ਕੁਝ ਸਮੇਂ ਮਗਰੋਂ ਫੁਲ ਚੰਦ ਦਾ ਪੁਤਰ ਸਾਉਲ ਉਸ ਨੂੰ ਫੇਰ ਮਹੂਰਾਜ ਲੈ ਆਇਆ, ਤੇ ਭਾਈਚਾਰੇ ਵਿਚੋਂ ਤਕੜਾ ਹੋਣ ਦੇ ਕਾਰਨ ਫਰੋਜੀ ਨੂੰ ਸ਼ਰੀਕਾਂ ਪਾਸੋਂ ਹਿੱਸਾ ਦਵਾ ਦਿਤਾ।

ਜਦ ਮਹਾਰਾਜਾ ਆਲਾ ਸਿੰਘ ਜੀ ਨੇ ਸੇਮੇਂਕਿਆਂ ਤੇ ਸਰਦੂਲ-ਕਿਆਂ ਨੂੰ ਮਰੂਾਜ ਵਿਚ ਵਸਾਇਆ; ਤਾਂ ਇਨ੍ਹਾਂ ਨੂੰ ਕੇਵਲ ਪੌਣੇ ਚਾਰ ਚਾਰ ਸੌ ਘੁਮਾਵਾਂ ਜ਼ਮੀਨ ਮਿਲੀ, ਸੇਮੇਂਕਿਆਂ ਲਈ ਪੌਣੇ ਚਾਰ ਸੌ ਘੁਮਾਵਾਂ ਜ਼ਮੀਨ ਥੋੜੀ ਜਾਣ ਕੇ ਮਹਾਰਾਜ ਜੀ ਨੇ ਤਿਨ ਹਜ਼ਾਰ ਘੁਮਾਵਾਂ ਜ਼ਮੀਨ ਫਰੋਜੀ ਦੇ ਹਿੱਸੇ ਵਿਚੋਂ ਕਢੀ; ਅਤੇ ਸੇਮੇਂਕਿਆਂ ਨੂੰ ਦੇ ਦਿਤੀ, ਜਿਸ ਕਰ ਕੇ ਸਾਰੇ ਮਰੂਾਜ ਵਿਚੋਂ ਸੇਮੇਂਕਿਆਂ ਤੇ ਸਰਦੂਲਕਿਆਂ ਦਾ ਵੀਹਵਾਂ ਹਿਸਾ ਹੋ ਗਿਆ। ਇਸ ਤਰ੍ਹਾਂ ਸੇਮੇਂਕਿਆਂ ਨੂੰ ਤਾਂ ਫੇਰ ਵੀ ਕੁਝ ਹਿਸਾ ਮਿਲ ਗਿਆ, ਪਰ ਸਰਦੂਲਕਿਆਂ ਨੂੰ ਬਹੁਤ ਘਾਟਾ ਰਿਹਾ, ਜੋ ਅਸਲ ਵਿਚ ਛੇਵੇਂ ਹਿੱਸੇ ਦੇ ਮਾਲਕ ਸਨ, ਪਰ ਜ਼ਮੀਨ ਉਨ੍ਹਾਂ ਨੂੰ ਕੇਵਲ ਪੌਣੇਂ ਚਾਰ ਸੌ ਘੁਮਾਵਾਂ ਹੀ ਮਿਲੀ।

ਜਦ ਮਹਾਰਾਜਾ ਜੀ ਸੁਨਾਮੋਂ ਨਿਕਲੇ ਸਨ, ਤਾਂ ਓਦੋਂ ਹੀ ਖਬਰਾਂ ਉਡ ਰਹੀਆਂ ਸਨ, ਕਿ ਐਹਮਦ ਸ਼ਾਹ ਅਬਦਾਲੀ ਲਾਹੌਰ ਅਪੜ ਪਿਆ ਹੈ, ਅਤੇ ਦਿੱਲੀ ਵਲ ਆਉਣ ਦੀ ਤਿਆਰੀ ਕਰ ਰਿਹਾ ਹੈ। ਅਲੀ ਮੁਹੰਮਦ ਖਾਂ ਨੇ ਜਦ ਦੀ ਇਹ ਗਲ ਸੁਣੀ ਸੀ, ਉਹ ਉਸੇ

Digitized by Panjab Digital Library | www.panjabdigilib.org

ਸਮੇਂ ਤੋਂ ਆਪਣੇ ਦੇਸ ਨੂੰ ਭੱਜ ਜਾਣ ਦੀ ਤਿਆਰੀ ਕਰਨ ਲਗ ਪਿਆ ਸੀ, ਉਸ ਨੇ ਸਮਝਾਇਆ ਸੀ, ਕਿ ਐਹਮਦ ਸ਼ਾਹ ਵੀ ਨਾਦਰ ਸ਼ਾਹ ਵਾਂਙ ਦਿਲੀ ਦਾ ਹਾਲ ਕਰੇਗਾ, ਅਤੇ ਇਸ ਵੇਲੇ ਮੈਂ ਆਪਣੇ ਦੇਸ ਵਿਚ ਜਾਕੇ ਜਿੰਨਾ ਮੁਲਕ ਮੱਲਣਾ ਚਾਹਾਂਗਾ, ਮੱਲ ਲਵਾਂਗਾ, ਕਿਉਂ ਜੋ ਸਾਰੀ ਸ਼ਾਹੀ ਸੈਨਾ ਅਬਦਾਲੀ ਦੇ ਟਾਕਰੇ ਲਈ ਦਿੱਲੀ ਵਲ ਆਈ ਹੋਵੇਗੀ।

ਇਸ ਤਰ੍ਹਾਂ ਆਪਣੀ ਤਿਆਰੀ ਕਰ ਕੇ ਚੜ੍ਹੇ ਫਗਣ ਹੀ ਅਲੀ ਮੁਹੰਮਦ ਖਾਂ ਰੁਹੇਲ ਖੰਡ ਨਸ ਗਿਆ, ਅਤੇ ਜਾ ਕੇ ਬਹੁਤ ਸਾਰਾ ਇਲਾਕਾ ਮਲ ਲਿਆ। ਪਰ ਉਸ ਨੂੰ ਇਸ ਇਲਾਕੇ ਦਾ ਰਾਜ ਮਾਨਣ ਨਾ ਮਿਲਿਆ, ਤੇ ਅਗਲੇ ਹੀ ਸਾਲ ੪੪ ਸਾਲ ਦੀ ਉਮਰੇ ਗੁਜ਼ਰ ਗਿਆ। ਹੁਣ ਇਸ ਦੀ ਉਲਾਦ ਪਾਸ ਰਾਮ ਪੁਰ ਦੀ ਰਿਆਸਤ ਹੈ।

ਐਹਮਦ ਸ਼ਾਹ ਅਬਦਾਲੀ ਮਹੀਨਾ ਭਰ ਲਾਹੌਰ ਲੜਾਈ ਦੀਆਂ ਤਿਆਰੀਆਂ ਕਰਦਾ ਰਿਹਾ; ਅਤੇ ਇਤਨੇ ਚਿਰ ਵਿਚ ਦਿੱਲੀ ਤੋਂ ਸ਼ਾਹਜ਼ਾਦਾ ਐਹਮਦ ਸ਼ਾਹ ਤੇ ਵਜ਼ੀਰ ਕਮਰੁਦ ਦੀਨ ਵੀ ਅੱਸੀ ਹਜ਼ਾਰਾ ਫੌਜ ਲੈਕੇ ਆ ਗਏ, ਅਤੇ ਸਰਹੰਦੋਂ ਵਧਕੇ ਬਹਿਲੋਲ ਪੁਰ ਗਿਰਦੇ ਸਤਲੁਜ ਕੰਢੇ ਜਾ ਡੇਰੇ ਕੀਤੇ। ਇਸ ਸਮੇਂ ਸਰਹੰਦ ਦੇ ਸਭ ਸਿਰ ਕਢਵੇਂ ਇਲਾਕੇਦਾਰ ਆਪਣੀ ਆਪਣੀ ਫੌਜ ਲੈਕੇ ਸ਼ਾਹਜ਼ਾਦੇ ਦੀ ਫੌਜ ਦੇ ਨਾਲ ਸਨ, ਜੋ ਮਹਾਰਾਜਾ ਆਲਾ ਸਿੰਘ ਜੀ ਦੀ ਵੀ ਇਸ ਸਮੇਂ ਦਿੱਲੀ ਦੇ ਪਾਤਸ਼ਾਹ ਵਲੋਂ ਅਬਦਾਲੀ ਨਾਲ ਲੜਦੇ ਰਹੇ।

ਸ਼ਾਹੀ ਫੌਜ ਨੇ ਆਪਣੀ ਵਲੋਂ ਦਿੱਲੀ ਦਾ ਰਾਹ ਰੋਕਿਆ ਹੋਇਆ ਸੀ, ਪਰ ਅਬਦਾਲੀ ਲੁਧਿਆਣੇ ਦੇ ਗਾਹਣੇਂ ਐਸਾ ਚੁਪ-ਚੁਪਾਤਾ ਲੰਘਿਆ, ਕਿ ਸ਼ਾਹੀ ਫੌਜ ਨੂੰ ਖਬਰ ਹੋਣ ਤੋਂ ਪਹਿਲਾਂ ਹੀ ਸਰਹੰਦ ਉਤੇ ਆ ਪਿਆ; ਅਤੇ ਸਾਰੇ ਸ਼ਾਹੀ ਸਮਾਨ ਤੇ

Digitized by Panjab Digital Library | www.panjabdigilib.org

ਤੋਸ਼ੇ ਖ਼ਾਨੇ ਉਤੇ ਕਬਜਾ ਕਰਕੇ ਦਿੱਲੀ ਦੀ ਸੈਨਾਂ ਦੇ ਸਾਹਮਣੇ ਹ ਖੜੋਤਾ।

ਇਸ ਤਰ੍ਹਾਂ ਅੱਧ ਫਗਣ ਤੋਂ ਅੱਧ ਚੇਤ ਤੀਕ ਸਰਹੰਦੋਂ ੧੨ ਮੀਲ ਮਾਣੂਪੁਰ ਗਿਰਦੇ ਲੜਾਈਆਂ ਹੁੰਦੀਆਂ ਰਹੀਆਂ* ਪਰ ਫੈਸਲਾ ਕੁਝ ਨਾ ਹੋਇਆ, ਇਕ ਦਿਨ ਅਬਦਾਲੀ ਵਲੋਂ ਤੋਪ ਦਾ ਗੋਲਾ ਵਜੀਰ ਨੂੰ ਆ ਲਗਾ, ਜਿਸ ਨਾਲ ਵਜੀਰ ਮਰ ਗਿਆ। ਇਸ ਤੋਂ ਗੁਸਾ ਖਾ ਕੇ ਵਜੀਰ ਦੇ ਪੁਤਰ ਮੀਰ ਮਨੂੰ ਨੇ ਅਬਦਾਲੀ ਉਤੇ ਐਸਾ ਟੁਟ ਕੇ ਹੱਲਾ ਕੀਤਾ, ਕਿ ਅੰਤ ਨੂੰ ਗਿਲਜਿਆਂ ਨੂੰ ਨੱਸਣਾ ਹੀ ਪਿਆ। ਮੀਰ ਮੰਨੂੰ ਲਾਹੌਰ ਦਾ ਸੂਬਾ ਬਣਿਆ, ਅਤੇ ਸ਼ਾਹਜ਼ਾਦਾ ਲਗ ਪਗ ਇਕ ਮਹੀਨਾ ਸਰਹੰਦ ਅਰਾਮ ਕਰਦਾ ਰਿਹਾ। ਇਸ ਲੜਾਈ ਵਿਚ ਮਹਾਰਾਜਾ ਆਲਾ ਸਿੰਘ ਜੀ ਵਲੋਂ ਜੋ ਸੇਵਾ ਕੀਤੀ ਗਈ ਸੀ, ਉਸ ਵਜੋਂ ਆਪ ਨੂੰ ਖਿਲਅਤ ਮਿਲਿਆ, ਅਤੇ ਆਪ ਸਨਮਾਨ ਸਹਿਤ ਬਰਨਾਲੇ ਨੂੰ ਆ ਗਏ।

----

*ਵੇਖੋ ਸਰੂਵੇ ਆਜ਼ਾਦ ਤੇ ਖ਼ਜ਼ਾਨਾ-ਏ-ਆਮਰਾ।

Digitized by Panjab Digital Library | www.panjabdigilib.org

# ਵਿਗੜਿਆਂ ਨੂੰ ਸੋਧਣਾ

[੧੮੦੫-੧੮੦੬]

ਸੰਮਤ ੧੭੮੯ ਬਿ: ਤੀਕ ਮਹਾਰਾਜਾ ਆਲਾ ਸਿੰਘ ਜੀ ਆਪਨੇ ਪਿੰਡਾਂ ਦਾ ਮਾਂਬਲਾ ਸਰਕਾਰੇ ਤਾਰ ਦਿਆ ਕਰਦੇ ਸਨ। ਪਰ ਜਦ ਬਰਨਾਲੇ ਦੀ ਲੜਾਈ ਵਿਚ ਆਪ ਨੇ ਰਾਇਕੋਟੀਆਂ ਜੇਹਿਆਂ ਨੂੰ ਭਾਜ ਦਿਤੀ, ਤਾਂ ਆਪ ਨੇ ਸਿਧ ਕਰ ਦਿਤਾ, ਕਿ ਮਾਂਬਲਾ ਦੇਨਾ ਯਾ ਨਾਂ ਦੇਣਾ ਸਾਡੇ ਆਪਣੇ ਵੱਸ ਦੀ ਗਲ ਹੈ, ਕਿਸੇ ਹਾਕਮ ਦਾ ਸਾਡੇ ਉਤੇ ਕੋਈ ਜ਼ੋਰ ਨਹੀਂ, ਓਨ੍ਹੀ ਦਿਨੀ ਪਰਗਣੇ ਦੇ ਅਜਾਰੇ ਤਕੜੇ ਆਦਮੀ ਲੈ ਲੈਂਦੇ ਸਨ, ਅਤੇ ਫਿਰ ਪਿੰਡਾਂ ਪਿੰਡਾਂ ਦੇ ਅਜਾਰੇ ਚੋਧਰੀਆਂ ਨੂੰ ਦੇ ਦੇਂਦੇ ਸਨ। ਇਹ ਇਕ ਤਰ੍ਹਾਂ ਦਾ ਠੇਕਾ ਹੁੰਦਾ ਸੀ, ਜੋ ਹਰ ਹਾਲਤ ਵਿਚ ਅਜਾਰੇਦਾਰ ਯਾ ਚੋਧਰੀ ਨੂੰ ਭਰਨਾ ਪੈਂਦਾ ਸੀ, ਪਿੰਡਾਂ ਵਿਚੋਂ ਉਸ ਨੂੰ ਭਾਵੇਂ ਕੁਝ ਹੱਥ ਆਵੇ, ਭਾਵੇਂ ਨਾ ਆਵੇ। ਜੇਕਰ ਤਾਂ ਸਮਾਂ ਚੰਗਾ ਲੰਘ ਗਿਆ, ਤਦ ਤਾਂ ਅਜਾਰੇਦਾਰ ਨੂੰ ਮੌਜ ਰਹਿੰਦੀ, ਪਰ ਜਦ ਕਾਲ ਪੈ ਜਾਂਦਾ, ਯਾ ਅਜਾਰੇਦਾਰ ਤੇ ਸਤਾਏ ਹੋਏ, ਲੋਕੀਂ ਪਿੰਡ ਛਡ ਕੇ ਉੱਜੜ ਜਾਂਦੇ, ਤਾਂ ਅਜਾਰੇਦਾਰ ਦਾ ਮਾਂਬਲਾ ਟੁਟ ਜਾਂਦਾ, ਅਤੇ ਉਸ ਨੂੰ ਕੈਦ ਕਰ ਦਿਤਾ ਜਾਂਦਾ, ਜਦ ਤੀਕ ਉਸ ਦੇ ਵਾਰਸ ਟੁਟੇ ਮਾਂਬਲੇ ਨੂੰ ਪੂਰਾ ਨਾ ਕਰ ਦੇਂਦੇ, ਉਸ ਦੀ ਬੰਦ ਖਲਾਸ ਨਾ ਹੁੰਦੀ।

ਜਦ ਪਹਿਲਾਂ ਪਹਿਲਾਂ ਫੂਲਕੇ ਦੜਕੇ ਸਨ, ਤਾਂ ਉਸ ਸਮੇ ਨਿਤਾਨੰਦ ਸੁਨਾਮ ਦਾ ਰਾਜਪੂਤ ਇਸ ਇਲਾਕੇ ਦਾ ਅਜਾਰੇਦਾਰ ਸੀ। ਇਹ ਬੜਾ ਕਰੜਾ ਤੇ ਜੋਰਾਵਰ ਆਦਮੀ ਸੀ, ਦੋ ਸੋ ਅਸਵਾਰ ਇਸ ਦੇ ਆਪਣੇ ਸਨ, ਅਤੇ ਇਨ੍ਹਾਂ ਦੇ ਜੋਰ ਇਹ ਪਿੰਡਾਂ ਦੇ ਜਿਮੀਦਾਰਾਂ ਨੂੰ ਬੜਾ ਤੰਗ ਕੀਤਾ ਕਰ ਦਾ ਸੀ, ਇਸ ਕਰਕੇ ਕਈ ਪਿੰਡਾਂ ਦੇ ਪਿੰਡ ਖਾਣੋਂ ਪੀਣੋਂ

Digitized by Panjab Digital Library | www.panjabdigilib.org

ਲਚਾਰ ਹੋ ਕੇ ਘਰਬਾਰ ਛਡ ਕੇ ਉੱਜੜ ਗਏ। ਜਦ ਇਸ ਦੀ ਅਤਿ ਵਧ ਗਈ, ਤਾਂ ਧੌਲੇ ਪਿੰਡ ਦੇ ਰਾਇ ਬੂਲੇ ਜਟ, ਭਿਖੀ ਦੇ ਦੇਸੂ ਸਿੰਘ ਚਾਹਲ, ਅਤੇ ਬੁਲਾੜੇ ਦੇ ਅਬਦੁਲ ਰੈਹਮਾਨ ਰਾਜਪੂਤ ਨੇ ਨਿਤਾ ਨੰਦ ਦੇ ਮਾਰ ਦੇਣ ਦੀ ਸਲਾਹ ਕੀਤੀ, ਅਤੇ ਇਕ ਦਿਨ ਮਿਥ ਲਿਆ। ਪਰ ਕਰਤਾਰ ਦੀ ਕੁਦਰਤ ਐਸੀ ਹੋਈ, ਕਿ ਉਸ ਮਿਥੇ ਦਿਨ ਤੋਂ ਪਹਿਲਾਂ ਹੀ ਭੱਟੀਆਂ ਦਾ ਕਟਕ ਆ ਪਿਆ, ਇਹ ਸੁਣਦਿਆਂ ਹੀ ਨਿਤਾ ਨੰਦ ਆਪਣੇ ਦੋ ਸੌ ਅਸਵਾਰ ਤੇ ਭਾਈ ਬੰਦ ਆਪਣੇ ਨਾਲ ਲੈ ਕੇ ਜਾ ਪਿਆ, ਤੇ ਕਟਕ ਨੂੰ ਘੇਰ ਕੇ ਸਭ ਪਸੂ ਛੁਡਾ ਲਏ, ਪਰ ਲੜਾਈ ਵਿਚ ਗੋਲੀ ਲਗਣ ਕਰਕ ਉਥੇ ਹੀ ਮਰ ਗਿਆ* ।

ਇਸ ਤੋਂ ਮਗਰੋਂ ਭਾਵੇਂ ਅਜਾਰੇਦਾਰ ਤਾਂ ਆਉਂਦੇ ਰਹੇ, ਪਰ ਨਿਤਾ ਨੰਦ ਵਰਗਾ ਕੋਈ ਨਾ ਆਇਆ; ਅਤੇ ਫੂਲਕਿਆਂ ਨਾਲ ਤਾਂ ਕਿਸੇ ਨੇ ਵੀ ਵਗਾੜ ਨਾਂ ਪਾਇਆ। ਦਿਲੀ ਸ਼ਾਹੀ ਢਿਲੀ ਹੁੰਦੀ ਜਾ ਰਹੀ ਸੀ, ਇਸ ਲਈ ਜੰਗਲ ਜਹੇ ਇਲਾਕੇ ਦਾ ਕੀ ਪ੍ਰਬੰਧ ਕੀਤਾ ਜਾ ਸਕਦਾ ਸੀ। ਸੰਮਤ ੧੭੯੪ ਬਿ: ਤੋਂ ਮਗਰੋਂ ਮਹਾਰਾਜਾ ਆਲਾ ਸਿੰਘ ਜੀ ਕੁਝ ਥੋੜੀ ਜਹੀ ਰਕਮ ਹੱਥ ਕੁਕਾਣੀਂ ਦੇ ਛਡਦੇ ਸਨ; ਪਰ ਨਾਦਰ ਸ਼ਾਹ ਤੋਂ ਮਗਰੋਂ ਆਪ ਨੇ ਕੌਡੀ ਨਾ ਦਿਤੀ, ਅਤੇ ਜਦ ਦਾ ਅਲੀ ਮੁਹੰਮਦ ਖਾਂ ਸਰਹੰਦੋਂ ਗਿਆ, ਤਦ ਦੇ ਆਪ ਮੂਲੋਂ ਹੀ ਸੁਤੰਤ੍ਰ ਹੋ ਗਏ।

ਪਿਛਲੇ ਸਾਲਾਂ ਵਿਚ ਉਥੇ ਉਤੇ ਕਬਜ਼ਾ ਕਰਨ ਨਾਲ ਘੁਮਣਕੇ, ਕੁਤੀਵਾਲ ਤੇ ਭੈਣੀ ਚੂਹੜ ਵਾਲੀ ਦੇ ਜ਼ਿਮੀਂਦਾਰ ਮਹਾਰਾਜਾ ਜੀ ਦੇ ਅਨੁਸਾਰੀ ਹੋ ਗਏ ਸਨ, ਪਰ ਜਦ ਦਾ ਅਲੀ ਮੁਹੰਮਦ ਖਾਂ ਆਇਆ; ਅਤੇ ਉਹਨਾਂ ਨੇ ਮਹਾਰਾਜਾ ਆਲਾ ਸਿੰਘ ਜੀ ਉਤੇ ਪੁਠੀ ਹਵਾ ਵਗਦੀ ਵੇਖੀ ਤਾਂ ਇਹ ਸਾਬੋਕੇ

---

*ਸਾਖੀਆਂ ਭਾਈ ਮੂਲ ਚੰਦ ਜੀ।

Digitized by Panjab Digital Library | www.panjabdigilib.org

ਜ਼ਿਮੀਂਦਾਰ ਵੀ ਆਕੀ ਹੋ ਗਏ, ਅਤੇ ਮਹਾਰਾਜਾ ਜੀ ਦੀ ਈਨ ਤੋੜ ਦਿਤੀ। ਮਹਾਰਾਜਾ ਆਲਾ ਸਿੰਘ ਜੀ ਜਦ ਚੜ੍ਹੇ, ਵਸਾਖ ੧੮੦੫ ਬਿ: ਨੂੰ ਸ਼ਾਹਜ਼ਾਦੇ ਪਾਸੋਂ ਆਗਿਆ ਲੈਕੇ ਬਰਨਾਲੇ ਵਾਪਸ ਆਏ, ਤਾਂ ਆਪ ਨੂੰ ਇਨ੍ਹਾਂ ਸਾਬੋਕਿਆਂ ਦੀ ਇਹ ਗਲ ਬਹੁਤ ਬੁਰੀ ਲਗੀ, ਅਤੇ ਆਪ ਨੇ ਇਨ੍ਹਾਂ ਨੂੰ ਤਕੜੀ ਸਜਾ ਦੇਣੀ ਚਾਹੀ।

ਮਹਾਰਾਜਾ ਜੀ ਨੇ ਆਪਣੀ ਫੌਜ ਤਿਆਰ ਕੀਤੀ, ਅਤੇ ਰੱਲੇ ਪਿੰਡ ਡੇਰਾ ਲਾ ਕੇ ਸਾਬੋਕਿਆਂ ਨਾਲ ਲੜਾਈ ਛੋਹ ਦਿਤੀ। ਚਾਰ ਪੰਜ ਮਹੀਨੇ ਆਪੋ ਵਿਚ ਲੜਾਈ ਹੁੰਦੀ ਰਹੀ, ਜਿਸ ਕਰਕੇ ਇਨ੍ਹਾਂ ਪਿੰਡਾਂ ਦੇ ਜਿਮੀਦਾਰ ਨੱਕ ਜਿੰਦ ਆ ਗਏ, ਅਤੇ ਆਲਾ ਸਿੰਘ ਹੰਬਲਕ ਦੀ ਰਾਹੀਂ ਜੋ ਮਹਾਰਾਜਾ ਜੀ ਦਾ ਮੋਹਤਬਰ ਮੁਸਾਹਿਬ ਸੀ, ਬੇਨਤੀ ਕੀਤੀ, ਕਿ ਅਸੀਂ ਹਰ ਪ੍ਰਕਾਰ ਦੀ ਤਾਬੇਦਾਰੀ ਮਨਜ਼ੂਰ ਕਰਦੇ ਹਾਂ, ਸਾਡੇ ਪਿੰਡ ਨੂੰ ਲੁਟਿਆ ਪੁਟਿਆ ਨਾ ਜਾਵੇ। ਮਹਾਰਾਜਾ ਜੀ ਨੇ ਜਿਮੀਦਾਰਾਂ ਨੂੰ ਦਲਾਸਾ ਦੇ ਕੇ ਤਾਂ ਵੱਸ ਪੈਣ ਦਾ ਹੁਕਮ ਦੇ ਦਿਤਾ, ਪਰ ਦੋ ਇਕ ਫ਼ਸਾਦੀ ਸਾਬੋਕਿਆਂ ਬਾਬਤ ਆਲਾ ਸਿੰਘ ਹੰਬਲਕੇ ਨੂੰ ਹੁਕਮ ਦਿਤਾ, ਕਿ ਇਨ੍ਹਾਂ ਨੂੰ ਉਕੇ ਪਿੰਡੋਂ ਉਜਾੜ ਦਿਤਾ ਜਾਵੇ।

ਇਨ੍ਹਾਂ ਦਿਨਾਂ ਵਿਚ ਹੀ ੨੧ ਹਾੜ ਸੰਮਤ ੧੮੦੫ ਬਿ: ਨੂੰ ਕੰਵਰ ਸਰਦੂਲ ਸਿੰਘ ਜੀ ਦੇ ਘਰ ਕੰਵਰ ਅਮਰ ਸਿੰਘ ਜੀ ਪੈਦਾ ਹੋਏ। ਮਹਾਰਾਜਾ ਜੀ ਨੂੰ ਰੱਲੇ ਹੀ ਖਬਰਾਂ ਅਪੜੀਆਂ, ਆਪ ਨੇ ਬੜੀ ਖੁਸ਼ੀ ਕੀਤੀ, ਤੇ ਕਰਤਾਰ ਦਾ ਸ਼ੁਕਰ ਕੀਤਾ; ਜਿਸ ਨੇ ਸੰਤਾਨ ਵਲੋਂ ਮੁਰਝਾਏ ਦਿਲਾਂ ਫੇਰ ਹਰੇ ਕਰ ਦਿਤਾ ਸੀ।

ਉਭੋਕੇ ਜੋ ਆਕੀ ਹੋਏ ਸਨ, ਇਹ ਬਠਿੰਡੇ ਦੇ ਰਈਸ,ਜੋਧਾ ਸਾਬੋਕੇ ਦੀ ਸ਼ਹਿ ਨਾਲ ਹੀ ਆਕੀ ਹੋਏ ਸਨ। ਅਤੇ ਇਸ ਦਾ ਵੀ ਇਕ ਕਾਰਨ ਸੀ। ਭਿੱਖੀ ਵਾਲੇ ਗੈਂਡੇ ਚਾਹਲ ਦੀ ਲੜਕੀ ਭਾਈ ਗੁਰਬਖਸ਼ ਸਿੰਘ ਜੀ ਨਾਲ ਮੰਗੀ ਹੋਈ ਸੀ, ਜਦ ਸਰਹੰਦ ਉਤੇ ਅਲੀ ਮੁਹੰਮਦ ਖਾਂ ਦਾ ਵੇਲਾ ਆਇਆ, ਤਾਂ ਸਭਾਵਕ ਹੀ ਫੂਲਕਿਆਂ ਤੇ ਭਾਈਕਿਆਂ ਦਾ

Digitized by Panjab Digital Library | www.panjabdigilib.org

ਕੰਮ ਮਧਮ ਪੈ ਗਿਆ, ਅਤੇ ਜੋਧ ਸਾਬੋਕੇ ਨੇ ਗੈਂਡੇ ਚਾਹਲ ਦੀ ਮਾਈ ਨਿਹਾਲੀ ਨੂੰ ਇਸ ਗਲ ਲਈ ਰਾਜੀ ਕਰ ਲਿਆ, ਕਿ ਉਹ ਭਾਈ ਗੁਰਬਖਸ਼ ਸਿੰਘ ਜੀ ਦੇ ਮੰਗਤਰ ਨੂੰ ਮੇਰੇ ਨਾਲ ਵਿਆਹ ਦੇਵੇ ਇਸ ਗੱਲੇ ਭਾਈ ਗੁਰਬਖਸ਼ ਸਿੰਘ ਜੀ ਨੇ ਬੜਾ ਗੁਸਾ ਖਾਧਾ, ਅਤੇ ਜਦ ਮਹਾਰਾਜਾ ਆਲਾ ਸਿੰਘ ਜੀ ਸਰਹੰਦ ਸ਼ਾਹਜ਼ਾਦੇ ਪਾਸੋਂ ਵਿਦਾ ਹੋ ਕੇ ਆਏ, ਤਾਂ ਭਾਈ ਸਾਹਿਬ ਨੇ ਮਹਾਰਾਜ ਜੀ ਪਾਸ ਆਪਣਾ ਦੁਖ ਆ ਸੁਣਾਇਆ।

ਮਹਾਰਾਜ ਜੀ ਨੇ ਓਸੇ ਵੇਲੇ ਆਪਣੇ ਭਤੀਜੇ ਬਘਾ ਮਲ ਭਦੌੜੀਏ ਨੂੰ ਬਠਿੰਡੇ ਘਲਿਆ, ਕਿ ਉਹ ਜਾ ਕੇ ਜੋਧ ਨੂੰ ਇਸ ਗਲ ਵਰਜ ਦੇਵੇ। ਪਰ ਜੋਧ ਨੇ ਇਕ ਨਾ ਮੰਨੀ, ਸਗੋਂ ਛੇਤੀ ਕਰਕੇ ਗੈਂਡੇ ਚਾਹਲ ਦੀ ਲੜਕੀ ਨਾਲ ਵਿਆਹ ਵੀ ਕਰਵਾ ਲਿਆ। ਮਹਾਰਾਜ ਜੀ ਨੂੰ ਇਸ ਗਲੋਂ ਬੜਾ ਗੁਸਾ ਆਇਆ, ਤੇ ਆਪ ਨੇ ਉਭੇੜਿਆਂ ਵਲੋਂ ਵੇਹਲੇ ਹੋ ਕੇ, ਅਤੇ ਆਪਣੀ ਫੌਜ ਦੀ ਜੁਗਤ ਬਣਾ ਕੇ ਸਤਲੁਜ ਕੰਢੇ ਸਿਧ ਪਿੰਡ (?) ਜਾ ਡੇਰਾ ਲਾਇਆ, ਅਤੇ ਜੋਧ ਦੇ ਇਲਾਕੇ ਨੂੰ ਲੁਟਣਾ ਅਰੰਭ ਦਿਤਾ।

ਉਸ ਸਮੇਂ ਸਤਲੁਜ ਤੀਕ ਜੋਧ ਦੀ ਮੇਰ ਸੀ, ਅਤੇ ਇਸ ਇਲਾਕੇ ਵਿਚ ਜੋ ਟਾਂਵੇ ਪਿੰਡ ਵਸਦੇ ਸਨ, ਉਹ ਸਭ ਇਸੇ ਦੇ ਤੈਹਤ ਸਨ। ਸੋ ਇਨ੍ਹਾਂ ਪਿੰਡਾਂ ਨੂੰ ਉਗਰਾਹੁਣਾ ਮਹਾਰਾਜ ਜੀ ਨੇ ਸ਼ੁਰੂ ਕਰ ਦਿਤਾ।

ਇਸ ਸਮੇਂ ਮਹਾਰਾਜ ਜੀ ਪਾਸ ਕਾਫੀ ਫੌਜ ਨਹੀਂ ਸੀ। ਜੋਧ ਦਿਲ ਤੋੜ ਕੇ ਲੜਦਾ ਰਿਹਾ, ਅਤੇ ਚਾਰ ਮਹੀਨੇ ਇਸੇ ਤਰ੍ਹਾਂ ਗੁਜ਼ਰ ਗਏ; ਪਰ ਫੈਸਲਾ ਕੁਝ ਨਾ ਹੋਇਆ, ਕਿਉਂ ਜੋ ਜੋਧ ਦੀ ਓਟ ਬਠਿੰਡੇ ਦਾ ਕਿਲਾ ਸੀ।

ਖਾਲਸਾ "ਦਲ" ਨੂੰ ਸਿਆਲ ਵਿਚ ਮਾਝੇ ਰਹਿਣਾ ਔਖਾ ਹੋ ਜਾਂਦਾ ਸੀ, ਕਿਉਂ ਜੋ ਲਾਹੌਰ ਦੇ ਹਾਕਮ ਠੰਢ ਸ਼ੁਰੂ ਹੋ ਪੈਣ ਨਾਲ ਹੀ ਸਿੰਘਾਂ ਦਾ ਸ਼ਿਕਾਰ ਕਰਨ ਲਗ ਪੈਂਦੇ ਸਨ। ਇਸ ਲਈ ਸਿੰਘਾਂ ਨੇ

Digitized by Panjab Digital Library | www.panjabdigilib.org

ਇਹ ਰੀਤ ਫੜ ਛਡੀ ਸੀ, ਕਿ ਗਰਮੀਆਂ ਦੇ ਦਿਨ ਮਾਝੇ ਵਿਚ ਕੱਟ ਲੈਂਦੇ, ਅਤੇ ਸਰਦੀਆਂ ਉਤਰਿਆਂ ਸਤਲੁਜ ਟੱਪ ਕੇ ਬਰਾੜਾਂ ਦੇ ਇਲਾਕੇ ਵਿਚ ਆ ਬੈਠਦੇ। ਬਰਾੜ ਜਿਨ੍ਹਾਂ ਦੀ ਸਹਾਇਤਾ ਨਾਲ ਆਪਣੇ ਆਂਢੀਆਂ ਗੁਆਂਢੀਆਂ ਨੂੰ ਸੋਧ ਲੈਂਦੇ, ਅਤੇ ਸਿੰਘ ਜਿਨ੍ਹਾਂ ਦੇ ਆਸਰੇ ਆਪਣੇ ਔਖ ਦੇ ਦਿਨ ਕਟ ਲੈਂਦੇ।

ਸੰਮਤ ੧੭੯੫ ਬਿ: ਵਿਚ ਜਦ ਕਪੂਰ ਦਾ ਪੁਤ੍ਰ ਸੁਖੀਆ ਗੁਜਰਿਆ, ਤਾਂ ਉਸ ਸਮੇਂ ਇਸ ਪਾਸ ਕੋਈ ਸੋਲਾਂ ਕੁ ਪਿੰਡ ਸਨ। ਸੁਖੀਏ ਦੇ ਤਿੰਨ ਪੁਤ੍ਰ ਸੰਮਤ ੧੮੦੨ ਬਿ: ਤੀਕ ਤਾਂ ਇਕੱਠੇ ਹੀ ਰਹੇ, ਪਰ ਜਦ ਉਨ੍ਹਾਂ ਨੇ ਜੋਧ ਨੂੰ ਕਿਸੇ ਢਬ ਸਿਰ ਆਉਂਦੇ ਨਾਂ ਵੇਖਯਾ, ਤਾਂ ਹਮੀਰਾ ਤੇ ਬੀਰਾ ਤਾਂ ਫਰੀਦ ਕੋਟ ਚਲੇ ਗਏ, ਅਤੇ ਜੋਧ ਕੋਟ ਕਪੂਰੇ ਰਿਹਾ, ਪਰ ਆਪਣੇ ਭਰਾਵਾਂ ਨੂੰ ਸਾਂਝੇ ਪਿੰਡਾਂ ਵਿਚੋਂ ਕੁਝ ਹਿਸਾ ਨਾਂ ਦਿਤਾ, ਜੋ ਇਸ ਸਮੇਂ ਤੀਕ ਪੰਜਾਹ ਕੁ ਹੋ ਗਏ ਸਨ। ਕੁਝ ਚਿਰ ਉਡੀਕ ਕੇ ਜਦ ਦੋਹਾਂ ਭਰਾਵਾਂ ਨੇ ਵੇਖਿਆ, ਕਿ ਜੋਧ ਤਾਂ ਸਾਨੂੰ ਫਰੀਦਕੋਟੋਂ ਵੀ ਕਢਣ ਵਾਲਾ ਹੈ, ਤਾਂ ਸੰਮਤ ੧੮੦੫ ਬਿ: ਵਿਚ ਉਹ ਪਾਰੋਂ ਸਿੰਘਾਂ ਦੇ ''ਦਲ'' ਨੂੰ ਸੱਦ ਲਿਆਏ, ਅਤੇ ਆਪ ਅੰਮ੍ਰਿਤ ਛਕ ਕੇ ਸਿੰਘਾਂ ਦੀ ਸਹਾਇਤਾ ਨਾਲ ਸਾਰੇ ਪਿੰਡਾਂ ਦੀ ਵੰਡ ਇਸ ਤਰ੍ਹਾਂ ਕਰਵਾ ਲਈ, ਕਿ ਪੰਜ ਪਿੰਡ ਸਰਦਾਰੀ ਦੇ ਜੋਧ ਪਾਸ ਛਡ ਕੇ ਬਾਕੀ ੪੫ ਪਿੰਡਾਂ ਨੂੰ ਤਿੰਨਾਂ ਹਿਸਿਆਂ ਉਤੇ ਵੰਡ ਲਿਆ, ਅਤੇ ਤਿੰਨੇ ਭਾਈ ਆਪੋ ਆਪਣ ਪਿੰਡਾਂ ਉਤੇ ਕਬਜਾ ਕਰ ਬੈਠੇ।

''ਦਲ'' ਆਏ ਦੀ ਖਬਰ ਜਾਂ ਮਹਾਰਾਜਾ ਆਲਾ ਸਿੰਘ ਜੀ ਨੂੰ ਹੋਈ, ਤਾਂ ਆਪ ਨੇ ਉਨ੍ਹਾਂ ਨੂੰ ਆਪਣੇ ਵਲ ਸਦਵਾ ਲਿਆ, ਅਤੇ ਜੋਧ (ਸਾਢੋਕੇ) ਉਤੇ ਝੋਕ ਦਿਤਾ। ਜੋਧ ਦਾ ਸਾਰਾ ਇਲਾਕਾ ਉਗਰਾਹਿਆ ਗਿਆ, ਉਸ ਵਿਚ ਇਤਨੀ ਵੀ ਹਿੰਮਤ ਨਾ ਰਹੀ, ਕਿ ਕਿਲੇ ਤੋਂ ਬਾਹਰ ਨਿਕਲ ਕੇ ਕਿਸੇ ਛੋਟੇ ਜਹੇ ਜੱਥੇ ਦਾ ਹੀ ਟਾਕਰਾ ਕਰ ਸਕੇ। ਭੁਚੋ ਤੇ ਭੁੰਬਾ ਆਦਿ ਭਾਈਕਿਆਂ ਦੇ ਪਿੰਡ, ਜੋ ਇਸ ਤੋਂ ਪਹਿਲਾਂ ਜੋਧ

Digitized by Panjab Digital Library | www.panjabdigilib.org

ਦੀ ਈਨ ਵਿਚ ਸਨ, ਉਨ੍ਹਾਂ ਉਤੇ ਜੋਧ ਦੀ ਈਨ ਉਠ ਗਈ। ਸਿੰਘਾਂ ਨੇ ਸਤਲੁਜ ਕੰਢੇ ਬੋਹਕਾਂ ਉਤੇ ਭਾਈ ਗੁਰਬਖਸ਼ ਸਿੰਘ ਜੀ ਦਾ ਕਬਜਾ ਕਰਵਾ ਕੇ ਗੋਰ ਜਿਆਣੇ ਤੋਂ ਬੋਹੜਾਂ ਤੀਕ ਸਾਰਾ ਇਲਾਕਾ ਭਾਈ ਗੁਰਬਖਸ਼ ਸਿੰਘ ਜੀ ਦੇ ਪੇਟੇ ਪਾ ਦਿਤਾ, ਅਤੇ ਆਪਣੇ ਜੋਰ ਨਾਲ ਅਬਲੂ ਦੀ ਜੂਹ ਵਿਚ ''ਕੋਠਾ ਭਾਈ' ਪਿੰਡ ਵਸਾ ਦਿਤਾ, ਜਿਸ ਦੀ ਜੂਹ ਵਿਚ ਇਸ ਤੋਂ ਮਗਰੋਂ ਭਾਈਕਿਆਂ ਨੇ ਗਿਦੜ ਬਾਹਾ, ਭਾਰੂ, ਬੂਟਰ ਬਕੂਹਾ, ਤੇ ਰੁਖਾਲਾ ਪਿੰਡ ਵਸਾ ਲਏ। ਜਸੜਾਂ (?) ਉਤੇ ਮਹਾਰਾਜ ਜੀ ਦਾ ਥਾਨਾ ਬੈਠ ਗਿਆ। ਖਾਲਸਾ ''ਦਲ'' ਨੇ ਵੀ ਚੰਗੀ ਉਗਰਾਹੀ ਕਰ ਲਈ, ਅਤੇ ਭਾਈ ਗੁਰਬਖਸ਼ ਸਿੰਘ ਜੀ ਤੇ ਮਹਾਰਾਜ ਆਲਾ ਸਿੰਘ ਜੀ ਨੇ ਵੀ '':ਦਲ'' ਦੀ ਚੰਗੀ ਸੇਵਾ ਕੀਤੀ। ਇਸ ਤਰ੍ਹਾਂ ਸਭਨਾਂ ਦੇ ਕਾਰਜ ਰਾਸ ਹੋ ਗਏ, ਅਤੇ 'ਦਲ'' ਮਾਝੇ ਵਲ ਨੂੰ ਚਲਿਆ ਗਿਆ।

ਜਿਸ ਵੇਲੇ ਤੀਕ ਸੁਨਾਮ ਦਾ ਸਾਰਾ ਚੁਗਿਰਦਾ ਮਹਾਰਾਜਾ ਜੀ ਨੇ ਮੱਲ ਲਿਆ ਸ'; ਇਸ ਲਈ ਹੁਣ ਆਪਦੀ ਮਰਜ਼ੀ ਸਾਹਮਣੇ ਵਲ ਵਧਣ ਦੀ ਹੋਈ। ਸ: ਸੱਤਾ ਸਿੰਘ ਨੇ ਆਪਣੇ ਸਮੇਂ ਵਿਚ ਸਮਾਣੇ ਤੋਂ ਮਨਸੂਰ ਪੁਰ ਨੂੰ ਜਾਣ ਵਾਲੀ ਸੜਕ ਉਤੇ ਛੋਡੇ ਪਿੰਡ ਦੀ ਨੀਂਹ ਰਖੀ ਸੀ, ਅਤੇ ਆਪ ਨੇ ਆਪਣੀ ਵਧਾਉਣ ਦਾ ਇਹ ਬੜਾ ਸੋਹਣਾ ਥਾਂ ਚੁਣਿਆ ਸੀ। ਇਸ ਤਰਾਂ ਇਥੋਂ ਮਨਸੂਰਪੁਰ ਤੇ ਸਮਾਣੇ ਦੇ ਪਰਗਣਿਆਂ ਉਤੇ ਸਾਂਝਾ ਦਬਾਉ ਪਾਇਆ ਜਾ ਕਦਾ ਸੀ। ਪਰ ਛੋਡਿਆਂ ਦੇ ਨਾਲ ਹੀ ਕਾਕੜਾ ਪਿੰਡ ਸੀ, ਜਿਥੋਂ ਦਾ ਮਾਲਕ ਫਰੀਦ ਖਾਂ ਰਾਜਪੂਤ ਆਪਣੇ ਗਵਾਂਢ ਕਿਸੇ ਤਕੜੇ ਨੂੰ ਨਹੀਂ ਵੇਖ ਸੁਖਾਉਂਦਾ ਸੀ। ਫਰੀਦ ਖਾਂ ਆਪਣੇ ਜ਼ੋਰ ਨਾਲ ਸਮਾਣੇ ਦੇ ਤਅੱਲਕੇ ਦਾ ਚੋਥਾ ਹਿਸਾ ਨੱਪੀ ਬੈਠਾ ਸੀ; ਇਸ ਲਈ ਜਦ ਉਸ ਨੇ ਸ: ਸੱਭਾ ਸਿੰਘ ਜਹੇ ਡਾਢੇ ਆਦਮੀ ਦਾ ਇਸ ਪਾਸੇ ਵਲ ਆਉਣਾ ਵੇਖਿਆ, ਤਾਂ ਉਤਲੇ ਮਨੋਂ ਤਾਂ ਰਾਖੀ ਦੇਣੀ ਮੰਨ ਲਈ, ਪਰ ਅੰਦਰ ਖਾਨਿਉਂ ਵੈਰ ਵਰੋਧ ਕਰਨ ਲਗ ਪਿਆ।

Digitized by Panjab Digital Library | www.panjabdigilib.org

ਸ੍ਰ: ਸੱਭਾ ਸਿੰਘ ਜੀ ਦਾ ਮਨ ਸ: ਜੋਧ ਸਿੰਘ ਦੇ ਅਕਾਲ ਚਲਾਣੇ ਕਰਕੇ ਬੁਝਿਆ ਹੋਇਆ ਸੀ, ਇਸ ਲਈ ਆਪ ਨੇ ਮੋੜ੍ਹੀ ਗਡਣ ਯਾ ਛੱਪਰ ਪਾ ਦੇਣ ਤੋਂ ਦਿਨਾਂ ਹੋਰ ਕੁਝ ਨਾ ਕੀਤਾ, ਤੇ ਕਾਲੇ ਝਾੜ ਤੀਕ ਆਪਣੀ ਮੇਰ ਕਰਕੇ ਇਧਰ ਦਾ ਖਿਆਲ ਹੀ ਛਡ ਦਿੱਤਾ। ਫਰੀਦ ਖਾਂ ਮਹਾਰਾਜਾ ਆਲਾ ਸਿੰਘ ਜੀ ਦੀ ਵਧਾਈ ਤਾਕਤ ਨੂੰ ਵੇਖਦਾ ਸੀ, ਅਤੇ ਜਦ ਕੋਈ ਜ਼ਿਮੀਂਦਾਰ ਮਹਾਰਾਜਾ ਜੀ ਦੀ ਈਨ ਮੰਨਣ ਨੂੰ ਤਿਆਰ ਹੁੰਦਾ ਸੀ, ਤਾਂ ਫਰੀਦ ਖਾਂ ਝੂਠੀਆਂ ਸਚੀਆਂ ਲਾ ਕੇ ਉਸ ਨੂੰ ਇਸ ਗਲੋਂ ਮਨ੍ਹੇ ਕਰ ਦੇਂਦਾ ਸੀ। ਮਹਾਰਾਜਾ ਜੀ ਨੇ ਵੀ ਇਹ ਪੱਕ ਧਾਰੀ ਹੋਈ ਸੀ, ਕਿ ਜਦ ਕਦੀ ਵੇਹਲ ਤੇ ਸਮਾਂ ਲਭਾ, ਤਾਂ ਗਿਰਦ ਨਵਾਹੇ ਦੇ ਪਿੰਡਾਂ ਨੂੰ ਇਸ ਰੰਘੜ ਦੇ ਦੁਖੋਂ ਛੁਡਾ ਦੇਣਾ ਹੈ।

ਮਹਾਰਾਜਾ ਜੀ ਨੇ ਸਾਖੇਕਿਆਂ ਵਲੋਂ ਵੇਹਲੇ ਹੋ ਕੇ ਥੋੜੀ ਜਿਹੀ ਫੌਜ ਆਲਾ ਸਿੰਘ ਹੰਜਲਕੇ ਤੇ ਦੀਦਾਰ ਸਿੰਘ ਹੰਬਲਕੇ ਨੂੰ ਦਿਤੀ, ਅਤੇ ਹੁਕਮ ਦਿਤਾ, ਕਿ ਡੋਡਿਆਂ ਪਾਸ ਡੇਰਾ ਲਾ ਕੇ ਫਰੀਦ ਖਾਂ ਦੇ ਪਿੰਡਾਂ ਦੀ ਉਗਰਾਹੀ ਕਰਦੇ ਰਿਹਾ ਕਰੋ, ਅਤੇ ਜਦ ਕਦੇ ਫ-ੀਦ ਖਾਂ ਮਿਲੇ, ਉਸ ਨਾਲ ਦੋ ਦੋ ਹਥ ਕਰ ਲਿਆ ਕਰਨੇ। ਸਰ ਕਰਦਿਆਂ ਨੇ ਏਸੇ ਤਰਾਂ ਕੀਤਾ, ਅਤੇ ਡੋਡੀਂ ਜਾ ਡੇਰੇ ਲਾਏ।

ਫਰੀਦ ਖਾਂ ਦੇ ਭਾਈਚਾਰੇ ਵਿਚੋਂ ਆਲਾ ਬਖਸ਼ ਇਕ ਸਿਆਣਾ ਬੰਦਾ ਸੀ। ਉਸ ਨੇ ਮਹਾਰਾਜਾ ਜੀ ਦਾ ਨਨਸ਼ਾ ਸਮਝ ਕੇ ਫਰੀਦ ਖਾਂ ਨੂੰ ਕਹਿਆ, ਕਿ ਮਹਾਰਾਜਾ ਜੀ ਨਾਲ ਸਾਡਾ ਲੜ ਸਕਣਾ ਔਖੀ ਗਲ ਹੈ, ਚੰਗੀ ਗਲ ਇਹੋ ਹੈ, ਕਿ ਅਸੀਂ ਮਹਾਰਾਜਾ ਜੀ ਨੂੰ ਮਿਲ ਪਈਏ, ਅਤੇ ਆਪਣਾ ਇਲਾਕਾ ਰਖ਼ ਲਈਏ, ਪਰ ਫਰੀਦ ਖਾਂ ਇਸ ਸਿਖਿਆ ਤੋਂ ਚਿੜ੍ਹ ਗਿਆ, ਅਤੇ ਅਲਾ ਬਖਸ਼ ਨੂੰ ਬੇ-ਇਜ਼ਤ ਕਰਕੇ ਆਪਣੇ ਪਾਸੋਂ ਕਢ ਦਿਤਾ। ਅਲਾ ਬਖਸ਼ ਨੇ ਮਹਾਰਾਜਾ ਜੀ ਦੀ ਨੌਕਰੀ ਕਰ ਲਈ, ਅਤੇ ਮਹਾਰਾਜਾ ਜੀ ਨੇ ਉਸ ਨੂੰ ਆਲਾ ਸਿੰਘ ਹੰਬਲਕੇ ਪਾਸ ਡੋਡੀਂ ਘਲ ਦਿਤਾ।

Digitized by Panjab Digital Library | www.panjabdigilib.org

ਫਰੀਦ ਖਾਂ ਨੇ ਆਪ ਤਾਂ ਟਾਕਰਾ ਕੀ ਕਰ ਸਕਣਾ ਸੀ, ਉਸ ਦੀ ਮਰਜ਼ੀ ਸਮਾਣੇ ਤੋਂ ਫੌਜ ਲਿਆ ਕੇ ਲੜਾਈ ਕਰਨ ਦੀ ਸੀ। ਏਸ ਨੀਤ ਨਾਲ ਇਕ ਦਿਨ ਫਰੀਦ ਖਾਂ ਸਠ ਸੱਤਰ ਸਵਾਰਾਂ ਨੂੰ ਆਪਣੇ ਨਾਲ ਲੈ ਕੇ ਸਮਾਣੇ ਨੂੰ ਜਾ ਰਿਹਾ ਸੀ, ਕਿ ਅਮਰ ਸਿੰਘ ਚੁੰਘ ਦੀ ਨਜ਼ਰੇ ਪੈ ਗਿਆ। ਬਾਕੀ ਸਾਰੀ ਫੌਜ ਤਾਂ ਛੋਡੀਂ ਉਤਰੀ ਹੋਈ ਸੀ, ਅਤੇ ਫੌਜ ਦਿਆਂ ਸਰਕਰਦਿਆਂ ਵਿਚੋਂ ਇਕ ਅਮਰ ਸਿੰਘ ਸੌ ਕੁ ਸਵਾਰ ਲੈਕੇ ਫਰੀਦ ਖਾਂ ਦੀ ਸੂਹ ਵਿਚ ਸੀ, ਕਿ ਉਸ ਨੂੰ ਆਪਣੀ ਸ਼ਕਾਰ ਸਮਾਣੇ ਦੇ ਰਾਹ ਜਾਂਦਾ ਦਿਸ ਪਿਆ । ਸਿੰਘ ਸੂਰਮਾ ਬਾਜ ਵਾਂਗ ਪਿਆ, ਅਤੇ ਵੈਰੀ ਨੂੰ ਉਥੇ ਹੀ ਘੇਰ ਕੇ ਅਗੇ ਜਾਣੋ ਰੋਕ ਲਿਆ। ਦੁਵੱਲੀਓਂ ਬੰਦੂਕਾਂ ਚਲਣ ਲਗ ਪਈਆਂ, ਅਤੇ ਕੋਈ ਪਹਿਰ ਕੁ ਤੀਕ ਏਹੋ ਹਾਲ ਰਿਹਾ ਜਿਤਨੇ ਚਿਰ ਵਿਚ ਪੰਜ ਚਾਰ ਆਦਮੀ ਅਮਰ ਸਿੰਘ ਦੇ ਫਟੜ ਹੋਏ, ਅਤੇ ਦਸ ਬਾਰਾਂ ਆਦਮੀ ਫਰੀਦ ਖਾਂ ਦੇ ਮੋਏ ਤੇ ਫਟੜ ਹੋਏ ਕਿ ਸੰਜੋਗ ਨਾਲ ਇਕ ਗੋਲੀ ਫਰੀਦ ਖਾਂ ਦੇ ਵੀ ਜਾ ਲਗੀ, ਅਤੇ ਓਹ ਉਸੇ ਵੇਲੇ ਮਰ ਗਿਆ; ਜਿਸ ਕਰਕੇ ਉਸਦੇ ਸਵਾਰਾਂ ਦੇ ਸਾਰੇ ਘੋੜੇ ਹੋਰ ਮਾਲ ਲੈਕੇ ਅਮਰ ਸਿੰਘ ਛੋਡੀਂ ਆਗਿਆ ਸਿੰਘ ਹੰਬਲਕੇ ਨੂੰ ਆ ਸੁਣਾਈ।

ਮਹਾਰਾਜਾ ਜੀ ਦੇ ਹੁਕਮ ਮੂਜਬ ਆਲਾ ਸਿੰਘ ਤੇ ਦੀਦਾਰ ਸਿੰਘ ਸਾਰੀ ਫੌਜ ਲੈਕੇ ਓਸੇ ਵੇਲੇ ਕਾਕੜੇ ਉਤੇ ਜਾ ਪਏ, ਅਤੇ ਫਰੀਦ ਖਾਂ ਦੇ ਘਰ ਬਾਰ ਨੂੰ ਜ਼ਬਤ ਕਰਨਾ ਚਾਹੁੰਦੇ ਸਨ, ਕਿ ਅੱਲਾ ਬਖਸ਼ ਨੇ ਮਿੰਨਤ ਕੀਤੀ, ਅਤੇ ਕਹਿਆ ਕਿ ਫਰੀਦ ਖਾਂ ਦੀ ਉਲਾਦ ਨੂੰ ਮਹਾਰਾਜਾ ਆਲਾ ਸਿੰਘ ਜੀ ਦੇ ਪਾਸ ਲੈ ਚਲਦੇ ਹਾਂ, ਜਿਸ ਤਰਾਂ ਮਹਾਰਾਜਾ ਜੀ ਦੀ ਆਗਿਆ ਹੋਈ, ਫਿਰ ਓਸੇ ਤਰ੍ਹਾਂ ਕਰ ਲੈਣਾ। ਸੋ ਯਾਰ ਮੁਹੰਮਦ ਖਾਂ ਤੇ ਖਾਨ ਮੁਹੰਮਦ ਖਾਂ ਨੂੰ ਜਦ ਮਹਾਰਾਜਾ ਜੀ ਦੇ ਪਾਸ ਲੈ ਗਏ, ਤਾਂ ਮਹਾ-ਰਾਜਾ ਜੀ ਨੇ ਉਹਨਾਂ ਉਤੇ ਪੂਰੀ ਪੂਰੀ ਕਿਰਪਾ ਕੀਤੀ, ਅਤੇ ਉਹਨਾਂ ਦੇ ਮਾਲ ਅਸਬਾਬ ਉਹਨਾਂ ਨੂੰ ਹੀ ਬਖਸ਼ ਦਿਤਾ।

ਫਰੀਦ ਖਾਂ ਨੇ ਜਿਤਨੇ ਪਿੰਡ ਸਾਂਭੇ ਹੋਏ ਸਨ, ਉਨ੍ਹਾਂ ਸਾਰਿਆਂ

Digitized by Panjab Digital Library | www.panjabdigilib.org

ਉਤੇ ਮਹਾਰਾਜਾ ਜੀ ਦਾ ਕਬਜਾ ਹੋ ਗਿਆ। ਢੋਡਿਆਂ ਦੀ ਆਬਾਦੀ ਕਰਵਾਈ ਗਈ, ਜੋ ਇਸ ਤੋਂ ਪਹਿਲਾਂ ਚੰਗੀ ਤਰਾਂ ਨਹੀਂ ਹੋਈ ਸੀ। ਕਿਲੇ ਦੀ ਨੀਂਹ ਰਖ ਦਿਤੀ, ਅਤੇ ਥੋੜੇ ਚਿਰ ਵਿਚ ਹੀ ਕਿਲਾ ਤਿਆਰ ਹ ਗਿਆ, ਜਿਸ ਦਾ ਕੁਝ ਕੁ ਹਿਸਾ ਕੱਚਾ ਤੇ ਕੁਝ ਕੁ ਹਿੱਸਾ ਪੱਕਾ ਸੀ ਚੂੰਕਿ ਢੋਡੇ ਮੋਕੇ ਦੀ ਥਾਂ ਸਨ, ਇਸ ਲਈ ਮਹਾਰਾਜਾ ਜੀ ਬਰਨਾਲੇ ਤਾਂ ਕਦੇ ਕਦਾਹੀਂ ਹੀ ਜਾਂਦੇ, ਬਹੁਤਾ ਚਿਰ ਢੋਡੀਂ ਹੀ ਰਹਿੰਦੇ, ਅਤੇ ਇਹ ਗਲ ਸੰਮਤ ੧੮੦੩ ਬਿ: ਦੀ ਹੈ।

---

Digitized by Panjab Digital Library | www.panjabdigilib.org

# ਇਲਾਕੇ ਦਾ ਵਾਧਾ

(੧੮੦੬-੧੮੨੧)

ਕੰਵਰ ਲਾਲ ਸਿੰਘ ਜੀ ਮਹਾਰਾਜਾ ਆਲਾ ਸਿੰਘ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ, ਪਰ ਬਹਾਦਰੀ ਵਿਚ ਆਪ ਕਿਸੇ ਨਾਲੋਂ ਘਟ ਨਹੀਂ ਸਨ। ਆਪ ਦਾ ਡੇਰਾ ਮਹਾਰਾਜਾ ਜੀ ਦੇ ਨਾਲੋਂ ਅੱਡ ਹੀ ਹੁੰਦਾ ਸੀ, ਅਤੇ ਆਪ ਦੀ ਫੌਜ ਵਿਚ ਗੁਰਦਾਸ ਸਿੰਘ ਸੇਖੋਂ, ਹੀਰਾ ਸਿੰਘ ਤੇ ਬੀਕਾ ਸਿੰਘ ਸੇਖੋਂ, ਹਰੀ ਸਿੰਘ ਗੁਜਰ, ਤੇ ਖੁਸ਼ਹਾਲ ਸਿੰਘ ਢਿਲੋਂ ਬੜੇ ਪ੍ਰਸਿੱਧ ਸਰਕਰਦੇ ਸਨ। ਮਹਾਰਾਜਾ ਜੀ ਨੇ ਕੰਵਰ ਹਿੰਮਤ ਸਿੰਘ ਜੀ ਨੂੰ ਹੰਢਿਆਇਆ ਦੇ ਛਡਿਆ ਸੀ, ਅਤੇ ਕੰਵਰ ਅਮਰ ਸਿੰਘ ਜੀ ਨੂੰ ਬਰਨਾਲਾ। ਇਕ ਦਿਨ ਸੁਭਾਵਕ ਹੀ ਕੰਵਰ ਲਾਲ ਸਿੰਘ ਜੀ ਨੇ ਬੇਨਤੀ ਕੀਤੀ, ਕਿ ਮਹਾਰਾਜਾ ਜੀ! ਕੋਈ ਇਲਾਕਾ ਸਾਨੂੰ ਵੀ ਬਖਸ਼ੋ, ਤਾਂ ਮਹਾਰਾਜ ਜੀ ਨੇ ਮਿਠੀ ਜਹੀ ਝਿੜਕ ਦੇ ਕੇ ਕਹਿਆ, ਕਿ ਬਹਾਦਰ ਪੁਤਰ ਹੈ, ਫੌਜ ਪਾਸ ਹੈ, ਕੋਈ ਇਲਾਕਾ ਸਰ ਕਰਕੇ ਮੇਲ ਲਵੋ। ਇਹ ਸੁਣ ਕੇ ਕੰਵਰ ਲਾਲ ਸਿੰਘ ਜੀ ਚੁਪ ਕਰ ਰਹੇ।

ਪਾਤਸ਼ਾਹੀ ਜੋਰ ਘਟਣ ਦੇ ਕਾਰਨ ਗਿਰਦ ਨਵਾਹੀ ਪਿੰਡਾਂ ਦੇ ਜੱਟ ਮੂਣਕ ਦੇ ਵਸਨੀਕਾਂ ਨਾਲ ਵਧੀਕੀਆਂ ਕਰਨ ਲਗ ਪਏ ਸਨ। ਇਸ ਲਈ ਮੂਣਕ ਦੇ ਜਿਮੀਦਾਰਾਂ ਨੇ ਰਾਏ ਬ੍ਰਹਮ ਦੀ ਉਲਾਦ ਵਿਚੋਂ ਅਬੂ ਖਾਂ ਰਜਪੂਤ ਬੋਹੇ ਵਾਲੇ ਨੂੰ ਮੂਣਕ ਸਦ ਲਿਆ। ਕੁਝ ਕੁ ਚਿਰ ਤੀਕ ਤਾਂ ਜਿਮੀਦਾਰਾਂ ਤੇ ਅਬੂ ਖਾਂ ਦੀ ਚੰਗੀ ਨਿਭਦੀ ਗਈ, ਪਰ ਫੇਰ ਆਪੋ ਵਿਚ ਵੈਰ ਵਿਰੋਧ ਹੋ ਗਿਆ, ਤੇ ਜਿਮੀਂਦਾਰਾਂ ਦੀ ਮਰਜ਼ੀ ਅਬੂ ਖਾਂ ਤੇ ਉਸ ਦੇ ਪੁਤਰ ਸਲੇਮ ਖਾਂ ਨੂੰ ਕਢਣ ਦੀ ਹੋ ਗਈ, ਪਰ ਡਾਢੇ ਨੂੰ ਕਢਣਾ ਕੋਈ ਸੌਖੀ ਗਲ ਨਹੀਂ ਸੀ, ਇਸ ਲਈ ਦਸ ਬਾਰਾਂ ਸਾਲ ਜਿਮੀਂਦਾਰਾਂ

Digitized by Panjab Digital Library | www.panjabdigilib.org

ਤੇ ਅਬੂ ਖਾਂ ਦਾ ਆਪੋ ਵਿਚ ਰੜਖੇੜਾ ਹੀ ਰਿਹਾ।

ਮੂਣਕ ਦੇ ਵਸਨੀਕਾਂ ਵਿਚੋਂ ਸਰਦਾਰ ਖਾਂ ਰਜਪੂਤ ਕੰਵਰ ਲਾਲ ਸਿੰਘ ਜੀ ਪਾਸ ਨੌਕਰ ਸੀ। ਉਸ ਨੇ ਜਿਮੀਦਾਰਾਂ ਨਾਲ ਸਲਾਹ ਕਰ ਕੇ ਕੰਵਰ ਜੀ ਨੂੰ ਮੂਣਕ ਮੱਲ ਲੈਣ ਦੀ ਸਲਾਹ ਦਿਤੀ, ਅਤੇ ਕੰਵਰ ਜੀ ਨੇ ਮੂਣਕੋਂ ਛੇ ਮੀਲ ਉਤਰ ਵਲ ਛੱਡੀਆਂ ਪਿੰਡ ਡੇਰਾ ਜਾ ਲਾਇਆ। ਓਦੋਂ ਹੀ ਪਤਾ ਲਗਾ, ਕਿ ਅਬੂ ਖਾਂ ਤੇ ਸਲੇਮ ਖਾਂ ਕਿਸੇ ਕੰਮ ਦੋਹੇ ਨੂੰ ਗਏ ਹੋਏ ਸਨ। ਕੰਵਰ ਲਾਲ ਸਿੰਘ ਜੀ ਨੇ ਥੋੜੇ ਜਹੇ ਆਦਮੀ ਸਰਦਾਰ ਖਾਂ ਦੇ ਨਾਲ ਕਰ ਕੇ ਹੁਕਮ ਦਿਤਾ, ਕਿ ਉਹ ਦਬਾਦਬ ਮੂਣਕ ਦੇ ਕਿਲੇ ਵਿਚ ਜਾ ਵੜਨ ਅਤੇ ਅਬੂ ਖਾਂ ਦਾ ਜੋ ਆਦਮੀ ਅੰਦਰ ਹੋਵੇ; ਉਸ ਨੂੰ ਬਾਹਰ ਕਢ ਦੇਣ, ਅਤੇ ਜੇਕਰ ਕੋਈ ਟਾਕਰਾ ਕਰੇ, ਤਾਂ ਉਸ ਨੂੰ ਸਜਾ ਦੇਣ।

ਜਦ ਸਰਦਾਰ ਖਾਂ ਕਿਲੇ ਅੰਦਰ ਗਿਆ ਤਾਂ ਅਬੂ ਖਾਂ ਦੇ ਆਦਮੀਆਂ ਨੂੰ ਕਿਲੇ ਵਿਚੋਂ ਬਾਹਰ ਕਢ ਦਿਤਾ, ਅਤੇ ਕੰਵਰ ਜੀ ਪਾਸ ਕਿਲਾ ਲੈ ਲੈਣ ਦੀ ਖਬਰ ਪੁਚਾ ਦਿਤੀ। ਕੰਵਰ ਜੀ ਆਪਣੀ ਬਾਕੀ ਫੌਜ ਲੈ ਕੇ ਮੂਣਕ ਆ ਗਏ, ਅਤੇ ਅਬੂ ਖਾਂ ਦੇ ਅਨੁਸਾਰੀ ਜਿਨ੍ਹਾਂ ਜਿਮੀਦਾਰਾਂ ਨੇ ਕੰਵਰ ਜੀ ਦਾ ਟਾਕਰਾ ਕੀਤੀ, ਓਨ੍ਹਾਂ ਨੂੰ ਓਸ ਵੇਲੇ ਸਜਾ ਦਿਤੀ ਗਈ। ਇਸ ਤਰ੍ਹਾਂ ਬਿਨਾਂ ਲਹੂ ਡੋਲੇ ਦੇ ਹੀ ਮੂਣਕ ਉਤੇ ਕੰਵਰ ਜੀ ਦਾ ਕਬਜਾ ਹੋ ਗਿਆ, ਅਤੇ ਆਪ ਦੇ ਸਰਕਰਦੇ ਹਰੀ ਸਿੰਘ ਗੁਜਰ ਨੇ ਦੂਰ ਦੂਰ ਦੇ ਪਿੰਡਾਂ ਪਾਸੋਂ ਰਾਖੀ ਵਸੂਲ ਕਰ ਲਈ ਇਹ ਗਲ ਸੰਮਤ ੧੮੦੬ ਬਿ: ਦੀ ਹੈ।

ਮੂਣਕ ਦਾ ਸੰਬੰਧ ਹਸਾਰ ਨਾਲ ਸੀ, ਅਤੇ ਨਾਦਰ ਸ਼ਾਹ ਦੇ ਸਮੇਂ ਤੋਂ ਲੈ ਕੇ ਇਸ ਵੇਲੇ ਤੀਕ ਹਰਯਾਣੇ ਦੀ ਹਕੂਮਤ ਫਰੱਖ ਨਗਰ ਦੇ ਬਲੋਚਾਂ ਪਾਸ ਸੀ, ਜਿਨ੍ਹਾਂ ਵਲੋਂ ਉਨ੍ਹਾਂ ਦਾ ਕੋਈ ਨੌਕਰ ਯਾ ਰਿਸ਼ਤੇਦਾਰ ਟੋਹਾਣੇ ਆ ਜਾਇਆ ਕਰਦਾ ਸੀ। ਕੰਵਰ ਲਾਲ ਸਿੰਘ ਜੀ ਨੂੰ ਮੂਣਕ ਉਤੇ ਕਬਜ਼ਾ ਕੀਤਿਆਂ ਬਹੁਤ ਮਹੀਨੇ ਨਹੀਂ ਹੋਏ ਸਨ, ਕਿ ਸੰਮਤ

Digitized by Panjab Digital Library | www.panjabdigilib.org

੧੮੦੭ ਬਿ: ਵਿਚ ਬਹਾਦਰ ਖਾਂ ਬਲੋਚ* ਟੋਹਾਣੇ ਦਾ ਹਾਕਮ ਬਣਕੇ ਆਇਆ, ਅਤੇ ਕੁਝ ਕੁ ਮਹੀਨੇ ਟੋਹਾਣੇ ਰਹਿ ਕੇ ਤੇ ਮਾਂਬਲਾ ਉਗਰਾਹ ਕੇ ਪਿਛੇ ਵਾਪਸ ਮੁੜ ਗਿਆ। ਬਹਾਦਰ ਖਾਂ ਦੇ ਆਇਆਂ ਹੋਇਆਂ ਕੰਵਰ ਜੀ ਵੀ ਮੂਣਕ ਨੂੰ ਛਡ ਗਏ ਸਨ, ਪਰ ਬਹਾਦਰ ਖਾਂ ਦੇ ਪਿਛੇ ਮੁੜਦਿਆਂ ਹੀ ਆਪ ਫੇਰ ਮੂਣਕ ਆ ਗਏ, ਅਤੇ ਆਪ ਦੇ ਸਰਕਰਦੇ ਹਰੀ ਸਿੰਘ ਗੁਜਰ ਨੇ ਬਾਂਗਰ ਵਲ ਵਧ ਕੇ ਕਾਲਵਨ, ਧਮਤਾਨ, ਲਾਵਨ, ਧਰੋਦੀ, ਬੇਲਰਖਾ, ਖਰਲ ਤੇ ਪੀਪਲ ਥੇਹ ਪਿੰਡਾਂ ਪਾਸੋਂ ਰਾਖੀ ਵਸੂਲ ਕਰ ਲਈ †।

ਮੂਣਕ ਉਤੇ ਕਬਜਾ ਕਰਨ ਨਾਲ ਮਹਾਰਾਜ ਆਲਾ ਸਿੰਘ ਜੀ ਕੰਵਰ ਲਾਲ ਸਿੰਘ ਜੀ ਉਤੇ ਬੜੇ ਖੁਸ਼ ਹੋਏ, ਅਤੇ ਕਹਿਆ, ਕਿ ਇਹ ਇਲਾਕਾ ਤੁਹਾਡਾ ਹੀ ਹੋਇਆ। ਚੂੰਕਿ ਬਾਂਗਰ ਵਲ ਵਧਣ ਦਾ ਇਹ ਬੜਾ ਸੋਹਣਾ ਪੈਂਤੜਾ ਸੀ ਇਸ ਲਈ ਮਹਾਰਾਜ ਆਲਾ ਸਿੰਘ ਜੀ ਨੇ ਸੰਮਤ ੧੮੦੭ ਬਿ: ਵਿਚ ਹੀ ਇਥੇ ਪੱਕਾ ਕਿਲਾ ਪਵਾ ਦਿਤਾ, ਅਤੇ ਮੋਤੀ ਰਾਮ ਤੇ ਦਰਯਾ ਰਾਮ ਪੂਰਬੀਆਂ ਨੂੰ ਕਿਲੇ ਦਾਰ ਕਰਕੇ ਖੁਸ਼ਹਾਲ ਸਿੰਘ ਢਿੱਲੋਂ ਨੂੰ ਥਾਣੇਦਾਰ ਕਰ ਦਿਤਾ।

ਜਦ ਪਹਿਲੇ ਸਾਲ ਕੰਵਰ ਜੀ ਨੇ ਮੂਣਕ ਉਤੇ ਕਬਜਾ ਕੀਤਾ ਸੀ, ਤਾਂ ਗੁਜਰ ਖਾਂ ਆਦਿ ਟੋਹਾਣੇ ਦੇ ਪਠਾਣ ਆਪ ਤੋਂ ਆਪ ਕੰਵਰ ਜੀ ਨੂੰ ਮਾਂਬਲਾ ਦੇਣ ਲਗ ਪਏ ਸਨ; ਅਤੇ ਜਦ ਬਹਾਦਰ ਖਾਂ ਬਲੋਚ ਚਲਿਆ ਗਿਆ, ਤਾਂ ਟੋਹਾਣੇ ਵਿਚ ਕੰਵਰ ਜੀ ਦਾ ਥਾਣਾ ਕਾਇਮ ਹੋ ਗਿਆ, ਅਤੇ ਥਾਣੇਦਾਰੀ ਹੀਰਾ ਸਿੰਘ ਸ਼ੇਖੇ ਨੂੰ ਦਿਤੀ ਗਈ।

ਮਹਾਰਾਜਾ ਆਲਾ ਸਿੰਘ ਜੀ ਦਾ ਇਕਬਾਲ ਹੁਣ ਦਿਨੋਂ ਦਿਨ

---

*ਇਹ ਬਹਾਦਰ ਖਾਂ ਨਵਾਬ ਕਾਮਗਾਰ ਬਲੋਚ ਫ਼ਰੱਖ ਨਗਰ ਵਾਲੇ ਦਾ ਨੌਕਰ ਸੀ। ਇਸ ਤੋਂ ਕੁਝ ਚਿਰ ਮਗਰੋਂ ਇਹ ਸਹਾਰਨਪੁਰ ਦਾ ਹਾਕਮ ਹੋਇਆ, ਅਤੇ ਫੇਰ ਇਸ ਨੇ ਦਿਲੀ ਪਾਸ ਕਿਲਾ ਬਹਾਦਰ ਗੜ੍ਹ ਬਣਾਇਆ।

†ਹਾਲਾਤ ਮੁਕੱਦਮਾ ਨਾਲੀ।

Digitized by Panjab Digital Library | www.panjabdigilib.org

ਵਧ ਰਿਹਾ ਸੀ, ਅਤੇ ਗਿਰਦ ਨਵਾਹੀ ਵਿਚ ਕੋਈ ਐਸਾ ਇਲਾਕੇਦਾਰ ਨਹੀਂ ਸੀ, ਜੋ ਮਹਾਰਾਜਾ ਜੀ ਦੀ ਬਰਾਬਰੀ ਕਰ ਸਕਦਾ, ਯਾ ਆਪ ਦੀ ਉੱਨਤੀ ਨੂੰ ਰੋਕ ਸਕਦਾ। ਸ਼ਾਹੀ ਹਕੂਮਤ ਮੂਲੋਂ ਹੀ ਢਿੱਲੀ ਹੋ ਰਹੀ ਸੀ, ਇੱਜ਼ਤਦਾਰਾਂ ਨੂੰ ਆਪਣੀ ਇੱਜ਼ਤ ਦਾ, ਅਤੇ ਮਾਲਦਾਰਾਂ ਨੂੰ ਆਪਣੇ ਮਾਲ ਅਸਬਾਬ ਦਾ ਡਰ ਸੀ. ਦਿਨ ਦਿਹਾੜੇ ਡਾਕੇ ਪੈਂਦੇ ਸਨ, ਅਤੇ ਪਿੰਡਾਂ ਨੂੰ ਉਠ ਕੇ ਗਵਾਂਢੀ ਪਿੰਡ ਹੀ ਲੁਟ ਲੈਂਦੇ ਸਨ, ਜੋਰਾਵਰ ਦਾ ਸਮਾ ਸੀ, ਅਤੇ ਜਿਸ ਦੇ ਮਗਰ ਚਾਰ ਆਦਮੀ ਹੁੰਦੇ, ਓਹੋ ਹੀ ਲਾਗ ਪਾਗ ਦੇ ਦੋ ਦੋ ਚਾਰ ਚਾਰ ਪਿੰਡਾਂ ਨੂੰ ਸਾਂਭ ਬੈਠਦਾ ਸੀ।

ਇਲਾਕੇ ਦੀ ਐਸੀ ਦੁਰਦਿਸ਼ਾ ਵੇਖ ਕੇ ਇਸਲਾਹ ਖਾਂ ਆਦਿ ਸਨੌਰ ਦੇ ਜ਼ਿਮੀਦਾਰਾ ਨੇ ਮਹਾਰਾਜਾ ਆਲਾ ਸਿੰਘ ਜੀ ਦੀ ਛਤਰ ਛਾਇਆ ਹੇਠ ਜਾਣਾ ਹੀ ਸੁਖ ਦਾ ਸਾਧਨ ਜਾਣਿਆ। ਸਨੌਰ ਵਲ ਦੀ ਸਰਹੱਦ ਉਤੇ ਸਰਦਾਰ ਗੁਰਬਖਸ਼ ਸਿੰਘ ਕਾਲੇ-ਕੇ ਦਾ ਪ੍ਰਬੰਧ ਸੀ, ਅਤੇ ਇਹ ਸੂਰਮਾਂ ਦਿਨੋਂ ਦਿਨ ਮਹਾਰਾਜਾ ਜੀ ਦੀ ਹੱਦ ਨੂੰ ਸਨੌਰ ਵਲ ਵਧਾਈ ਆਉਂਦਾ ਸੀ ਅੰਤ ਨੂੰ ਇਹ ਸਨੌਰ ਤੀਕ ਅਪੜ ਪਿਆ, ਅਤੇ ਸਨੌਰ ਦੇ ਜ਼ਿਮੀਦਾਰਾਂ ਨੂੰ ਆਪਣੇ ਨਾਲ ਢੋਡੀਂ ਲਿਜਾ ਕੇ ਮਹਾਰਾਜਾ ਜੀ ਅਗੇ ਨਜ਼ਰਾਂ ਪੇਸ਼ ਕਰਵਾ ਦਿਤੀਆਂ। ਇਸ ਤਰਾਂ ਪਰਗਣਾ ਸਨੌਰ ਦੇ ੮੪ ਪਿੰਡਾਂ ਉਤੇ ਮਹਾਰਾਜਾ ਜੀ ਦਾ ਕਬਜ਼ਾ ਹੋ ਗਿਆ ਅਤੇ ਸਨੌਰ ਵਿਚ ਕਾਲੇਕਿਆਂ ਦਾ ਥਾਣਾ ਬੈਠ ਹੋ ਗਿਆ। ਚੂੰਕਿ ਇਹ ਸਰਹੱਦੀ ਥਾਂ ਸੀ। ਇਸ ਲਈ ਇਧਰ ਦਾ ਪ੍ਰਬੰਧ ਸ: ਗੁਰਬਖਸ਼ ਸਿੰਘ ਜੀ ਕਾਲੇਕੇ ਦੇ ਸਪੁਰਦ ਕੀਤਾ ਗਿਆ, ਜਿਸ ਪਾਸ ਉਸ ਸਮੇਂ ਇਕ ਹਜਾਰ ਸਵਾਰ ਸੀ। ਇਹ ਗਲ ਸੰਮਤ ੧੮੦੯ ਬਿ: ਦੀ ਹੈ।

ਸਨੌਰ ਦੇ ਪਰਗਣੇ ਵਿਚ ਪਟਿਆਲਾ ਉਸ ਸਮੇਂ ਇਕ ਛੋਟਾ ਜਿਹਾ ਮਜਾਰਾ ਸੀ, ਜਿਥੇ ਕੇਵਲ ਤਿੰਨ ਚਾਰ ਮੁਜਾਰੇ ਜੱਟਾਂ ਦੇ ਹੀ ਘਰ ਸਨ। ਸ: ਗੁਰਬਖਸ਼ ਸਿੰਘ ਕਾਲੇਕੇ ਨੇ ਇਸ ਜਗਹ ਨੂੰ ਗੜ੍ਹੀ ਦੇ ਢਬ ਦਾ ਵੇਖਿਆ, ਅਤੇ ਅਗਲੇ ਸਾਲ ਸੰਮਤ ੧੮੧੦ ਬਿ: ਵਿਚ ਕੱਚੀ

Digitized by Panjab Digital Library | www.panjabdigilib.org

ਗੜ੍ਹੀ ਤਿਆਰ ਕਰਵਾ ਦਿਤੀ, ਜਿਸ ਨੂੰ ਅਜ ਕਲ ਸੋਢੀਆਂ ਦੀ ਗੜ੍ਹੀ ਆਖਦੇ ਹਨ। ਇਹ ਗੜ੍ਹੀ ਪੱਕੇ ਕਿਲੇ ਤੋਂ ਥੋੜੀ ਦੂਰ ਚੜ੍ਹਦੇ ਪਾਸ ਵਲ ਸੀ।

ਇਹ ਓਹ ਸਮਾਂ ਹੈ, ਕਿ ਐਹਮਦ ਸ਼ਾਹ ਅਬਦਾਲੀ ਨੇ ਲਾਹੌਰ ਜਿੱਤ ਕੇ ਤਲਵਾਰ ਮਾਰਨ ਤੋਂ ਬਿਨਾ ਹੀ ਸਰਹੰਦ ਤੀਕ ਦਾ ਇਲਾਕਾ ਦਿੱਲੀ ਵਾਲਿਆਂ ਪਾਸੋਂ ਲੈ ਲਿਆ ਸੀ, ਅਤੇ ਦਿੱਲੀ ਦਾ ਇਹ ਹਾਲ ਸੀ, ਕਿ ਪਾਤਸ਼ਾਹ ਤੇ ਵਜ਼ੀਰ ਆਪੋ ਵਿੱਚ ਲੜ ਰਹੇ ਸਨ, ਅਤੇ ਗਰੀਬ ਪਰਜਾ ਦਾ ਕੋਈ ਵਾਲੀ ਵਾਰਸ ਨਹੀਂ ਸੀ । ਛੇ ਮਹੀਨੇ ਤੀਕ ਦਿੱਲੀ ਵਿਚ ਪਾਤਸ਼ਾਹ ਤੇ ਵਜ਼ੀਰ ਦੀ ਲੜਾਈ ਰਹੀ, ਅੰਤ ਨੂੰ ਗਾਜੀ-ਉੱਦ ਦੀਨ ਵਜ਼ੀਰ ਜਿਤਿਆ, ਅਤੇ ਪਾਤਸ਼ਾਹ ਕੈਦ ਕੀਤਾ ਗਿਆ।

ਜਿਸ ਤਰ੍ਹਾਂ ਮਹਾਰਾਜਾ ਆਲਾ ਸਿੰਘ ਜੀ ਦੀ ਤਾਕਤ ਦੂਣ ਦਿਨੋਂ ਦਿਨ ਵਧ ਰਹੀ ਸੀ; ਇਸੇ ਤਰ੍ਹਾਂ ਖ਼ਾਲਸਾ 'ਦਲ' ਭੀ ਦਿਨ ਦੂਣੀ ਤੇ ਰਾਤ ਚੌਣੀ ਉੱਨਤੀ ਕਰ ਰਿਹਾ ਸੀ। ਇਸ ਰਾਮ ਰੋਲੇ ਦੇ ਸਮੇਂ ਨੂੰ ਉਨ੍ਹਾਂ ਨੇ ਆਪਣੇ ਢਬ ਦਾ ਵੇਲਾ ਸਮਝਿਆ ਅਤੇ ਹਰ ਵੇਲੇ ਸਤਲੁਜ ਟਪਕੇ ਹਿਠਾੜ ਸਤਲੁਜ ਦੇ ਇਲਾਕੇ ਨੂੰ ਉਗਰਾਹ ਲੈਂਦੇ । ਸੰਮਤ ੧੮੧੦ ਵਿਚ 'ਦਲ' ਨੇ ਅੰਬਾਲਾ* ਉਗਰਾਹਿਆ, ਅਤੇ ਅਗਲੇ ਸਾਲ ਦਸ ਬਾਰਾਂ ਹਜ਼ਾਰ ਸਿੰਘਾਂ ਦਾ ਇਕੱਠ ਕਰਕੇ ਏਕਾ ਏਕ ਹੀ ਸਰਹੰਦ ਉਤੇ ਆ ਪਏ।

ਸ੍ਰੀ ਦਸਮੇਸ਼ ਜੀ ਦੇ ਸਾਹਿਬਜ਼ਾਦੇ ਸ਼ਹੀਦ ਹੋਣ ਕਰਕੇ ਸਰਹੰਦ ਨਾਲ ਸਿੰਘਾਂ ਦਾ ਖਾਸ ਵੈਰ ਸੀ, ਉਹ ਇਸ ਨੂੰ ਉਜਾੜਨਾ ਹੀ ਆਪਣਾ ਮੁਖ ਮੰਤਵ ਸਮਝਦੇ ਸਨ। ਸਿੰਘ ਐਸੇ ਅਣਭੋਲ ਪਏ; ਕਿ ਕੋਟ ਦੇ ਦਰਵਾਜੇ ਬੰਦ ਕਰਨੇ ਹੀ ਨਾਂ ਮਿਲੇ, ਅਤੇ ਪਲੋ-ਪਲੀ ਵਿਚ ਸਿੰਘ ਸਾਰੇ ਸ਼ਹਿਰ ਵਿਚ ਦੀ ਫਿਰ ਨਿਕਲੇ। ਹਰ ਇਕ ਸਿੰਘ ਨੂੰ ਚੋਖੀ ਦੋਖੀ ਮਾਇਆ ਹਥ ਲਗੀ, ਲੋੜਵੰਦਾਂ ਨੂੰ ਘੋੜੇ ਤੇ ਹਥਿਆਰ ਵੀ

*ਟੈਫੀਅਤ ਮੁਕਦਮਾ ਲੱਖਨੌਰ ਸਾਹਿਬ।

Digitized by Panjab Digital Library | www.panjabdigilib.org

ਲੁਟ ਵਿਚ ਬਹੁਤ ਮਿਲੇ, ਸਭ ਦਾ ਦਲਿੱਦਰ ਟੁਟ ਗਿਆ, ਅਤੇ ਪਲੋ-ਪਲੀ ਵਿਚ ਖਾਲਸਾ ਅੜਨ ਵਾਲਿਆਂ ਨੂੰ ਸੋਧਦਾ ਸਰਹੰਦੋਂ ਬਾਹਰ ਆ ਗਿਆ। ਅਤੇ ਇਥੋਂ ਜਿਉਂ ਵਾਗਾਂ ਚੁਕੀਆਂ, ਠੀਕਰੀਵਾਲੇ ਜਾ ਕੇ ਸਾਹ ਲਿਆ। ਇਹ ਗਲ ਸੰਮਤ ੧੮੧੧ ਬਿ: ਦੀ ਹੈ, ਅਤੇ ਬੰਦੇ ਬਹਾਦਰ ਤੋਂ ਮਗਰੋਂ ਇਹ ਪਹਿਲੀ ਵਾਰ ਹੈ; ਕਿ ਸਿੰਘਾਂ ਨੇ ਸਰਹੰਦ ਨੂੰ ਸੋਧਿਆ।

ਠੀਕਰੀ ਵਾਲੇ ਕੁਝ ਦਿਨ ਅਰਾਮ ਕਰਕੇ 'ਦਲ' ਨੇ ਮਹਾਰਾਜ ਆਲਾ ਸਿੰਘ ਜੀ ਤੇ ਭਾਈ ਗੁਰਬਖਸ਼ ਸਿੰਘ ਜੀ ਨੂੰ ਕਹਿਆ, ਕਿ ਜੇ ਕਰ ਕੋਈ ਪਾਸਾ ਸੋਧਣਾ ਹੈ, ਤਾਂ ਖਾਲਸੇ ਦੇ ਅਗੇ ਹੋ ਕੇ ਸੋਧ ਲਵੋ ਇਸ ਸਮੇਂ ਬਲਾੜੇ ਵਿਚ ਅਨੈਤ ਖਾਂ ਤੇ ਵਲੈਤ ਖਾਂ ਰਾਜਪੂਤਾਂ ਦਾ ਬੜਾ ਜੋਰ ਸੀ, ਅਤੇ ਉਹ ਲੋਂਗੋਵਾਲ ਤੀਕ ਲੁਟ ਮਾਰ ਕਰ ਜਾਇਆ ਕਰਦੇ ਸਨ, ਜਿਸ ਕਰਕੇ ਬਿਆ ਮਲ ਦੁਲੱਟ ਤੇ ਹਰੀ ਚੰਦ ਆਦਿ ਲੋਂਗੋਵਾਲ ਦੇ ਸਿਰ ਕੱਢਵੇਂ ਜ਼ਿਮੀਦਾਰ ਬੁਲਾੜੇ ਵਾਲਿਆਂ ਦੇ ਰੋਣੇ ਸਦਾ ਮਹਾਰਾਜ ਜੀ ਪਾਸੋਂ ਰੋਂਦੇ ਰਿਹਾ ਕਰਦੇ ਸਨ, ਤੇ ਕਹਿਆ ਕਰਦੇ ਸਨ; ਕਿ ਜਦ ਤੀਕ ਬੁਲਾੜੇ ਵਾਲੇ ਕਾਇਮ ਹਨ, ਤਦ ਤੀਕ ਆਪ ਦਾ ਰਾਜ ਕਾਇਮ ਨਹੀਂ ਹੋ ਸਕਦਾ *। ਹੁਣ ਜਦ ਕਿ ਆਪ ਤੋਂ ਆਪ "ਦਲ" ਆਗਿਆ, ਤਾਂ ਮਹਾਰਾਜ ਆਲਾ ਸ਼ਿੰਘ ਜੀ ਨੇ ਬਲਾੜੇ ਵਾਲਿਆਂ ਦੀ ਅਲਖ ਚੁਕਾ ਦੇਣੀ ਚਾਹੀ।

ਦੋ ਕੁ ਹਜ਼ਾਰ ਫੌਜ ਮਹਾਰਾਜ ਜੀ ਦੀ ਤੇ ਭਾਈ ਗੁਰਬਖਸ਼ ਸਿੰਘ ਜੀ ਦੀ ਸੀ, ਤੇ ਦਸ ਬਾਰਾਂ ਹਜ਼ਾਰ ਦੀ ਗਿਣਤੀ ਖਾਲਸਾ ਦਲ ਦੀ ਸੀ†। ਕਿ ਇਸ ਸ਼ਾਰੀ ਫੌਜ ਨੇ ਬਰਨਾਲਿਓਂ ਕੂਚ ਕਰਕੇ ਬਲਾੜੇ ਨੂੰ ਜਾ ਘੇਰਿਆ ਰਾਜਪੂਤ ਕੱਚੇ ਕੋਟ ਅੰਦਰ ਹੋ ਕੇ ਲੜਨ ਲਗ ਪਏ, ਤੇ ਖਾਲਸੇ ਨੇ ਬਾਹਰ ਘੇਰਾ ਪਾਈ ਰਖਿਆ। ਰਾਜਪੂਤਾਂ ਵੇਖਿਆ ਕਿ ਇਸ ਕੱਚੇ ਕੋਟ

*"ਤਜ਼ਕਰਾ" ਪ

†"ਤਜ਼ਕਰਾ।"

Digitized by Panjab Digital Library | www.panjabdigilib.org

ਅੰਦਰ ਅਸੀਂ ਟਿਕ ਨਹੀਂ ਸਕਾਂਗੇ, ਉਨ੍ਹਾਂ ਨੇ ਮਹੰਮਦ ਅਮੀਨ ਖਾਂ ਭੱਟੀ ਪਾਸੋਂ ਸਹਾਇਤਾ ਮੰਗ ਘਲੀ। ਸੰਜੋਗ ਐਸਾ ਹੋਇਆ, ਕਿ ਉਹ ਇਸ ਸਮੇਂ ਆਪਣੇ ਕੰਮਾਂ ਵਿਚ ਰੁਝਾ ਹੋਇਆ ਸੀ, ਇਸ ਲਈ ਪਹੁੰਚ ਨਾ ਸਕਿਆ, ਸੋ ਤੀਜੇ ਦਿਨ ਰਾਜਪੂਤਾਂ ਨੇ ਏਹੋ ਧਾਰੀ, ਕਿ ਕੋਟ ਨੂੰ ਛਡ ਕੇ ਲੜ ਮਰੀਏ, ਜੀਊਂਦੇ ਤਾਂ ਅੰਦਰ ਬੈਠੇ ਹੀ ਨਹੀਂ ਰਹਿਣ ਲਗ।

ਮਹਾਰਾਜਾ ਆਲਾ ਸਿੰਘ ਜੀ ਨੇ ਬਾਹਰੋਂ ਹੱਲਾ ਕਰਵਾਇਆ, ਅਤੇ ਦੋ ਹਜ਼ਾਰ ਰਾਜਪੂਤ ਅੰਦਰੋਂ ਬਾਹਰ ਨੂੰ ਆਇਆ। ਇਕ ਪਹਿਰ ਐਸੀ ਗੈਹ-ਗਚ ਲੜਾਈ ਹੋਈ, ਕਿ ਲੋਥਾਂ ਦੇ ਸਥਾਰ ਲਗ ਗਏ, ਅਤੇ ਲਹੂ ਦੀਆਂ ਘਰਾਲ ਵਗ ਤੁਰੀਆਂ। ਅਨੈਤ ਖਾਂ, ਵਲੈਤ ਖਾਂ ਤੇ ਸਤ ਸੋ ਰਾਜਪੂਤ ਇਕ ਪਹਿਰ ਵਿਚ ਮਾਰਿਆ ਗਿਆ, ਅਤੇ ਬਾਕੀ ਦੇ ਰਾਜਪੂਤ ਨਸ ਕੇ ਜਾਨਾਂ ਬਚਾ ਲੈ ਗਏ। ਬਲਾਛੇ ਵਿਚ ਮਹਾਰਾਜ ਜੀ ਦਾ ਥਾਣਾ ਕਾਇਮ ਹੋ ਗਿਆ*। ਅਤੇ ਭਾਈ ਗੁਰਬਖਸ਼ ਸਿੰਘ ਜੀ ਦੀ ਸਫਾਰਸ਼ ਦੇ ਕਾਰਨ ਰੈਹਮਾਨ ਖਾਂ ਰਾਜਪੂਤ ਦੇ ਪੁਤਰ ਖੁਦਾ ਬਖਸ਼ ਖਾਂ ਨੂੰ ਬਲਾਛੇ ਦੀ ਜਿਮੀਦਾਰੀ ਦਿਤੀ ਗਈ। ਇਸ ਲੜਾਈ ਵਿਚ ਪੰਜ ਸੋ ਸੀਸ ਸਿੰਘਾਂ ਦਾ ਲਗਾ ਸੀ।

ਇਸ ਜਿੱਤ ਤੋਂ ਮਗਰੋਂ ਮਹਾਰਾਜਾ ਆਲਾ ਸਿੰਘ ਜੀ ਤਾਂ ਮੂਣਕ ਨੂੰ ਆ ਗਏ, ਅਤੇ ਭਾਈ ਗੁਰਬਖਸ਼ ਸਿੰਘ ਜੀ "ਦਲ" ਨੂੰ ਲੈ ਕੇ ਜਮਾਲ ਪੁਰ ਉਤੇ ਜਾ ਪਏ, ਅਤੇ ਸਾਰੇ ਸ਼ਹਿਰ ਨੂੰ ਉਗਰਾਹ ਲਿਆ। ਇਸ ਤੋਂ ਅਗੇ "ਦਲ" ਲਈ ਸਾਰਾ ਰਾਹ ਖੁਲਾ ਸੀ, ਭੱਟੀਆਂ ਦਾ ਸਾਰਾ ਇਲਾਕਾ ਉਗਰਾਹ ਖਾਧਾ, ਅਤ ਜਦ ਸੁਣਿਆ, ਕਿ ਮਹੰਮਦ ਅਮੀਨ ਖਾਂ ਬਹੁਤ ਸਾਰੀ ਫੌਜ ਲੈ ਕੇ ਵਧਿਆ ਆਉਂਦਾ ਹੈ, ਤਾਂ ਉਸ ਨਾਲ ਲੜਨ ਲਈ ਮੂਣਕ ਨੂੰ ਮੁੜ ਆਏ।

ਕਹਿੰਦੇ ਹਨ, ਕਿ ਮਨ੍ਸੂਰ ਖਾਂ ਭੱਟੀ ਦੀ ਲੜਕੀ ਅਕਬਰ

---

*ਮਹਾਰਾਜਾ ਜੀ ਨੇ ਚਾਰ ਸਾਲ ਇਹ ਤਅੱਲਕਾ ਆਪਣੇ ਪਾਸ ਰਖਕੇ ਫਿਰ ਇਹ ਸਾਰਾ ਤਅੱਲਕਾ ਭਾਈ ਗੁਰਬਖਸ਼ ਸਿੰਘ ਜੀ ਨੂੰ ਦੇ ਦਿਤਾ ਸੀ।

Digitized by Panjab Digital Library | www.panjabdigilib.org

ਪਾਤਸ਼ਾਹ ਦੇ ਮਹਿਲਾਂ ਵਿਚ ਸੀ, ਜਿਸ ਕਰਕੇ ਮਨਸੂਰ ਖਾਂ ਦੀ ਹਸੀਅਤ ਵਧ ਗਈ ਸੀ। ਇਸ ਦੀ ਉਲਾਦ ਵਿਚੋਂ ਹਯਾਤ ਖਾਂ ਦੇ ਪੁਤਰ ਮੁਹੰਮਦ ਹਸਨ ਖਾਂ ਨੇ ਆਪਣੀ ਲੜਕੀ ਦਾ ਡੋਲਾ ਸ਼ਹਿਜ਼ਾਦ ਖਾਂ ਕਸੂਰੀਏ ਨੂੰ ਦਿਤਾ ਸੀ, ਜੋ ਸੰਮਤ ੧੭੬੪ ਤੋਂ ਲੈਕੇ ਸੰਮਤ ੧੭੯੪ ਬਿ: ਤੀਕ ਤੀਹ ਸਾਲ ਹਸਾਰ ਦਾ ਹਾਕਮ ਰਿਹਾ ਸੀ। ਇਹ ਰਿਸ਼ਤੇ ਦੇ ਕਾਰਨ ਮੁਹੰਮਦ ਹਸਨ ਖਾਂ ਨੂੰ ਕੁਝ ਮੁਨਸਬ ਤੇ ਜਗੀਰ ਮਿਲ ਗਈ ਸੀ; ਅਤੇ ਨਾਦਰ ਸ਼ਾਹ ਤੋਂ ਮਗਰੋਂ ਰਾਜ ਰੌਲਾ ਪੈ ਜਾਣ ਕਰਕੇ ਮੁਹੰਮਦ ਹਸਨ ਖਾਂ ਦੇ ਪੁਤਰ ਮੁਹੰਮਦ ਅਮੀਨ ਖਾਂ ਨੇ ਆਪਣੀ ਤਾਕਤ ਬਹੁਤ ਵਧਾ ਲਈ ਸੀ।

ਜਦ ਦਾ ਮੂਣਕ ਮਹਾਰਾਜਾ ਜੀ ਦੇ ਕਬਜ਼ੇ ਵਿਚ ਆਇਆ ਸੀ ਤਦ ਤੋਂ ਹੀ ਮਹੰਮਦ ਅਮੀਨ ਖ਼ਾਂ ਸਮਝਣ ਲਗ ਪਿਆ ਸੀ, ਕਿ ਕਿਸੇ ਨਾ ਕਿਸੇ ਦਿਨ ਟਾਕਰਾ ਹੋ ਕੇ ਹੀ ਰਹੇਗਾ, ਅਤੇ ਦੋਹਾਂ ਧਿਰਾਂ ਵਿਚੋਂ ਰਾਜ ਕੇਵਲ ਇਕ ਧਿਰ ਦਾ ਹੀ ਰਹਿ ਸਕੇਗਾ, ਉਸ ਨੂੰ ਆਪਣੀ ਤਾਕਤ ਦਾ ਬੜਾ ਮਾਨ ਸੀ, ਅਤੇ ਉਹ ਆਪਣੇ ਭੱਟੀ ਸੂਰਮਿਆਂ ਦੇ ਆਸਰੇ ਮਹਾਰਾਜ ਜੀ ਦੀ ਤਾਕਤ ਨੂੰ ਕੁਝ ਵੀ ਨਹੀਂ ਸਮਝਦਾ ਸੀ।

ਜਦ ਉਸ ਨੇ ਸੁਣਿਆ, ਕਿ ਬੁਲਾਢਾ ਰਜਪੂਤਾਂ ਹਥੋਂ ਨਿਕਲ ਗਿਆ ਹੈ, ਅਤੇ ਸਿੰਘ ਮੇਰੇ ਇਲਾਕੇ ਨੂੰ ਉਗਰਾਹ ਰਹੇ ਹਨ, ਤਾਂ ਉਹ ਹਸਾਰ ਦੇ ਹਾਕਮ ਪਾਸ ਗਿਆ, ਅਤੇ ਉਸ ਨੂੰ ਆਪਣੇ ਨਾਲ ਰਲਾਕੇ, ਤੇ ਕਈ ਹਜਾਰ ਭੱਟੀਆਂ ਦੀ ਆਪਣੀ ਫੌਜ ਲੈ ਕੇ ਮੂਣਕ ਵਲ ਵਧਿਆ, ਅਤੇ ਮੂਣਕ ਤੇ ਬਲਾਢੇ ਦੇ ਵਿਚਕਾਰ ਖੁਡਾਲ ਪਿੰਡ ਪਾਸ ਸਿੰਘਾਂ ਦਾ ਤੇ ਭੱਟੀਆਂ ਦਾ ਟਾਕਰਾ ਹੋ ਪਿਆ। ਮਹੰਮਦ ਅਮੀਨ ਖ਼ਾਂ ਲਈ ਸਿੰਘਾਂ ਦੇ ਹਥ ਵੇਖਣ ਦਾ ਇਹ ਪਹਿਲਾ ਹੀ ਸਮਾਂ ਸੀ, ਖਾਲਸਈ ਤਲਵਾਰਾਂ ਨੇ ਭੱਟੀਆਂ ਦੇ ਐਸੇ ਆਹੂ ਲਾਹੇ, ਕਿ ਉਨ੍ਹਾਂ ਨੂੰ ਨਸਦਿਆਂ ਹੀ ਬਣੀ, ਅਤੇ ਮਹੰਮਦ ਅਮੀਨ ਖ਼ਾਂ ਤੇ ਹਸਾਰ ਦਾ ਨਾਜ਼ਮ ਆਪਣਾ ਸਾਰਾ ਡੇਰਾ ਲੁਟਾ ਕੇ ਹਜਾਰਾਂ ਜਵਾਨ ਮਰਵਾ ਕੇ 'ਹਾਂਣੀਆਂ' ਨੂੰ ਨਸ ਗਏ।

Digitized by Panjab Digital Library | www.panjabdigilib.org

ਮੁਗ਼ਲਾਂ ਦੇ ਸਮੇਂ 'ਤੱਪਾ ਰਾਜੂ' ਨਾਲ ੮੪ ਪਿੰਡ ਸਨ, ਤੇ ਮੁਹਿੰਮੜਾ ਇਸ ਤੱਪੇ ਦਾ ਸਰਦਾਰੀ ਪਿੰਡ ਸੀ, ਇਨ੍ਹਾਂ ਵਿਚੋਂ ਹੀ ਤੱਪਾ ਕੋਰੀਆਂ ੧੯ ਪਿੰਡ ਸਨ। ਇਨ੍ਹਾਂ ਪਿੰਡਾਂ ਨੂੰ ਸੰ: ੧੭੫੧ ਬਿ: ਦੇ ਕਾਲ ਨੇ ਉਜਾੜ ਦਿਤਾ ਸੀ, ਅਤੇ ਰਹਿੰਦੀ ਕਸਟ ਸੰ: ੧੭੬੪ਵਾਲੀ ਡੱਲਾ ਸਿੰਘ ਸਾਬੋਕੇ ਦੀ ਮੁਹਿੰਮ ਨੇ ਕੱਢ ਦਿਤੀ ਸੀ, ਇਸ ਲਈ ਮਹਾਰਾਜਾ, ਅਮਰ ਸਿੰਘ ਜੀ ਦੇ ਸਮੇਂ ਤੀਕ ਇਹ ਇਲਾਕਾ ਵੈਰਾਨ ਹੀ ਪਿਆ ਰਿਹਾ। ਸੰਮਤ ੧੮੧੧ ਬਿ: ਵਿਚ ਤੱਪਾ ਕੋਲਰੀਆਂ ਦੇ ੧੯ ਪਿੰਡਾਂ ਵਿਚੋਂ ਕੇਵਲ ਅੱਠ ਪਿੰਡ ਹੀ ਵਸਦੇ ਸਨ, ਜਿਨ੍ਹਾਂ ਉਤੇ ਮਹਾਰਾਜਾ ਆਲਾ ਸਿੰਘ ਜੀ ਦਾ ਕਬਜ਼ਾ ਹੋਇਆ, ਉਹ ਪਿੰਡ ਇਹ ਸਨ:—ਕੋਲਰੀਆਂ, ਜਲੂਰਾ, ਬਹਾਦਰਪੁਰ, ਖੁਡਾਲ ਵਡੀ, ਖੁਡਾਲ ਸ਼ੇਖੂਪੁਰ, ਖੂਡਾਲ ਅਕਬਰ ਪੁਰ, ਬਰੇਟਾ ਤੇ ਮੰਡੇਹਰ*।

ਜਦ ਪਹਿਲ ਪਹਿਲ ਮੂਣਕ ਉਤੇ ਮਹਾਰਾਜਾ ਜੀ ਦਾ ਕਬਜ਼ਾ ਹੋਇਆ ਸੀ, ਤਾਂ ਇਹ ਪਿੰਡ ਇਕ ਤਰ੍ਹਾਂ ਨਾਲ ਮਹਾਰਾਜਾ ਜੀ ਦੇ ਤਹਿਤ ਆ ਗਏ ਸਨ, ਅਤੇ ਕੰਵਰ ਲਾਲ ਸਿੰਘ ਜੀ ਦੇ ਸਰਕਰਦਿਆਂ ਨੇ ਰਾਖੀ ਵੀ ਵਸੂਲ ਕਰ ਲਈ ਸੀ, ਪਰ ਬੁਲਾੜੇ ਵਾਲੇ ਰਾਜਪੂਤਾਂ ਦੇ ਗਵਾਂਢ ਦੇ ਕਾਰਨ ਪੱਕਾ ਕਬਜ਼ਾ ਨਹੀਂ ਹੋ ਸਕਿਆ ਸੀ। ਸੰਮਤ ੧੮੧੦ ਬਿ: ਵਿਚ ਕੇਵਲ ਕੋਲਰੀਆਂ ਉਤੇ ਕਬਜ਼ਾ ਹੋਇਆ ਸੀ, ਪਰ ਸੰਮਤ ੧੮੧੦ ਬਿ: ਵਿਚ ਬੁਲਾਡੇ ਤੇ ਖੁਡਾਲ ਦੀਆਂ ਲੜਾਈਆਂ ਤੋਂ ਮਗਰੋਂ ਸਾਰੇ ਹੀ ਤੱਪੇ ਉਤੇ ਕਬਜ਼ਾ ਹੋ ਗਿਆ, ਅਤੇ ਟੋਹਾਣੇ ਤੋਂ ਲੈ ਕੇ ਮਹਿੰਮੜੇ ਤੀਕ ਦੀ ਸੇਧ ਉਤੇ ਸਭ ਵੈਰਾਨੇ ਦੀ ਮੋਰ ਮਹਾਰਾਜਾ ਆਲਾ ਸਿੰਘ ਜੀ ਦੀ ਹੋ ਗਈ।

———

* ਪੁਰਾਣੇ ਕਦਮਾ ਹਾਲਾਤ ਨਾਲੀ

Digitized by Panjab Digital Library | www.panjabdigilib.org

# ਰਾਜਗੀ ਦਾ ਅਰੰਭ

( ੧੮੧੧-੧੬ )

ਜਦ ਨਾਦਰ ਸ਼ਾਹ ਨੇ ਦਿੱਲੀ ਲੁਟੀ ਸੀ, ਤਾਂ ਐਹਮਦ ਸ਼ਾਹ ਉਸ ਦੇ ਨਾਲ ਸੀ, ਅਤੇ ਉਸ ਨੇ ਆਪਣੀ ਅੱਖੀ ਵੇਖਿਆ ਸੀ, ਕਿ ਦਿੱਲੀ ਵਿਚ ਕਿਤਨੀ ਕੁ ਦੋਲਤ ਪਈ ਹੈ। ਇਸ ਲਈ ਜਦ ਉਸ ਦਾ ਆਪਣਾ ਸਮਾਂ ਆਇਆ, ਤਾਂ ਉਹ ਥੋੜੀ ਜਿਹੀ ਫੋਜ ਲੈ ਕੇ ਦਿੱਲੀ ਉਤੇ ਚੜ੍ਹ ਤੁਰਿਆ, ਪਰ ਮਾਨੂ ਪੁਰ ਦੀ ਲੜਾਈ ਵਿਚ ਭਾਜ ਖਾਧੀ। ਦੇਸ ਅਜੇ ਅਪੜਿਆ ਹੀ ਸੀ, ਕਿ ਫਿਰ ਫੋਜ ਤਿਆਰ ਕਰ ਕੇ ਪੰਜਾਬ ਵਲ ਆਇਆ, ਅਤੇ ਲਾਹੋਰ ਗਿਰਦੇ ਮੀਰ ਮੰਨੂੰ ਨਾਲ ਸੁਲ੍ਹਾਂ ਸਫ਼ਾਈ ਕਰਕੇ ਕੰਧਾਰ ਨੂੰ ਮੁੜ ਗਿਆ। ਸੰਮਤ ੧੮੦੯ ਬਿ: ਵਿਚ ਤੀਜੀ ਵਾਰ ਆਇਆ; ਅਤੇ ਲਾਹੋਰ ਕਈ ਮਹੀਨੇ ਲੜਾਈ ਕਰਕੇ ਮੀਰ ਮੰਨੂੰ ਨੂੰ ਫੜ ਲਿਆ, ਅਤੇ ਚਿੱਠੀ ਪੱਤਰ ਨਾਲ ਹੀ ਦਿਲੀ ਵਾਲਿਆਂ ਪਾਸੋਂ ਅਟਕੋਂ ਸਰਹੰਦ ਤੀਕ ਦਾ ਸਾਰਾ ਇਲਾਕਾ ਆਪਣੇ ਨਾਮ ਲਵਾ ਲਿਆ।

ਦਿੱਲੀ ਵਿਚ ਵਜ਼ੀਰ ਦੀ ਤੇ ਪਾਤਸ਼ਾਹ ਦੀ ਚਲ ਪਈ, ਆਪੋ ਵਿਚ ਛੇ ਮਹੀਨੇ ਲੜਾਈਆਂ ਹੁੰਦੀਆਂ ਰਹੀਆਂ, ਅਤੇ ਅੰਤ ਨੂੰ ਅਰੰਭ ਸੰਮਤ ੧-੧੧ ਬਿ: ਵਿਚ ਵਜ਼ੀਰ ਜਿਤਿਆ ਤੇ ਪਾਤਸ਼ਾਹ ਹਾਰਿਆ, ਅਤੇ ਵਜ਼ੀਰ ਨੇ ਪਾਤਸ਼ਾਹ ਤੇ ਉਸ ਦੀ ਮਾਤਾ ਦੀਆਂ ਅੱਖਾਂ ਵਿਚ ਸੁਰਮਚੂ ਫਰਵਾ ਦਿਤਾ, ਅਤੇ ਪਾਤਸ਼ਾਹ ਨੂੰ ਕੈਦ ਕਰ ਲਿਆ, ਜਿਸ ਹਾਲਤ ਵਿਚ ਉਹ ਅਗਲੇ ਸਾਲ ਮਰ ਗਿਆ।

ਸੰਮਤ ੧੮੧੨ ਬਿ: ਵਿਚ ਸਿੰਘਾਂ ਦਾ ਵਡਾ ਵੈਰੀ ਮੀਰ ਮੰਨੂੰ, ਜੋ ਲਾਹੋਰ ਦਾ ਸੂਬਾ ਸੀ, ਮਰ ਗਿਆ, ਅਤੇ ਲਾਹੋਰ ਦਾ ਰਾਜ ਉਸ ਦੇ ਘਰੋਂ ਮੁਗਲਾਣੀ ਬੇਗਮ ਕਰਨ ਲਗੀ, ਮੁਗਲਾਣੀ ਬੇਗਮ ਦਾ ਚਾਲ

Digitized by Panjab Digital Library | www.panjabdigilib.org

ਚਲਨ ਕੁਝ ਐਸਾ ਵੈਸਾ ਹੀ ਸੀ, ਇਸ ਨੇ ਵਜ਼ੀਰ ਭਿਖਾਰੀ ਖਾਂ ਨੂੰ ਗੋਲੀਆਂ ਪਾਸੋਂ ਜੁਤੀਆਂ ਮਰਵਾ ਕੇ ਹੀ ਮਾਰ ਦਿਤਾ, ਤੇ ਦਿੱਲੀਉਂ ਜੋ ਸੱਯਦ ਜਮਾਲ ਆਇਆ, ਉਸ ਨਾਲ ਭੀ ਨਾ ਬਣੀ, ਇਸ ਕਰਕੇ ਗਾਜ਼ੀ-ਉੱਦੀਨ ਵਜ਼ੀਰ ਸ਼ਾਹਜ਼ਾਦਾ ਅਲੀ ਗੋਹਰ ਨੂੰ ਆਪਣੇ ਨਾਲ ਲੈ ਕੇ ਪੰਜਾਬ ਵਲ ਆਇਆ*, ਅਤੇ ਸਤਲੁਜ ਕੰਢੇ ਮਾਛੀ ਵਾੜੇ ਆਨ ਡੇਰੇ ਲਾਏ।

ਵਜ਼ੀਰ ਦੀ ਨੀਤ ਕੁਝ ਹੋਰ ਹੀ ਸੀ, ਉਸ ਨੇ ਮੁਗਲਾਣੀ ਬੇਗਮ ਦਾ ਭਰਮ ਦੂਰ ਕਰਨ ਲਈ ਕੁਝ ਕੁ ਦਿਨ ਸੁਨੇਹੇ ਘਲਣ ਘਲਾਉਣ ਵਿਚ ਲੰਘਾ ਦਿਤੇ, ਅਤੇ ਇਕ ਦਿਨ ਮਾਛੀ ਵਾੜੇ ਤੋਂ ਐਸਾ ਧਾਵਾ ਕੀਤਾ, ਕਿ ਮੁਗਲਾਣੀ ਬੇਗਮ ਨੂੰ ਸੁਤਿਆਂ ਹੀ ਲਾਹੌਰ ਜਾ ਫੜਿਆ, ਅਤੇ ਕੈਦ ਕਰ ਕੇ ਆਪਣੇ ਨਾਲ ਦਿੱਲੀ ਨੂੰ ਲੈ ਗਿਆ, ਤੇ ਓਥੇ ਜਾ ਕੇ ਉਸ ਦੀ ਲੜਕੀ ਨਾਲ ਆਪਣਾ ਨਕਾਹ ਕਰਵਾ ਲਿਆ।

ਜਦ ਐਹਮਦ ਸ਼ਾਹ ਨੂੰ ਇਸ ਗਲ ਦੀ ਖਬਰ ਲਗੀ, ਤਾਂ ਸੰਮਤ ੧੮੧੩ ਬਿ: ਵਿਚ ਓਹ ਕੰਧਾਰੋਂ ਪੰਜਾਬ ਵਲ ਆਇਆ। ਲਾਹੌਰ ਦਾ ਸੂਬਾ ਅਦੀਨਾ ਬੇਗ ਸੀ, ਜੋ ਲਾਹੌਰ ਨੂੰ ਖਾਲੀ ਕਰ ਕੇ ਹਾਂਸੀ ਹਸਾਰ ਵਲ ਨੱਸ ਗਿਆ। ਐਹਮਦ ਸ਼ਾਹ ਲਾਹੌਰੋਂ ਸਰਹੰਦ, ਤੇ ਇਥੋਂ ਦਿੱਲੀ ਪੁਜਾ, ਰਾਹ ਵਿਚ ਕਿਸੇ ਨੇ ਰੋਕਣਾ ਤਾਂ ਕੀ ਸੀ, ਪਾਤਸ਼ਾਹ ਤੇ ਉਸ ਦਾ ਵਜ਼ੀਰ ਦਸ ਕੋਹ ਅਗੋਂ ਹੋ ਕੇ ਲੈਣ ਆਏ, ਅਤੇ ਗੋਲੀ ਦਾਗਣ ਤੋਂ ਬਿਨਾਂ ਹੀ ਐਹਮਦ ਸ਼ਾਹ ਦਿੱਲੀ ਵਿਚ ਜਾ ਵੜਿਆ।

ਹੁਣ ਸ਼ਾਮਤ ਆਈ ਦਿੱਲੀ ਦੇ ਮੁਨਸਬਦਾਰਾਂ ਦੀ ਮੁਗਲਾਣੀ ਬੇਗਮ ਮੁਖਬਰ ਬਣੀ ਅਤੇ ਹਰ ਇਕ ਮੁਨਸਬਦਾਰ ਦੇ ਘਰ ਦੀ ਤਲਾਸ਼ੀ ਹੋਣ ਲੱਗੀ। ਨੀਹਾਂ ਪੁਟੀਆਂ ਗਈਆਂ, ਕੋਠੜੀਆਂ ਤੇ ਦਲਾਨ

---

*ਭਿਖਾਰੀ ਦੇ ਪੁਤਰ ਗੁਲਾਮ ਅਲੀ ਖਾਂ ਨੇ ਆਪਣੀ ਕ੍ਰਿਤ ਤਵਾਰੀਖ "ਸ਼ਾਹ ਆਲਮ ਨਾਮਾ" ਵਿਚ ਇਸ ਸਮੇਂ ਦੇ ਬੜੇ ਸੋਹਣੇ ਹਾਲ ਦਿਤੇ ਹਨ, ਜੋ ਛੇਰੇ ਉਤੇ ਲਿਖੇ ਹਾਲਾਂ ਨਾਲ ਕੁਝ ਕੁ ਨਹੀਂ ਮਿਲਦੇ, ਪਰ ਮੈਂ ਇਹ ਹਾਲ ਹੋਰ ਕਈ ਪ੍ਰਮਾਣੀਕ ਤਵਾਰੀਖਾਂ ਦੇ ਆਸਰੇ ਲਿਖੇ ਹਨ।

Digitized by Panjab Digital Library | www.panjabdigilib.org

ਫਰੋਲੇ ਗਏ; ਘਰ ਬਾਰ, ਅੰਦਰ ਬਾਰ; ਮਰਦ ਤ੍ਰੀਮਤ, ਸਭਸ ਦੀ ਬੁਰੀ ਤਰ੍ਹਾਂ ਤਲਾਸ਼ੀ ਲਈ ਗਈ, ਅਤੇ ਪੈਸਾ ਪੈਸਾ ਕਰ ਕੇ ਝਾੜ ਲਿਆ ਗਿਆ। ਇਕਲੇ ਖਾਨ ਖਾਨਾਂ ਦੇ ਘਰੋਂ ਤਿੰਨ ਕਰੋੜ ਰੁਪਿਆ ਨਿਕਲਿਆ*। ਇਸ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਦਿੱਲੀ ਦੇ ਸਾਰੇ ਉਮਰਾਵਾਂ ਦੇ ਘਰੋਂ ਤੋਂ ਐਹਮਦ ਸ਼ਾਹ ਨੂੰ ਕਿਤਨੀ ਕੁ ਦੌਲਤ ਲੱਭੀ ਹੋਵੇਗੀ।

ਇਤਨਾਂ ਕੁਝ ਲੁੱਟ ਕੇ ਭੀ ਅਬਦਾਲੀ ਦੀ ਨੀਤ ਨਾ ਰੱਜੀ। ਜਦ ਸਾਰੇ ਉਮਰਾਵ ਨਚੋੜ ਲਏ ਤਾਂ ਦਿੱਲੀ ਨੂੰ ਲੁਟਣ ਦਾ ਹੁਕਮ ਦੇ ਦਿਤਾ, ਅਠਾਰਾਂ ਸਾਲ ਪਹਿਲਾਂ ਜੋ ਹਾਲ ਨਾਦਰਸ਼ਾਹ ਦੀ ਹੱਥੋ ਹੋਇਆ ਸੀ, ਓਹੋ ਹੀ ਹੁਣ ਐਹਮਦ ਸ਼ਾਹ ਨੇ ਕੀਤਾ। ਐਹਮਦ ਸ਼ਾਹ ਦੋ ਮਹੀਨੇ ਦਿੱਲੀ ਰਿਹਾ, ਅਤੇ ਇਤਨਾਂ ਚਿਰ ਸ਼ਹਿਰ ਨੂੰ ਬੁਰੀ ਤਰ੍ਹਾਂ ਲੁਟਦਾ ਰਿਹਾ, ਫਿਰ ਮੁਹੰਮਦ ਸ਼ਾਹ ਦੀ ਪੋਤੀ ਦਾ ਨਕਾਹ ਆਪਣੇ ਪੁਤਰ ਤੈਮੂਰਸ਼ਾਹ ਨਾਲ ਕਰਵਾ ਕੇ ਮਥਰਾ ਨੂੰ ਜਾ ਲੁਟਿਆ ਅਤੇ ਆਗਰੇ ਗਿਰਦੇ ਦਾ ਸਭ ਇਲਾਕਾ ਚੰਗੀ ਤਰ੍ਹਾਂ ਲੁੱਟ ਪੁੱਟ ਤੇ ਉਜਾੜ ਫੂਕਕੇ ਗਰਮੀ ਵਧ ਜਾਣ ਦੇ ਕਾਰਨ ਦਿੱਲੀ ਨੂੰ ਆਗਿਆ।

ਹੁਣ ਮੁਹੰਮਦ ਸ਼ਾਹ ਦੀ ਛੋਟੀ ਲੜਕੀ ਦਾ ਨਿਕਾਹ ਆਪਣੇ ਨਾਲ ਕਰਵਾਇਆ; ਅਤੇ ਪਾਤਸ਼ਾਹ ਪਾਸੋਂ ਕਰੜਾ ਨਜ਼ਰਾਨਾਂ ਲੈ ਕੇ ਹਾੜ ਸੰਮਤ ੧੮੧੪ ਬਿ: ਨੂੰ ਕੰਧਾਰ ਵਲ ਨੂੰ ਮੁੜ ਪਿਆ, ਅਤੇ ਜਾਂਦਾ ਹੋਇਆ ਅਬਦੁਲ ਸੰਮਦ ਖਾਂ ਨੂੰ ਸਰਹੰਦ ਦਾ ਹਾਕਮ ਬਣਾ ਗਿਆ।

ਇਸ ਵੇਲੇ ਇਹ ਦੇਸ ਮੂਲੋਂ ਹੀ ਉੱਜੜ ਚੁਕਾ ਸੀ। ਸੰਮਤ

---

*ਅਠਾਰਾਂ ਸਾਲ ਹੋਏ ਸਨ ਕਿ ਨਾਦਰ ਸ਼ਾਹ ਕਈ ਅਰਬਾਂ ਦੀ ਲੁਟ ਦਿਲੀ ਤੋਂ ਲੈ ਗਿਆ ਸੀ। ਇਤਨੇ ਥੋੜੇ ਸਮੇਂ ਵਿਚ ਉਮਰਾਵਾਂ ਪਾਸ ਐਤਨੀ ਦੌਲਤ ਦਾ ਜਮਾਂ ਹੋ ਜਾਣਾ ਦਸਦਾ ਹੈ, ਕਿ ਉਮਰਾਵ ਕਿਸ ਬੇਦਰਦੀ ਨਾਲ ਗਰੀਬ ਜ਼ਿਮੀਦਾਰਾਂ ਦੇ ਗਲ ਵੱਢਦੇ ਹੋਣਗੇ, ਜਿਨ੍ਹਾਂ ਦੀ ਲੂਹੀ ਲੂਹੀ ਨਾਲ ਉਮਰਾਵਾਂ ਪਾਸ ਕਰੋੜਾਂ ਰੁਪੈ ਜਮਾਂ ਹੋ ਜਾਂਦੇ ਸਨ।

Digitized by Panjab Digital Library | www.panjabdigilib.org

੧੯੧੩ ਬਿ: ਵਿਚ ਭਾਰਾ ਕਾਲ ਪਿਆ ਸੀ, ਅਤੇ ਇਸ ਮੁਸੀਬਤ ਦੇ ਦਿਨਾਂ ਵਿਚ ਗਿਲਜਿਆਂ ਦੇ ਇਧਰ ਆ ਜਾਣ ਕਰਕੇ ਸ਼ਾਹੀ ਸੜਕ ਦੇ ਪਿੰਡ, ਜੋ ਖੂਹਾਂ ਨਾਲ ਕਾਲ ਕੱਟ ਲੈਂਦੇ ਸਨ, ਉਹ ਵੀ ਉੱਜੜ ਗਏ ਸਨ। ਸੰਮਤ ਤੇਰਾਂ ਤੇ ਚੌਦਾਂ ਮਹਾਰਾਜਾ ਆਲਾ ਸਿੰਘ ਜੀ ਲਈ ਬੀ ਮਨਹੂਸ ਹੀ ਸਨ। ਸੰਮਤ ੧੯੧੩* ਬਿ: ਵਿਚ ਕੰਵਰ ਲਾਲ ਸਿੰਘ ਜੀ ਸੁਰਗ-ਵਾਸ ਹੋ ਗਏ, ਅਤੇ ਸੰਮਤ ੧੯੧੪ ਬਿ: ਵਿਚ ਕੰਵਰ ਲਾਲ ਸਿੰਘ ਜੀ। ਇਸ ਸਮੇਂ ਮਹਾਰਾਜਾ ਆਲਾ ਸਿੰਘ ਜੀ ਦੀ ਉਮਰ ੬੬ ਸਾਲ ਦੀ ਸੀ। ਇਸ ਅਵਸਥਾ ਵਿਚ ਐਸੀਆਂ ਦੋ ਸੱਟਾਂ ਦਾ ਲੱਗਣਾ ਕੋਈ ਜਿਹੀ ਗੱਲ ਨਹੀਂ ਸੀ, ਜਦ ਕਿ ਰਾਜ ਭਾਗ ਦੂਰ ਦੂਰ ਤੀਕ ਖਿਲਰਿਆ ਪਿਆ ਹੋਵੇ, ਆਂਢੀ ਗੁਆਂਢੀ ਵੈਰੀ ਹੋਣ, ਅਤੇ ਰਾਜ ਭਾਗ ਨੂੰ ਸਾਂਭਣ ਵਾਲੇ ਅਜੇ ਦਸ ਦਸ ਬਾਰਾਂ ਬਾਰਾਂ ਵਰ੍ਹੇ ਦੀ ਉਮਰ ਦੇ ਵੀ ਨਾ ਹੋਏ ਹੋਣ।

ਪਾਤਸ਼ਾਹਾਂ ਵੇਲੇ ਰਤੀਏ ਦੀ ਸ੍ਰਕਾਰੀ ਸ਼ਾਕਰ ਤੇ ਬਾਲੇ ਦੇ ਨਾਮ ਸੀ, ਜੋ ਬੋਲਾ ਗੋਤ ਦੇ ਜੱਟ ਤੇ ਰਤੀਏ ਦੇ ਵਸਨੀਕ ਸਨ, ਅਤੇ ਜਿਨ੍ਹਾਂਨੂੰ ਅਕਬਰਪਾਤ-ਸ਼ਾਹ ਪਾਸੋਂ ਚੁਧਰੈਤ ਦਾ ਚੀਰਾ ਮਿਲਿਆ ਸੀ। ਇਨ੍ਹਾਂ ਦੀ ਉਲਾਦ ਵਿਚੋਂ ਜੁਮੇਂ ਦੇ ਸਮੇਂ ਤੀਕ ਇਨ੍ਹਾਂ ਦਾ ਚੰਗਾ ਜੋਰ ਰਿਹਾ, ਪਰ ਜਦ ਸੰਮਤ ੧੭੯੦ ਵਿਚ ਜੁਮਾਂ ਗੁਜ਼ਰ ਗਿਆ, ਤਾਂ ਇਹ ਮਾੜੇ ਪੈਣ ਲਗ ਪਏ, ਅਤੇ ਇਨ੍ਹਾਂ ਦੀ ਇਜ਼ਤ ਦਿਨੋਂ ਦਿਨ ਘਟ ਹੁੰਦੀ ਗਈ। ਜਦ ਕੋਈ ਪਾਤਸ਼ਾਹੀ ਆਮਲ ਆਉਂਦਾ, ਤਾਂ ਇਹ ਹੱਥ ਚੁਕਾਣੀਂ ਰਕਮ ਉਨ੍ਹਾਂ ਨੂੰ ਦੇ ਛਡਦੇ। ਪਰ ਮਹੰਮਦ ਅਮੀਨ ਖ਼ਾਂ ਦਾ ਜੋਰ ਵਧ ਜਾਣ ਕਰਕੇ ਇਨ੍ਹਾਂ ਨੂੰ ਆਪਣੀ ਇਜਤ ਅਬਰੋ ਦਾ ਵੀ ਡਰ ਪੈ ਗਿਆ। ਸੰਮਤ ੧੯੧੩ ਬਿ: ਦੇ ਕਾਲ ਨੇ ਇਨ੍ਹਾਂ ਨੂੰ ਮੂਲੋਂ ਹੀ ਡੁਲਾ ਦਿਤਾ, ਕਿਉਂ ਜੋ ਚੁਤ੍ਰਫੀ ਰਾਮ ਰੌਲਾ ਪਿਆ ਹੋਇਆ ਸੀ, ਅਤੇ ਕੋਈ ਹਾਕਮ ਸਿਰ ਉਤੇ

*ਤਵਾਰੀਖ ਸਿਧੂ ਬਰਾੜਾਂ ਵਿਚ ਇਹ ਰੌਲਾ ਸੰਮਤ ੧੯੧੦ ਤੇ ੧੯੦੫ ਵਿਚ ਹੋਈਆਂ ਮੰਨੀਆਂ ਹਨ, ਜੋ ਕਿ ਮੂਲੋਂ ਹੀ ਅਸ਼ੁੱਧ ਹਨ। ਮੈਂ ਜੋ ਕੁਝ ਮੰਨਿਆ ਹੈ, ਇਹ "ਤਤਕਰੇ" ਅਨੁਸਾਰ ਹੈ।

Digitized by Panjab Digital Library | www.panjabdigilib.org

ਨਾ ਹੋਣ ਕਰਕੇ ਪਿੰਡਾਂ ਨੂੰ ਪਿੰਡ ਉਠ ਕੇ ਲੁਟ ਲੈਂਦੇ ਸਨ। ਇਸ ਸਮੇਂ ਰਾਇ ਸਿੰਘ ਤੇ ਰਿਖੀਆ ਰਤੀਏ ਦੇ ਚੋਧਰੀ ਸਨ, ਜਿਨ੍ਹਾਂ ਦੇ ਘਰ ਮਹਾਰਾਜਾ ਆਲਾ ਸਿੰਘ ਜੀ ਦੇ ਭਾਈ ਸ੍ਰ: ਲਧਾ ਸਿੰਘ ਜੀ ਜੀ ਵਿਆਹੇ ਹੋਏ ਸਨ। ਇਨ੍ਹਾਂ ਦਾ ਇਹ ਹਾਲ ਸੁਣ ਕੇ ਸੰਮਤ ੧੮੧੪ ਬਿ: ਵਿਚ ਮਹਾਰਾਜਾ ਜੀ ਨੇ ਇਨ੍ਹਾਂ ਨੂੰ ਆਪਣੇ ਇਲਾਕੇ ਵਿਚ ਬੁਲਾ ਲਿਆ, ਅਤੇ ਸਲੇਮਪੁਰ ਦੀ ਇਨ੍ਹਾਂ ਨੂੰ ਦੇਕੇ ਉਥੇ ਹੀ ਵਸਾ ਦਿਤਾ, ਜਿਥੇ ਇਹ ਸੰਮਤ ੧੮੨੩ ਬਿ: ਤੀਕ ਵਸਦੇ ਰਹੇ। ਜਦ ਇਸ ਸਾਲ ਕੰਵਰ ਹਿੰਮਤ ਸਿੰਘ ਜੀ ਨੇ ਨਸੀਰ ਖਾਂ ਰੁਹੇਲੇ ਨੂੰ "ਮਤਰਾਂ" ਦੀ ਲੜਾਈ ਵਿਚ ਭਾਜ ਦੇਕੇ ਸਰਸੇ ਤੀਕ ਇਲਾਕਾ ਮੱਲ ਲਿਆ, ਤਾਂ ਰਾਏ ਸਿੰਘ ਹੋਰੀ ਵੀ ਰਤੀਏ ਜਾ ਵਸੇ।

ਜਦ ਅਬਦੁਲ ਸੰਮਦ ਖਾਂ ਸਰਹੰਦ ਦਾ ਹਾਕਮ ਹੋਕੇ ਆਇਆ, ਤਾਂ ਰੀਤ ਅਨੁਸਾਰ ਇਲਾਕੇ ਦੇ ਸਭ ਰਈਸ ਸਰਹੰਦ ਹਾਜ਼ਰ ਹੋਏ। ਮਹਾਰਾਜਾ ਜੀ ਵੀ ਗਏ, ਅਤੇ ਉਸ ਨਾਲ ਐਸੀ ਵਾਕਫੀ ਵਧਾਈ, ਕਿ ਉਹ ਮਹਾਰਾਜਾ ਜੀ ਦੀ ਸਲਾਹ ਉਤੇ ਚਲਣ ਲੱਗ ਪਿਆ। ਬਰਸਾਤ ਦੇ ਦਿਨ ਸਰਹੰਦ ਕੱਟਕੇ ਅਬਦੁਲ ਸੰਮਦ ਖਾਂ ਦੌਰੇ ਚੜ੍ਹਿਆ, ਅਤੇ ਸਭ ਪਰਗਣੇ ਵੇਖਕੇ ਫਗਣ ਵਿਚ ਸੁਨਾਮ ਜਾ ਪੁਜਾ।

ਮੁਹੰਮਦ ਅਮੀਨ ਖਾਂ ਭੱਟੀ ਨੇ ਵੇਖਿਆ, ਕਿ ਬਦਲਾ ਲੈਣ ਦਾ ਹੁਣ ਸੋਹਣਾ ਮੌਕਾ ਹੈ, ਉਹ ਸੁਨਾਮ ਆਕੇ ਅਬਦੁਲ ਸਮੰਦ ਖਾਂ ਨੂੰ ਮਿਲਿਆ, ਅਤੇ ਆਪਣੀ ਲੜਕੀ ਦਾ ਡੋਲਾ ਉਸ ਨੂੰ ਦੇਕੇ ਇਸ ਗਲ ਉਤੇ ਉਸ ਰਾਜ਼ੀ ਕਰ ਲਿਆ ਕਿ ਮਹਾਰਾਜਾ ਆਲਾ ਸਿੰਘ ਜੀ ਪਾਸੋਂ ਸਾਰਾ ਇਲਾਕਾ ਖੋਹ ਲਿਆ ਜਾਵੇ। ਮਹਾਰਾਜਾ ਜੀ ਉਸ ਸਮੇਂ ਸੁਨਾਮ ਸਨ। ਆਪਨੇ ਜਦ ਇਹ ਹਾਲ ਵੇਖਿਆ, ਤਾਂ ਸੁਨਾਮ ਨੂੰ ਛਡਕੇ ਬਰਨਾਲੇ ਆ ਗਏ, ਅਤੇ ਸਭ ਤਰ੍ਹਾਂ ਆਪਣੀ ਪਕਿਆਈ ਕਰ ਲਈ। ਪਰ ਓਸੇ ਸਮੇਂ ਖਬਰਾਂ ਅਪੜੀਆਂ, ਕਿ ਮਰਹੱਟੇ ਦਿਲੀਓਂ ਸਰਹੰਦ ਨੂੰ ਆ ਰਹੇ ਸਨ; ਇਸ ਲਈ ਅਬਦੁਲ ਸੰਮਦ ਖਾਂ ਵਾਹੋਦਾਹੀ ਸਰਹੰਦ ਨੂੰ ਨੱਠ

Digitized by Panjab Digital Library | www.panjabdigilib.org

ਗਿਆ* ।

ਸੰਮਤ[1] ੧੮੧੩ ਬਿ: ਵਿਚ ਐਹਮਦ ਸ਼ਾਹ ਆਇਆ ਸੀ, ਤਾਂ ਅਦੀਨਾ ਬੇਗ ਹਾਂਸੀ ਹਸਾਰ ਨੂੰ ਨੱਠ ਗਿਆ ਸੀ। ਜਦ ਅਗਲੇ ਸਾਲ ਅਬਦਾਲੀ ਮੁੜ ਗਿਆ, ਤਾਂ ਅਦੀਨਾ ਬੇਗ ਦਵਾਬੇ ਵਿਚ ਆ ਗਿਆ, ਅਤੇ ਸਿੰਘਾਂ ਦੀ ਸਹਾਇਤਾ ਲੈ ਕੇ ਗਿਲਜਿਆਂ ਨਾਲ ਲੜਨ ਲਗਾ† । ਜਲੰਧਰੋਂ ਬਾਹਰ ਗਿਲਜਿਆਂ ਤੇ ਸਿੰਘਾਂ ਦਾ ਟਾਕਰਾ ਹੋਇਆ, ਜਿਸ ਵਿਚ ਗਿਲਜੇ ਹਾਰ ਗਏ, ਉਨ੍ਹਾਂ ਦਾ ਅਫਸਰ ਮੁਰਾਦ ਖਾਂ ਨੱਠ ਗਿਆ, ਤੇ ਸਭ ਅਸਬਾਬ ਸਿੰਘਾਂ ਦੇ ਹੱਥ ਲਗਾ । ਸਿੰਘਾਂ ਨੇ ਜਲੰਧਰ ਉਤੇ ਕਬਜ਼ਾ ਕਰ ਲਿਆ, ਵੈਰੀਆਂ ਨੂੰ ਲੱਭ ਲੱਭ ਕੇ ਸੋਧਿਆ, ਜਿਨ੍ਹਾਂ ਨੇ ਸ੍ਰੀ ਕਰਤਾਰਪੁਰ ਗੁਰੂ ਕੇ ਅਸਥਾਨ ਦੀ ਬੇਅਦਬੀ ਕੀਤੀ ਸੀ। ਸਾਰਾ ਦਵਾਬਾ ਉਗਰਾਹ ਖਾਧਾ, ਅਤੇ ਲਾਹੌਰ ਤੋਂ ਲੈਕੇ ਪਠਾਣਕੋਟ ਤੀਕ ਸਾਰੇ ਇਲਾਕੇ ਵਿਚ ਦੀ ਫਿਰ ਨਿਕਲੇ ।

ਏਨ੍ਹੀ ਹੀ ਦਿਨੀਂ ਦਿਲੀ ਗਿਰਦੇ ਮਰਹੱਟੇ ਫਿਰ ਰਹੇ ਸਨ। ਅਦੀਨਾ ਬੇਗ ਨੇ ਜਦ ਵੇਖਿਆ, ਕਿ ਸਿੰਘਾਂ ਨੇ ਗਿਲਜਿਆਂ ਨੂੰ ਮਾਰ ਕ ਆਪਣਾ ਆਪ ਹੀ ਬਣਾਇਆ ਹੈ, ਮੇਰੇ ਹੱਥ ਤਾਂ ਕੁਝ ਵੀ ਨਾ ਲਗਾ, ਤਾਂ ਉਸ ਨੇ ਆਪਣੇ ਵਕੀਲ ਹਰਿ ਲਾਲ ਤੇ ਆਪਣੇ ਸਰਕਰਦੇ ਸਦੀਕ ਬੇਗ ਨੂੰ ਦਿੱਲੀ ਵਲ ਘਲਿਆ, ਅਤੇ ਮਰਹਟਿਆਂ ਨੂੰ ਪੰਜਾਬ ਵਲ ਸੱਦ ਲਿਆ।

ਰਾਓ ਰਘੂਨਾਥ ਰਾਓ ਮਰਹੱਟਾ ਫੌਜ ਦਾ ਇਕ ਦਸਤਾ ਲੈਕੇ ਪੰਜਾਬ ਵਲ ਵਧਿਆ, ਅਤੇ ਹੌਲੀ ਹੌਲੀ ਦੇਸ ਨੂੰ ਲੁਟਦਾ ਆਇਆ । ੨੪ ਫਗਣ ਸੰਮਤ ੧੮੧੪ ਬਿ: ਨੂੰ ਰਘੂਨਾਥ ਰਾਓ ਅੰਬਾਲੇ ਪੁਜਾ, ਅਤੇ ਸ਼ੰਭੂ ਪਾਸ ਮੁਗਲ ਦੀ ਸਰਾ, ਤੇ ਰਾਜਪੁਰੇ, ਇਕ ਇਕ ਮੁਕਾਮ ਕਰ

* ਤੁ ਚਕਰਾ

† "ਸ਼ਾਹ ਆਲਮ ਨਾਮਾ" "ਪੰਥ ਪ੍ਰਕਾਸ਼ ।"

Digitized by Panjab Digital Library | www.panjabdigilib.org

ਕੇ ੨੮* ਫਗਣ ਨੂੰ ਸਰਾਂਏ† ਵਣਜਾਰੇ ਮੁਕਾਮ ਕੀਤਾ; ਅਤੇ ਦੋ ਸਵਾਰ ਅਨੰਦਪੁਰ ਕੋਸੋ ਨੂੰ ਘਲੇ, ਕਿ ਸਰਕਾਰ ਪਟਿਆਲਾ ਦੇ ਵਕੀਲ ਨੂੰ ਲਿਆਉਣ। ਜਦ ਲੱਧਾ ਮਲ ਆਇਆ, ਰਘੂਨਾਥ ਰਾਓ ਨੇ ਅੱਡ ਹੋ ਕੇ ਕਹਿਆ, ਕਿ ਮਹਾਰਾਜਾ ਆਲਾ ਸਿੰਘ ਜੀ ਨੇ ਦਖਣੋਂ ਸਾਨੂੰ ਦਸਿਆ ਹੈ, ਪਰ ਆਪ ਕਿਉਂ ਨਹੀਂ ਆਏ, ਓਹ ਛੇਤੀ ਆਉਣ, ਅਸਾਂ ਜੋ ਕੁਝ ਕਰਨਾ ਹੈ, ਉਨ੍ਹਾਂ ਦੀ ਸਲਾਹ ਨਾਲ ਹੀ ਕਰਨਾ ਹੈ। ਮਹਾਰਾਜਾ ਜੀ ਆਪ ਤਾਂ ਨਾ ਆਏ ਪਰ ਆਪਣੇ ਸਰਦਾਰ ਬੀਰਮ ਢਿਲੋਂ ਨੂੰ ਲੱਧਾ ਮਲ ਪਾਸ ਘਲ ਦਿਤਾ, ਕਿ ਆਪੋ ਵਿਚ ਸਲਾਹ ਕਰਕੇ ਸਾਰੀ ਗਲ ਨੂੰ ਨਜਿੱਠ ਲੈਣ।

ਸਭ ਤੋਂ ਅਗੇ ਅਗੇ ਤਾਂ ਰਘੁਨਾਥ ਰਾਓ ਸੀ, ਅਤੇ ਇਸ ਦੇ ਮਗਰ ਮਗਰ ਇਕ ਇਕ ਮੰਜ਼ਲ ਦੀ ਵਿੱਥ ਉਤੇ ਮਰਹਟਿਆਂ ਦੇ ਛੋਟੇ ਛੋਟੇ ਦਸਤੇ ਤੁਰੇ ਆਉਂਦੇ ਸਨ, ਅਤੇ ਦੇਸ ਨੂੰ ਚੰਗੀ ਤਰ੍ਹਾਂ ਲੁਟੀ ਜਾਂਦੇ ਸਨ। ਸਰਹੰਦ ਵਿਚ ਅਬਦੁਲ ਸਮੰਦ ਖਾਂ ਕਿਲਾ ਮੱਲੀ ਬੈਠਾ ਸੀ, ਅਤੇ ਸਰਹੰਦ ਨੂੰ ਅਜੇ ਸਰ ਭਾਵੇਂ ਨਹੀਂ ਕੀਤਾ ਸੀ, ਪਰ ਸਰਾਏ ਵਣਜਾਰੇ ਵੀ ਇਸ ਗਲ ਦਾ ਫੈਸਲਾ ਹੋ ਗਿਆ, ਕਿ ਸਰਹੰਦ ਦੀ ਹਕੂਮਤ ਸਦੀਕਬੇਗ ਨੂੰ ਦਿਤੀ ਜਾਵੇਗਾ। ਬੁਧਵਾਰ ੨੯ ਫਗਣ ਨੂੰ ਸਰਾਏ ਵਣਜਾਰੇ ਤੋਂ ਤਿੰਨਾਂ ਕੋਹਾਂ ਉਤੇ ਇਕ ਪਿੰਡ ਮੁਕਾਮ ਹੋਇਆ; ਅਤੇ ਫੌਜ ਵਿਚ ਖਬਰ ਕਰ ਦਿਤੀ ਗਈ, ਕਿ ਭਲਕੇ ਸਰਹੰਦ ਦੀ ਲੜਾਈ ਹੋਵੇਗੀ*।

---

* ਵੇਖੋ ਅਤਕਾ ਨੰ: ੭।

† ਪੁਰਾਣੇ ਕਾਗਜ਼ਾਂ ਵਿਚ ਸਰਾਂਏ ਵਣਜਾਰਾ ਨੂੰ ਸਰਾਂਏ ਅਲੂੰਆਂ ਲਿਖਿਆ ਹੈ।

* ਇਥੋਂ ਤੀਕ ਜੋ ਕੁਝ ਮੈਂ ਲਿਖਿਆ ਹੈ, ਇਹ ਲੱਧਾ ਮਲ ਦੀ ਉਸ ਅਰਜ਼ੀ ਦੇ ਅਧਾਰ ਉਤੇ ਹੈ; ਜੋ ਉਸ ਨੇ ੧੯ ਫਗਣ ਨੂੰ ਮਰਹਟਾ ਕੈਂਪ ਵਿਚੋਂ ਮਹਾਰਾਜਾ ਆਲਾ ਸਿੰਘ ਜੀ ਦੀ ਸੇਵਾ ਵਿਚ ਘਲੀ ਸੀ.—ਵੇਖੋ ਕਾਗਜ਼ਾਤ ਰਾਇ ਭਗਵੰਤ ਰਾਇ॥

Digitized by Panjab Digital Library | www.panjabdigilib.org

ਸਰਹੰਦ ਵਿਚ ਅਬਦੁਲ ਸੰਮਦ ਖਾਂ ਆਕੀ ਹੋਇਆ ਬੈਠਾ ਸੀ। ਮਰਹੱਟੇ ਸਰਹੰਦ ਉਦਾਲੇ ਜਾ ਹੋਏ, ਪਰ ਸ਼ਹਿਰ ਨੂੰ ਸਰ ਨਾ ਕਰ ਸਕੇ। ਅਦੀਨਾ ਬੇਗ ਵੀ ਮਰਹਟਾ ਕੈਂਪ ਵਿਚ ਆ ਗਿਆ, ਅਤੇ ਉਸ ਨੇ ਸਲਾਹ ਦਿਤੀ, ਕਿ ਇਹ ਕੰਮ ਸਿੰਘਾਂ ਦੀ ਸਹਾਇਤਾ ਨਾਲ ਬਹੁਤ ਸੁਖਲਾ ਹੋ ਸਕੇਗਾ। ਆਪੋ ਵਿਚ ਸਲਾਹ ਕਰਕੇ ਉਸੇ ਵੇਲੇ ਸਦੀਕ ਬੇਗ ਨੂੰ "ਖਾਲਸਾ ਦਲ" ਵਲ ਘਲਿਆ ਗਿਆ, ਜੋ ਉਸ ਸਮੇਂ ਦਵਾਬੇ ਵਿਚ ਸਮੇਂ ਦੀ ਚਾਲ ਨੂੰ ਵੇਖ ਰਿਹਾ ਸੀ। ਸਰਹੰਦ ਦਾ ਨਾਮ ਸੁਣਦਿਆਂ ਹੀ ਸਿੰਘਾਂ ਨੂੰ ਮਾਨੋਂ ਚਾਉ ਚੜ ਗਿਆ, ਅਤੇ ਉਹ ਰਾਤੋ ਰਾਤ ਸਤਲੁਜ ਲੰਘ ਕੇ ਦਿਨ ਚੜ੍ਹਦਿਆਂ ਨੂੰ ਸਰਹੰਦ ਦੁਆਲੇ ਆ ਇਕੱਠੇ ਹੋਏ।

ਸਿੰਘਾਂ ਨੇ ਅਦੀਨਾ ਬੇਗਮ ਪਾਸੋਂ ਇਹ ਨੇਮ ਲੈ ਲਿਆ, ਕਿ ਸ਼ਹਿਰ ਦੀ ਲੁਟ ਵਿਚ ਪਹਿਲ ਸਾਡੀ ਹੋਵੇਗੀ। ਫਿਰ ਸ਼ਹਿਰੋਂ ਬਾਹਰ ਪਜਾਵਿਆਂ ਉਤੇ ਡੇਰਾ ਜਾ ਕੀਤਾ, ਅਤੇ ਸਾਹਿਬਜ਼ਾਦਿਆਂ ਦਾ ਧਿਆਨ ਧਰ ਕੇ ਐਸੇ ਜ਼ੋਰ ਦਾ ਹੱਲਾ ਕੀਤਾ, ਕਿ ਵੇਖਦਿਆਂ ਹੀ ਵੇਖਦਿਆਂ ਸਿੰਘ ਸ਼ਹਿਰ ਅੰਦਰ ਜਾ ਵੜੇ ਅਤੇ ਉਗਰਾਹੀ ਸ਼ੁਰੂ ਕਰ ਦਿਤੀ। *

ਪਹਿਲੇ ਦਿਨ ਸਿੰਘਾਂ ਨੇ ਹੀ ਸ਼ਹਿਰ ਉਗਰਾਹਿਆ, ਦੂਜੇ ਦਿਨ ਮਰਹੱਟੇ ਵੀ ਲੁਟਣ ਲਗ ਪਏ, ਅਤੇ ਤੀਜੇ ਦਿਨ ਤਾਂ ਐਸੀ ਖੁਲ੍ਹ ਹੋ ਗਈ, ਕਿ ਲਾਂਭ ਚਾਂਭ ਦੇ ਪਿੰਡ ਵਾਲੇ ਵੀ ਸ਼ਹਿਰ ਨੂੰ ਲੁਟਣ ਆ

---

* ਗੁਲਾਮ ਅਲੀ ਖਾਂ ਨੇ "ਸ਼ਾਹ ਆਲਮ ਨਾਮੇ" ਵਿਚ ਮੰਨਿਆ ਹੈ, ਕਿ ਮਰਹੱਟਿਆਂ ਦੇ ਸਰਹੰਦ ਪੁਜਣ ਤੋਂ ਪਹਿਲਾਂ ਹੀ ਅਦੀਨਾ ਬੇਗ ਸਰਹੰਦ ਨੂੰ ਸਰ ਕਰ ਚੁਕਾ ਸੀ। ਪਰ ਮੈਂ ਜ ਕੁਝ ਮੰਨਿਆ ਹੈ, ਇਹ ਸਰਦਾਰ ਰਤਨ ਸਿੰਘ ਜੀ ਦੇ "ਪੰਥ ਪ੍ਰਕਾਸ਼" ਦੇ ਅਧਾਰ ਉਤੇ ਹੈ, ਜਿਸ ਦੀ ਤਸਦੀਕ ਮੁਨਸ਼ੀ ਬੁਧਾ ਮਲ ਦੇ ਖਤ ਤੋਂ ਵੀ ਹੁੰਦੀ ਹੈ, ਕਿ ਮਰਹੱਟਿਆਂ ਦੇ ਆਉਣ ਤੋਂ ਪਹਿਲਾਂ ਸਰਹੰਦ ਉਤੇ ਅਬਦੁਲ ਸੰਮਦ ਖਾਂ ਦਾ ਹੀ ਕਬਜ਼ਾ ਸੀ।

Digitized by Panjab Digital Library | www.panjabdigilib.org

ਗਏ । ਲੁਟ ਦਾ ਤਰਦਾ ਤਰਦਾ ਮਾਲ ਸਿੰਘਾਂ ਦੇ ਹੱਥ ਲਗਾ ਸੀ, ਜਿਸ ਕਰਕੇ ਮਰਹੱਟਿਆਂ ਦੀ ਨੀਤ ਫਿਰ ਗਈ ਅਤੇ ਉਨ੍ਹਾਂ ਨੇ ਵਿਚਾਰਿਆ, ਕਿ ਜਦ ਸਿੰਘ ਹੁਣ ਉਗਰਾਹੀ ਲਈ ਸ਼ਹਿਰ ਨੂੰ ਜਾਣ, ਤਾਂ ਇਨ੍ਹਾਂ ਦੇ ਡੇਰੇ ਨੂੰ ਲੁੱਟ ਲਈਏ, ਕਿਉਂ ਜੋ ਉਸ ਵੇਲੇ ਡੇਰਿਆਂ ਵਿਚ ਥੋੜ੍ਹੇ ਹੀ ਖਾਲਸੇ ਹੋਣਗੇ ।

ਅਦੀਨਾ ਬੇਗ ਨੇ ਰੋਜ ਸਿੰਘਾਂ ਨਾਲ ਵਰਤਣਾ ਸੀ, ਅਤੇ ਇਸੇ ਦੇ ਸਦਣ ਕਰ ਕੇ ਸਿੰਘ ਇਥੇ ਆਏ ਸਨ, ਇਸ ਲਈ ਉਸ ਨੇ ਸਿੰਘਾਂ ਨੂੰ ਖਬਰ ਕਰ ਦਿਤੀ ਕਿ ਖ਼ਾਲਸਾ ਜੀ ! ਦਖਣੀਆਂ ਦੀ ਨੀਤ ਫਿਰ ਗਈ ਹੈ, ਹੁਣ ਤੁਸੀਂ ਹਰਨ ਹੋ ਜਾਓ । ਸਿੰਘਾਂ ਨੇ ਉਸੇ ਵੇਲੇ ਡੇਰਾ ਕੂਚ ਕਰ ਦਿਤਾ, ਅਤੇ ਮਰਹੱਟੇ ਭਾਵੇਂ ਸਿੰਘਾਂ ਦੇ ਮਗਰ ਲੱਗੇ ਵੀ, ਪਰ ਖਾਲਸੇ ਦੀ ਧੂੜ ਨੂੰ ਵੀ ਨਾ ਅੱਪੜ ਸਕੇ । ਸਿੰਘ ਘੂਰਮ ਘੂਰੀ ਹੁੰਦੇ ਤੁਰੇ ਗਏ, ਅਤੇ ਜਦ ਕੁਝ ਵਿੱਥ ਪੈ ਗਈ, ਤਾਂ ਐਸੇ ਹਰਨ ਹੋਏ, ਕਿ ਮੁੜ ਉਨ੍ਹਾਂ ਦਾ ਕੁਝ ਪਤਾ ਨਾ ਲਗਾ । ਇਹ ਹਾਲ ਅਰੰਭ ਸੰਮਤ ੧੮੧੫ ਬਿ: ਦੀ ਹੈ ।

ਅਬਦੁਲ ਸੰਮਦ ਖਾਂ ਨੂੰ ਮਰਹੱਟਿਆਂ ਨੇ ਫੜ ਲਿਆ ਸੀ, ਸੋ ਕੈਦ ਕਰ ਕੇ ਆਪਣੇ ਨਾਲ ਲੈ ਗਏ । ਪਰ ਮਹੰਮਦ ਅਮੀਨ ਖਾਂ ਭੱਟੀ ਦੀ ਲੜਕੀ; ਜਿਸ ਨੂੰ ਅਬਦੁਲ ਸੰਮਦ ਖਾਂ ਹੁਣ ਹੀ ਨਕਾਹ ਕੇ ਲਿਆਇਆ ਸੀ, ਉਹ ਮਰਹੱਟਿਆਂ ਦੇ ਕਾਬੂ ਆਉਣੋਂ ਬਚ ਰਹੀ, ਤੇ ਸਰਹੰਦ ਵਿਚ ਹੀ ਲੁਕੀ ਰਹੀ । ਜਦ ਮਰਹੱਟੇ ਲਾਹੌਰ ਨੂੰ ਚਲੇ ਗਏ, ਤਾਂ ਮਹੇਸ਼ (?) ਪਿੰਡ ਦੇ ਰਾਜਪੂਤਾਂ ਨੇ ਉਸ ਨੂੰ ਲੱਭ ਕੇ ਤਲਵੰਡੀ ਅੱਪੜਾ ਦਿਤਾ, ਅਤੇ ਮਲਕ ਦਲੇਲ ਖਾਂ, ਅਜੀਜ਼ ਖਾਂ ਆਦਿ ਤਲਵੰਡੀ ਦੇ ਰਾਜਪੂਤਾਂ ਨੇ ਉਸ ਨੂੰ ਬੋਹੇ ਪੁਚਾ ਦਿਤਾ, ਤੇ ਅਲਾਦਾਦ ਖਾਂ ਬੋਹੇ ਵਾਲੇ ਨੇ ਮਹੰਮਦ ਅਮੀਨ ਖਾਂ ਪਾਸ ਫਤਿਹਾ ਬਾਦ * ।

* 'ਤ: ਕਰਾ ।"

Digitized by Panjab Digital Library | www.panjabdigilib.org

ਜਦ ਮਰਹੱਟੇ ਲਾਹੌਰੋਂ ਅਟਕ ਨੂੰ ਵਧੇ, ਤਾਂ ਅਬਦੁਲ ਸੰਮਦ ਖਾਂ ਰਾਹ ਵਿਚੋਂ ਕਿਸੇ ਬਿਧ ਖਾਲਸੀ ਪਾ ਕੇ ਫਤਿਹਾਬਾਦ ਆ ਗਿਆ, ਅਤੇ ਫੌਜ ਦਾ ਰੰਗ ਢੰਗ ਬਣਾ ਕੇ ਮਹਾਰਾਜਾ ਆਲਾ ਸਿੰਘ ਜੀ ਨਾਲ ਮਥਾ ਲਾਉਣਾ ਚਾਹਿਆ।

ਇਸ ਹੀ ਸਮੇਂ ਸ਼ਾਹਜ਼ਾਦਾ ਸ਼ਾਹ ਅਲਮ ਦਿਲੀਓਂ ਹਰਿਆਣੇ ਵਲ ਆ ਗਿਆ, ਅਤੇ ਮਹੰਮਦ ਅਮੀਨ ਖਾਂ ਭੱਟੀ ਸ਼ਾਹਜ਼ਾਦੇ ਦੀ ਸੇਵਾ ਵਿਚ ਜਾ ਹਾਜਰ ਹੋਇਆ। ਵਜ਼ੀਰ ਗਾਜ਼ੀਉਦ ਦੀਨ ਸ਼ਾਹਜ਼ਾਦੇ ਦੇ ਉਲਟ ਸੀ, ਉਸ ਦੀ ਸਖਾਵਟ ਕਰਕੇ ਮਰਹੱਟਿਆਂ ਨੇ ਬੀਠਲ ਰਾਓ ਮਰਹੱਟੇ ਨੂੰ ਸ਼ਾਹਜ਼ਾਦੇ ਨਾਲੋਂ ਤੋੜ ਲਿਆ, ਅਤੇ ਪਾਤਸ਼ਾਹ ਵਲੋਂ ਫੁਰਮਾਨ ਘਲਵਾ ਦਿਤਾ, ਕਿ ਸ਼ਾਹਜ਼ਾਦਾ 'ਰਾਣੀਆਂ' ਨੂੰ ਨਾ ਜਾਵੇ। ਬੀਠਲ ਰਾਓ ਦੇ ਖਿਸਕ ਜਾਣ ਕਰਕੇ ਸ਼ਾਹਜ਼ਾਦੇ ਦੀ ਤਾਕਤ ਕਮਜ਼ੋਰ ਹੋ ਚੁਕੀ ਸੀ, ਇਸ ਲਈ ਉਹ ਮੁਹੰਮਦ ਅਮੀਨ ਖਾਂ ਪਾਸ ਬਹੁਤਾ ਚਿਰ ਨਾ ਠਹਿਰਿਆ ਅਤੇ ਚੜੇ ਸਾਉਣ ਕੁੰਜਪੁਰੇ ਦੇ ਰਾਹ ਨਜੀਬੁਦ ਦੌਲਾ ਪਾਸ ਚਲਿਆ ਗਿਆ, ਜੋ ਉਸ ਸਮੇਂ ਮੋਰਾਂਪੁਰ ਰਹਿੰਦਾ ਸੀ*।

ਮੁਹੰਮਦ ਅਮੀਨ ਖਾਂ ਦੀ ਇੱਛਾ ਸੀ, ਕਿ ਸ਼ਾਹਜ਼ਾਦੇ ਦੀ ਸਹਾਇਤਾ ਨਾਲ ਮਹਾਰਾਜਾ ਆਲਾ ਸਿੰਘ ਜੀ ਪਾਸੋਂ ਬਦਲਾ ਲਵੇ, ਪਰ ਸ਼ਾਹਜ਼ਾਦੇ ਦੇ ਛੇਤੀ ਮੁੜ ਜਾਣ ਨਾਲ ਉਸ ਦੀ ਕਾਮਨਾ ਪੂਰੀ ਨਾ ਹੋਈ। ਫਿਰ ਉਸ ਨੇ ਆਪਣੇ ਸਬੰਧੀ ਅਬਦੁਲ ਸੰਮਦ ਖਾਂ ਨੂੰ ਆਪਣੇ ਨਾਲ ਰਲਾਇਆ, ਅਤੇ ਸਾਜ ਸਮਾਨ ਠੀਕ ਕਰਕੇ ਮਹਾਰਾਜ ਆਲਾ ਸਿੰਘ ਜੀ ਨਾਲ ਮੱਥਾ ਲਾਉਣਾ ਚਾਹਿਆ।

ਇਸ ਵੇਲੇ ਮਹਾਰਾਜਾ ਜੀ ਮੂਣਕ ਉਤਰੇ ਹੋਏ ਸਨ, ਅ ਤੇ ਆਪਣੀ ਸਹਾਇਤਾ ਲਈ ਮਹਾਰਾਜਾ ਜੀ ਨੇ ਸਿੰਘਾਂ ਦੇ ਇਕ ਜਥੇ ਨੂੰ ਸਦਵਾ ਰਖਿਆ ਸੀ। ਸਾਉਣ ਦੇ ਦਿਨ ਸਨ ਕਿ ਮਹੰਮਦ ਅਮੀਨ ਖਾਂ ਤੇ ਅਬਦੁਲ ਸੰਮਦ ਖਾਂ ਕੋਈ ਵਜ਼ਾਰ ਰੁਹੇਲੇ, ਭੱਟੀ ਤੇ ਪਚਾਧੇ ਕੱਠੇ ਕਰ

* 'ਸ਼ਾਹ ਆਲਮ ਨਾਮਾ।'

Digitized by Panjab Digital Library | www.panjabdigilib.org

ਕੇ ਜਮਾਲ ਪੁਰ ਆ ਉਤਰੇ, ਅਤੇ ਟੋਹਾਣੇ ਵਾਲੇ ਪਠਾਣਾਂ ਨੂੰ ਅਖਵਾ ਘਲਿਆ, ਕਿ ਸਾਡੀ ਈਨ ਮੰਨ ਲਵੋ।

ਟੋਹਾਨੀਆਂ ਨੇ ਉਤਰ ਦਿਤਾ, ਕਿ ਜੇ ਕਰ ਆਪ ਪਾਤਸ਼ਾਹੀ ਸੰਮਦ ਲੈਕੇ ਅਤੇ ਇਲਾਕੇ ਦੇ ਹਾਕਮ ਹੋਕੇ ਆਉਂਦੇ, ਤਦ ਤਾਂ ਅਸੀਂ ਤੁਹਾਡੀ ਈਨ ਮੰਨ ਵੀ ਲੈਂਦੇ, ਪਰ ਇਸ ਵੇਲੇ ਤਾਂ ਆਪ ਮਹੰਮਦ ਅਮੀਨ ਖਾਂ ਦੇ ਹਾਮੀ ਬਣਕੇ ਆਏ ਹੋ, ਇਸ ਲਈ ਅਸੀਂ ਮਹਾਰਾਜਾ ਆਲਾ ਸਿੰਘ ਜੀ ਦੀ ਈਨ ਹੀ ਮੰਨਾਂਗੇ। ਇਸ ਗੱਲੋਂ ਗੁੱਸੇ ਹੋਕੇ ਅਬਦੁਲ ਸੰਮਦ ਖਾਂ ਨੇ ਟੋਹਾਣੇ ਉਤੇ ਚੜ੍ਹਾਈ ਕਰ ਦਿਤੀ; ਪਰ ਜਦ ਟੋਹਾਣੇ ਵਾਲਿਆਂ ਨੂੰ ਲੜਾਈ ਲਈ ਤਿਆਰ ਰਖਿਆ, ਤਾਂ ਸਿਉਣੀ ਖਤਰੀ ਦੀ ਹਵੇਲੀ ਨੂੰ ਲੁਟ ਕੇ ਹੀ ਮੁੜ ਗਏ।

ਇਹ ਸਿਉਣੀ ਖਤਰੀ ਪਾਤਸ਼ਾਹੀ ਸਮੇਂ ਤੋਂ ਇਸ ਇਲਾਕੇ ਦੇ ਕਾਨੂੰਗੋ ਸਨ, ਅਤੇ ਸਾਰੇ ਟੋਹਾਣੇ ਵਿਚ ਇਨ੍ਹਾਂ ਦੇ ਘਰ ਹੀ ਬਹੁਤੀ ਦੌਲਤ ਸੀ। ਇਹ ਹਵੇਲੀ ਕਸਬੇ ਤੋਂ ਇਕ ਪਾਸੇ ਹੋਣ ਕਰਕੇ ਉਨ੍ਹਾਂ ਦੇ ਕਾਬੂ ਆ ਗਈ ਸੀ। ਪਰ ਜਦ ਭੱਟੀਆਂ ਦੇ ਦੋ ਚਾਰ ਆਦਮੀ ਮਾਰੇ ਗਏ, ਅਤੇ ਉਨ੍ਹਾਂ ਦੇ ਮੂਣਕ ਵਲੋਂ ਸਿੰਘਾਂ ਦੀ ਫੌਜ ਆਉਂਦੀ ਵੇਖੀ, ਤਾਂ ਉਸ ਵੇਲੇ ਜਮਾਲਪੁਰ ਨੂੰ ਮੁੜ ਗਏ।

ਅੱਠਾਂ ਦਿਨਾਂ ਮਗਰੋਂ ਅਬਦੁਲ ਸੰਮਦ ਖਾਂ ਤੇ ਮਹੰਮਦ ਅਮੀਨ ਖਾਂ ਫੇਰ ਟੋਹਾਣੇ ਵਲ ਵਧੇ; ਪਰ ਟੋਹਾਣੀਏ ਸ਼ਹਿਰੋਂ ਬਾਹਰ ਨਿਕਲ ਕੇ ਲੜਨ ਲਈ ਤਿਆਰ ਹੋ ਗਏ, ਕਿਉਂਕਿ ਮਹਾਰਾਜਾ ਜੀ ਦੀ ਫੌਜ ਇਨ੍ਹਾਂ ਦੀ ਸਹਾਇਤਾ ਲਈ ਮੂਣਕੋਂ ਆ ਰਹੀ ਸੀ। ਇਸ ਲਈ ਅਬਦੁਲ ਸੰਮਦ ਖਾਂ ਟੋਹਾਣੇ ਵਲੋਂ ਮੋਢਾ ਮੋੜ ਗਿਆ, ਅਤੇ ਰਾਜਪੁਰੇ ਨੂੰ ਜਾ ਲੁਟਿਆ। ਉਪਰੋਂ ਮਹਾਰਾਜਾ ਜੀ ਦੀ ਫੌਜ ਵੀ ਆ ਗਈ, ਅਤੇ ਰਾਜ-ਪੁਰੇ ਦੀ ਬਰੇਤੀ ਵਿਚ ਗੈਹ-ਗੱਚ ਲੜਾਈ ਹੋਈ, ਵੈਰੀ ਜਾਣਦੇ ਸਨ, ਕਿ ਇਹ ਸਾਡਾ ਆਖਰੀ ਜਤਨ ਹੈ, ਜੇਕਰ ਅਸੀਂ ਹੁਣ ਹਾਰ ਗਏ, ਤਾਂ ਫੇਰ ਸਾਡੇ ਪੈਰ ਬੱਝਣੇ ਔਖੇ ਹਨ, ਇਸ ਲਈ ਉਹ ਦਿਲ ਤੋੜ ਕੇ ਲੜੇ, ਅਤੇ

Digitized by Panjab Digital Library | www.panjabdigilib.org

ਜਦ ਤੀਕ ਉਨ੍ਹਾਂ ਦਾ ਬਾਕੀ ਸੌ ਕੁ ਆਦਮੀ ਨਾ ਮਰ ਗਿਆ, ਉਨ੍ਹਦੇ ਦਿਲ ਨਾ ਡੋਲੇ ਪਰ ਜਦ ਉਨ੍ਹਾਂ ਨੇ ਵੇਖਿਆ, ਕਿ ਸਿੰਘ ਸਾਨੂੰ ਛਡਦੇ ਨਜ਼ਰ ਨਹੀਂ ਆਉਂਦੇ, ਪਾਂ ਉਹ ਨੱਠ ਖੜੋਤੇ, ਅਤੇ ਸਭ ਮਾਲ ਮਤਾ ਛਡ ਕੇ ਫਤਿਹਾਬਾਦ ਜਾ ਦਮ ਲਿਆ* ।

ਖਾਲਸੇ ਨੇ ਉਨ੍ਹਾਂ ਦਾ ਦੂਰ ਤੀਕ ਪਿੱਛਾ ਕੀਤਾ, ਅਤੇ ਉਨ੍ਹਾਂ ਦੇ ਇਲਾਕੇ ਵਿਚ ਜੋ ਜੋ ਵਸਦਾ ਪਿੰਡ ਸੀ ਸਭਸ ਨੂੰ ਉਗਰਾਹ ਲਿਆ । ਜਮਾਲਪੁਰ ਤੇ ਧਾਰਸੂਲ ਦੇ ਤਪਿਆਂ ਉਤੇ ਮਹਾਰਾਜਾ ਜੀ ਦਾ ਕਬਜ਼ਾ ਹੋ ਗਿਆ, ਅਤੇ ਭੱਟੀਆਂ ਦਾ ਐਸਾ ਬੁਰਾ ਹਾਲ ਹੋਇਆ, ਕਿ ਫਿਰ ਉਨ੍ਹਾਂ ਨੇ ਆਉਂਦੇ ਨੌਂ ਸਾਲਾਂ ਤੀਕ ਮਹਾਰਾਜਾ ਜੀ ਦੀ ਫੌਜ ਦਾ ਟਾਕਰਾ ਕਰਨ ਦਾ ਹੀਆ ਨਾ ਕੀਤਾ ।

ਪਾਤਸ਼ਾਹੀ ਸਮੇਂ ਵਿਚ ਜਮਾਲਪੁਰ ਦੇ ਪਰਗਣੇ ਨਾਲ ਇਕ ਸੌ ਪਿੰਡ ਸੀ । ਇਸ਼ ਤੋਂ ਮਗਰੋਂ "ਤੱਪਾ ਖੇੜੀ" ਰਾਏ ਐਹਮਦ ਨੂੰ ਮਿਲ ਗਿਆ, ਜਿਸ ਕਰਕੇ ਜਮਾਲਪੁਰ ਨਾਲ ਚੁਰਾਸੀ ਪਿੰਡ ਰਹਿ ਗਏ । ਪਿਛਲੇ ਦਿਨਾਂ ਵਿਚ ਆ ਕੇ ਬਲੋਚ ਫੌਜਦਾਰ ਇਧਰ ਦੀ ਉਗਰਾਹੀ ਕੀਤਾ ਕਰਦੇ ਸਨ, ਅਤੇ ਖ਼ਾਸ ਜਮਾਲਪੁਰ ਇਥੋਂ ਦੇ ਸ਼ੇਖਾਂ ਦੇ ਨਾਮ ਮਾਫ ਸੀ । ਸ਼ਾਹਜਹਾਂ ਪਾਤਸ਼ਾਹ ਦੇ ਸਮੇਂ ਸ਼ੇਖ ਨੂਰ ਮਹੰਮਦ ਨੇ ਕਿਸੇ ਔਖੇ ਮਸਲੇ ਨੂੰ ਹੱਲ ਕਰ ਦਿਤਾ ਸੀ, ਜਿਸ ਕਰ ਕੇ ਪਾਤਸ਼ਾਹ ਨੇ ਜਮਾਲਪੁਰ ਉਹ ਨੂੰ ਜਗੀਰ ਵਿਚ ਦੇ ਦਿਤਾ ਸੀ ।

ਸੰਮਤ ੧੯੦੭ ਬਿ: ਵਿਚ ਜਦ ਕੰਵਰ ਲਾਲ ਸਿੰਘ ਜੀ ਨੇ ਮੂਣਕ ਉਤੇ ਕਬਜ਼ਾ ਕੀਤਾ, ਤਾਂ ਦੋ ਸਾਲ ਮਗਰੋਂ ਸੰਮਤ ੧੯੦੯ ਬਿ: ਵਿਚ ਮੁਹੰਮਦ ਖਾਂ ਤੇ ਨੂਰ ਖਾਂ ਜਮਾਲਪੁਰ ਦੇ ਰਾਜਪੂਤਾਂ ਜ਼ਿਮੀਂਦਾਰਾਂ ਨੇ ਮਹਾਰਾਜਾ ਆਲਾ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਕੇ ਕੁਝਕੁ ਮਾਂਬਲਾ ਦੇਣਾ ਮਨਜ਼ੂਰ ਕਰ ਲਿਆ ਸੀ । ਇਸ ਸਮੇਂ ਹਸਨਉੱਲਾ ਜਮਾਲਪੁਰ ਦਾ ਰਈਸ ਸੀ, ਅਤੇ ਸਾਰੇ ਸ਼ੇਖ਼ ਕਿਲ੍ਹੇ ਦੇ ਅੰਦਰ ਰਹਿਆ

---

* ਹਾਲਾਤ ਮੁਕਦਮਾ ਨਾਲੀ ।

Digitized by Panjab Digital Library | www.panjabdigilib.org

ਕਰਦੇ ਸਨ। ਹਸਨਉੱਲਾ ਨੂੰ ਜਦ ਪਤਾ ਲਗਾ, ਕਿ ਜ਼ਿਮੀਂਦਾਰ ਤਾਂ ਮਹਾਰਾਜਾ ਆਲਾ ਸਿੰਘ ਜੀ ਵਲ ਝੁਕ ਗਏ ਹਨ, ਤਾਂ ਉਸ ਨੂੰ ਫਿਕਰ ਪੈ ਗਿਆ, ਕਿ ਕਿਤੇ ਉਹ ਸਿੰਘਾਂ ਦਾ ਥਾਣਾ ਹੀ ਨਾ ਲੈ ਆਉਣਾ। ਜੇ ਕਰ ਸਿੰਘਾਂ ਦਾ ਥਾਣਾ ਕਿਲ੍ਹੇ ਵਿਚ ਆ ਗਿਆ, ਤਾਂ ਸਾਡੀ ਬੇਪਤੀ ਹੋਵੇਗੀ। ਸੋ ਉਸ ਨੇ ਇਹ ਸਾਰੀ ਹਕੀਕਤ ਆਪਣੇ ਪੁਤਰ ਰਿਜ਼ਕਉੱਲਾ ਪਾਸ ਫਤਿਹਾਬਾਦ ਲਿਖ ਘਲੀ, ਜੋ ਉਸ ਸਮੇਂ ਮੁਹੰਮਦ ਅਮੀਨ ਖਾਂ ਭੱਟੀ ਪਾਸ ਨੌਕਰ ਸੀ। ਉਥੋਂ ਵੀਹ ਬੰਦੂਕਚੀ ਇਨ੍ਹਾਂ ਦੀ ਰਾਖੀ ਲਈ ਆ ਗਏ, ਅਤੇ ਉਹਨਾਂ ਨੂੰ ਕਿਲ੍ਹੇ ਵਿਚ ਦਾਖ਼ਲ ਕਰ ਲਿਆ ਗਿਆ। ਇਹ ਗਲ ਸੰਮਤ ੧੮੧੦ ਬਿ: ਦੀ ਹੈ।

ਸੰਮਤ ੧੮੧੧ ਬਿ: ਵਿਚ ਭਾਈ ਗੁਰਬਖਸ਼ ਸਿੰਘ ਜੀ ਸਿੰਘਾਂ ਦਾ "ਦਲ" ਲੈਕੇ ਜਮਾਲਪੁਰ ਆ ਠਹਿਰੇ, ਅਤੇ ਸਾਰੇ ਸ਼ਹਿਰ ਨੂੰ ਉਗਰਾਹ ਲਿਆ; ਪਰ ਕਿਲ੍ਹੇ ਵਿਚਲੇ ਬੰਦੂਕਚੀ ਬਚੇ ਰਹੇ। ਜਦ ਸਿੰਘਾਂ ਦਾ "ਦਲ" ਚਲਿਆ ਗਿਆ, ਤਾਂ ਕੁਝ ਸਮੇਂ ਮਗਰੋਂ ਬੰਦੂਕਚੀਆਂ ਨੂੰ ਵੀ ਹੌਂਸਲਾ ਹੋ ਗਿਆ, ਅਤੇ ਉਸ ਜ਼ਿਮੀਂਦਾਰਾਂ ਨੂੰ ਮਹਾਰਾਜਾ ਆਲਾ ਸਿੰਘ ਜੀ ਦੀ ਸਰਕਾਰ ਵਿਚ ਮਾਂਬਲਾ ਤਾਰਨੋਂ ਮਨ੍ਹੇ ਕਰਨ ਲਗ ਗਏ, ਅਤੇ ਕਹਿਣ ਲਗੇ, ਕਿ ਮਾਂਬਲਾ ਅਸੀਂ ਆਪ ਵਸੂਲ ਕੀਤਾ ਕਰਾਂਗੇ। ਪਰ ਜ਼ਿਮੀਂਦਾਰਾਂ ਨੇ ਇਕ ਨਾ ਮੰਨੀ, ਤੇ ਸੰਮਤ ੧੮੧੩ ਬਿ: ਤੀਕ ਮੂਣਕ ਜਾ ਮਾਂਬਲਾ ਦੇ ਆਇਆ ਕਰਦੇ ਰਹੇ।

ਸੰਮਤ ੧੮੧੪ ਬਿ: ਵਿਚ ਨੂਰ ਖਾਂ ਤੇ ਮੁਹੰਮਦ ਖਾਂ ਰਾਜਪੂਤ ਜ਼ਿਮੀਂਦਾਰਾਂ ਵਿਚ ਅਜੋੜ ਹੋ ਗਈ। ਨੂਰ ਖਾਂ ਤਾਂ ਥਾਣੇ ਵਾਲਿਆਂ ਵਲ ਹੋ ਗਿਆ, ਅਤੇ ਮਹੰਮਦ ਖਾਂ ਮਹਾਰਾਜਾ ਜੀ ਦੀ ਈਨ ਮਨਾਉਣ ਦਾ ਜਤਨ ਕਰਦਾ ਰਿਹਾ। ਕੁਝ ਕੁ ਆਦਮੀ ਮੰਨ ਗਏ ਸਨ, ਕਿ ਨੂਰ ਖਾਂ ਫਤਿਹਾਬਾਦ ਗਿਆ, ਅਤੇ ਮਹੰਮਦ ਅਮੀਨ ਖਾਂ ਦੇ ਆਦਮੀ ਲਿਆ ਕੇ ਸੰਮਤ ੧੮੧੯ ਦੀ ਕਣਕੂਤ ਕਰਵਾ ਦਿਤੀ।

ਇਸ ਤੋਂ ਮਗਰੋਂ ਅਬਦੁਲ ਸੰਮਦ ਖਾਂ ਦੇ ਮਹੰਮਦ ਅਮੀਨ ਖਾਂ

Digitized by Panjab Digital Library | www.panjabdigilib.org

ਨੂੰ ਜਦ ਰਾਮਪੁਰੇ ਦੀ ਲੜਾਈ ਵਿਚ ਭਾਂਜੀ ਹੋਈ, ਤਾਂ ਇਨ੍ਹਾਂ ਦੇ ਨਾਲ ਹੀ ਜਮਾਲਪੁਰ ਦੇ ਸ਼ੇਖ ਵੀ ਨਸ ਗਏ, ਪਰ ਕਿਲ੍ਹੇ ਜਮਾਲਪੁਰ ਦੀ ਰਾਖੀ ਲਈ ਮਹੰਮਦ ਅਮੀਨ ਖਾਂ ਸ਼ੇਖ ਚਾਂਦ ਨੂੰ ਸੌ ਸਵਾਰ ਦੇਕੇ ਕਿਲ੍ਹੇ ਵਿਚ ਛਡ ਗਿਆ। ਅੱਸੂ ਸੰਮਤ ੧੮੧੫ ਬਿ: ਨੂੰ ਸ੍ਰ: ਬੀਕਾ ਸਿੰਘ ਸ਼ੇਖਾਂ ਨੇ ਆਕੇ ਮਹੰਮਦ ਅਮੀਨ ਖਾਂ ਦੇ ਸਵਾਰਾਂ ਨੂੰ ਕਿਲ੍ਹੇ ਵਿਚੋਂ ਕਢ ਦਿਤਾ, ਤੇ ਆਪਣਾ ਠਾਣਾ ਬਿਠਾ ਦਿਤਾ, ਅਤੇ ਸ਼ੇਖਾਂ ਨੂੰ ਦਲਾਸਾ ਦੇਕੇ ਵਾਪਸ ਬੁਲਾ ਲਿਆ*।

ਇਸ ਪਰਗਣੇ ਦੀ ਹੱਦ ਭੂੰਦਰਵਾਸ ਤੀਕ ਸੀ ਸੋ ਉਥੋਂ ਤੀਕ ਹੀ ਮਹਾਰਾਜਾ ਜੀ ਦਾ ਕਬਜਾ ਹੋ ਗਿਆ। ਪਰ ਅਸਲ ਗਲ ਇਹ ਹੈ, ਕਿ ਰੋਜ ਰੋਜ ਦੇ ਕਾਲਾਂ ਤੇ ਹਕੂਮਤ ਦੇ ਸੁਸਤ ਹੋਣ ਕਰਕੇ ਉਸ ਸਮੇਂ ਇਸ ਸਾਰੇ ਇਲਾਕੇ ਵਿਚ ਕੇਵਲ ਦਸ ਪਿੰਡ ਹੀ ਵਸਦੇ ਸਨ, ਬਾਕੀ ਸਭ ਇਲਾਕਾ ਵੈਰਾਨ ਪਿਆ ਸੀ। ਉਹ ਪਿੰਡ ਇਹ ਸਨ:- ਜਮਾਲਪੁਰ, ਟੁਹਾਣਾ, ਰਾਮਪੁਰਾ, ਕੋਦਨੀ, ਰਤੀਆ, ਬਹੋਨਾ, ਗੋਰਖਪੁਰ, ਪਾਤੜ (?) ਨਾਹਲਾ ਤੇ ਸਰਵਾਲਾ।

ਧਾਰਸੂਲ ਤੇ ਖੇੜੀ ਦੇ ਦੋਵੇਂ ਤਪੇ ਸੋਲਾਂ ਸੋਲਾਂ ਪਿੰਡ ਦੇ ਤੱਪੇ ਸਨ। ਇਸ ਹੀ ਸਮੇਂ ਇਨ੍ਹਾਂ ਉਤੇ ਵੀ ਕਰਜ਼ਾ ਹੋ ਗਿਆ, ਤੇ ਬਾਹੇਦਾਰੀ ਹੀਰਾ ਸਿੰਘ ਬੀਕਾ ਸਿੰਘ ਸੇਖਵਾਂ ਨੂੰ ਦਿਤੀ ਗਈ† ਅਬਾਦੀ ਇਨ੍ਹਾਂ ਤੱਪਿਆਂ ਦੀ ਵੀ ਕੁਝ ਨਹੀਂ ਸੀ, ਕੇਵਲ ਇਲਾਕੇ ਦੀ ਮੇਰ ਕਰ ਲਈ ਗਈ ਸੀ।

---

* ਹਾਲਾਤ ਮੁਕਦਮਾ ਨਾਲੀ।

† ਇਸ ਸਮੇਂ ਆਪਣੀ ਇਕ ਅਰਜ਼ੀ ਵਿਚ ਬੀਕਾ ਸਿੰਘ ਇਉਂ ਲਿਖਦਾ ਹੈ, ਕਿ ਜਮਾਲ ਪੁਰ ਉਤੇ ਕਬਜ਼ਾ ਕਰ ਲਿਆ ਹੈ, ਸਭ ਬਰਕੰਦਦਾਜ਼ ਘਲ ਦਿਤੇ ਜਾਣ। ਧਾਰਸੂਲ ਵਾਲਿਆਂ ਨੂੰ ਈਨ ਮੰਨਣ ਲਈ ਅਖਵਾ ਘਲਿਆ ਸੀ, ਜੇ ਹੁਕਮ ਹੋਵੇ, ਤਾਂ ਉਨ੍ਹਾਂ ਦੀ ਫਸਲ ਨੂੰ ਉਜਾੜ ਦਿਤਾ ਜਾਵੇ, ਇਸ ਵੇਲੇ ਤਾਂ ਸਰਕਾਰ ਦੀ ਫੌਜ ਦੇ ਡਰ ਨਾਲ ਇਸ ਪਿੰਡ ਉਤੇ ਕਬਜ਼ਾ ਹੋ ਜਾਵੇਗਾ— ਕਾਗਜ਼ਾਤ ਰਾਇ ਭਗਵੰਤ ਰਾਇ॥

Digitized by Panjab Digital Library | www.panjabdigilib.org

ਮਹੰਮਦ ਅਮੀਨ ਖਾਂ ਇਸ ਤਰ੍ਹਾਂ ਬਾਜ਼ੀ ਹਾਰ ਕੇ ਹਾਂਸੀ ਦੇ ਹਾਕਮ ਰੁਲੀਆ ਖਾਂ ਬਲੋਚ ਪਾਸ ਗਿਆ, ਅਤੇ ਉਸ ਨੂੰ ਅਠਾਰਾਂ ਸੌ ਰੁਪਿਆ ਨਜ਼ਰਾਨਾ ਦੇ ਕੇ ਆਪਣੀ ਸਹਾਇਤਾ ਲਈ ਸਦਿਆ, ਕਿ ਜਿਤਨਾ ਇਲਾਕਾ ਮਹਾਰਾਜਾ ਆਲਾ ਸਿੰਘ ਨੇ ਖੋਹਿਆ ਹੈ, ਉਸ ਉਤੇ ਫੇਰ ਮੇਰਾ ਦਖਲ ਕਰਵਾ ਦਿਤਾ ਜਾਵੇ। ਰੁਲੀਆ ਖਾਂ ਨੇ ਧੂਮ ਧਾਮ ਨਾਲ ਹਾਂਸੀ ਤੋਂ ਕੂਚ ਕੀਤਾ, ਅਤੇ ਬਰਵਾਲੇ ਡੇਰੇ ਲਾ ਲਏ। ਇਸ ਸਮੇਂ ਮਹੰਮਦ ਅਮੀਨ ਖਾਂ ਆਪਣਾ ਵਕੀਲ ਰੁਲੀਆ ਖਾਂ ਪਾਸ ਛਡ ਕੇ ਫਤਿਹਾਬਾਦ ਆ ਗਿਆ, ਕਿ ਤਿਆਰੀ ਕਰਕੇ ਫੌਜ ਦਾ ਕੂਚ ਕਰਵਾਇਆ ਜਾਵੇ। ਮਹਾਰਾਜਾ ਜੀ ਦਾ ਸਰਹਦੀ ਹਾਕਮ ਬੀਕਾ ਸਿੰਘ ਸੀ ਜਿਸ ਨੇ ਗੋਲੀ ਬਰੂਦ ਤੇ ਅੰਨਦਾਣੇ ਦੀ ਥੁੜ ਵੇਖਕੇ ਆਪਣਾ ਮੋਦੀ, ਮਹਾਰਾਜ ਵਲ ਦੁੜਾਇਆ, ਕਿਉਂ ਜੁ ਦੂਜੇ ਐਹਲਕਾਰ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਦੇਂਦੇ ਸਨ, ਜਿਨ੍ਹਾਂ ਨੂੰ ਮਹਾਰਾਜਾ ਜੀ ਇਧਰੋਂ ਮੁੜਨ ਲਗੇ ਸਰਹਦ ਵਲ ਛਡ ਗਏ ਸਨ। ਅੱਠ ਦਿਨਾਂ ਤੀਕ ਮੋਦੀ ਵੀ ਨਾ ਮੁੜਿਆ, ਅਤੇ ਧਾਰ ਸੂਲ ਦੀ ਗੜ੍ਹੀ ਵਾਲੀ ਫੌਜ ਭੱਟੀਆਂ ਦੇ ਹਲੇ ਤੋਂ ਡਰ ਕੇ ਨਸ ਜਾਣ ਲਈ ਤਿਆਰ ਹੋ ਗਈ*। ਪਰ ਇਸ ਤੋਂ ਮਗਰੋਂ ਕਰਤਾਰ ਦੀ ਨੇਤ ਐਸੀ ਹੋਈ, ਕਿ ਰੁਲੀਆ ਖਾਂ ਨੂੰ ਮਹਾਰਾਜਾ ਜੀ ਦੇ ਇਲਾਕੇ ਵਲ ਵਧਣ ਦਾ ਹੌਂਸਲਾ ਹੀ ਨਾ ਪਿਆ, ਅਤੇ ਜਿਥੇ ਜਿਥੇ ਮਹਾਰਾਜਾ ਜੀ ਦਾ ਕਬਜ਼ਾ ਹੋ ਚੁਕਾ ਸੀ, ਸੋ ਸਾਰੇ ਥਾਂ ਮਹਾਰਾਜਾ ਜੀ ਦੇ ਪਾਸ ਹੀ ਰਹੇ।

ਇਸ ਸਮੇਂ ਮਹਾਰਾਜਾ ਜੀ ਦਾ ਹੌਂਸਲਾ ਬਹੁਤ ਵਧ ਗਿਆ ਸੀ ਅਤੇ ਆਪ ਦੇ ਸਰਕਰਦੇ ਅੜੇ-ਫੜੇ ਪਿੰਡਾਂ ਤੇ ਸ਼ਹਿਰਾਂ ਉਤੇ ਕਬੱਜ਼ਾ ਕਰੀ ਜਾਂਦੇ ਹਨ। ਸਮਾਣੇ ਉਤੇ ਅਜੇ ਤੀਕ ਮਹਾਰਾਜਾ ਜੀ ਦਾ ਕਬਜ਼ਾ ਨਹੀਂ ਹੋਇਆ ਸੀ। ਸਰਕਾਰ ਦੀ ਫੌਜ ਨੇ ਸਮਾਣੇ ਉਤੇ ਹੱਲਾ ਕੀਤਾ, ਤਾਂ ਅੰਦਰੋਂ ਵੈਰੀਆਂ ਨੇ ਵੀ ਟਾਕਰਾ ਕੀਤਾ। ਪੰਜ ਆਦਮੀ ਵੈਰੀਆਂ ਦੇ ਤੇ ਚਾਰ ਆਦਮੀ ਮਹਾਰਾਜਾ ਜੀ ਦੇ ਮਾਰੇ ਗਏ, ਅਤੇ ਵੈਰੀ ਨੱਸ ਉਠੇ।

---

* ਅਰਜ਼ੀ ਬੀਕਾ ਸਿੰਘ — ਕਾਗ਼ਜ਼ਾਤ ਰਾਜ਼ਿ ਭਗਵੰਤ ਰਾਇ

Digitized by Panjab Digital Library | www.panjabdigilib.org

ਬਾਹਰਲੀਆਂ ਹਵੇਲੀਆਂ ਨੂੰ ਸੋਧ ਕੇ ਜਾਂ ਮਹਾਰਾਜਾ ਜੀ ਦੀ ਫੌਜ ਸ਼ਹਿਰ ਦੇ ਅੰਦਰ ਨੂੰ ਵਧੀ, ਤਾਂ ਵੈਰੀਆਂ ਨੇ ਮੂੰਹ ਵਿਚ ਘਾਹ ਲੈ ਕੇ ਸਰਕਾਰ ਦੀ ਈਨ ਮੰਨ ਲਈ; ਅਤੇ ਸ਼ਹਿਰ ਉਤੇ ਸਰਕਾਰ ਦਾ ਕਬਜ਼ਾ ਹੋ ਗਿਆ * ।

ਇਸ ਵੇਲੇ ਮਹਾਰਾਜਾ ਜੀ ਨੇ ਸੁਨਾਮ ਉਤੇ ਵੀ ਕਬਜ਼ਾ ਕਰ ਲਿਆ, ਜੋ ਮਰਹੱਟਿਆਂ ਦੇ ਆਉਣ ਸਮੇਂ ਤੋਂ ਹਾਕਮ ਤੋਂ ਸੁੰਞਾ ਪਿਆ ਸੀ। ਇਸ ਵੇਲੇ ਤੀਕ ਮਹਾਰਾਜਾ ਜੀ ਨੇ ਕਿਸੇ ਸ਼ਾਹੀ ਕਿਲ੍ਹੇ ਨੂੰ ਹੱਥ ਨਹੀਂ ਪਾਇਆ ਸੀ ਜਿਸ ਤੋਂ ਇਹ ਸਿਧ ਹੋ ਸਕਦਾ, ਕਿ ਮਹਾਰਾਜਾ ਜੀ ਦੀ ਨੀਤ ਰਾਜ ਰੋਕਣ ਦੀ ਹੈ। ਹੁਣ ਤੀਕ ਮਹਾਰਾਜਾ ਜੀ ਪਿੰਡਾਂ ਨੂੰ ਹੀ ਰੋਕੀ ਜਾਂਦੇ ਸਨ, ਅਤੇ ਜਦ ਕਦੇ ਕੋਈ ਢਾਡਾ ਹਾਕਮ ਆਉਂਦਾ ਸੀ ਤਾਂ ਉਸ ਨੂੰ ਆਪਣੇ ਪਿੰਡਾਂਦੇ ਮਾਂਬਲੇ ਵਜੋਂ ਕੁਝ ਹੱਥ ਚੁਕਾਣੀਂ ਰਕਮ ਦੇਛਡਿਆ ਕਰਦੇ ਸਨ। ਪਰ ਹੁਣ ਮਹਾਰਾਜਾ ਜੀ ਨੇ ਵੇਖਿਆ, ਕਿ ਅਸੀਂ ਸ਼ਾਹੀ ਥਾਵਾਂ ਨੂੰ ਵੀ ਸਾਂਭ ਸਕਦੇ ਹਾਂ, ਇਸ ਲਈ ਆਪ ਨੇ ਸੁਨਾਮ ਉਤੇ ਕਬਜਾ ਕਰ ਲਿਆ, ਅਤੇ ਕਿਲੇ ਵਿਚ ਆਪਣੇ ਆਦਮੀ ਬਿਠਾ ਦਿਤੇ ।

ਇਸ ਵੇਲੇ ਤੋਂ ਸਮਝਣਾ ਚਾਹੀਦਾ ਹੈ, ਕਿ ਮਹਾਰਾਜਾ ਜੀ ਨੇ ਰਾਜਗੀ ਦਾ ਅਰੰਭ ਕਰ ਦਿਤਾ; ਅਤੇ ਸਰਦਾਰੀ ਦੀ ਹਦੋਂ ਲੰਘ ਗਏ। ਰਾਮ ਪੁਰੇ ਦੀ ਲੜਾਈ ਉਤੇ ਸਰਦਾਰੀ ਦੀ ਹਦ ਮੁਕਦੀ ਹੈ, ਅਤੇ ਰਾਜਗੀ ਦੀ ਹਦ ਸ਼ੁਰੂ ਹੁੰਦੀ।

ਰਾਮ ਪੁਰੇ ਦੀ ਜਿਤ ਨੇ ਮਹਾਰਾਜਾ ਆਲਾ ਸਿੰਘ ਜੀ ਦੇ ਮਨ ਤੋਂ ਭੱਟੀਆਂ ਦਾ ਫਿਕਰ ਵੀ ਉਡਾ ਦਿਤਾ, ਅਤੇ ਜਿਥੋਂ ਤੀਕ ਇਸ ਪਾਸੇ ਵਲ ਕਬਜਾ ਕੀਤਾ ਜਾ ਸਕਦਾ ਸੀ, ਕਰ ਲਿਆ ਗਿਆ। ਇਧਰ ਦਾ ਸਭ ਇਲਾਕਾ ਵੈਰਾਨ ਪਿਆ ਸੀ, ਸਾਰੇ ਇਲਾਕੇ ਵਿਚ ਕੇਵਲ ਗਿਣਤੀ ਦੇ ਹੀ ਪਿੰਡ ਸਨ, ਪਰ ਚੂੰਕਿ ਭੱਟੀਆਂ ਦਾ ਕੰਮ ਨਿਤ ਨਵੇਂ ਸੂਰਜ

---

* ਅਰਜ਼ੀ ਠਾਕਰ ਦਾਸ—ਕਾਗਜ਼ਾਤ ਰਾਇ ਭਗਵੰਤ ਰਾਇ ॥

Digitized by Panjab Digital Library | www.panjabdigilib.org

ਡਾਕੇ ਮਾਰਨ ਤੇ ਪਸ਼ੂ ਘੇਰ ਲਜਾਣ ਦਾ ਸੀ, ਇਸ ਲਈ ਇਹਨਾਂ ਨੂੰ ਸੋਧਿਆਂ ਤੋਂ ਬਿਨਾਂ ਇਲਾਕੇ ਦਾ ਸੁਖ ਨਾਲ ਵਸ ਸਕਣਾ ਔਖੀ ਗਲ ਸੀ।

ਅਗਲੇ ਸਾਲ ਸੰਮਤ ੧੮੧੬ ਬਿ: ਵਿਚ ਮਹਾਰਾਜਾ ਆਲਾ ਸਿੰਘ ਜੀ ਨੇ ਧਾਰਸੂਲ ਦੀ ਗੜ੍ਹੀ ਨੂੰ ਵਧਾ ਕੇ ਕਿਲਾ ਬਣਾ ਦਿਤਾ, ਅਤੇ 'ਸ਼ਕਰ ਪੁਰਾ' ਤੇ 'ਕੁਲਾਂ ਨੂੰ ਅਬਾਦ ਕਰਵਾ ਕੇ ਪਿੰਡ ਕੁਲਾਂ ਵਿਚ ਗੜ੍ਹੀ ਪਵਾ ਦਿਤੀ, ਅਤੇ ਸ਼ਕਰ ਪੁਰੇ ਵਿਚ ਮਹੰਮਦ ਅਮੀਨ ਖਾਂ ਦੀ ਗੜ੍ਹੀ ਨੂੰ ਵਧਾ ਕੇ ਕਿਲ੍ਹਾ ਬਣਾ ਦਿਤਾ।

ਬਾਂਗਰ ਦੇ ਤੱਪੇ ਵਲੋਂ ਭਾਵੇਂ ਮਹਾਰਾਜਾ ਜੀ ਦੇ ਸਰਕਰਦੇ ਰਾਖੀ ਵਸੂਲ ਕਰ ਲਿਆਇਆ ਕਰਦੇ ਸਨ, ਪਰ ਅਜੇ ਤੀਕ ਉਸ ਇਲਾਕੇ ਉਤੇ ਕਬਜਾ ਨਹੀਂ ਕੀਤਾ ਸੀ। ਰਾਮਪੁਰੇ ਦੀ ਲੜਾਈ ਨੇ ਜਦ ਭੱਟੀਆਂ ਦੀ ਤਾਕਤ ਤੋੜ ਦਿਤੀ, ਅਤੇ ਬਾਂਗਰ ਵਲ ਦਾ ਰਾਹ ਖੋਲ੍ਹ ਦਿਤਾ, ਤਾਂ ਸੰਮਤ ੧੮੧੬ ਬਿ: ਵਿਚ ਨਰਵਾਣੇ ਉਤੇ ਵੀ ਮਹਾਰਾਜਾ ਜੀ ਦਾ ਕਬਜਾ ਹੋ ਗਿਆ ਅਤੇ ਕਾਲਵਾਨ, ਧਮਤਾਨ, ਧਰੋਦੀ, ਬੇਲਰਖਾ, ਖਰਲ, ਲਾਵਨ, ਪੀਪਲ ਥੇਹ, ਦਨੋਦੀ, ਤੇ ਬਨੁਮੜਾ ਵਾਲਿਆਂ ਨੇ ਆਪ ਤੋਂ ਆਪ ਮਹਾਰਾਜਾ ਜੀ ਦੀ ਈਨ ਮੰਨ ਲਈ *।

ਇਸ ਤਰਾਂ ਰਾਮ ਪੁਰੇ ਦੀ ਲੜਾਈ ਨਾਲ ਮਹਾਰਾਜਾ ਜੀ ਉਸ ਸਾਰੇ ਇਲਾਕੇ ਦੇ ਮਾਲਕ ਹੋ ਗਏ, ਜੋ ਬੇਹੇ, ਰਤੀਏ, ਬਹੋਨੇ, ਦਨੌਦੇ ਤੇ ਨਰਵਾਣੇ ਦੇ ਵਿਚਾਲੇ ਵਿਚਾਲੇ ਸੀ। ਕਬਜਾ ਕਰਨ ਵੇਲੇ ਸਭ ਥਾਣੇ ਹੀਰਾ ਸਿੰਘ ਤੇ ਬੀਕਾ ਸਿੰਘ ਸੇਖਵਾਂ ਦੇ ਸਨ, ਪਰ ਇਸ ਤੋਂ ਮਗਰੋਂ ਜਮਾਲ ਪੁਰ, ਟੋਹਾਣਾ ਤੇ ਬਾਂਗਰ ਦੀ ਥਾਣੇ ਦਾਰੀ ਸ: ਗੁਰਬਖਸ਼ ਸਿੰਘ ਸੇਖੋਂ ਨੂੰ ਦਿਤੀ ਗਈ।

———

* ਹਾਲਾਤ ਮੁਕਦਮਾ ਨਾਲੀ ;।

Digitized by Panjab Digital Library | www.panjabdigilib.org

# ਰਾਜਗੀ ਦੀ ਪਕਿਆਈ

(੧੮੧੬–੧੮)

ਪੰਜਾਬ ਵਿਚ ਮਰਹੱਟੇ ਅਰੰਭ ਸੰਮਤ ੧੮੧੫ ਬਿ: ਵਿਚ ਆਏ ਸਨ, ਅਤੇ ਅਟਕ ਤੀਕ ਇਲਾਕਾ ਸਰ ਕਰ ਕੇ ਅਦੀਨਾਂ ਬੇਗ ਨੂੰ ਲਾਹੌਰ ਦਾ ਸੂਬਾ ਬਣਾ ਗਏ ਸਨ। ਮਰਹੱਟਿਆਂ ਦੇ ਜਾਣ ਦੀ ਹੀ ਢਿੱਲ ਸੀ, ਕਿ ਕੁਤਬ ਸ਼ਾਹ ਰੁਹੇਲਾ* ਜੋ ਫਿਰਦਾ ਫਰਾਉਂਦਾ ਪੰਜਾਬ ਵਲ ਆ ਗਿਆ ਸੀ, ਅਤੇ ਨਵਾਬ ਜਮਾਲ ਖਾਂ ਮਲੇਰੀਆ ਆਕੀ ਹੋ ਬੈਠੇ, ਅਤੇ ਬਹੁਤ ਸਾਰੀ ਸੈਨਾ ਇਕੱਠੀ ਕਰ ਕੇ ਫਲੌਰ ਗਿਰਦੇ ਅਦੀਨਾ ਬੇਗ ਨਾਲ ਜਾ ਮੱਥਾ ਲਾਇਆ। ਅਦੀਨਾ ਬੇਗ ਪਾਸ ਥੋੜੀ ਫੌਜ ਸੀ, ਤੇ ਵੈਰੀਆਂ ਪਾਸ ਬਹੁਤੀ, ਇਸ ਲਈ ਲੜਾਈ ਵਿਚ ਅਦੀਨਾ ਬੇਗ ਦਾ ਬੜਾ ਨੁਕਸਾਨ ਹੋਇਆ, ਅਤੇ ਇਸ ਦੇ ਸਪਾਹੀ ਹੌਲੀ ਹੌਲੀ ਖਿਸਕਣ ਲਗ ਪਏ। ਸੰਜੋਗ ਐਸਾ ਹੋਇਆ, ਕਿ ਨਵਾਬ ਜਮਾਲ ਖਾਂ ਦਾ ਹਾਥੀ ਅਦੀਨਾ ਬੇਗ ਦੇ ਹਾਥੀ ਪਾਸ ਆ ਗਿਆ, ਅਤੇ ਇਸ ਦਾ ਮਹਾਵਤ ਮਹੰਮਦ ਤੌਫੀਕ ਦੀ ਗੋਲੀ ਲਗਣ ਕਰ ਕੇ ਨਵਾਬ ਜਮਾਲ

---

* ਪਿਛਲੇ ਸਾਲਾਂ ਦੇ ਰਾਜ ਰੌਲੇ ਵੇਲੇ ਇਹ ਕੁਤਬ ਸ਼ਾਹ ਰੁਹੇਲਾ ਗੋਹਾਣੇ ਨੂੰ ਮੱਲ ਕੇ ਆਕੀ ਹੋ ਬੈਠਾ ਸੀ, ਅਤੇ ਗੋਹਾਣੇ ਤੋਂ ਲੈ ਕੇ ਜੀਂਦ ਤੇ ਹਾਂਸੀ ਹਿਸਾਰ ਤੀਕ ਸਾਰਾ ਇਲਾਕਾ ਮੱਲ ਲਿਆ ਸੀ। ਇਸ ਸਮੇਂ ਝੱਜਰ ਦਾ ਫੌਜਦਾਰ ਕਾਮਗਾਰ ਖਾਂ ਬਲੋਚ ਫ਼ਰਖ ਨਗਰੀਆ ਸੀ। ਇਸ ਨੂੰ ਪਾਤਸ਼ਾਹ ਨੇ ਇਸ ਰੁਹੇਲੇ ਨੂੰ ਦੇਸ ਵਿਚੋਂ ਕੱਢ ਦੇਣ ਲਈ ਲਿਖਿਆ। ਸੋ ਦੋਹਾਂ ਫੌਜਾਂ ਦੀ ਭਸਰਾਂ ਪਿੰਡ ਨਹਿਰ ਦੇ ਕੰਢੇ ਲੜਾਈ ਹੋਈ, ਜਿਸ ਵਿਚ ੨੧ ਵਿਸਾਖ ਸੰਮਤ ੧੮੨੪ ਬਿ: ਨੂੰ ਕੁਤਬਸ਼ਾਹ ਰੁਹੇਲੇ ਨੂੰ ਭਾਂਜ ਹੋਈ, ਅਤੇ ਉਸ ਦਾ ਸਾਰਾ ਇਲਾਕਾ ਕਾਮਗਾਰ ਖਾਂ ਨੂੰ ਮਿਲਿਆ — ਤ੍ਵਾਰੀਖ ਝੱਜਰ ॥

Digitized by Panjab Digital Library | www.panjabdigilib.org

ਖਾਂ ਮਾਰਿਆ ਗਿਆ, ਜਿਸ ਕਰਕੇ ਅਦੀਨਾ ਬੇਗ ਦੀ ਜਿੱਤ ਹੋ ਗਈ* ਅਤੇ ਦੇਸ ਵਿਚ ਇਸ ਦਾ ਐਸਾ ਧਵਾਂ ਬੈਠਾ, ਕਿ ਮੁੜ ਕਿਸੇ ਨੇ ਸਿਰ ਨਾ ਚੁਕਿਆ।

ਪਰ ਖਾਲਸਾ 'ਦਲ' ਇਸ ਦੇ ਵੱਸ ਨਾ ਹੋਇਆ। ਅਤੇ ਭਾਵੇਂ ਕਈ ਵਾਰ ਇਸ ਨੇ ਫੌਜਾਂ ਘਲੀਆਂ, ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਕੈਦੀ ਫੜੇ, ਪਰ ਲਾਹੌਰ ਗਿਰਦੇ ਅਮਨ ਅਮਾਂਨ ਨਾ ਹੋ ਸਕਿਆ। ਅੰਤ ਨੂੰ ਇਹ ਆਪ ਚੜ੍ਹੇ ਅੱਧੂ ਸੰਮਤ ੧੮੧੫ ਬਿ: ਨੂੰ ਗੁਜਰ ਗਿਆ।

ਅਦੀਨਾ ਬੇਗ ਦੇ ਗੁਜਰਨ ਨਾਲ ਲਾਹੌਰ ਦੀ ਸੂਬੇਦਾਰੀ ਸ਼ਾਮਾ ਜੋ ਮਰਹੱਟੇ ਨੂੰ ਦਿਤੀ ਗਈ, ਦਵਾਬੇ ਦੀ ਹਕੂਮਤ ਅਦੀਨਾ ਬੇਗ ਦੀ ਵਿਧਵਾ ਨੂੰ ਅਤੇ ਸਰਹੰਦ ਦੀ ਹਕੂਮਤ ਅਦੀਨਾ ਬੇਗ ਦੇ ਸ਼ੁਕਰਦੇ ਸਦੀਕ ਬੇਗ ਹੀ ਰਹੀ। ਸਦੀਕ ਬੇਗ ਮੁਢ ਤੋਂ ਹੀ ਖਾਲਸਾ "ਦਲ" ਨੂੰ ਜਾਣਦਾ ਸੀ, ਇਸ ਲਈ ਉਸ ਨੇ ਸਰਹੰਦ ਆਉਂਦਿਆਂ ਹੀ "ਦਲ" ਨਾਲ ਸਮਝੌਤਾ ਕਰ ਲਿਆ ਸੀ, ਕਿ ਇਤਨੀ ਰਕਮ ਹਰ ਛਿਮਾਹੀ ਪੇਸ਼ਗੀ ਲੈ ਲਿਆ ਕਰੋ, ਤੇ ਮੇਰੇ ਇਲਾਕੇ ਵਿਚੋਂ ਉਗਰਾਹੀ ਨਾ ਕੀਤੀ ਕਰੋ। 'ਦਲ' ਨੇ ਇਹ ਗਲ ਮੰਨ ਲਈ ਸੀ, ਤੇ ਸਦੀਕ ਬੇਗ ਨੇ ਪਹਿਲੀ ਛਿਮਾਹੀ ਦੀ ਕਿਸ਼ਤ ਘਲਵਾ ਦਿਤੀ ਸੀ।

ਜਦ ਹੋਲੇ ਦਾ ਸਮਾਂ ਲਾਗੇ ਆਇਆ ਤਾਂ ਅਨੰਦਪੁਰ ਸਾਹਿਬ ਨੂੰ ਜਾਣ ਲਈ ਵੀਹ ਹਜ਼ਾਰ ਖਾਲਸਾ ਰਾਇ ਪੁਰ ਗੁਜਰ ਵਾਲ ਕੱਠਾ ਹੋ

---

* ਜਮਾਲ ਖਾਂ ਦੇ ਮਰਨ ਤੋਂ ਮਗਰੋਂ ਕਾਸਮ ਅਲੀ ਖਾਂ ਫੌਜ ਲੈ ਕੇ ਮਲੇਰ ਕੋਟਲੇ ਉਤੇ ਚੜ੍ਹ ਆਇਆ, ਅਤੇ ਰੁਪਯਾ ਵਸੂਲ ਕਰਨ ਲਗਾ। ਬਖਸ਼ੀ ਜੀ ਨੇ ਜਮਾਲ ਖਾਂ ਦੀ ਹਵੇਲੀ ਵਿਚ ਡੇਰਾ ਲਾਇਆ ਹੋਇਆ ਸੀ, ਅਤੇ ਬਹਾਦਰ ਖਾਂ ਡਰਦਾ ਮਾਰਾ ਕਿਲਾ ਬੰਦ ਕਰੀ ਬੈਠਾ ਸੀ। ਅੰਤ ਮਰਹੱਟਿਆਂ ਨੇ ਨਜ਼ਰਾਨਾ ਲੈ ਕੇ ਹੀ ਮਲੇਰੀਆਂ ਦੀ ਬੰਦ ਖਲਾਸ ਕੀਤੀ—ਵੇਖੋ ਕਾਗਜ਼ਾਤ ਰਾਏ ਭਗਵੰਤ ਰਾਏ।

Digitized by Panjab Digital Library | www.panjabdigilib.org

ਗਿਆ, ਅਤੇ ਸਰਦਾਰ ਤਾਰਾ ਸਿੰਘ ਇਨ੍ਹਾਂ ਦਾ ਮੋਹਰੇਵਾਲ ਬਣਿਆ। ਕਿ ਅਗਲੀ ਛਿਮਾਹੀ ਦਾ ਨਜ਼ਰਾਨਾ ਲੈ ਆਉਣ, ਪਰ ਸਦੀਕ ਬੇਗ ਨੇ ਵਕੀਲਾਂ ਨੂੰ ਖਾਲੀ ਹਥ ਹੀ ਮੋੜ ਦਿਤਾ।

"ਖ਼ਾਲਸਾ" ਸਰਹੰਦ ਦੇ ਪਾਸ ਪਾਸ ਦੀ ਅਨੰਦਪੁਰ ਸਾਹਿਬ ਨੂੰ ਜਾ ਰਿਹਾ ਸੀ, ਕਿ ਸਦੀਕ ਬੇਗ ਦੀ 'ਕਹੀ' ਖਾਲਸੇ ਦੀ ਨਜ਼ਰ ਪੈ ਗਈ, 'ਕਹੀ' ਵਾਲਿਆਂ ਨੇ ਜਦ ਖਾਲਸੇ ਨੂੰ ਵੇਖਿਆ, ਤਾਂ ਓਸੇ ਵੇਲੇ ਸਰਹੰਦ ਨੂੰ ਨਠੇ; ਪਰ ਖਾਲਸਾ ਕਦ ਜਾਣ ਦਿੰਦਾ ਸੀ, ਬਾਜ ਵਾਂਗ ਟਟਕੇ ਪਏ, ਤੇ 'ਕਹੀ' ਲੁਟ ਕੇ ਅਨੰਦਪੁਰ ਸਾਹਿਬ ਜਾ ਹੋਲਾ ਖਡਿਆ।

ਸਦੀਕ ਬੇਗ ਨੇ ਜਦ 'ਕਹੀ' ਦਾ ਲੁਟੇ ਜਾਣਾ ਸੁਣਿਆ ਤਾਂ ਓਸੇ ਵੇਲੇ ਫੌਜ ਤਿਆਰ ਕਰ ਕੇ ਅਨੰਦਪੁਰ ਸਾਹਿਬ ਸਿੰਘਾਂ ਉਤੇ ਜਾ ਪਿਆ। ਸਦੀਕ ਬੇਗ ਵੀ ਅਦੀਨਾ ਬੇਗ ਦਾ ਸਰਕਰਦਾ ਸੀ, ਅਤੇ ਆਪਣੇ ਮਾਲਕ ਦੇ ਸਮੇਂ ਤੋਂ ਸਿੰਘਾਂ ਦੀਆਂ ਸਭ ਆਦਤਾਂ ਤੋਂ ਜਾਣੂ ਸੀ। ਓਸ ਨੂੰ ਪਤਾ ਸੀ, ਕਿ ਖ਼ਾਲਸਾ ਤਾਂ ਹੋਲੇ ਦੇ ਕਾਰਨ ਖਿੰਡਿਆ ਹੋਇਆ ਹੋਵੇਗਾ, ਅਤੇ ਮੇਰੀ ਫੌਜ ਇਕ ਥਾਂ ਹੋਵੇਗੀ, ਇਸ ਲਈ 'ਕਹੀ' ਲੁਟਣ ਦਾ ਬਦਲਾ ਸਜਰਾ ਹੀ ਲੈ ਲਵਾਂਗਾ।

ਇਸ ਵੇਲੇ ਪੰਜ ਮਿਸਲਾਂ ਦੇ ਸਰਦਾਰ ਅਨੰਦਪੁਰ ਸਾਹਿਬ ਆਏ ਹੋਏ ਸਨ, ਅਤੇ ਬਾਕੀ ਪੰਜ ਮਿਸਲਾਂ ਮਾਝੇ ਵਲ ਸਨ। ਜਦ ਸਦੀਕ ਬੇਗ ਪਿਆ, ਤਾਂ ਸਭ ਖਾਲਸਾ ਇਧਰ ਉਧਰ ਖਿੰਡਿਆ ਹੋਇਆ ਸੀ। ਇਸ ਨੇ ਜਾਂਦਿਆਂ ਹੀ ਵਾੜਾਂ ਮਾਰਨੀਆਂ ਅਰੰਭ ਦਿਤੀਆਂ, ਅਤੇ ਸਿੰਘਾਂ ਨੂੰ ਹਰ ਪਾਸਿਓਂ ਦਬਾਉਣ ਲਗਾ। ਮਿਸਲਾਂ ਦੇ ਸਰਦਾਰਾਂ ਨੇ ਟਾਕਰੇ ਦਾ ਬਥੇਰਾ ਯਤਨ ਕੀਤਾ, ਪਰ ਆਦਮੀ ਥੋੜੇ ਹੋਣ ਦੇ ਕਾਰਨ ਬਦੋ ਬਦੀ ਧੱਕੀਦੇ ਹੀ ਗਏ। ਦੋ ਕੋਹਾਂ ਤੀਕ ਸਦੀਕ ਬੇਗ ਧੱਕੀ ਗਿਆ, ਅਤੇ ਖਾਲਸੇ ਦਾ ਬੜਾ ਨੁਕਸਾਨ ਕੀਤਾ, ਅੰਤ ਸਰਦਾਰਾਂ ਨੂੰ ਜੋਸ਼ ਆ ਗਿਆ, ਅਤੇ ਖੜੋ ਕੇ ਐਸਾ ਟਾਕਰਾ ਕੀਤਾ, ਕਿ ਸਦੀਕ ਬੇਗ ਦਾ ਵਧਣਾ ਬੰਦ ਹੋ ਗਿਆ। ਸਦੀਕ ਬੇਗ ਦਾ ਜੋ ਮਨੋਰਥ ਸੀ, ਸੋ ਪੂਰਾ ਹੋ ਚੁਕਾ ਸੀ ਇਸ ਲਈ ਓਹ

Digitized by Panjab Digital Library | www.panjabdigilib.org

ਖਾਲਸਾ ਜੀ ਦੇ ਕੱਠੇ ਹੋਣ ਤੋਂ ਪਹਿਲਾਂ ਹੀ ਮੁੜ ਪਿਆ, ਅਤੇ ਸਜਰਾ ਬਦਲਾ ਲੈਕੇ ਸਰਹੰਦ ਆ ਗਿਆ ।

ਇਸ ਲੜਾਈ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦੋ ਕਾਰੀ ਫੱਟ ਲਗੇ ਸਨ, ਜਿਸ ਕਰ ਕੇ ਹੋਲੇ ਤੋਂ ਮਗਰੋਂ ਡਰੋਲੀ ਜਾ ਕੇ ਆਪ ਦਵਾ ਦਾਰੂ ਕਰਵਾਉਣ ਲਗ ਪਏ। 'ਦਲ' ਦਾ ਕੋਈ ਹੀ ਸਰਦਾਰ ਹੋਊ, ਜਿਸ ਦੇ ਦੋ ਦੋ ਚਾਰ ਚਾਰ ਫੱਟ ਨਾ ਲਗੇ ਹੋਣ । ਸਾਰਾ 'ਦਲ' ਡਰੋਲੀ ਹੀ ਸੀ, ਕਿ ਸਦੀਕ ਬੇਗ ਦੇ ਵਕੀਲ ਛਿਮਾਹੀਂ ਦੀ ਕਿਸਤ ਲੈ ਕੇ ਅੱਪੜ ਪਏ, ਅਤੇ ਬੇਨਤੀ ਕੀਤੀ, ਕਿ ਤੁਸਾਂ ਸਾਡੀ 'ਕਹੀ' ਲੁਟੀ ਸੀ, ਅਸਾਂ ਹੱਲਾ ਕਰ ਦਿਤਾ, ਕਿਸੇ ਗਲ ਦਾ ਗੁਸਾ ਨਹੀਂ ਕਰਨਾ। ਖਾਲਸਾ ਜੀ ਨੇ ਉਤਰ ਦਿਤਾ, ਕਿ ਛਿਮਾਹੀ ਵਿਚ ਵਿੱਲ ਹੋਈ ਸੀ, ਇਸ ਕਰ ਕੇ 'ਕਹੀ' ਲੁਟੀ ਸੀ। ਜਦ ਕਦੇ ਫੇਰ ਐਸਾ ਕਰੋਗੇ, ਤਾਂ ਖਾਲਸਾ ਜੀ ਢਿੱਲ ਨਹੀਂ ਕਰੇਗਾ; ਗੁਸੇ ਵਾਲੀ ਕੋਈ ਗੱਲ ਨਹੀਂ, ਲੜਨਾ ਭਿੜਨਾ ਖਾਲਸੇ ਜੀ ਦੀ ਕਾਰ ਹੈ* ।

ਤਲਵਟ (ਦਵਾਬਾ) ਦਾ ਵਸਨੀਕ ਲਛਮੀ ਨਰੈਣ ਖੱਤਰੀ ਇਸ ਸਮੇਂ ਸਦੀਕ ਬੇਗ ਦਾ ਦੀਵਾਨ ਸੀ† । ਹਾੜੀ ਦੀ ਉਗਰਾਹੀ ਹੋ ਚੁਕੀ ਸੀ, ਕਿ ਸਦੀਕ ਬੇਗ ਨੂੰ ਵਹਿਮ ਹੋ ਗਿਆ ਜੋ ਲਛਮੀ ਨਰੈਣ ਬਹੁਤ ਸਾਰੀ ਰਕਮ ਖਾ ਗਿਆ ਹੈ। ਓਹ ਇਸ ਨੂੰ ਸਜ਼ਾ ਦੇਣੀ ਚਾਹੁੰਦਾ ਸੀ, ਕਿ ਲਛਮੀ ਨਰੈਣ ਸਰਹੰਦੋਂ ਨਸ ਕੇ ਸ੍ਰ: ਗੁਰਬਖਸ਼ ਸਿੰਘ ਕਾਲੇਕੇ ਪਾਸ ਸਨੌਰ ਆ ਗਿਆ। ਇਹ ਖਬਰ ਸੁਣ ਕੇ ਸਦੀਕ ਬੇਗ ਨੇ ਸਨੌਰ ਆਦਮੀ ਘਲੇ, ਕਿ ਮੇਰੀ ਢਕ ਦੀਆਂ ਬਾਹਾਂ ਫੜਾ ਦੇਵੇ, ਪਰ ਸ੍ਰ: ਗੁਰਬਖਸ਼ ਸਿੰਘ ਨੇ ਉਤਰ, ਦਿਤਾ ਕਿ ਸ਼ਰਨ ਆਏ ਨੂੰ ਧੱਕਾ ਦੇਣਾ ਸਾਊਆਂ ਦਾ ਕੰਮ ਨਹੀਂ ।

---

* ਪੰਥ ਪ੍ਰਕਾਸ਼ ।

† ਪੰਥ ਪ੍ਰਕਾਸ਼ ।

Digitized by Panjab Digital Library | www.panjabdigilib.org

ਸਦੀਕ ਬੇਗ ਨੂੰ ਆਪਣੀ ਤਾਕਤ ਦਾ ਮਾਣ ਸੀ। ਉਸ ਨੇ ਉਸੇ ਵੇਲੇ ਚੜ੍ਹਾਈ ਕਰ ਦਿਤੀ, ਅਤੇ ਸਨੌਰ ਨੂੰ ਜਾ ਘੇਰਿਆ। ਮਹਾਰਾਜਾ ਆਲਾ ਸਿੰਘ ਜੀ ਨੂੰ ਵੀ ਪਤਾ ਲਗਾ ਚੁਕਾ ਸੀ, ਆਪ ਬਰਨਾਲੇ ਤੋਂ ਪਟਿਆਲੇ ਦੀ ਗੜ੍ਹੀ ਆ ਗਿਆ। ਅਤੇ ਲਛਮੀ ਨਰੈਣ ਨੂੰ ਆਪਣੇ ਪਾਸ ਸਦਵਾ ਲਿਆ। ਸ੍ਰ: ਗੁਰਬਖਸ਼ ਸਿੰਘ ਲਛਮੀ ਨਰੈਣ ਨੂੰ ਲੈਕੇ ਸਨੌਰੋਂ ਮਹਾਰਾਜਾ ਜੀ ਪਾਸ ਆ ਗਿਆ, ਅਤੇ ਗੜ੍ਹੀ ਨੂੰ ਕਾਇਮ ਕਰ ਲਿਆ।

ਮਗਰੇ ਮਗਰੇ ਸਦੀਕ ਬੇਗ ਆ ਗਿਆ, ਅਤੇ ਗੜ੍ਹੀ ਦਾ ਘੇਰਾ ਘੱਤ ਕੇ ਗੜ੍ਹੀ ਉਦਾਲੇ ਖਾਈ ਪੁਟਾਉਣ ਲਗ ਗਿਆ, ਕਿ ਬਾਹਰੋਂ ਰਸਤ ਪਾਨੀ ਤੇ ਆਦਮੀਆਂ ਦੀ ਮਦਤ ਆਉਣੀ ਬੰਦ ਹੋ ਜਾਵੇ। ਮਹਾਰਾਜਾ ਆਲਾ ਸਿੰਘ ਜੀ ਨੇ ਵੇਖਿਆ, ਕਿ ਪਟਿਆਲੇ ਦੀ ਗੜ੍ਹੀ ਟਾਕਰੇ ਦੇ ਫਬਦੀ ਨਹੀਂ ਇਸ ਲਈ ਸ: ਗੁਰਬਖਸ਼ ਸਿੰਘ ਕਾਲੇਕੇ ਨੂੰ ਸਣੇ ਫੌਜ ਤਾਂ ਓਥੇ ਹੀ ਛਡਿਆ, ਅਤੇ ਲਛਮੀ ਨਰੈਣ ਨੂੰ ਆਪਣੇ ਨਾਲ ਲੈਕੇ ਆਪ ਭੌੜਿਆਂ ਦੇ ਕਿਲੇ ਵਿਚ ਆ ਗਏ, ਅਤੇ ਕਿਲ੍ਹੇ ਨੂੰ ਕਾਇਮ ਕਰ ਲਿਆ।

ਜਦ ਸਦੀਕ ਬੇਗ ਨੂੰ ਪਤਾ ਲਗਾ, ਕਿ ਮੇਰੀ ਛੱਕ ਤਾਂ ਭੌੜੀਂ ਚਲੀ ਗਈ ਹੈ, ਤਾਂ ਉਸ ਨੇ ਪਟਿਆਲੇ ਦੀ ਗੜ੍ਹੀ ਦਾ ਖਿਆਲ ਛਡ ਦਿਤਾ, ਅਤੇ ਭੌੜੀਂ ਆ ਕੇ ਕਿਲੇ ਦਾ ਘੇਰਾ ਪਾ ਲਿਆ। ਆਪੋ ਵਿਚ ਮਹੀਨਾ ਭਰ ਲੜਾਈ ਹੁੰਦੀ ਰਹੀ, ਪਰ ਸਿੱਟਾ ਕੁਝ ਨਾ ਨਿਕਲਿਆ। ਓਦੋਂ ਹੀ ਸਦੀਕ ਬੇਗ ਪਾਸ ਖਬਰ ਪੁਜੀ, ਕਿ ਐਹਮਦ ਸ਼ਾਹ ਅਬਦਾਲੀ ਤੁਰਿਆ ਆਉਂਦਾ ਹੈ। ਉਸ ਓਸ ਵੇਲੇ ਘੇਰਾ ਛਡ ਦਿਤਾ, ਅਤੇ ਛੇਤੀ ਛੇਤੀ ਵਾਹੋ ਦਾਹੀ ਸਰਹੰਦ ਨੂੰ ਵਗ ਗਿਆ, ਜਿਥੋਂ ਆਪਣਾ ਮਾਲ ਮਤਾ ਸਾਂਭ ਕੇ ਉਹ ਦਿਲੀ ਨੂੰ ਚਲਿਆ ਗਿਆ।

ਮਹਾਰਾਜਾ ਜੀ ਦੀ ਫੌਜ ਨੇ ਜਦ ਸਦੀਕ ਬੇਗ ਨੂੰ ਘਾਬਰੇ ਹੋਏ ਵੇਖਿਆ, ਤਾਂ ਚਾਹਿਆ, ਕਿ ਇਸ ਵੇਲੇ ਹੱਲਾ ਕਰ ਕੇ ਇਸ ਦਾ ਤੋਪ

Digitized by Panjab Digital Library | www.panjabdigilib.org

ਖਾਨਾਂ ਤੇ ਮਾਲ ਅਸਬਾਬ ਖੋਹ ਲਿਆ ਜਾਵੇ, ਪਰ, ਮਹਾਰਾਜਾ ਜੀ ਨੇ ਇਸ ਗਲ ਨੂੰ ਨਾ ਮੰਨਿਆ। ਕਹਿੰਦੇ ਹਨ, ਕੁਝ ਕੁ ਸਰਦਾਰ ਮਹਾਰਾਜਾ ਜੀ ਦੇ ਮਨ੍ਹੇ ਕਰਦਿਆਂ ੨ ਵੀ ਸਦੀਕ ਬੇਗ ਦੇ ਲਸ਼ਕਰ ਉਤੇ ਜਾ ਪਏ, ਪਰ ਥੋੜੀਆਂ ਜੇਹੀਆਂ ਵਾੜਾਂ ਝਾੜਨ ਤੋਂ ਮਗਰੋਂ ਵਾਪਸ ਮੁੜ ਆਏ। ਇਹ ਗੱਲ ਸੰਮਤ ੧੮੧੬ ਬਿ: ਦੀ ਹੈ*।

ਪੰਜਾਬ ਵਲ ਜਦ ਮਰਹੱਟੇ ਆਏ ਸਨ, ਤਾਂ ਉਸ ਸਮੇਂ ਅਹਿਮਦ ਸ਼ਾਹ ਅਬਦਾਲੀ ਬਲੋਚਾਂ ਦੇ ਸਰਦਾਰ ਨਾਸਰ ਖਾਂ ਨਾਲ ਰੁਝਾ ਹੋਇਆ ਸੀ। ਓਧਰੋਂ ਜਦ ਉਸ ਨੂੰ ਵੇਹਲ ਹੋਇਆ ਤਾਂ ਮਰਹੱਟਿਆਂ ਪਾਸੋਂ ਬਦਲਾ ਲੈਣ ਲਈ ਉਹ ਪੰਜਾਬ ਵਲ ਆਇਆ। ਭਾਦੋਂ ਸੰਮਤ ੧੮੧੬ ਬਿ: ਨੂੰ ਉਹ ਦਰਿਆ ਅਟਕੋਂ ਉਤਰਿਆ, ਅਤੇ ਜਦ ਉਸ ਨੇ ਸੁਣਿਆ ਕਿ ਮਰਹੱਟੇ ਰੁਹੇਲਿਆਂ ਦਾ ਸਾਹ ਬੰਦ ਕਰੀ ਬੈਠੇ ਹਨ, ਤਾਂ ਛੇਤੀ ਛੇਤੀ ਪਹਾੜ ਦੀ ਕੰਢੀ ਕੰਢੀ ਆ ਕੇ ਸਹਾਰਨਪੁਰ ਦੀ ਬਰਾਬਰੋਂ ਜਮਨਾ ਪਾਰ ਹੋ ਪਿਆ ਅਤੇ ਆਪਣੀ ਬਾਕੀ ਫੌਜ ਨੂੰ ਹੁਕਮ ਦੇ ਦਿਤਾ ਕਿ ਹੌਲੀ ਹੌਲੀ ਸਿਧੇ ਰਾਹ ਆਵੇ।

ਇਹ ਫੌਜ ਸਰਹੰਦ ਦੇ ਰਾਹ ਦਿਲੀ ਨੂੰ ਚਲੀ ਗਈ; ਅਤੇ ਦਿਲੀਓਂ ਉਹ ਅਹਿਮਦ ਸ਼ਾਹ ਦੀ ਉਡੀਕ ਵਿਚ ਖੜੋ ਗਈ। ਅਹਿਮਦ ਸ਼ਾਹ ਜਮਨਾ ਪਾਰ ਗਿਆ ਹੋਇਆ ਸੀ, ਉਧਰੋਂ ਨਵਾਬ ਨਜੀਬੁਦੌਲਾ, ਹਾਫਜ਼ ਰਹਿਮਤ ਖਾਂ ਤੇ ਅਹਿਮਦ ਖਾਂ ਬੰਗਸ਼, ਦੁਰਾਨੀ ਦੇ ਨਾਲ ਰਲ ਗਏ। ਬਾਦਲੀ ਪਾਸ ਦੱਤਾ ਸੇਂਧੀਆਂ ਮੋਰਚੇ ਲਾਈ ਬੈਠਾ ਸੀ। ਅਹਿਮਦ ਸ਼ਾਹ ਰੁਹੇਲੀਆਂ ਦੀ ਸਾਰੀ ਫੌਜ ਕਠੀ ਕਰ ਕੇ ਲੈ ਆਇਆ ਅਤੇ ਜਮਨਾ ਟਪ ਕੇ ਆਪਣੀ ਥਿਤੀ ਫੌਜ ਨਾਲ ਰਲ ਪਿਆ, ਫੇਰ ਦੱਤਾ ਸੇਂਧੀਆ ਟਾਕਰਾ ਕੀਤਾ। ਜਿਸ ਵਿਚ ਮਰਹਟਿਆਂ ਨੇ ਪਹਿਲਾਂ ਰੁਹੇਲੇ ਬੁਰੇ ਅਗੇ

---

* 'ਤਜ਼ਕਰ'—ਖਲੀਫਾ ਸਾਹਿਬ ਨੇ ਆਪਣੀ ਰਚਨਾ ਤਵਾਰੀਖ ਪਟਿਆਲਾ ਵਿਚ ਸਦੀਕ ਬੇਗ ਦੀ ਥਾਂ ਅਬਦੁਲ ਸਮੰਦ ਖਾ ਨਾਲ ਇਹ ਲੜਾਈ ਲਿਖੀ ਹੈ; ਜੋ ਭੁਲ ਹੈ।

Digitized by Panjab Digital Library | www.panjabdigilib.org

ਧਰੇ ਸਨ। ਪਰ ਜਦ ਐਹਮਦ ਖਾਂ ਬੰਗਸ਼ ਨੇ ਦਸ ਹਜ਼ਾਰ ਜਵਾਨ ਲੈਕੇ ਉਨ੍ਹਾਂ ਉਤੇ ਹਲਾ ਕੀਤਾ ਤਾਂ ਦਤਾ ਸੀਂਧੀਆਂ ਦੇ ਮਾਰੇ ਜਾਣ ਕਰਕੇ ਮਰਹਟਿਆਂ ਦੇ ਪੈਰ ਉਖ਼ੜ ਗਏ, ਅਤੇ ਜਿੱਤ ਅਹਿਮਦ ਸ਼ਾਹ ਦੀ ਹੋਈ। ਇਹ ਗਲ ਪੋਹ ਸੰਮਤ ੧੮੧੬ ਬਿ: ਦੀ ਹੈ।

ਮਰਹਟਿਆਂ ਦਾ ਇਕ ਦਸਤਾ ਮਲਹਾਰ ਰਾਓ ਹੁਲਕਰ ਦੇ ਪਾਸ ਸੀ, ਜੋ ਸਕੰਦਰੇ ਡੇਰੇ ਲਾਈ ਪਿਆ ਸੀ। ਅਬਦਾਲੀ ਐਸਾ ਚੁਪ ਚੁਪਾਤਾ ਪਿਆ ਕਿ ਹੁਲਕਰ ਨੂੰ ਅਲਾਣੀ ਘੋੜੀ ਉਤੇ ਸਵਾਰ ਹੋਕੇ ਜਾਨ ਬਚਾਉਣੀ ਪਈ। ਫਿਰ ਅਹਿਮਦ ਸ਼ਾਹ ਦਿੱਲੀ ਆਇਆ, ਤੇ ਤਿੰਨ ਦਿਨ ਤੀਕ ਸ਼ਹਿਰ ਨੂੰ ਲੁਟਿਆ। ਦੁਰਾਨੀਆਂ ਤੇ ਰੁਹੇਲਿਆਂ ਨੇ ਹਜ਼ਾਰਾਂ ਸਾਊ ਘਰਾਂ ਦੀਆਂ ਹਜ਼ਾਰਾਂ ਸੁੰਦਰ ਔਰਤਾਂ ਤੇ ਲੜਕੇ ਲੜਕੀਆਂ ਗੋਲੀਆਂ ਬਨਾਉਣ ਲਈ ਕੈਦ ਕਰ ਲਈਆਂ, ਅਤੇ ਹਜ਼ਾਰਾਂ ਆਦਮੀ ਮਾਰੇ ਗਏ। ਇਹ ਕੈਦੀ ਫਿਰ ਈਰਾਨ, ਤੂਰਾਨ, ਸਮਰ ਕੰਦ ਤੇ ਬੁਖਾਰਾ ਆਦਿ ਨੂੰ ਘਲੇ ਗਏ*।

ਦਿੱਲੀ ਵਲੋਂ ਵੇਹਲਾ ਹੋ ਕੇ ਅਬਦਾਲੀ ਰੁਹੇਲਖੰਡ ਵਲ ਗਿਆ, ਅਤੇ ਮਰਹਟਿਆਂ ਦੇ ਇਕ ਦਸਤੇ ਨੂੰ ਖਿੰਡਾ ਕੇ ਭਾਦੋਂ ਸੰਮਤ ੧੮੧੭ ਬਿ: ਨੂੰ ਕੋਇਲ ਗਿਆ। ਹੁਣ ਬਰਸਾਤ ਦੇ ਦਿਨ ਸਨ, ਇਸ ਲਈ ਗੰਗਾ ਕੰਢੇ ਅਨੂਪ ਸ਼ਹਿਰ ਜਾ ਛਾਉਣੀ ਪਾਈ, ਅਤੇ ਅਵਧ ਦੇ ਮਾਲਕ ਸ਼ਾਹ ਸ਼ੁਜਾਉਲ ਮਲਕ ਨੂੰ ਵੀ ਆਪਣੇ ਨਾਲ ਰਲਾ ਲਿਆ।

ਜਦ ਇਹ ਖਬਰਾਂ ਦਖਣ ਪੁਜੀਆਂ ਤਾਂ ਮਰਹਟਿਆਂ ਦੇ ਰਈਸ ਬਾਲਾ ਜੀ ਪੇਸ਼ਵਾ ਨੇ ਬੜੀ ਭਾਰੀ ਫੌਜ ਤੇ ਤੋਪਖਾਨਾ ਦੇ ਕੇ ਆਪਣੇ ਟਿਕੇ ਵਿਸਵਾਸ ਰਾਓ, ਆਪਣੇ ਪ੍ਰਸਿੱਧ ਭਤੀਜੇ ਭਾਓ, ਅਤੇ ਆਪਣੇ ਇਕ ਹੋਰ ਪੁਤਰ ਸ਼ਮਸ਼ੇਰ ਬਹਾਦਰ ਨੂੰ ਦਿਲੀ ਵਲ ਘਲਿਆ। ਜਦ ਦਿਲੀ ਅਪੜੇ ਤਾਂ ਪਲਾਂ ਵਿਚ ਹੀ ਸ਼ਹਿਰ ਲੈ ਲਿਆ, ਕਿਉਂਕਿ ਅਬਦਾਲੀ ਦੀ ਸਾਰੀ ਫੌਜ ਇਸ ਵੇਲੇ ਅਨੂਪ ਸ਼ਹਿਰ ਪਈ ਸੀ।

---

*ਤਵਾਰੀਖ ਫਤਹਿ ਬਖਸ਼।

Digitized by Panjab Digital Library | www.panjabdigilib.org

ਅਬਦੁਲ ਸਮਦ ਖਾਂ ਮਹਾਰਾਜਾ ਆਲਾ ਸਿੰਘ ਜੀ ਪਾਸੋਂ ਭਾਂਜ ਖਾ ਕੇ, ਅਤੇ ਕੁਤਬ ਸ਼ਾਹ ਰੁਹੇਲਾ ਫਲੌਰ ਦੀ ਲੜਾਈ ਵਿਚ ਅਦੀਨਾ ਬੇਗ ਪਾਸੋਂ ਭਾਂਜ ਖਾ ਕੇ, ਰੁਹੇਲਖੰਡ ਵਿਚ ਜਾ ਲੁਕੇ ਸਨ। ਹੁਣ ਜਦ ਅਹਿਮਦ ਸ਼ਾਹ ਆਇਆ, ਤ ਉਸ ਨੇ ਦਿਲੀ ਵਲ ਮਰਹਟਿਆਂ ਦਾ ਆਉਣਾ ਸੁਣਿਆ, ਤਾਂ ਅਬਦੁਲ ਸਮਦ ਖਾਂ, ਕੁਤਬ ਸ਼ਾਹ, ਤੇ ਮੋਮਨ ਖਾ ਨੂੰ ਹੁਕਮ ਦਿਤਾ, ਕਿ ਸਰਹੰਦ ਵਲ ਜਾ ਕੇ ਸਾਡੇ ਲਸ਼ਕਰ ਵਿਚ ਰਸਦ ਪਾਣੀ ਪੁਚਾਉਂਦੇ ਰਹਿਣ. ਇਹ ਦਿਲੀਓਂ ਮਰਹਟਿਆਂ ਪਾਸੋਂ ਭਾਂਜ ਖਾ ਕੇ ਕੁੰਜਪੁਰੇ ਅਪੜੇ। ਪਰ ਕੁੰਜਪੁਰੀਆ ਨਜਾਬਤ ਖਾਂ ਅੰਦਰ-ਖਾਨਿਉਂ ਮਰਹਟਿਆਂ ਦੀ ਹਮਾਇਤ ਸੀ, ਉਸ ਨੇ ਇਨ੍ਹਾਂ ਨੂੰ ਕਿਹਾ ਕਿ ਮੈਦਾਨ ਵਿਚ ਖੜੇ ਕੇ ਲੜੋ, ਮੈਂ ਕਿਲ੍ਹਾ ਸਾਂਭੀ ਰਖਦਾ ਹਾਂ। ਇਹ ਜਾਂ ਬਾਹਰ ਨਿਕਲ ਕੇ ਲੜੇ, ਤਾਂ ਇਨ੍ਹਾਂ ਦੇ ਪੈਰ ਖਿਸਕ ਗਏ; ਪਰ ਜਦ ਕਿਲ੍ਹੇ ਵਲ ਆਏ, ਤਾਂ ਨਜੌਬਤ ਖਾਂ ਨੇ ਦ-ਵਾਜ਼ੇ ਬੰਦ ਕਰ ਲਏ, ਅਤੇ ਇਹ ਉਥੇ ਹੀ ਮਾਰੇ ਗਏ। ਇਹ ਗਲ ਅਰੰਭ ਕਤਕ ਸੰਮਤ ੧੮੧੭ ਬਿ: ਦੀ ਹੈ।

ਇਸੇ ਸਮੇਂ ਅਹਿਮਦ ਸ਼ਾਹ ਅਬਦਾਲੀ ਸਭ ਮੁਸਲਮਾਨੀ ਸੈਨਾ ਆਪਣੇ ਨਾਲ ਲੈ ਕੇ ਬਾਗਪਤਿ ਦੇ ਪਤਣੋਂ ਜਮਨਾ ਲੰਘ ਗਿਆ। ਅਤੇ ਮਰਹੱਟੇ ਪਾਣੀਪਤ ਗਿਰਦੇ ਸੰਘਰ ਘਤ ਕੇ ਬੈਠ ਗਏ। ਹਿੰਦੁਸਤਾਨ ਦਾ ਜੋ ਮੁਸਲਮਾਨ ਰਈਸ ਸੀ ਇਸ ਵੇਲੇ ਅਬਦਾਲੀ ਦੇ ਨਾਲ ਸੀ, ਪਰ ਤਦ ਵੀ ਅਬਦਾਲੀ ਪਾਸ ਇਤਨੀ ਫੌਜ ਨਹੀਂ ਸੀ, ਕਿ ਉਹ ਵਧ ਕੇ ਮਰਹੱਟਿਆਂ ਦਾ ਟਾਕਰਾ ਕਰ ਸਕਦਾ। ਮਰਹੱਟਿਆਂ ਪਾਸ ਇਸ ਸਮੇਂ ਤਿੰਨ ਲਖ ਜਵਾਨ ਤੇ ਤਿੰਨ ਸੌ ਤੋਪਾਂ ਸਨ, ਅਤੇ ਅਬਦਾਲੀ ਪਾਸ ਨੱਬੇ ਹਜ਼ਾਰ ਜਵਾਨ ਤੇ ਸੱਤਰ ਤੋਪਾਂ। ਅਬਦਾਲੀ ਨੇ ਮਰਹੱਟਿਆਂ ਦੇ ਸੰਘਰ ਦੇ ਸਾਹਮਣੇ ਹੀ ਆਪਣਾ ਡੇਰਾ ਲਾ ਲਿਆ, ਅਤੇ ਰੋਜ਼ ਛੋਟੀਆਂ ੨ ਲੜਾਈਆਂ ਹੋਣ ਲਗੀਆਂ।

ਤਿੰਨ ਮਹੀਨੇ ਇਹੋ ਜਿਹਾ ਹੀ ਹਾਲ ਰਿਹਾ, ਤੇ ਆਪੋ ਵਿਚ ਡਟ ਕੇ ਕੋਈ ਲੜਾਈ ਨਾ ਹੋਈ। ਮਰਹੱਟਿਆਂ ਨੇ ਅਬਦਾਲੀ ਦੇ

Digitized by Panjab Digital Library | www.panjabdigilib.org

ਲਸ਼ਕਰ ਵਿਚ ਰਸਤ ਆਉਣੀ ਬੰਦ ਕਰ ਦਿਤੀ ਸੀ, ਇਸ ਲਈ ਏਨ੍ਹਾਂ ਨੂੰ ਬੜਾ ਔਖ ਹੋਣ ਲਗਾ। ਅਬਦਾਲੀ ਨੇ ਹੁਣ ਆਪਣੇ ਸਰਦਾਰਾਂ ਨੂੰ ਤਕੀਦ ਕੀਤੀ, ਕਿ ਮਰਹੱਟਿਆਂ ਦੇ ਲਸ਼ਕਰ ਵਿਚ ਰਸਤ ਦਾਣਾ ਜਾਣਾ ਨਾ ਪਾਵੇ, ਤੇ ਜੇ ਕਿਧਰੋਂ ਆਵੇ ਤਾਂ ਉਸ ਨੂੰ ਲੁਟ ਲਿਆ ਜਾਵੇ। ਹੁਣ ਅਬਦਾਲੀ ਦੇ ਲਸ਼ਕਰ ਵਿਚ ਤਾਂ ਰਸਤ ਬਹੁਤ ਆਉਣ ਲਗ ਪਈ, ਪਰ ਮਰਹੱਟਿਆਂ ਦੇ ਲਸ਼ਕਰ ਵਿਚ ਰਸਤ ਦਾ ਜਾਣਾ ਬੰਦ ਹੋ ਗਿਆ।

ਲੱਖਾਂ ਆਦਮੀ ਹਰ ਹਰ ਰੋਜ਼ ਦੋ ਵੇਲੇ ਖਾਣ ਵਾਲੇ, ਭਲਾ ਜਮਾਂ ਕੀਤੀ ਰਸਤ ਕਿਤਨਾ ਕੁ ਚਿਰ ਕਢ ਸਕਦੀ ਸੀ। ਜੋ ਦਸਤੇ ਬਾਹਰੋਂ ਰਸਤ ਲਿਆਉਣ ਲਈ ਘਲੇ ਜਾਂਦੇ, ਉਨ੍ਹਾਂ ਨੂੰ ਅਬਦਾਲੀ ਦੀ ਫੌਜ ਘੇਰ ਲੈਂਦੀ। ਲੋਕਾਂ ਦੇ ਦਿਲਾਂ ਵਿਚ ਐਸਾ ਡਰ ਬੈਠ ਗਿਆ ਸੀ ਕਿ ਸੰਘਰੋਂ ਬਾਹਰ ਨਾ ਨਿਕਲਦੇ ਅਤੇ ਜੇ ਕਰ ਕੋਈ ਬਾਹਰ ਨਿਕਲਦਾ ਤਾਂ ਗਿਲਜੇ ਉਸ ਨੂੰ ਵਢ ਸੁਟਦੇ।

ਐਸੀ ਔਕੜ ਦੇ ਸਮੇਂ ਮਹਾਰਾਜਾ ਆਲਾ ਸਿੰਘ ਜੀ ਨੇ ਮਰਹੱਟਿਆਂ ਨੂੰ ਰਸਤ ਪੁਚਾਉਣੀ ਸ਼ੁਰੂ ਕੀਤੀ। ਅਬਦਾਲੀ ਦੀ ਸੈਨਾ ਭਾਵੇਂ ਸੌ ਚੌਕਸਾਈ ਰਖਦੀ। ਪਰ ਮਹਾਰਾਜ ਜੀ ਦੀ ਭਾਰ ਬਰਦਾਰੀ ਗਿਲਜਿਆਂ ਦੇ ਹਥ ਨਾ ਪੈਂਦੀ*।

ਆਹਮੋ ਸਾਹਮਣੇ ਪਈਆਂ ਫੌਜਾਂ ਅੰਤ ਨੂੰ ਅਕ ਗਈਆਂ। ੫ ਮਾਘ ਸੰਮਤ ੧੮੧੮ ਦਾ ਦਿਨ ਸੀ† ਕਿ ਮਰਹੱਟੇ ਆਪਣੇ ਸੰਘਰ ਵਿਚੋਂ ਨਿਕਲੇ। ਅਤੇ ਐਸੇ ਜ਼ੋਰ ਨਾਲ ਹੱਲਾ ਕੀਤਾ ਕਿ ਅਬਦਾਲੀ ਦੀ ਸੈਨਾ ਨੂੰ ਅਗੇ ਧਰ ਲਿਆ। ਅਹਿਮਦ ਸ਼ਾਹ ਅਡ ਖੜਾ ਸਭ ਕੁਝ ਵੇਖ ਰਿਹਾ ਸੀ। ਉਸ ਨੇ ਜਦ ਜਾਚਿਆ ਕਿ ਮੇਰੀ ਸੇਨਾ ਹਿਲ ਖਲੋਤੀ ਹੈ ਤਾਂ ਉਹ ਆਪਣੇ ਨਾਲ ਦੇ ਵਿਸਮੇ ਹੋਏ ਸਵਾਰਾਂ ਨੂੰ ਲੈ ਕੇ ਮਰਹੱਟਿਆਂ ਉਤੇ ਜਾ ਪਿਆ। ਕਰਤਾਰ ਦੀ ਮਰਜ਼ੀ ਹੀ ਇਹ ਸੀ ਕਿ ਜਿਤ

---

*ਵੇਖੋ ਅੰਤਕਾ ਨੰ: ੩

†ਵੇਖੋ ਅੰਤਕਾ ਨੰ: ੪

Digitized by Panjab Digital Library | www.panjabdigilib.org

ਅਬਦਾਲੀ ਦੀ ਹੋਵੇ। ਚੰਗੇ ਭਲੇ ਮਰਹੱਟੇ ਵਧਦੇ ਆਉਂਦੇ ਸਨ, ਕਿ ਏਕਾ ਏਕ ਹੀ ਉਹ ਨੱਠ ਉਠੇ, ਅਤੇ ਐਸੇ ਨਠੇ, ਕਿ ਫ਼ਿਰ ਤਾਂ ਇਕ ਇਕ ਗਿਲਜੇ ਨੇ ਹਜ਼ਾਰ ਹਜ਼ਾਰ ਮਰਹੱਟੇ ਨੂੰ ਕਈ ਕਈ ਮੀਲਾਂ ਤਕ ਸਾਹ ਨਾ ਲੈਣ ਦਿਤਾ।

ਬਿਸਵਾਸ ਰਾਓ ਤੇ ਭਾਓ ਮਾਰੇ ਗਏ ਸਨ। ਇਨ੍ਹਾਂ ਦੇ ਡਿਗਣ ਨਾਲ ਹੀ ਮਰਹੱਟੇ ਨਠ ਉਠੇ। ਦੁਰਾਨੀਆਂ ਨੇ ਭਗੋੜਿਆਂ ਨੂੰ ਪੰਦਰਾਂ ਪੰਦਰਾਂ ਵੀਹ ਵੀਹ ਕੋਹ ਤੀਕ ਪਿਛਾ ਕਰਕੇ ਮਾਰਿਆ। ਹਜ਼ਾਰਾਂ ਜਵਾਨ ਇਸ ਤਰ੍ਹਾਂ ਭੱਜੇ ਜਾਂਦੇ ਹੀ ਮਾਰੇ ਗਏ। ਦੁਰਾਨੀਆਂ ਨੂੰ ਬੇ ਸ਼ੁਮਾਰ ਲੁਟ ਦਾ ਮਾਲ ਹਥ ਲਗਾ। ਕੋਈ ਆਦਮੀ ਐਸਾ ਨਹੀਂ ਸੀ ਜਿਸ ਪਾਸ ਕਈ ਕਈ ਖੱਚਰਾਂ ਤੇ ਘੋੜੇ ਨਾ ਜਮਾਂ ਹੋ ਗਏ ਹੋਣ। ਔਰਤਾਂ ਤੇ ਬਚੇ ਅਣ-ਗਿਣਤ ਹੀ ਕੈਦ ਹੋਏ। ਫਤਿਹ ਬਖਸ਼ ਦਾ ਕਰਤਾ ਲਿਖਦਾ ਹੈ ਕਿ ਉਸ ਵੇਲੇ ਦਾ ਸਮਾਂ ਅਖਾਂ ਅਗੇ ਲਿਆਇਆ ਮੇਰੇ ਲੂੰ ਕੰਡੇ ਹੋ ਜਾਂਦੇ ਹਨ। ਨਕਦੀ ਤੇ ਹੋਰ ਮਾਲ ਅਸਬਾਬ ਤੋਂ ਬਿਨਾਂ ਪੰਜਾਹ ਹਜ਼ਾਰ ਘੋੜੇ, ਦੋ ਲਖ ਗਊਆਂ, ਕਈ ਹਜ਼ਾਰ ਊਠ ਤੇ ਪੰਜ ਸੌ ਹਾਥੀ ਮਰਹਟਿਆਂ ਦੇ ਸੰਘਰ ਵਿਚੋਂ ਦੁਰਾਨੀਆਂ ਦੇ ਹਥ ਲਗੇ। ਕਹਿੰਦੇ ਹਨ ਕਿ ਇਸ ਲੜਾਈ ਵਿਚ ਮਰਹਟਿਆਂ ਦਾ ਦੋ ਲਖ ਜਵਾਨ ਮਾਰਿਆ ਗਿਆ ਅਤੇ ਬਾਈ ਹਜ਼ਾਰ ਜਵਾਨ ਕੈਦ ਕਰ ਕੇ ਦੂਰ ਦੂਰ ਦੇਸਾਂ ਵਿਚ ਵਿਕਨ ਲਈ ਘਲਿਆ ਗਿਆ ਸੀ।

ਇਸ ਲੜਾਈ ਦਾ ਇਹ ਅਸਰ ਹੋਇਆ ਕਿ ਮਰਹੱਟੇ ਤੇ ਦੁਰਾਨੀਆਂ ਦੇ ਥਕ ਜਾਣ ਕਾਰਨ ਸਿੰਘਾਂ ਨੂੰ ਆਪਣੀ ਤਾਕਤ ਵਧਾਉਣ ਦਾ ਚੰਗਾ ਮੌਕਾ ਲੱਭ ਗਿਆ। ਅਤੇ ਦੋ ਸਾਲਾਂ ਵਿਚ ਹੀ ਸਿੰਘ ਇਤਨੇ ਤਕੜੇ ਹੋ ਗਏ ਕਿ ਪਾਣੀਪਤ ਦਾ ਬਿਜੈਈ ਅਹਿਮਦ ਸ਼ਾਹ ਸਿੰਘਾਂ ਨਾਲ ਮੱਥਾ ਲਾਉਣੋਂ ਕੰਨੀ ਕਤਰਾਉਣ ਲੱਗ ਪਿਆ।

ਇਸ ਸੁਖ ਰਹਿਣੇ ਹਿੰਦੁਸਤਾਨ ਦਾ ਪਉਣ ਪਾਣੀ ਇਕ ਦੋ ਪੀਹੜੀਆਂ ਵਿਚ ਹੀ ਕਰੜੇ ਤੇ ਅਣਥੱਕ ਸੂਰਮਿਆਂ ਨੂੰ ਤ੍ਰੀਮਤਾਂ ਵਾਂਗ

Digitized by Panjab Digital Library | www.panjabdigilib.org

ਸੋਹਲ ਬਣਾ ਦੇਂਦਾ ਰਿਹਾ ਹੈ। ਕਾਬਲ ਵਲੋਂ ਜੋ ਕੋਈ ਆਇਆ ਪਹਿਲਾਂ ਤਾਂ ਉਹ ਚੰਗਾ ਕਰੜਾ ਰਿਹਾ। ਪਰ ਹਿੰਦੁਸਤਾਨ ਦੇ ਸੁਖ ਵੇਖ ਕੇ ਛੇਤੀ ਹੀ ਸੁਖ ਰਹਿਣਾ ਹੋ ਗਿਆ। ਦਿਲੀ ਦੀ ਪਾਤਸ਼ਾਹੀ ਦੇ ਤਕੜੇ ਰਹਿਣ ਦਾ ਇਹ ਭੇਤ ਸੀ ਕਿ ਹਰ ਸਾਲ ਹਜ਼ਾਰਾਂ ਕਰੜੇ ਜਵਾਨ ਅਟਕੋਂ ਇਸ ਪਾਰ ਆ ਜਾਂਦੇ ਅਤੇ ਆਪਣੀ ਸੁਭਾਵਕ ਸੁਸਤੀ ਦੇ ਕਾਰਨ ਇਧਰ ਦੀ ਸੁਸਤੀ ਦਾ ਅਸਰ ਨਾ ਹੋਣ ਦੇਂਦੇ। ਪਰ ਪਾਣੀਪਤ ਦੀ ਦੀ ਲੜਾਈ ਨੇ ਪੰਜਾਬ ਵਿਚ ਸਿੰਘਾਂ ਦੀ ਕੰਧ ਖੜੀ ਕਰ ਦਿਤੀ, ਜਿਸ ਨੇ ਹਿੰਦੁਸਤਾਨ ਤੇ ਤੁਰਕਸਤਾਨ ਨੂੰ ਅਡੋ ਅਡ ਕਰ ਦਿਤਾ। ਹੁਣ ਕਿਸੇ ਅਟਕੋਂ ਪਾਰਲੇ ਜਵਾਨ ਦਾ ਦਿਲੀ ਪੁਜ ਸਕਣਾ ਔਖੀ ਗਲ ਸੀ। ਦਿਲੀ ਦੇ ਲਹੂ ਵਿਚੋਂ ਚੁਸਤੀ ਘਟਦੀ ਘਟਦੀ ਘਟ ਗਈ, ਅਤੇ ਬਾਹਰਲਾ ਨਰੋਆ ਲਹੂ ਨਾ ਰਲਣ ਕਰ ਕੇ ਦਿੱਲੀ ਦਾ ਲਹੂ ਪਤਲਾ ਪੈ ਗਿਆ। ਜਿਸ ਕਰ ਕੇ ਨਾਂ ਤਾਂ ਉਮਰਾਵਾਂ ਵਿਚੋਂ ਕੋਈ ਜੋਧਾ ਨਿਕਲਿਆ ਅਤੇ ਨਾ ਹੀ ਸ਼ਾਹਜ਼ਾਦਿਆਂ ਵਿਚੋਂ ਕੋਈ ਸੂਰਮਾ ਬਣਿਆ, ਜੋ ਦਿਲੀ ਦੀ ਢਹਿੰਦੀ ਕਲਾਂ ਨੂੰ ਕੁਝ ਉਭਾਰਦਾ ਅਤੇ ਕਿਸੇ ਸੈਨਾ ਨੂੰ ਜਿੱਤ ਕੇ ਆਪਣੇ ਵੱਡਿਆਂ ਦਾ ਨਾਮ ਰੋਸ਼ਨ ਕਰਦਾ ਹੈ।

ਪਾਣੀਪਤ ਦੀ ਲੜਾਈ ਚੋਂ ਵੇਹਲਾ ਹੋ ਕੇ ਅਹਿਮਦ ਸ਼ਾਹ ਦਿੱਲੀ ਨੂੰ ਗਿਆ। ਅਤੇ ਦੋ ਕੁ ਮਹੀਨੇ ਉਥੇ ਆਰਾਮ ਕਰਕੇ ਚੇਤ ਸੁਦੀ ੬* ਸੰਮਤ ੧੮੧੮ ਬਿ: ਨੂੰ ਆਪਣੇ ਦੇਸ਼ ਨੂੰ ਕੂਚ ਕਰ ਦਿਤਾ।

ਸਾਰਾ ਜਹਾਨ ਜਾਣਦਾ ਸੀ ਕਿ ਮਹਾਰਾਜਾ ਜੀ ਲਈ ਇਹ ਬੜੀ ਔਕੜ ਦਾ ਸਮਾਂ ਹੈ, ਅਤੇ ਮਹਾਰਾਜ ਜੀ ਵੀ ਇਸ ਆਉਣ ਵਾਲੀ ਆਫਤ ਤੋਂ ਅਵੇਸਲੇ ਨਹੀਂ ਸਨ। ਅਹਿਮਦ ਸ਼ਾਹ ਨੂੰ ਪਤਾ ਸੀ ਮਹਾਰਾਜ ਜੀ ਮਰਹੱਟਿਆਂ ਦੇ ਲਸ਼ਕਰ ਵਿਚ ਰਸਤ ਪੁਚਾਉਂਦੇ ਰਹੇ

*੧੫ ਚੇਤ ੧੮੧੮ ਬਿ:, ੨੪ ਮਾਰਚ ੧੭੬੧ ਈ:, ੧੬ ਸ਼ਬਾਨ ਸੰ: ੧੧੭੪ ਹਿ:।

Digitized by Panjab Digital Library | www.panjabdigilib.org

ਹਨ ਇਸ ਲਈ ਇਹ ਨਿਸਚਯ ਸੀ ਕਿ ਦਿਲੀ ਤੋਂ ਮੁੜਦਾ ਹੋਇਆ ਉਹ ਮਹਾਰਾਜ ਜੀ ਪਾਸੋਂ ਬਦਲਾ ਲੈਣ ਦਾ ਜਤਨ ਕਰੇਗਾ । ਮਹਾਰਾਜ ਜੀ ਨੇ ਆਉਣ ਵਾਲੀ ਆਫਤ ਨੂੰ ਪਹਿਲਾਂ ਤੋਂ ਹੀ ਤਾੜ ਕੇ ਆਪਣਾ ਸਭ ਖ਼ਜ਼ਾਨਾ ਉਰੇ ਪਰੇ ਕਰ ਦਿਤਾ ਅਤੇ ਆਪ ਸ਼ਾਹੀ ਸੜਕ ਤੋਂ ਦੂਰ ਇਕਲਵੰਝੇ ਮੂਣਕ ਜਾ ਬੈਠੇ, ਅਤੇ ਸਮੇਂ ਦੇ ਰੰਗ ਵੇਖਣ ਲਗੇ ।

ਭਲੇ ਭਾਗਾਂ ਦੀ ਗੱਲ ਸੀ, ਕਿ ਕੁੰਜ ਪੁਰੇ ਦੀ ਲੜਾਈ ਵਿਚ ਅਬਦੁਲ ਸਮਦ ਖਾਂ ਮਾਰਿਆ ਜਾ ਚੁਕਾ ਸੀ। ਜੇ ਕਰ ਉਹ ਇਸ ਸਮੇਂ ਜਿਊਂਦਾ ਹੁੰਦਾ, ਤਾਂ ਉਸ ਨੇ ਆਪਣੀ ਰਾਮ ਪੁਰੇ ਵਾਲੀ ਭਾਜ ਦਾ ਗੱਚ ਇਸ ਸਮੇਂ ਕੱਢਣਾ ਸੀ, ਅਤੇ ਪਤਾ ਨਹੀਂ, ਸਰਹੰਦ ਦਾ ਨਾਜ਼ਮ ਹੋ ਕੇ ਉਹ ਕੀ ਕੁਝ ਕਰਦਾ, ਪਰ ਸੁਖ ਦੀ ਗੱਲ ਸੀ, ਕਿ ਉਹ ਮਰ ਚੁਕਾ ਸੀ, ਅਤੇ ਅਬਦਾਲੀ ਨੂੰ ਗੁਸਾ ਸੀ ਤਾਂ ਕੇਵਲ ਏਸ ਗਲ ਦਾ ਕਿਮਹਾਰਾਜਾ ਜੀ ਨੇ ਮਰਹੱਟਿਆਂ ਦੇ ਲਸ਼ਕਰ ਵਿਚ ਰਸਤ ਕਿਉਂ ਪੁਚਾਈ ।

ਇਸ ਸਮੇਂ ਸ਼ਰੀਕਾਂ ਦੀ ਵੀ ਚੜ੍ਹ ਮਚੀ। ਕੰਵਰ ਅਮਰ ਸਿੰਘ ਜੀ, ਆਪਣੇ ਬਾਬਾ ਜੀ, ਵਲ ਇਸ ਸਮੇਂ ਇਸ ਤਰ੍ਹਾਂ ਲਿਖਦੇ ਹਨ, ਕਿ ਭਦੌੜ ਦਾ ਜੋ ਖਾਤਾ ਸੀ, ਉਸ ਨੂੰ ਸੁਖੂ ਸਿੰਘ ਨੇ ਖੋਲ ਕੇ ਸਭ ਦਾਣਾ ਆਪਣੇ ਪਾਸ ਰਖ ਲਿਆ ਹੈ, ਮਾਨ ਸਿੰਘ ਬਠਿੰਡੇ ਤੋਂ ਕੁਤੀਵਾਲ ਵਲੋਂ ਅੰਨ ਦਾਣਾ ਆਉਣ ਨਹੀਂ ਦੇਂਦਾ ਬੜੀ ਤੰਗੀ ਹੈ, ਘਰ ਦਾ ਕੰਮ ਕੀਕੂ ਤੁਰੇ, ਤਿੰਨ ਦਿਨ ਤੋਂ ਘੋੜੇ, ਨਿਰੇ ਦਾਣੇ ਤੋਂ ਬਿਨਾਂ ਖੜੇ ਹਨ, ਜੋ ਹੁਕਮ ਹੋਵੇ ਉਸ ਤਰ੍ਹਾਂ ਕੀਤਾ ਜਾਵੇ ।*

ਇਹ ਉਹ ਸਮਾਂ ਹੈ ਜਦ ਮਹਾਰਾਜ ਜੀ ਮੂਣਕ ਬੈਠੇ ਆਉਣ ਵਾਲੀ ਆਫ਼ਤ ਦੀ ਉਡੀਕ ਕਰ ਰਹੇ ਸਨ । ਜਦ ਅਹਿਮਦ ਸ਼ਾਹ ਦਿੱਲੀਉਂ ਟੁਰਿਆ, ਤਾਂ ਮਹਾਰਾਜ ਜੀ ਦੇ ਸੂਹੀਆਂ ਨੇ ਆਣ ਖ਼ਬਰਾਂ ਦਸੀਆਂ। ਮਾਈ ਫੱਤੋ ਜੀ ਤੇ ਕੰਵਰ ਅਮਰ ਸਿੰਘ ਜੀ ਇਸ ਵੇਲੇ ਤੱਕ ਬਰਨਾਲੇ ਹੀ ਸਨ; ਮਾਈ ਜੀ ਕੰਵਰ ਜੀ ਨੂੰ ਆਪਣੇ ਨਾਲ ਲੈ ਕੇ

*ਇਹ ਖਤ ਲੇਖਕ ਨੇ ਰਾਏ ਭਗਵੰਤ ਰਾਏ ਪਾਸੋਂ ਵੇਖਿਆ ਹੈ

Digitized by Panjab Digital Library | www.panjabdigilib.org

ਮੂਣਕ ਨੂੰ ਚਲੇ ਗਏ, ਅਤੇ ਆਪਣੀ ਵਲੋਂ ਆਪਣੇ ਚਾਰ ਅਹਿਲਕਾਰ—ਭੋਲਾ ਸਿੰਘ, ਕਸ਼ਮੀਰਾ ਮਲ, ਕਾਨ੍ਹਾ ਮਲ, ਤੇ ਬੀਰਮ ਢਿਲੋਂ—ਅਹਿਮਦ ਸ਼ਾਹ ਵਲ ਘੱਲੇ ਕਿ ਕਿਸੇ ਤਰਾਂ ਆਪੋ ਵਿਚ ਸਫਾਈ ਹੋ ਜਾਵੇ।

ਇਹ ਅਹਿਲਕਾਰ ਅਜੇ ਅਪੜੇ ਨਹੀਂ ਸਨ ਕਿ ਦੁਰਾਨੀਆਂ ਨੇ ਆ ਕੇ ਬਰਨਾਲੇ ਨੂੰ ਲੁਟ ਲਿਆ। ਬੀਰਮ ਢਿਲੋਂ ਬੜਾ ਸਿਆਣਾ ਤੇ ਮਹਾਰਾਜ ਜੀ ਦਾ ਅਤਬਾਰੀ ਅਹਿਲਕਾਰ ਸੀ, ਅਤੇ ਇਸ ਸਮੇਂ ਤੋਂ ਤਿੰਨ ਸਾਲ ਪਹਿਲਾਂ ਪਹਿਲ ਮਰਹੱਟੇ ਇਧਰ ਆਏ ਸਨ ਤਾਂ ਲੱਧਾ ਮਲ ਦੇ ਨਾਲ ਹੋ ਕੇ ਇਸ ਨੇ ਐਸਾ ਪਰਬੰਧ ਕੀਤਾ ਕਿ ਮਰਹਟਿਆਂ ਨੇ ਸਮਾਣੇ ਤੇ ਸੁਨਾਮ ਤੋਂ ਸਦਾ ਲਈ ਆਪਣਾ ਹਥ ਚੁਕ ਲਿਆ ਸੀ, ਇਸ ਸਮੇਂ ਭੀ ਇਸ ਦੀ ਤੇ ਭੋਲਾ ਸਿੰਘ ਦੀ ਚਤਰਾਈ ਨੇ ਕੰਮ ਕੀਤਾ। ਅਤੇ ਇਨ੍ਹਾਂ ਨੇ ਅਹਿਮਦ ਸ਼ਾਹ ਨੂੰ ਚਾਰ ਲੱਖ ਰੁਪੈ ਦੇ ਨਜਰਾਨੇ ਉਤੇ ਰਾਜ਼ੀ ਕਰ ਲਿਆ। ਇਸ ਸਮਝੋਤੇ ਤੋਂ ਮਗਰੋਂ ਮਹਾਰਾਜ ਜੀ ਨਜ਼ਰਾਨਾ ਲੈ ਕੇ ਸਰਹੰਦ ਹਾਜਰ ਹੋਏ, ਅਤੇ ਆਪਣੇ ਸਾਰੇ ਇਲਾਕੇ ਸਬੰਧੀ ਆਖਰੀ ਫੈਸਲਾ ਕਰ ਆਏ।

ਹੁਣ ਸਾਰੀ ਗੱਲ ਇਸ ਤਰ੍ਹਾਂ ਨਿਬੜੀ ਕਿ ਮਹਾਰਾਜ ਜੀ ਸੱਤ ਸੋ ਛੱਬੀ (੭੨੬) ਪਿੰਡਾਂ ਦੇ ਮਾਲਕ ਮੰਨੇ ਗਏ, ਅਤੇ ਆਪਣੇ ਸਿਰੋਂ ਸਰਹੰਦ ਦੇ ਸੂਬੇ ਦੀ ਈਨ ਚੁਕ ਕੇ ਕੁਝ ਕੁ ਟਕੇ ਬੰਨ੍ਹੇ ਗਏ, ਜੋ ਆਪ ਨੂੰ ਹਰ ਸਾਲ ਦੇਣੇ ਹੁੰਦੇ, ਇਸ ਰਕਮ ਦਾ ਵਸੂਲ ਕਰਨਾ ਮਿਰਜ਼ਾ ਮੁਹੰਮਦ ਤਕੀ ਦੇ ਜਿਮੇਂ ਲਾਇਆ ਗਿਆ। ਅਤ ਸਰਹੰਦ ਦੇ ਸੂਬੇ ਦੇ ਨਾਮ ਹੁਕਮ ਲਿਖਿਆ ਗਿਆ* ਕਿ ਉਹ ਮਹਾਰਾਜ ਜੀ ਦੇ ਇਲਾਕੇ ਨੂੰ ਆਪਣੇ ਇਲਾਕੇ ਤੋਂ ਅੱਡ ਸਮਝੇ; ਅਤੇ ਮਹਾਰਾਜ ਜੀ ਦੇ ਦੁਸ਼ਮਣਾਂ ਨੂੰ ਆਪਣੇ ਦੁਸ਼ਮਣ, ਤੇ ਮਹਾਰਾਜ ਜੀ ਦੇ ਮਿਤਰਾਂ ਨੂੰ ਆਪਣੇ ਮਿਤਰ ਸਮਝੇ, ਜੋ ਕੋਈ ਮਹਾਰਾਜ ਜੀ ਨਾਲ ਦੁਸ਼ਮਣੀ ਕਰੇਗਾ, ਉਹ ਮਾਨੋ

*੨੭ ਰਬਾਨ ਸੰ: ੧੧੭੪ ਹਿ.੨੧ ਚੇਤ ਸੰਮਤ ੧੮੧੮ ਬਿ:, ੩੦ ਮਾਰਚ ਸੰ: ੧੭੬੧ ਈ:

Digitized by Panjab Digital Library | www.panjabdigilib.org

"ਸਰਕਾਰ" ਨਾਲ ਦੁਸ਼ਮਣੀ ਕਰੇਗਾ ।

ਉਸ ਸਮੇਂ ਮਹਾਰਾਜ ਜੀ ਦਾ ਇਲਾਕਾ ਇਸ ਪ੍ਰਕਾਰ ਸੀ।

| | | | |
|---|---|---|---|
| ੨੨੪ | ਪਿੰਡ | ਪਰਗਣਾ ਸੁਨਾਮ | ਦੇ ਸਣੇ ਸੁਨਾਮ ਸ਼ਹਿਰ ਦੇ |
| ੨੨੬ | ,, | ,, | ਸਮਾਣੇ ਦੇ |
| ੫੨ | ,, | ,, | ਹਵੇਲੀ ਸਰਹੰਦ ਦੇ |
| ੩੭ | ,, | ,, | ਬਨੂੜ ਦੇ |
| ੨੩ | ,, | ,, | ਮਨਸੂਰਪੁਰ ਦੇ |
| ੧੭ | ,, | ,, | ਮਸੀਂਗਣ ਦੇ |
| ੮ | ,, | ,, | ਛੱਤ ਦੇ |
| ੬ | ,, | ,, | ਘੁੜਾਮ ਦੇ |
| ੪ | ,, | ,, | ...... ਦੇ।† |

ਹੁਣ ਸਰਹੰਦ ਦਾ ਫੌਜਦਾਰ ਜੈਨ ਖਾਂ ਹੋਇਆ ਅਤੇ ਲਛਮੀ ਨਰੈਣ ਤਲਵਣੀਆਂ, ਜਿਸ ਨੂੰ ਮਹਾਰਾਜ ਜੀ ਨੇ ਸਦੀਕ ਬੇਗ ਹਥੋਂ ਬਕਾਇਆ ਸੀ, ਜੈਨ ਖਾਂ ਦਾ ਦੀਵਾਨ ਹੋਇਆ ।

ਜਦ ਅਹਿਮਦ ਸ਼ਾਹ ਲਾਹੌਰੋਂ ਪਰੇ ਲੰਘ ਗਿਆ, ਤਾਂ ਸਾਰੇ ਖਾਲਸਾ "ਦਲ" ਦਾ ਗੁੱਸਾ ਮਹਾਰਾਜਾ ਆਲਾ ਸਿੰਘ ਉਤੇ ਟੁਟਾ, ਕਿ ਆਪ ਨੇ ਸਿੰਘ ਹੋ ਕੇ ਤੁਰਕ ਅਗੇ ਸਿਰ ਕਿਉਂ ਨਵਾਇਆ। ਸਤਿਗੁਰ ਤੋਂ ਬਿਨਾਂ 'ਦਲ' ਹੋਰ ਕਿਸੇ ਨੂੰ ਪਾਤਸ਼ਾਹ ਨਹੀਂ ਮੰਨਦਾ ਸੀ, ਅਤੇ ਸਿੰਘਾਂ ਦਾ ਭਰੋਸਾ ਸੀ ਕਿ ਸ੍ਰੀ ਦਸਮੇਸ਼ ਜੀ ਸਾਨੂੰ ਪਾਤਸਾਹੀ ਬਖਸ਼ ਗਏ ਹਨ, ਅਸਾਂ ਜ਼ਰੂਰ ਪਾਤਸ਼ਾਹੀ ਕਰਨੀ ਹੈ । ਤੁਰਕ ਅਗੇ ਨੀਉਣ ਨੂੰ ਮਰ ਜਾਣ ਨਾਲੋਂ ਬੁਰਾ ਸਮਝਿਆ ਜਾਂਦਾ ਸੀ। ਇਸ ਲਈ ਸਾਰਾ "ਦਲ" ਬਰਨਾਲੇ ਵਲ ਉਲਰ ਪਿਆ।

ਦਲ ਵਿਚੋਂ ਸ: ਜੱਸਾ ਸਿੰਘ ਆਹਲੂਵਾਲੀਏ ਨਾਲ ਮਹਾਰਾਜ

† ਤਵਾਰੀਖ ਪਟਿਆਲਾ।

Digitized by Panjab Digital Library | www.panjabdigilib.org

ਜੀ ਦਾ ਚੰਗਾ ਪ੍ਰੇਮ ਸੀ। ਅਤੇ ਜਿਸ ਦਾ ਮੁਢ ਇਉਂ ਬੱਝਾ ਸੀ, ਕਿ ਮਹਾਰਾਜ ਜੀ ਨੇ ਜਦ ਖਾਲਸਾ "ਦਲ" ਦੀ ਚੜ੍ਹਦੀ ਕਲਾ ਵੇਖੀ, ਅਤੇ ਸਾਰੇ "ਦਲ" ਵਿਚੋਂ ਸ: ਜੱਸਾ ਸਿੰਘ ਜੀ ਨੂੰ ਸ਼ਰੋਮਣੀ ਜਾਚਿਆ, ਤਾਂ ਦੂਰ ਦੀ ਸਿਆਣਪ ਲੈ ਕੇ ਆਪ ਨੇ ਕੰਵਰ ਅਮਰ ਸਿੰਘ ਜੀ ਨੂੰ ਸ: ਜੱਸਾ ਸਿੰਘ ਪਾਸੋਂ ਅੰਮ੍ਰਿਤ ਪਾਨ ਕਰਵਾਇਆ, ਜਿਸ ਕਰ ਕੇ ਸਰਦਾਰ ਜੱਸਾ ਸਿੰਘ ਜੀ ਕੰਵਰ ਜੀ ਨਾਲ ਪੁਤ੍ਰਾਂ ਵਰਗਾ ਪਰੇਮ ਕਰਨ ਲਗ ਪਏ, ਜੋ ਇਸ ਸਮੇਂ ਜਦ ਮਹਾਰਾਜ ਜੀ ਦੇ ਵਕੀਲ ਨੇ "ਦਲ" ਨੂੰ ਇਹ ਗੱਲ ਆਖੀ ਕਿ ਮਹਾਰਾਜ ਜੀ ਨੇ ਸਮਾਂ ਟਾਲਣ ਲਈ ਤੁਰਕ ਦੀ ਈਨ ਮੰਨੀ ਸੀ, ਤਾਂ ਸਰਦਾਰ ਜੱਸਾ ਸਿੰਘ ਜੀ ਦੇ ਸਮਝਾਉਣ ਨਾਲ "ਦਲ" ਨੇ ਇਸ ਗੱਲ ਨੂੰ ਮੰਨ ਲਿਆ, ਅਤੇ ਮਹਾਰਾਜ ਜੀ ਨੂੰ ਤਨਖਾਹ ਲਾ ਕੇ ਇਹ ਭੁਲ ਬਖਸ਼ ਦਿਤੀ।

—o—

Digitized by Panjab Digital Library | www.panjabdigilib.org

# ਪਟਿਆਲਾ ਰਾਜਧਾਨੀ ਦੀ ਨੀਂਹ

## ( ੧੮੧੯-੧੮੨੦ )

ਸੰਮਤ ੧੮੧੩ ਬਿ: ਵਿਚ ਮਾਲਵੇ ਵਿਚ ਭਾਰੀ ਕਾਲ ਪਿਆ ਸੀ। ਅਜੇ ਇਸ ਦੇ ਅਸਰ ਤੋਂ ਲੋਕੀ ਸੰਭਲੇ ਨਹੀਂ ਸਨ, ਕਿ ਸੰਮਤ ੧੮੧੬ ਬਿ: ਵਿਚ ਇਸ ਤੋਂ ਵੱਡਾ ਕਾਲ ਪੈ ਗਿਆ ਇਸ ਸਾਲ ''ਜੰਗਲ'' ਵਿਚ ਹਾਹਾਕਾਰ ਮਚ ਗਈ। ਕਿਤੇ ਵੀ ਇਕ ਦਾਣਾ ਨਹੀਂ ਹੋਇਆ ਸੀ, ਕੇਵਲ ਪਵਾਧ ਵਲ ਕੁਝ ਫਸਲ ਹੋਈ ਸੀ। ਰੋਜ਼ ਰੋਜ਼ ਦੀਆਂ ਮੁਹਿੰਮਾਂ ਤੇ ਨਿਤ ਨਿਤ ਦੀਆਂ ਲੜਾਂਈਆਂ ਨੇ ਦੇਸ ਦਾ ਬੁਰਾ ਹਾਲ ਕਰ ਛਡਿਆ ਸੀ। ਲੋਕੀ ਕਾਲ ਨਾਲ ਮਰ ਰਹੇ ਸਨ, ਕਿ ਸੋਲ੍ਹੇ ਵਿਚ ਅਹਿਮਦ ਸ਼ਾਹ ਆਗਿਆ, ਅਤੇ ਅਗਲਾ ਵਰ੍ਹਾ ਦਿਲੀ ਵਿਚ ਮਰਹਟਿਆਂ ਨਾਲ ਰੁਝਿਆ ਰਿਹਾ। ਲਸ਼ਕਰੀਆਂ ਨੂੰ ਜਿਥੇ ਅੰਨ ਦਾ ਪਤਾ ਲਗਦਾ, ਲੁਟ ਪੁਟ ਲੈਂਦੇ। ਪਰ ਸਚ ਤਾਂ ਇਹ ਹੈ, ਕਿ ਉਸ ਸਮੇਂ ਪਿੰਡਾਂ ਵਿਚ ਅੰਨ ਰਿਹਾ ਹੀ ਕਿਤੇ ਨਹੀਂ ਸੀ।

ਉਸ ਸਮੇਂ ਮਹਾਰਾਜਾ ਆਲਾ ਸਿੰਘ ਜੀ ਦੇ ਖਾਤੇ ਅਨਾਜ ਨਾਲ ਭਰਪੂਰ ਪਏ ਸਨ। ਅਤੇ ਆਪਣੇ ਦੂਰ ਦੀ ਨਜ਼ਰ ਨਾਲ ਇਹ ਜਾਚ ਲਿਆ ਜੀ, ਕਿ ਇਸ ਲੜਾਈ ਵਿਚ ਜਿਤ ਮਰਹਟਿਆਂ ਦੀ ਹੋਣੀ ਸੀ। ਮਰਹਟਿਆਂ ਪਾਸ ਤੋਪਾਂ, ਕਵਾਇਦ ਸਿਖੀਆਂ ਫੌਜਾਂ ਤੇ ਹੋਰ ਸਾਮਾਨ ਦੀ ਇਤਨੀ ਬਹੁਲਤਾ ਸੀ ਕਿ ਕੋਈ ਆਦਮੀ ਇਹ ਨਹੀਂ ਕਹਿ ਸਕਦਾ ਸੀ, ਕਿ ਅਹਿਮਦ ਸ਼ਾਹ ਦੀ ਜਿਤ ਹੋ ਸਕੇਗੀ। ਐਥੋਂ ਤੀਕ ਕਿ ਐਸੀਆਂ ਗੱਲਾਂ ਦੇ ਹੀ ਕਾਰਨ ਨਜਾਬਤ ਖਾਂ ਕੁੰਜ ਪੁਰੀਆਂ ਅੰਦਰ ਖਾਨਿਉਂ ਮਰਹਟਿਆਂ ਨਾਲ ਰਲਿਆ ਹੋਇਆ ਸੀ, ਅਤੇ ਏਸੇ ਤਰ੍ਹਾਂ ਅਵਧ ਦਾ ਨਵਾਬ ਸ਼ੁਜਾਉਲ ਮਲਕ ਅੰਦਰ ਖਾਨਿਉਂ ਮਰਹਟਿਆਂ ਵਲ ਸੀ।

Digitized by Panjab Digital Library | www.panjabdigilib.org

ਅਹਿਮਦ ਸ਼ਾਹ ਨਾਲ ਕੇਵਲ ਰੁਹੇਲੇ ਹੀ ਸਨ, ਜੇਹੜੇ ਜਾਨਾਂ ਵਾਰਨ ਨੂੰ ਤਿਆਰ ਸਨ, ਅਤੇ ਉਹ ਭੀ ਇਹ ਸਮਝ ਕੇ ਕਿ ਲੜਾਈ ਤੋਂ ਪਹਿਲਾਂ ਭੀ ਤਾਂ ਮਰਹਟਿਆਂ ਨੇ ਸਾਨੂੰ ਨੱਕ ਜਿੰਦ ਕਰ ਛਡਿਆ ਸੀ, ਲੜਾਈ ਤੋਂ ਮਗਰੋਂ ਤਾਂ ਉਹ ਜ਼ਰੂਰੀ ਹੀ ਸਾਤੋਂ ਸਾਡਾ ਦੇਸ ਖੋਹ ਲੈਣਗੇ।

ਮਹਾਰਾਜਾ ਆਲਾ ਸਿੰਘ ਜੀ ਨੇ ਬੜੀ ਦੂਰ ਦੀ ਸੋਚ ਸੋਚ ਕੇ ਮਰਹਟਿਆਂ ਦਾ ਸਾਥ ਦਿਤਾ ਸੀ। ਆਪ ਨੇ ਮਰਹੱਟਿਆਂ ਦੀ ਚੜ੍ਹਦੀ ਕਲਾ ਅਪਣੀ ਅੱਖੀਂ ਵੇਖੀ ਸੀ, ਕਿ ਉਹ ਦਿਨਾਂ ਵਿਚ ਹੀ ਦਿਲੀਓਂ ਅਟਕ ਤੀਕ ਪੱਸਰ ਗਏ ਸਨ। ਅਤੇ ਸਚ ਤਾਂ ਇਹ ਹੈ ਕਿ ਉਸ ਸਮੇਂ ਜੋ ਜ਼ੋਰ ਮਰਹੱਟਿਆਂ ਦਾ ਸੀ, ਉਸ ਨੂੰ ਵੇਖ ਕੇ ਕੋਈ ਆਦਮੀ ਇਹ ਕਹਿ ਸਕਦਾ ਸੀ, ਕਿ ਇਹ ਅਹਿਮਦ ਸ਼ਾਹ ਪਾਸੋਂ ਹਾਰ ਜਾਣਗੇ।

ਮਹਾਰਾਜਾ ਜੀ ਪਾਸ ਹਜ਼ਾਰਾਂ ਮਣਾਂ ਅਨਾਜ ਖਾਤਿਆਂ ਵਿਚ ਭਰਿਆ ਪਿਆ ਸੀ, ਜਿਸ ਨੂੰ ਚਾਂਦੀ ਨਾਲ ਵਟਾਉਣ ਦਾ ਇਹ ਸੋਹਣਾ ਸਮਾਂ ਸੀ। ਮਰਹਟਿਆਂ ਦੇ ਕੈਂਪ ਵਿਚ ਅਨਾਜ ਦਾ ਇਤਨਾ ਥੋੜਾ ਸੀ, ਕਿ ਆਟਾ ਰੁਪੈ ਸੇਰ ਨੂੰ ਵੀ ਨਹੀਂ ਆਉਂਦਾ ਸੀ। ਸੋ ਮਹਾਰਾਜਾ ਜੀ ਨੇ ਹੌਲੀ ਹੌਲੀ ਸਾਰਾ ਅਨਾਜ ਮਰਹੱਟਿਆਂ ਦੇ ਕੈਂਪ ਵਿਚ ਪੁਚਾ ਦਿਤਾ, ਅਤੇ ਉਸ ਔਖੇ ਸਮੇਂ ਮਰਹੱਟਿਆਂ ਦੀ ਐਸੀ ਸਹਾਇਤਾ ਕੀਤੀ, ਕਿ ਜੇ ਕਰ ਅਹਿਮਦ ਸ਼ਾਹ ਹਾਰ ਜਾਂਦਾ ਤਾਂ ਮਹਾਰਾਜਾ ਆਲਾ ਸਿੰਘ ਜੀ ਨੂੰ ਇਸ ਸਹਾਇਤਾ ਦਾ ਕੋਈ ਬਹੁਤ ਸੋਹਣਾ ਅਜਰ ਮਿਲਣਾ ਸੀ।

ਸੋਲ੍ਹੇ ਦਾ ਕਾਲ ਲੰਘ ਗਿਆ, ਅਤੇ ਲਾਹੌਰ ਤੀਕ ਦੀਆਂ ਦੁਰਾਨੀ ਫੌਜਾਂ ਅਹਿਮਦ ਸ਼ਾਹ ਦੀ ਸਹਾਇਤਾ ਲਈ ਦਿਲੀ ਵਲ ਨੂੰ ਚਲੀਆਂ ਗਈਆਂ, ਜਿਸ ਕਰਕੇ ਸਰਹੱਦਾਂ ਗਿਰਦੇ ਕੋਈ ਭੀ ਹਾਕਮ ਨਾ ਰਿਹਾ। ਇਸ ਸਾਲ ਮਹਾਰਾਜ ਜੀ ਨੇ ਆਪਣੇ ਦੋਹਾਂ ਪੋਤਿਆਂ ਦੀਆਂ ਦੀਆਂ ਸ਼ਾਦੀਆਂ ਕੀਤੀਆਂ ਅਤੇ ਆਪਣੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦੇ ਘਰ ਵਸਦੇ ਵੇਖ ਲਏ। ਵਿਸਾਖ ਸੰਮਤ ੧੮੧੭ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਦੀ ਸ਼ਾਦੀ ਜੋਗਾ ਮਾਨਾਸ਼ਾਹੀਏ ਦੀ ਲੜਕੀ ਦਿਆ

Digitized by Panjab Digital Library | www.panjabdigilib.org

ਕੌਰ ਨਾਲ ਕੀਤੀ, ਅਤੇ ਇਸ ਤੋਂ ਥੋੜਾ ਚਿਰ ਮਗਰੋਂ ਕੰਵਰ ਅਮਰ ਸਿੰਘ ਜੀ ਦੀ ਸ਼ਾਦੀ ਚਨਾਰਥਲ ਦੇ ਟਵਾਣੇ ਚੋਧਰੀ ਨਾਨਕ ਚੰਦ ਦੀ ਲੜਕੀ ਮਾਈ ਸੁਖਾਂ ਨਾਲ ਹੋਈ । ਇਸ ਵੇਲੇ ਤੀਕ ਕੰਵਰ ਹਿੰਮਤ ਸਿੰਘ ਜੀ ਆਪਣੀ ਮਾਤਾ ਦੇ ਪਾਸ ਹੜਿਆਏ ਰਹਿੰਦੇ ਸਨ, ਅਤੇ ਕੰਵਰ ਅਮਰ ਸਿੰਘ ਜੀ ਮਾਈ ਫਤੋ ਜੀ ਦੇ ਪਾਸ ਬਰਨਾਲੇ ।

ਅਹਿਮਦ ਸ਼ਾਹ ਮਰਹੱਟਿਆਂ ਨਾਲ ਰੁਝਾ ਹੋਇਆ ਸੀ, ਤਾਂ ਸਿੰਘਾਂ ਨੇ ਲਾਹੌਰ ਗਿਰਦੇ ਧੂੰਦ ਮਚਾ ਛਡੀ ਸੀ, ਜਦ ਮਰਹੱਟਿਆਂ ਵਲੋਂ ਵੇਹਲਾ ਹੋਕੇ ਅਹਿਮਦ ਸ਼ਾਹ ਲਾਹੌਰ ਪੁਜਾ, ਤਾਂ ਸਿੰਘ ਮਾਝਾ ਛਡ ਕੇ ਮਾਲਵੇ ਵਲ ਆ ਗਏ, ਅਤੇ ਪਹਿਲੀ ਝੁੱਟ ਭੱਟੀਆਂ ਉਤੇ ਕੀਤੀ। ਇਸ ਤੋਂ ਪਹਿਲਾਂ ਖਾਲਸਾ ਦੋ ਵਾਰੀ ਭੱਟੀਆਂ ਨੂੰ ਸੋਧ ਚੁਕਾ ਸੀ, ਹੁਣ ਤੀਜੀ ਵਾਰੀ ਫੇਰ ਸੰਮਤ ੧੮੧੮ ਬਿ: ਵਿਚ ਉਨ੍ਹਾਂ ਦਾ ਸਾਰਾ ਇਲਾਕਾ ਉਗਰਾਹ ਖਾਧਾ, ਅਤੇ ਇਸ ਰਾਹ ਹੁੰਦੇ ਹੋਏ ਮਰਤਜ਼ਾ ਖਾਂ* ਬੜੈਚ ਤੇ ਕ਼ਾਸਮ ਖਾਂ ਮੜਲ ਦੇ ਇਲਾਕੇ ਨੂੰ ਵੀ ਜਾ ਉਗਰਾਹਿਆ ।†

ਅਹਿਮਦ ਸ਼ਾਹ ਜਾਂਦਾ ਹੋਇਆ ਨਜੀਬੁ ਦੌਲਾ ਰੁਹੇਲੇ ਨੂੰ ਦਿਲੀ ਦੀ ਵਜ਼ੀਰੀ ਦੇ ਗਿਆ ਸੀ, ਜੋ ਇਸ ਸਮੇਂ ਬੜੇ ਜ਼ੋਰਾਂ ਉਤੇ ਸੀ । ਇਸ ਜਦ ਹਰਯਾਣੇ ਦੀ ਵੈਰਾਨੀ ਦਾ ਹਾਲ ਸੁਣਿਆ ਤਾਂ ਇਧਰ ਦਾ ਪ੍ਰਬੰਧ ਕਰਨ ਲਈ ਕੁਝ ਕੁ ਫੌਜ ਲੈਕੇ ਉਹ ਹਿਸਾਰ ਤੀਕ ਆਇਆ । ਮੁਹੰਮਦ ਅਮੀਨ ਖਾਂ ਭੱਟੀ ਸਿੰਘਾਂ ਵਲੋਂ ਨੱਕ-ਜਿੰਦ ਆਇਆ ਹੋਇਆ ਸੀ, ਉਹ ਆਪਣੀ ਲੜਕੀ ਦਾ ਡੋਲਾ ਲੈਕੇ ਨਜੀਬੁਲ ਦੌਲਾ ਨੂੰ ਮਿਲ ਪਿਆ, ਅਤੇ ਚਾਹਿਆ ਕਿ ਵਜ਼ੀਰ ਦੀ ਸਹਾਇਤਾ ਨਾਲ ਆਪਣੇ ਖਿਸਕੇ ਕੰਮ ਨੂੰ ਫੇਰ ਪਕਿਆਂ ਪੈਰਾਂ ਉਤੇ ਲੈ ਆਵੇ । ਪਰ ਵਜ਼ੀਰ ਨੇ ਕਿਸੇ ਨਾਲ ਲੜਾਈ ਕਰਨ ਵਿਚ ਕੋਈ ਗੁਣ ਨਾ ਵੇਖਿਆ ਅਤੇ ਮਹੰਮਦ ਅਮੀਨ ਖਾਂ ਨੂੰ ਹਿਸਾਰ ਦਾ ਨਾਜ਼ਮ ਬਣਾ ਕੇ ਦਿੱਲੀ ਨੂੰ ਮੁੜ ਗਿਆ ।

---

*ਇਹ ਝੱਜਰ ਦੇ ਨਵਾਬਾਂ ਦਾ ਵੱਡਾ ਸੀ ।

† ਬਿਆਨੇ ਵਾਕਈ' ਕ੍ਰਿਤ ਅਬਦੁਲ ਕਰੀਮ ਉਲਵੀ ।

Digitized by Panjab Digital Library | www.panjabdigilib.org

ਇਸ ਸਮੇਂ ਪੰਜਾਬ ਦਾ ਕੋਈ ਹਾਕਮ "ਖਾਲਸਾ ਦਲ" ਦਾ ਟਾਕਰਾ ਨਹੀਂ ਕਰ ਸਕਦਾ ਸੀ। ਗੁਜਰਾਤ ਤੋਂ ਲੈਕੇ ਸਰਹੰਦ ਤੀਕ ਸਾਰਾ ਦੇਸ ਇਨ੍ਹਾਂ ਦੇ ਪੈਰਾਂ ਹੇਠ ਸੀ, ਅਤੇ ਸਾਰੇ ਹਾਕਮ ਤੇ ਇਲਾਕੇਦਾਰ ਇਨ੍ਹਾਂ ਦੀ ਤਲਵਾਰ ਤੋਂ ਥਰਹਰ ਥਰਹਰ ਕੰਬਦੇ ਸਨ। ਦੁਸਹਿਰਾ ਸ੍ਰੀ ਅੰਮ੍ਰਿਤਸਰ ਜੀ ਕਰਕੇ ਸਾਰਾ ਖਾਲਸਾ ਸਰਹੰਦ ਉਦਾਲੇ ਆ ਹੋਇਆ। ਜੈਨ ਖਾਂ ਡਰਦਾ ਮਾਰਾ ਕਿਲ੍ਹੇ ਅੰਦਰ ਵੜ ਬੈਠਾ, ਅਤੇ ਸਾਰਾ ਇਲਾਕਾ ਸਿੰਘਾਂ ਨੇ ਉਗਰਾਹ ਲਿਆ। ਫੇਰ ਮਲੇਰ ਗਿਰਦੇ ਡੇਰਾ ਜਾ ਲਾਇਆ, ਪਰ ਇਹ ਸੋਚ ਕਿ ਇਨ੍ਹਾਂ ਨੂੰ ਸ੍ਰੀ ਦਸਮੇਸ਼ ਜੀ ਨੇ ਅਸੀਸ ਦਿਤੀ ਹੋਈ ਹੈ, ਉਨ੍ਹਾਂ ਨੂੰ ਕੁਝ ਨਾ ਕਹਿਆ। ਪਰ ਪਠਾਣਾਂ ਨੇ ਜੈਨ ਖਾਂ ਨਾਲ ਸਲਾਹ ਕਰਕੇ ਲਾਹੌਰ ਨੂੰ ਹਲਕਾਰੇ ਦੁੜਾ ਛਡੇ ਸਨ, ਕਿ ਸਿੰਘ ਕਾਬੂ ਆਏ ਹੋਏ ਹਨ, ਆ ਕੇ ਇਨ੍ਹਾਂ ਨਾਲ ਸਮਝ ਲਵੋ। ਅਹਿਮਦ ਸ਼ਾਹ ਨੇ ਪਹਿਲੀ ਮੰਜ਼ਲ ਜੰਡਿਆਲੇ ਕੀਤੀ ਤੇ ਦੂਜੀ ਤਲਵਣ। ਸਿੰਘ ਮਲਰੋਂ ਤੁਰ ਕੇ ਰਾਇਪੁਰ ਨੂੰ ਜਾ ਰਹੇ ਸਨ ਕਿ ਕੁਪ ਰਹੀੜੇ ਦੇ ਪਾਸ ਸੂਰਜ ਨਿਕਲਣ ਦੇ ਨਾਲ ਹੀ ਅਹਿਮਦ ਸ਼ਾਹ ਇਨ੍ਹਾਂ ਉਤੇ ਘਾ ਪਿਆ।

ਸਿੰਘਾਂ ਨੇ ਵਿਚਾਰਿਆ ਕਿ ਵਹੀਰ ਨੂੰ ਤਾਂ ਮਾਲਵੇ ਵਲ ਤੋਰੀਏ, ਅਤੇ ਆਪ ਵੈਰੀ ਮੂਹਰੇ ਹੋਕੇ ਉਸ ਨੂੰ ਰੋਕੀ ਰਖੀਏ। ਇਸ ਸਮੇਂ ਮੋਖੂ ਸਿੰਘ ਹੰਬਲਵਾਲਾ ਮਹਾਰਾਜਾ ਆਲਾ ਸਿੰਘ ਜੀ ਦਾ ਵਕੀਲ, ਭਾਈ ਸੰਗੂ ਸਿੰਘ ਭਾਈਕਿਆਂ ਦਾ ਵਕੀਲ, ਤੇ ਤੀਜਾ ਵਕੀਲ ਭਾਈ ਬੁਢਾ ਸਿੰਘ ਦਾ ਸੀ, ਜੋ ਸਿੰਘਾਂ ਦੇ ਨਾਲ ਸਨ, ਸੋ ਦੇਸ ਦੇ ਬੂਹੇਂ ਹੋਣ ਕਰਕੇ ਸਿੰਘਾਂ ਨੇ ਵਹੀਰ ਇਨ੍ਹਾਂ ਸਪੁਰਦ ਕੀਤਾ, ਕਿ ਆਪਣੇ ਦੇਸ ਨੂੰ ਲੈ ਜਾਵੋ ਅਤੇ ਆਪ ਸਿੰਘ ਦੁਰਾਨੀਆਂ ਅਗੇ ਖੜੋ ਕੇ ਲੜਨ ਲਗ।

ਵਹੀਰ ਅਜੇ ਦੋ ਕੁ ਕੋਹ ਹੀ ਗਿਆ ਸੀ ਕਿ ਮਲੇਰੀਏ ਤੇ ਜੈਨ ਖਾਂ ਉਨ੍ਹਾਂ ਉਤੇ ਆ ਪਏ, ਜੋ ਮਲੇਰ ਵਲੋਂ ਵਧੇ ਆ ਰਹੇ ਸਨ। ਇਸ ਤਰ੍ਹਾਂ ਸਿੰਘ ਅਗੋਂ ਪਿਛੋਂ ਵੈਰੀਆਂ ਨਾਲ ਘੇਰੇ ਗਏ; ਤੇ ਦੁਰਾਨੀ ਹਲਿਆਂ ਦੇ ਅਗੇ ਖੜੇ ਨਾ ਹੋ ਸਕਣ ਦੇ ਕਾਰਨ ਹੌਲੀ ਹੌਲੀ ਮਾਲਵੇ ਵਲ ਨੂੰ

Digitized by Panjab Digital Library | www.panjabdigilib.org

ਹਟਦੇ ਗਏ। ਦੁਰਾਨੀਆਂ ਦਾ ਤੁਮਣ ਉਤੇ ਤੁਮਣ ਤੁਰਿਆ ਆਉਂਦ ਸੀ, ਅਤੇ ਸਿੰਘ ਸਰਦਾਰ ਹਰ ਪਾਸਿਉਂ ਹੋ ਹੋ ਕੇ ਵਹੀਰ ਨੂੰ ਬਚਾਉਂਦੇ ਤੇ ਹੌਲੀ ਹੌਲੀ ਪਿਛੇ ਹਟਦੇ ਜਾਂਦੇ ਸਨ। ਅਹਿਮਦ ਸ਼ਾਹ ਨੇ ਬਥੇਰਾ ਜਤਨ ਕੀਤਾ, ਕਿ ਕਿਸੇ ਤਰ੍ਹਾਂ ਕਰੜਾ ਹੱਲਾ ਕਰਕੇ ਇਨ੍ਹਾਂ ਨੂੰ ਅੱਡ ਅੱ, ਕਰ ਦੇਵੇ, ਅਤੇ ਦੁਰਾਨੀ ਫੌਜ ਇਨ੍ਹਾਂ ਦੇ ਵਿਚ ਰਲ ਜਾਵੇ, ਪਰ ਖ਼ਾਲਸ ਨੇ ਐਸੀ ਕਰੜਾਈ ਕੀਤੀ ਹੋਈ ਸੀ, ਕਿ ਖਾਲਸੇ ਦੀ ਲੋਹਮਈ ਕੰਧ ਸੇ ਟਕਰਾ ਕੇ ਵੈਰੀ ਆਪ ਵੀ ਪਿਛੇ ਹਟ ਜਾਂਦੇ ਸਨ, ਪਰ ਖਾਲਸੇ ਦੀਆਂ ਕਤਾਰਾਂ ਨੂੰ ਚੀਰ ਨਹੀਂ ਸਕਦੇ ਸਨ।

ਇਸ ਤਰ੍ਹਾਂ ਲੜਦਾ ਭਿੜਦਾ ਖਾਲਸਾ ਕੁਤਬੇ ਬਾਹਮਣੀ ਪਿੰਡਾਂ ਪਾਸ ਅਪੜ ਪਿਆ। ਦੁਪਹਿਰ ਹੋ ਗਈ ਸੀ, ਤੇ ਸਵੇਰ ਤੋਂ ਲੈ ਕੇ ਹੁਣ ਤੀਕ ਸੂਰਮੇਂ ਬਾਰਾਂ ਕੋਹ ਲੜਦੇ ਆਏ ਸਨ। ਰਾਹ ਵਿਚ ਪਾਣੀ ਕਿਤੇ ਨਹੀਂ ਲਭਾ ਸੀ, ਅਤੇ ਜਵਾਨ ਤੇ ਘੋੜੇ ਤ੍ਰੇਹ ਨਾਲ ਬੇਦਿਲ ਹੋ ਹੋ ਜਾਂਦੇ ਸਨ, ਕਿ ਕੁਤਬੇ ਪਾਣੀ ਦੀ ਢਾਬ ਨਜ਼ਰੀਂ ਪੈ ਗਈ! ਕੀ ਸਿੰਘ ਤੇ ਕੀ ਦੁਰਾਨੀ, ਲੜਾਈ ਦਾ ਖਿਆਲ ਛਡ ਕੇ ਸਾਰੇ ਹੀ ਪਾਣੀ ਪੀਣ ਲਗ ਪਏ। ਆਗੂਆਂ ਨੇ ਸਿੰਘਾਂ ਨੂੰ ਦਸ ਦਿਤਾ ਸੀ, ਕਿ ਇਸ ਤੋਂ ਅਗੇ ਕਿਤੇ ਪਾਣੀ ਨਹੀਂ ਲਭੇਗਾ, ਜੋ ਇਥੋਂ ਤਿਹਾਇਆ ਤੁਰੇਗਾ ਉਹ ਰਾਹ ਵਿਚ ਹੀ ਮਰ ਜਾਵੇਗਾ। ਇਸ ਲਈ ਸਿੰਘਾਂ ਨੇ ਇਕ ਪਾਸੇ ਦੀ ਪਕਿਆਈ ਕਰ ਸਭਸ ਨੂੰ ਪਾਣੀ ਪਿਆ ਲੈਣਾ ਚਾਹਿਆ।

ਇਕ ਪਾਸੇ ਵਲੋਂ ਸਿੰਘ ਪਾਣੀ ਪੀਂਦੇ ਸਨ, ਅਤੇ ਦੂਜੇ ਪਾਸੇ ਵਲੋਂ ਦੁਰਾਨੀ ਵੀ ਥੱਕ ਚੁਕੇ ਸਨ, ਸੋ ਇਥੋਂ ਪਿਛਾਂ ਮੁੜ ਗਏ, ਅਤੇ ਸਿੰਘਾਂ ਨੇ ਦਸ ਕੁ ਕੋਹ ਅਗਾਹਾਂ ਤੁਰ ਕੇ ਡੇਰਾ ਜਾ ਕੀਤਾ। ਇਸ ਸਮੇਂ 'ਦਲ' ਨਾਲ ਕੇਵਲ ਤੀਹ ਕੁ ਹਜ਼ਾਰ ਹੀ ਖਾਲਸਾ ਰਹਿ ਗਿਆ ਸੀ, ਕੁਝ ਕੁ ਲਾਂਭੇ ਖਿੰਡ ਗਏ ਸਨ, ਅਤੇ ਕੋਈ ਪੰਦਰਾਂ ਵੀਹ ਹਜ਼ਾਰ ਇਸ 'ਘਲੂਘਾਰੇ' ਦੀ ਭੇਟਾ ਹੋ ਗਏ ਸਨ। ਇਹ ਗਲ ਸ਼ੁਕਰਵਾਰ ੨੮ ਮਾਘ

Digitized by Panjab Digital Library | www.panjabdigilib.org

ਸੰਮਤ ੧੮੧੮ ਬਿ: ਦੀ ਹੈ। *

ਅਹਿਮਦ ਸ਼ਾਹ ਮਲੇਰੋਂ ਹੋ ਕੇ ਸਰਹੰਦ ਪੁਜਾ, ਤੇ ਉਥੋਂ ਸ੍ਰੀ ਅੰਮ੍ਰਿਤਸਰ ਜੀ ਗਿਆ। ਮਹਾਰਾਜ ਆਲਾ ਸਿੰਘ ਜੀ ਨੇ ਸਰਹੰਦ ਹੀ ਨਜ਼ਰਾਨਾ ਅਪੜਾ ਦਿਤਾ, ਅਤੇ ਸਿਆਣਪ ਨਾਲ ਦੁਰਾਨੀ ਦੀ ਝਪਟ ਤੋਂ ਬਚ ਗਏ। ਅਹਿਮਦ ਸ਼ਾਹ ਨੇ ਸ੍ਰੀ ਅੰਮ੍ਰਿਤਸਰ ਜੀ ਪੁਜ ਕੇ ਸਰੋਵਰ ਦੀ ਪੁਜ ਕੇ ਬੇਅਦਬੀ ਕੀਤੀ, ਅਤੇ ਸ੍ਰੀ ਹਰਿਮੰਦਰ ਜੀ ਨੂੰ ਬਰੂਦ ਨਾਲ ਉੜਾ ਦਿਤਾ। ਇਸ ਤਰ੍ਹਾਂ ਆਪਣਾ ਹਰਖ ਮੱਠਾ ਕਰ ਕੇ ਘਲੂਘਾਰੇ ਤੋਂ ੨੬ ਦਿਨਾਂ ਮਗਰੋਂ ੨੪‡ ਫਗਣ ਨੂੰ ਅਹਿਮਦ ਸ਼ਾਹ ਲਾਹੌਰ ਪੁਜਾ, ਅਤੇ ਕੁਝ ਕੁ ਦਿਨ ਉਥੇ ਠਹਿਰ ਕੇ ਦੇਸ ਦੇ ਪ੍ਰਬੰਧ ਦੀਆਂ ਵਿਉਂਤਾਂ ਕਰਦਾ ਰਿਹਾ, ਅਤੇ ਫਿਰ ਦੇਸ ਨੂੰ ਮੁੜ ਗਿਆ।

ਅਹਿਮਦ ਸ਼ਾਹ ਨੇ ਸਮਝਿਆ ਸੀ, ਕਿ ਮੈਂ ਐਸੀ ਸਜ਼ਾ ਦੇ ਚਲਿਆ ਹਾਂ, ਜਿਸ ਨਾਲ ਕਈ ਸਾਲਾਂ ਤੀਕ ਸਿੰਘਾਂ ਨੂੰ ਸੁਰਤ ਨਹੀਂ ਆਵੇਗੀ। ਪਰ ਇਧਰ ਇਹ ਹਾਲ ਨਹੀਂ ਸੀ। 'ਦਲ' ਦਾ ਕੋਈ ਸਰਦਾਰ ਨਹੀਂ ਸੀ, ਜਿਸ ਨੂੰ ਪੰਜ ਪੰਜ ਸਤ ਸਤ ਜ਼ਖ਼ਮ ਨਾ ਲਗੇ ਹੋਣ। ਸ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਸਤਾਰਾਂ ਜ਼ਖ਼ਮ ਲਗੇ ਸਨ। ਪਰ ਸਿੰਘਾਂ ਦਾ ਦਿਲ ਨਹੀਂ ਡੋਲਿਆ ਸੀ, ਸਗੋਂ ਆਪੋ ਵਿਚ ਆਖਦੇ ਸਨ, ਕਿ ਜੋ ਖੋਟ ਸੀ, ਉਹ ਜਾਂਦਾ ਰਿਹਾ ਹੈ, ਹੁਣ ਤੱਤ ਖਾਲਸਾ ਬਾਕੀ ਰਹਿ ਗਿਆ ਹੈ।

---

*ਮਾਘ ਸੁਦੀ ੧੧ ਸੰਮਤ ੧੮੧੮ ਬਿ:, ੫ ਫਰਵਰੀ ਸੰਮਤ ੧੭੬੨ ਈ:, ੧੧ ਰੱਜਬ ਸੰਮਤ ੧੧੭੫ ਈ:, ਘਲੂਘਾਰੇ ਦਾ ਸੰ: ਤਾਂ ਸਰਦਾਰ ਰਤਨ ਸਿੰਘ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਦਿਤਾ ਹੈ ਪਰ ਮਹੀਨਾ ਤਰੀਕ ਕੋਈ ਨਹੀਂ ਦਿਤੀ। ਇਹ ਤਰੀਕ ਮੈਂ "ਖਜ਼ਾਨਾ-ਏ-ਅਮਰਾ" ਵਿਚੋਂ ਲਈ ਹੈ, ਜੋ ਇਸੇ ਸਾਲ ਲਿਖੀ ਗਈ ਸੀ।

‡ਖਜ਼ਾਨਾ-ਏ-ਅਮਰਾ।

ਬੁਧਵਾਰ ੨੪ ਫਗਣ ਸੰਮਤ ੧੮੧੮ ਬਿ:, ੩ ਮਾਰਚ ਸੰ: ੧੭੬੨ ਈ:=੭ ਸ਼ਾਬਾਨ ਸੰ: ੧੧੭੬ ਹਿ:।

Digitized by Panjab Digital Library | www.panjabdigilib.org

ਸਿੰਘਾਂ ਨੇ ਥੋੜਾ ਚਿਰ ਬਰਾੜਾਂ ਦੇ ਦੇਸ ਅਰਾਮ ਕਰ ਕੇ ਫੇਰ ਆਣ ਇਕੱਠ ਕੀਤਾ, ਅਤੇ ਮਹਾਰਾਜ ਆਲਾ ਸਿੰਘ ਜੀ ਤੇ ਭਾਈਕਿਆਂ ਨੂੰ ਆਪਣੇ ਨਾਲ ਲੈ ਕੇ ਕਹਿਆ; ਕਿ ਜਿਸ ਜਿਸ ਨੂੰ ਸੋਧਣਾ ਹੈ, ਖ਼ਾਲਸੇ ਦੇ ਨਾਲ ਹੋ ਕੇ ਸੋਧ ਲਵੇ। ਮਲੇਰੀਆਂ ਨਾਲ ਏਹਨਾਂ ਦਾ ਪੁਰਾਣਾ ਵੈਰ ਸੀ, ਸੋ ਪਠਾਣਾਂ ਨੂੰ ਸੋਧਣ ਦੀ ਸਲਾਹ ਦਿਤੀ ਗਈ। ਸਿੰਘਾਂ ਨੇ ਮਲੇਰੀਆਂ ਦਾ ਸਾਰਾ ਇਲਾਕਾ ਗਾਹ ਸੁਟਿਆ ਅਤੇ ਏਧਰੋਂ ਵੇਹਲੇ ਹੋ ਕੇ ਸਰਹੰਦ ਦੁਆਲੇ ਆ ਹੋਏ, ਅਤੇ ਇਸ ਇਲਾਕੇ ਨੂੰ ਵੀ ਉਗਰਾਹ ਲਿਆ ਹੁਣ ਖਾਲਸੇ ਨੇ ਇਸ ਇਲਾਕੇ ਦੇ ਸਿੰਘਾਂ ਨੂੰ ਸਦ ਕੇ ਪੁਛਿਆ, ਕਿ ਜੇ ਕਿਸੇ ਨੂੰ ਸੋਧਣਾ ਹੈ, ਤਾਂ ਸੋਧ ਲਵੇ। ਸਲੋਦੀ ਤੇ ਘੜੂੰਏ ਦੇ ਸਿੰਘਾਂ ਨੇ ਕਹਿਆ ਕਿ ਮੁਹੇਂਡਾ ਪਿੰਡ ਦੁਸ਼ਟਾਂ ਦਾ ਗੜ੍ਹ ਹੈ, ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦੇ ਫੜੇ ਸਨ, ਸੋ ਉਨ੍ਹਾਂ ਰੰਗੜਾਂ ਨੂੰ ਸੋਧਣਾ ਚਾਹੀਦਾ ਹੈ। ਖਾਲਸਾ ਹੱਲਾ ਕਰ ਕੇ ਜਾ ਪਿਆ, ਅਤੇ ਸਾਹਿਬ ਜਾਦਿਆਂ ਨੂੰ ਫੜਨ ਵਾਲੇ ਜਾਨੀ ਖ਼ਾਂ ਮਾਨੀ ਖਾਂ ਦੀ ਉਲਾਦ ਵਿਚੋਂ ਘੜੂੰਏ ਵਾਲਿਆਂ ਨੇ ਇਕ ਜੀ ਵੀ ਨਾ ਛਡਿਆ। ਇਨ੍ਹਾਂ ਦੇ ਭਰਾਵਾਂ ਭਾਈਆਂ ਵਿਚੋਂ ਇਕ ਨੇ ਹਾਹ ਦਾ ਨਾਹਰਾ ਮਾਰਿਆ ਸੀ, ਕਿ ਕਿਉਂ ਮਸੂਮਾਂ ਨੂੰ ਫੜਿਆ ਹੈ, ਉਸ ਦੇ ਪਰਵਾਰ ਨੂੰ ਸਿੰਘਾਂ ਨੇ ਕੁਝ ਨਾ ਕਿਹਾ, ਬਾਕੀ ਸਭ ਰੰਘੜਾਂ ਨੂੰ ਸੋਧ ਦਿਤਾ।

ਅਗਲੇ ਦਿਨ ਪਤਾ ਲਗਾ, ਕਿ ਜੈਨ ਖਾਂ ਦਾ ਦੀਵਾਨ ਲਛਮੀ ਨਰੈਣ ਇਲਾਕਾ ਉਗਰਾਉਂਦਾ ਫਿਰਦਾ ਹੈ। ਇਹ ਸੁਣਦਿਆਂ ਹੀ ਖਾਲਸੇ ਨੇ ਦੌੜ ਕੀਤੀ। ਉਹ ਦੂਰੋਂ ਹੀ ਖਾਲਸੇ ਨੂੰ ਵੇਖ ਕੇ ਸਭ ਕੁਝ ਛਡ ਕੇ ਨੱਸ ਗਿਆ, ਤੇ ਕੁਰਾਲੀ ਜਾ ਵੜਿਆ। ਖਾਲਸੇ ਨੇ ਉਸ ਦਾ ਡੇਰਾ ਲੁਟ ਲਿਆ, ਜਿਥੋਂ ਇਨੀ ਦੌਲਤ ਲਭੀ ਕਿ ਸਿੰਘਾਂ ਦੇ ਫਾਕੇ ਟੁਟ ਗਏ। ਹੁਣ ਸਿੰਘ ਫੇਰ ਸਰਹੰਦ ਵਲ ਮੁੜੇ, ਪਰ ਜੈਨ ਖਾਂ ਕਿਲੇ ਤੋਂ ਬਾਹਰ ਨਾ ਨਿਕਲਿਆ। ਇਸ ਲਈ ਸਭ ਖਾਲਸਾ ਦੇਸ ਉਗਰਾਹ-

Digitized by Panjab Digital Library | www.panjabdigilib.org

ਹੁੰਦ ਹੋਇਆ, ਸ੍ਰੀ ਅੰਮ੍ਰਿਤਸਰ ਜੀ ਨੂੰ ਮੁੜ ਗਿਆ* ।

ਸ੍ਰੀ ਅੰਮ੍ਰਿਤਸਰ ਜੀ ਜਾ ਕੇ ਪੰਜਾਂ ਪੰਜਾਂ ਮਿਸਲਾਂ ਦੇ ਸਿੰਘ ਦੋ ਦੋ 'ਦਲ' ਬਣ ਗਏ । "ਤਰਨਾ ਦਲ" ਤਾਂ ਮਾਝੇ ਵਲ ਰਿਹਾ, ਜਿਨ੍ਹਾਂ ਨੇ ਕਸੂਰ ਮਾਰ ਕੇ ਲੱਖਾਂ ਰੁਪਏ ਵੰਡੇ, ਤੇ "ਬੁਢਾ ਦਲ" ਦਵਾਬੇ ਵਲ ਆ ਗਿਆ, ਜਿਨ੍ਹਾਂ ਨੇ ਸ਼ਾਹੀ ਕਾਰਦਾਰ ਬਿਸ਼ੰਭਰ ਦਾਸ ਖਤਰੀ ਲਸਾੜੀਏ ਨੂੰ ਉਰਮੜ ਟਾਂਡੇ ਦੀ ਲੜਾਈ ਵਿਚ ਮਾਰ ਕੇ ਸਾਰਾ ਦਵਾਬਾ ਮਲ ਲਿਆ । ਜਿਤਨਾ ਕੁ ਰੁਪਿਆ "ਤਰਨਾ ਦਲ" ਨੂੰ ਕਸੂਰ ਦੀ ਲੁਟ ਵਿਚੋਂ ਲੱਭਾ ਸੀ, ਇਤਨਾ ਕੁ ਹੀ 'ਬੁਢੇ ਦਲ' ਨੂੰ ਦੀਵਾਨ ਬਿਸ਼ੰਭਰ ਦਾਸ ਦੇ ਡੇਰੇ ਲੁਟ ਤੋਂ ਮਿਲ ਗਿਆ ।

ਚਾਰੇ ਕੂਟਾਂ ਸੋਧ ਕੇ ਸਿੰਘਾਂ ਨੇ ਹੁਣ ਸਰਹੰਦ ਨੂੰ ਸੋਧਣਾ ਚਾਹਿਆ ਦੋਵੇਂ ਦਲ ਇਕਠੇ ਹੋ ਕੇ ਆ ਗਏ ਅਤੇ ਸਰਹੰਦ ਪਾਸ ਆਣ ਡੇਰੇ ਲਾਏ । "ਬੁਢੇ ਦਲ" ਦਾ ਡੇਰਾ ਭਾਗਣ ਪੁਰ, ਤੇ "ਤਰਨਾ ਦਲ" ਦਾ ਮੰਡੇਫਲ (?) ਸੀ, ਅਤੇ ਜੈਨ ਖਾਂ ਸੰਜੋਗ ਨਾਲ ਓਦੋਂ ਸਰਹੰਦੋਂ ਬਾਹਰ ਗਿਆ ਹੋਇਆ ਸੀ, ਸੋ ਉਸ ਨੇ ਮਨਹੇੜੇ ਡੇਰਾ ਲਾ ਲਿਆ । ਸਿੰਘਾਂ ਨੇ ਬੜੀ ਤਕੜਾਈ ਰਖੀ, ਕਿ ਕਿਤੇ ਰਾਤੋ ਰਾਤ ਜੈਨ ਖਾਂ ਨੱਸ ਨਾ ਜਾਵੇ । ਦਿਨ ਚੜ੍ਹਿਆ ਤਾਂ ਜੈਨ ਖਾਂ ਕਚੀਚੀ ਵੱਟ ਕੇ ਸਰਹੰਦ ਵਲ ਨਠਾ । ਸਿੰਘ ਅਗੋਂ ਹੋ ਪਏ, ਆਪੋ ਵਿਚ ਮਾੜੀ ਜੇਹੀ ਝੜਪ ਹੋਈ । ਮਾਝੇ ਵਾਲੇ ਤਾਰਾ ਸਿੰਘ ਨੇ ਅਗੇ ਵਧ ਕੇ ਜੈਨ ਖਾਂ ਦਾ ਸਿਰ ਲਾਹ ਦਿਤਾ ਅਤੇ ਉਸ ਦਾ ਸਾਰਾ ਅਸਬਾਬ ਲੁਟ ਲਿਆ ।‡ ਬਿਹ ਗਲ ੪ ਮਾਘ ਸੰਮਤ ੧੮੨੦ ਬਿ: ਦੀ ਹੈ ।

ਸ੍ਰੀ ਦਸਮੇਸ਼ ਜੀ ਨੇ ਇਸ ਸ਼ਹਿਰ ਨੂੰ ਸਰਾਪਿਆ ਹੋਇਆ ਸੀ, ਇਸ ਲਈ ਸਾਰੇ ਪੰਥ ਨੇ ਸ਼ਹਿਰੋਂ ਬਾਹਰ ਡੇਰੇ ਲਾ ਲਏ, ਅਤੇ ਆ

---

*ਪੰਥ ਪ੍ਰਕਾਸ਼ ।

‡'ਤਵਾਰੀਖ ਪੰਜਾਬ' ਕ੍ਰਿਤ ਬੂਟੇ ਸ਼ਾਹ ।

Digitized by Panjab Digital Library | www.panjabdigilib.org

ਵਿਚ ਫਸੀਲ ਵੰਡ ਕੇ ਉਸ ਦੀ ਇਟ ਇਟ ਕਰ ਦਿਤੀ। ਸਾਰਾ ਸ਼ਹਿਰ ਢਾਹ ਦਿਤਾ। ਮਕਾਨ ਫੂਕ ਦਿਤੇ, ਲੋਕੀ ਉਜਾੜ ਦਿਤੇ ਅਤੇ ਸਰਦਾਰਾਂ ਨੇ ਆਪਣੇ ਹਥਾਂ ਨਾਲ ਖੋਤਿਆਂ ਦੇ ਹਲ ਚਲਾਏ। ਲੁਧਿਆਣੇ ਤੋਂ ਕਰਨਾਲ ਤੀਕ ਸਾਰਾ ਇਲਾਕਾ ਮਲ ਲਿਆ, ਪਰ ਸਰਹੰਦ ਸ਼ਹਿਰ ਨੂੰ ਕਿਸੇ ਸਰਦਾਰ ਨੇ ਨਾ ਕਬੂਲਿਆ, ਕਿ ਇਹ ਗੁਰੂ ਦਾ ਸਰਾਪਿਆ ਸ਼ਹਿਰ ਹੈ, ਐਥੋਂ ਤੀਕ ਕਿ ਕੋਈ ਸਿੰਘ ਰਾਤ ਨੂੰ ਸਰਹੰਦ ਦੀ ਹਦ ਅੰਦਰ ਵੀ ਨਾ ਰਹਿੰਦਾ। ਸਭ ਖਾਲਸ ਨੇ ਸ਼ਹਿਰੋਂ ਬਾਹਰ ਡੇਰੇ ਲਾਏ ਹੋਏ ਸਨ।

ਸਾਰੇ ਪੰਥ ਨੇ ਅੰਤ ਵਿਚ ਇਹ ਗੁਰਮਤਾ ਕੀਤਾ ਕਿ ਸ਼ਹਿਰ ਦੇ ਵਸਨੀਕ ਜਿਸ ਸਰਦਾਰ ਦਾ ਪੱਲਾ ਫੜ ਲੈਣ ਉਸ ਨੂੰ ਇਸ ਸ਼ਹਿਰ ਦੀ ਅਰਦਾਸ ਕਰਵਾ ਦਿਤੀ ਜਾਵੇ। ਪੰਥ ਦੇ ਅਰਦਾਸ ਕਰਵਾ ਦੇਣ ਨਾਲ ਫਿਰ ਇਸ ਉਤੇ ਕਬਜ਼ਾ ਕਰਨ ਦਾ ਕੋਈ ਦੋਸ਼ ਨਾ ਲਗੇਗਾ। ਸ਼ਹਿਰੀਆਂ ਪਾਸੋਂ ਜਦ ਪੁਛਿਆ ਗਿਆ, ਤਾਂ ਉਨ੍ਹਾਂ ਭਾਈ ਬੁਢਾ ਸਿੰਘ ਦਾ ਪੱਲਾ ਫੜ ਲਿਆ; ਜਿਸ ਨਾਲ ਖਾਲਸਾ ਜੀ ਬੜੇ ਖੁਸ਼ ਹੋਏ, ਕਿ ਭਾਈ ਕੇ ਅਰਦਾਸ ਦੀ ਹੀ ਥਾਂ ਹਨ, ਸੋ ਸਾਰੇ ਪੰਥ ਨੇ ਭਾਈ ਬੁਢਾ ਸਿੰਘ ਦੇ ਨਾਮ ਸਰਹੰਦ ਸ਼ਹਿਰ ਦੀ ਅਰਦਾਸ ਕਰਵਾ ਦਿਤੀ।

ਮਹਾਰਾਜਾ ਆਲਾ ਸਿੰਘ ਤੇ ਭਾਈਕਿਆਂ ਦਾ ਮੁਢ ਤੋਂ ਹੀ ਬੜਾ ਮੇਲ ਰਿਹਾ ਹੈ। ਮਹਾਰਾਜਾ ਆਲਾ ਸਿੰਘ ਜੀ ਦੀ ਮਰਜ਼ੀ, ਕਿ ਭਾਈ ਬੁਢਾ ਸਿੰਘ ਨੂੰ ਕੁਝ ਪਿੰਡ ਦੇਕੇ ਸ਼ਹਿਰ ਸਰਹੰਦ ਉਸ ਪਾਸੋਂ ਲੈ ਲਈਏ, ਪਰ ਮਾਈ ਫਤੋ ਜੀ ਨੇ ਮਹਾਰਾਜ ਨੂੰ ਇਸ ਗਲੋਂ ਵਰਜਿਆ, ਕਿ ਇਕ ਤਾਂ ਉਹ ਸਰਾਪਿਆ ਸ਼ਹਿਰ ਹੈ, ਦੂਜੇ ਸਾਰਾ ਪੰਥ ਉਂਗਲੀ ਕਰਨ ਲਗ ਜਾਏਗਾ। ਇਸ ਕਰਕੇ ਮਹਾਰਾਜ ਜੀ ਨੇ ਇਸ ਖਿਆਲ ਨੂੰ ਛਡ ਦਿਤਾ। ਪਰ ਆਪ ਮਗਰੋਂ ਮਹਾਰਾਜਾ ਅਮਰ ਸਿੰਘ ਜੀ ਨੇ ਭਾਈ ਬੁਢਾ ਨੂੰ ਬਾਰਾਂ ਪਿੰਡ ਦੇਕੇ ਸਰਹੰਦ ਉਸ ਪਾਸੋਂ ਲੈ ਲਿਆ।

ਸਿੰਘਾਂ ਨੇ ਸਰਹੰਦ ਨੂੰ ਉਜਾੜ ਦਿਤਾ ਸੀ, ਅਤੇ ਇਹ ਹੁਣ ਸਿਧ ਹੀ ਸੀ, ਕਿ ਭਾਵੇਂ ਕੁਝ ਹੀ ਹੋਵੇ, ਸਿੰਘਾਂ ਦੀ ਤਾਕਤ ਦਿਲੀ ਯਾ

Digitized by Panjab Digital Library | www.panjabdigilib.org

ਕਾਬਲੀਆਂ ਤੋਂ ਰੋਕੇ ਰਖਣ ਦੀ ਨਹੀਂ, ਇਸ ਲਈ ਮਹਾਰਾਜ ਜੀ ਨੇ ਬਰਨਾਲੇ ਯਾ ਫੋੜਿਆਂ ਦੀ ਥਾਂ ਪਟਿਆਲੇ ਨੂੰ ਆਪਣੀ ਰਾਜਧਾਨੀ ਬਨਾਉਣਾ ਚਾਹਿਆ।

ਪਟਿਆਲਾ ਉਪਜਾਊ ਇਲਾਕੇ ਦੇ ਵਿਚਕਾਰ ਸੀ। ਜਿਥੇ ਖੂਹਾਂ ਦਾ ਪਾਣੀ ਲਾਗੇ ਹੋਣ ਕਰ ਕੇ ਜ਼ਿਮੀਦਾਰ ਖੂਹ ਉਤੇ ਖੇਤੀ ਕਰਦੇ ਸਨ। ਘੁੜਾਮ ਤੇ ਮਸੀਂਗਣ ਦਾ ਇਲਾਕਾ ਘੱਗਰ ਦਾ ਪਾਣੀ ਪੈਣ ਕਰ ਕੇ ਚੰਗਾ ਆਬਾਦ ਇਲਾਕਾ ਸੀ, ਅਤੇ ਕੁਵੇਲੇ ਕਾਲ ਪੈਣ ਦੇ ਸਮੇਂ ਇਧਰ ਦਿਆਂ ਲੋਕਾਂ ਨੂੰ ਐਤਨਾ ਦੁਖ ਪ੍ਰਤੀਤ ਨਹੀਂ ਹੁੰਦਾ ਸੀ, ਜਿਤਨਾ ਕਿ 'ਜੰਗਲ' ਦੇ ਲੋਕਾਂ ਨੂੰ, ਜਿਧਰ ਸਮੁਚਾ ਆਸਰਾ ਮੀਂਹ ਦਾ ਸੀ, ਅਤੇ ਖ਼ੂਹਾਂ ਦਾ ਪਾਣੀ ਬਹੁਤ ਦੂਰ ਹੋਣ ਕਰ ਕੇ ਵਰਤਣ ਜੋਗਾ ਪਾਣੀ ਵੀ ਖੁਲ੍ਹਾ ਨਹੀਂ ਮਿਲਦਾ ਸੀ।

ਇਸ ਸਮੇਂ ਇਕ ਨਵੀਂ ਤਾਕਤ ਦੀ ਸਰਹੱਦ ਮਹਾਰਾਜਾ ਜੀ ਦੀ ਸਰਹੱਦ ਨਾਲ ਆ ਲੱਗੀ ਸੀ, ਜੋ ਭਾਵੇਂ ਵੈਰੀ ਤਾਂ ਨਹੀਂ ਸਨ, ਅਤੇ ਨਾ ਹੀ ਬਦੋ ਬਦੀ ਦੂਜੇ ਦਾ ਇਲਾਕਾ ਖੋਹਣ ਵਾਲੇ; ਪਰ ਇਨ੍ਹਾਂ ਦੇ ਪਾਸ ਰਹਿ ਕੇ ਇਨ੍ਹਾਂ ਨਾਲ ਮੇਲ ਜੋਲ ਰਖਣਾ ਜ਼ਰੂਰੀ ਗੱਲ ਸੀ। ਅਤੇ ਚੂੰਕਿ ਸ਼ਾਹੀ ਸੜਕ ਤੋਂ ਪਰੇ ਮਹਾਰਾਜ ਜੀ ਦੀ ਹੱਦ ਅਪੜ ਚੁਕੀ ਸੀ, ਇਸ ਲਈ ਜਗਾਤ ਦਾ ਪੂਰਾ ਪੂਰਾ ਪ੍ਰਬੰਧ ਰਖਣ ਲਈ ਰਾਜਧਾਨੀ ਦਾ ਸ਼ਾਹੀ ਸੜਕ ਦੇ ਪਾਸ ਹੋਣਾ ਹੀ ਚੰਗਾ ਸੀ, ਕਿਉਂ ਜੋ ਉਨ੍ਹੀਂ ਦਿਨੀਂ ਸਾਰੇ "ਜੰਗਲ" ਦੇ ਇਲਾਕੇ ਵਲੋਂ ਐਤਨੀ ਆਮਦਨੀ ਨਹੀਂ ਹੋ ਸਕਦੀ ਸੀ, ਜਿਤਨੀ ਕਿ ਸ਼ਾਹੀ ਸੜਕ ਦੀ ਜਗਾਤ ਤੋਂ ਹੋ ਸਕਦੀ ਸੀ।

ਸਰਹੰਦ ਸ਼ਹਿਰ ਉਜਾੜ ਦਿਤਾ ਗਿਆ ਸੀ, ਸੋ ਉਨ੍ਹਾਂ ਉਜੜੇ ਆਦਮੀਆਂ ਨੂੰ ਪਟਿਆਲੇ ਵਿਚ ਵਾਪਸ ਲੈਣ ਨਾਲ ਥੋੜੇ ਚਿਰ ਵਿਚ ਹੀ ਰੌਣਕਦਾਰ ਰਾਜਧਾਨੀ ਬਣਾਈ ਜਾ ਸਕਦੀ ਸੀ। ਸੋ ਐਸੀਆਂ ਗੱਲਾਂ ਦਾ ਖਿਆਲ ਕਰ ਕੇ ਸਰਹੰਦ ਮਾਰਨ ਤੋਂ ਪੂਰੇ ਇਕ ਮਹੀਨੇ ਮਗਰੋਂ

Digitized by Panjab Digital Library | www.panjabdigilib.org

ਮਾਘ ਸੁਦੀ ੧੦ ਸੰਮਤ ੧੮੨੦* ਬਿ: ਨੂੰ ਐਤਵਾਰ ਵਾਲੇ ਦਿਨ ਪਟਿਆਲੇ ਦੇ ਪੱਕੇ ਕਿਲੇ ਦੀ ਨੀਂਹ ਮਹਾਰਾਜ ਜੀ ਨੇ ਰਖ ਦਿਤੀ, ਅਤੇ ਸ਼ਾਹੀ ਸੜਕ ਦੀ ਜਗਾਤ ਨਾਲ ਕਿਲੇ ਨੂੰ ਬਣਾਉਣਾ, ਤੇ ਪਟਿਆਲੇ ਨੂੰ ਵਸਾਉਣਾ ਅਰੰਭ ਕੀਤਾ ।

ਦਿਲੀ ਤੋਂ ਜੋ ਮਾਲ ਲਾਹੌਰ ਜਾਂ ਕਾਬਲ ਕੰਧਾਰ ਨੂੰ ਜਾਂਦਾ ਸੀ; ਯਾ ਲਾਹੌਰ ਵਲੋਂ ਜੋ ਮਾਲ ਦਿਲੀ ਨੂੰ ਜਾਂਦਾ ਸੀ, ਉਹ ਸਭ ਸਰਹੰਦ ਵਾਲੀ ਸ਼ਾਹੀ ਸੜਕ ਰਾਹ ਹੀ ਜਾਂਦਾ ਸੀ। ਜਦ ਕੋਈ ਵਪਾਰੀ ਮਾਲ ਲੈ ਕੇ ਕਿਸੇ ਸਿੰਘ ਸਰਦਾਰ ਦੇ ਇਲਾਕੇ ਵਿਚ ਦਾਖਲ ਹੁੰਦੀ, ਤਾਂ ਸਰਦਾਰ ਦੇ ਜਗਾਤੀਏ ਉਸ ਪਾਸੋਂ ਜਗਾਤ ਲੈ ਲੈਂਦੇ । ਥੋੜੇ ਹੀ ਕੋਹ ਗਿਆਂ ਕਿਸੇ ਦੂਜੇ ਸ੍ਰਦਾਰ ਦਾ ਇਲਾਕਾ ਆ ਜਾਂਦਾ, ਜਿਸ ਦੇ ਜਗਾਤੀਏ ਵਪਾਰੀ ਪਾਸੋਂ ਆਪਣੀ ਜਗਾਤ ਮੰਗਦੇ। ਇਸ ਤਰ੍ਹਾਂ ਦਿਲੀ ਤੋਂ ਲੈਕੇ ਲਾਹੌਰ ਤੀਕ ਇਤਨੀ ਜਗਾਤ ਦੇਣੀ ਪੈਂਦੀ, ਕਿ ਜਗਾਤ ਦੀ ਅਸਲ ਨਾਲੋਂ ਕਈ ਗੁਣਾਂ ਵਧ ਜਾਂਦੀ । ਪਰ ਚੂੰਕਿ ਹੋਰ ਕੋਈ ਰਾਹ ਹੀ ਨਹੀਂ ਸੀ, ਇਸ ਲਈ ਔਖਿਆਂ ਸੌਖਿਆਂ ਹਰ ਇਕ ਵਪਾਰੀ ਨੂੰ ਏਸੇ ਰਾਹ ਜਾਣਾ ਪੈਂਦਾ ਸੀ, ਜਿਸ ਕਰਕੇ ਸ਼ਾਹੀ ਸੜਕ ਪਾਸ ਦੇ ਇਲਾਕੇਦਾਰਾਂ ਨੂੰ ਜਗਾਤ ਦੀ ਬਹੁਤ ਆਮਦਨ ਹੋਇਆ ਕਰਦੀ ਸੀ, ਇਹੋ ਕਾਰਣ ਸੀ, ਕਿ ਹਰ ਇਕ ਸਿੰਘ ਸਰਦਾਰ ਸ਼ਾਹੀ ਸੜਕ ਦੇ ਆਸ ਪਾਸ ਦਾ ਇਲਾਕਾ ਮਲੀ ਬੈਠਾ ਸੀ ।

ਸਰਹੰਦ ਦੇ ਸਰ ਹੋਣ ਨਾਲ ਕਰਨਾਲ ਤੀਕ ਦਾ ਸਭ ਇਲਾਕਾ ਸਿੰਘ ਸ੍ਰਦਾਰਾਂ ਵਿਚ ਵੰਡਿਆ ਗਿਆ ਸੀ। ਜੀਂਦ ਤੇ ਸਫੀਦੋਂ ਦਾ ਚੌਗਿਰਦਾ ਰਾਜਾ ਰਾਜਪਤਿ ਸਿੰਘ ਜੀ ਨੇ ਜਾ ਮਲਿਆ, ਅਤੇ ਮਹਾਰਾਜਾ ਜੀ ਦੇ ਸਰਕਰਦੇ ਝੰਡੂ ਸਿੰਘ ਢਾਏ, ਗੁਰਦਾਸ ਸਿੰਘ ਸੇਖੋਂ ਅਤੇ ਹਰੀ ਸਿੰਘ ਗੁਜਰ ਨੇ ਆਪਣੀ ਬਾਂਗਰ ਦੀ ਹੱਦ ਰਾਜਾ ਰਾਜਪਤਿ ਜੀ ਦੀ

---

*੪ ਫਗਣ ਸੰਮਤ ੧੮੨੦ ਬਿ: ।
੧੨ ਫਰਵਰੀ ੧੭੬੪ ਈ: ।

Digitized by Panjab Digital Library | www.panjabdigilib.org

ਹੱਦ ਨਾਲ ਜਾ ਮਿਲਾਈ। ਮੁਕੰਦ ਪਿੰਡ ਦੇ ਵਸਨੀਕ ਈਨ ਨਹੀਂ ਮੰਨਦੇ ਸਨ, ਇਸ ਕਰ ਕੇ ਮਹਾਰਾਜਾ ਜੀ ਦੇ ਸਰਕਰਦਿਆਂ ਨੇ ਇਸ ਪਿੰਡ ਉਤੇ ਛਾਪਾ ਮਾਰਿਆ, ਅਤੇ ਲੜਾਈ ਵਿਚ ਪਿੰਡ ਦੇ ਨੌ ਆਦਮੀ ਮਾਰ ਦਿਤੇ। ਲਾਲੂ ਤੇ ਕਲੀ ਰਾਮ ਫਸਾਦ ਦੀ ਜੜ੍ਹ ਸਨ, ਇਹ ਫੜ ਕੇ ਕੈਦ ਕੀਤੇ ਗਏ, ਜਿਸ ਕਰ ਕੇ ਇਨ੍ਹਾਂ ਦੇ ਭਰਾਵਾਂ ਭਾਈਆਂ ਨੇ ਈਨ ਮੰਨ ਲਈ। ਕਾਕੜੋਤ ਦੇ ਲੋਕੀਂ ਆਪ ਤੋਂ ਆਪ ਹੀ ਹਾਜ਼ਰ ਹੋ ਗਏ, ਅਤੇ ਏਸੇ ਤਰ੍ਹਾਂ ਬੜ੍ਹਾਇਨ, ਸੋਰਬਰਾਹ ਤੇ ਧਨੌਰੀ ਉਤੇ ਵੀ ਮਹਾਰਾਜ ਜੀ ਦਾ ਕਬਜ਼ਾ ਹੋ ਗਿਆ। ਹੋਰ ਸਾਰੇ ਬਾਂਗਰ ਦੀ ਥਾਣੇਦਾਰੀ ਤਾਂ ਗੁਰਦਾਸ ਸਿੰਘ ਸੇਖੋਂ ਦੀ ਰਹੀ, ਪਰ ਧਨੌਰੀ ਦੀ ਥਾਣੇਦਾਰੀ ਹਰੀ ਸਿੰਘ ਗੁਜਰ ਨੂੰ ਦਿਤੀ ਗਈ।*

ਇਸ ਸਮੇਂ ਹਿਠਾੜ-ਸਤਲੁਜ ਦੇ ਸਭ ਇਲਾਕੇ ਦਾਰਾਂ ਵਿਚੋਂ ਮਹਾਰਾਜ ਜੀ ਦੀ ਤਾਕਤ ਵਧ ਕੇ ਸੀ। ਆਪ ਸਿੰਘਾਂ ਦੇ ਮਿਤਰ ਸਨ, ਅਤੇ ਇਸ ਤਾਕਤ ਨਾਲ ਵਗਾੜ ਪਾਉਣਾ ਨਹੀਂ ਚਾਹੁੰਦੇ ਸਨ, ਪਰ ਸਿੰਘਾਂ ਵਾਂਗ ਆਪ ਖੁਲ੍ਹਮ ਖੁਲੇ ਸ਼ਾਹੀ ਤਾਕਤ ਦੇ ਉਲਟ ਨਹੀਂ ਸਨ, ਅਤੇ ਰਾਜਨੀਤੀ ਦੇ ਖਿਆਲ ਨਾਲ ਸ਼ਾਹੀ ਹਕੂਮਤ ਨੂੰ ਆਪ ਅਜੇ ਤੀਕ ਨਾਮ ਮਾਤਰ ਮੰਨੀ ਜਾਂਦੇ ਸਨ। ਦਿੱਲੀ ਗਿਰਦੇ ਸੂਰਜ ਮਲ ਜਾਟ ਦਾ ਜ਼ੋਰ ਸੀ, ਅਤੇ ਦਿੱਲੀ ਦੀਆਂ ਕੰਧਾਂ ਤੀਕ ਉਸ ਨੇ ਦੇਸ਼ ਰੋਕ ਲਿਆ ਸੀ, ਕਿ ਸੰਜੋਗ ਨਾਲ ਇਕ ਲੜਾਈ ਵਿਚ ਉਹ ਸ਼ਾਹੀ ਸੈਨਾਂ ਹਥੋਂ ਮਾਰਿਆ ਗਿਆ, ਜਿਸ ਕਰ ਕੇ ਸੂਰਜ ਮੱਲ ਦਾ ਪੁਤਰ ਜਵਾਹਰ ਸਿੰਘ ਆਪਣੇ ਪਿਤਾ ਦਾ ਬਦਲਾ ਲੈਣ ਲਈ ਬਹੁਤ ਸੈਨਾਂ ਲੈ ਕੇ ਦਿੱਲੀ ਵਲ ਵਧਿਆ।

ਆਪਣਾ ਧੜਾ ਭਾਰਾ ਕਰਨ ਲਈ ਜਵਾਹਰ ਸਿੰਘ ਨੇ 'ਖਾਲਸਾ ਦਲ' ਨੂੰ ਆਪਣੀ ਸਹਾਇਤਾ ਲਈ ਸਦਿਆ, ਅਤੇ ਕਈ ਲੱਖ ਰੁਪਿਆ ਨਜ਼ਰਾਨਾ ਦੇਣਾ ਕੀਤਾ। ਦੂਜੇ ਪਾਸੇ ਪਾਤਸ਼ਾਹ ਦੇ ਵਜ਼ੀਰ ਨੇ ਵੀ ਆਪਣੇ

---

*ਹਾਲਾਤ ਮੁਕਦਮਾ ਨਾਲੀ।

Digitized by Panjab Digital Library | www.panjabdigilib.org

ਹਮੈਤੀ ਸਦਵਾ ਲਏ। ਇਸ ਸਮੇਂ ਮਹਾਰਾਜ ਆਲਾ ਸਿੰਘ ਜੀ ਨੇ ਵੀ ਭਾਈ ਭੋਲਾ ਸਿੰਘ ਨੂੰ ਇਕ ਹਜ਼ਾਰ ਜੁਆਨ ਦੇ ਕੇ ਪਾਤਸ਼ਾਹ ਦੀ ਸਹਾਇਤਾ ਲਈ ਦਿੱਲੀ ਘਲਿਆ ਸੀ, ਜੋ ਅਖੀਰ ਤੀਕ ਸ਼ਾਹੀ ਸੈਨਾਂ ਦੇ ਨਾਲ ਹੋ ਕੇ ਲੜਦਾ ਰਿਹਾ, ਅਤੇ ਜਦ ਦੋਹਾਂ ਧਿਰਾਂ ਵਿਚ ਸੁਲਾਹ ਸਫਾਈ ਹੋ ਗਈ ਤਾਂ ਸਨਮਾਨ ਸਹਿਤ ਦੇਸ਼ ਨੂੰ ਮੁੜ ਆਇਆ।

ਪਾਤਸ਼ਾਹੀ ਸਮਿਆਂ ਵਿਚ ਮੰਡੀ (ਬਾਲਾਂ ਵਾਲੀ) ਤੀਕ ਮਲੇਰੀਆਂ ਦੀ ਮੋਹਰ ਸੀ, ਸੋ ਜਦ ਫੂਲਕੇ ਵਧੇ ਫੁਲੇ, ਤਾਂ ਮਲੇਰੀਆਂ ਨੂੰ ਹੀ ਧੱਕ ਧੱਕ ਕੇ ਵਧੇ। ਸਰਦਾਰ ਮਾਨ ਸਿੰਘ ਜੀ ਨੇ ਮਲੌਦ ਦਾ ਇਲਾਕਾ ਮੱਲ ਲਿਆ ਸੀ, ਅਤੇ ਕਾਕੜਾ ਮਾਰਨ ਤੋਂ ਮਗਰੋਂ ਪਰਗਣਾਂ ਮਨਸੂਰ ਪੁਰ ਦੇ ਕਈ ਪਿੰਡ ਮਹਾਰਾਜ ਜੀ ਦੇ ਤੈਹਤ ਆ ਚੁਕੇ ਸਨ। ਭਾਵੇਂ ਐਸ ਵੇਲੇ ਤੀਕ ਬਰਨ੍ਹਾਲੇ ਦੇ ਪਾਸ ਹੀ ਸੇਖੇ ਤੇ ਜਲਹੂਰ ਪਿੰਡੀ ਮਲੇਰੀਆਂ ਦੇ ਥਾਣੇ ਕਾਇਮ ਸਨ, ਅਤੇ ਬਰਨਾਲੇ ਵਲੋਂ ਮਹਾਰਾਜ ਜੀ ਨੇ ਮਲੇਰੀਆਂ ਦਾ ਕੋਈ ਪਿੰਡ ਨਹੀਂ ਰੋਕਿਆ ਸੀ; ਪਰ ਮਨਸੂਰ ਪੁਰ ਗਿਰਦਿਓਂ ਉਨ੍ਹਾਂ ਦੇ ਬਹੁਤ ਸਾਰੇ ਪਿੰਡ ਮਹਾਰਾਜ ਜੀ ਦੇ ਤੈਹਤ ਆ ਚੁਕੇ ਸਨ।

ਨਵਾਬ ਜਮਾਲ ਖਾਂ ਤੋਂ ਮਗਰੋਂ ਆਪ ਦਾ ਪੁਤਰ ਭੀਖਣ ਖਾਂ ਮਲੇਰ ਦਾ ਨਵਾਬ ਹੋਇਆ ਸੀ, ਜੋ ਬੜਾ ਜੋਧਾ ਤੇ ਭਰਪੂਰ ਜਵਾਨ ਸੀ। ਇਸ ਨੇ ਇਕ ਵਾਰ ਮਹਾਰਾਜ ਜੀ ਨੂੰ ਅਖਵਾ ਘਲਿਆ ਸੀ, ਕਿ ਤੁਸੀਂ ਹੁਣ ਬੁਢੇ ਹੋ ਗਏ ਹੋ, ਅਤੇ ਮੈਂ ਜਵਾਨ ਹਾਂ, ਤੁਸਾਂ ਸਾਡੇ ਨਾਲ ਜਿਤਨੀਆਂ ਵਧੀਕੀਆਂ ਕੀਤੀਆਂ ਹਨ, ਉਹਨਾਂ ਦਾ ਬਦਲਾ ਮੈਂ ਆਪ ਦੇ ਪੋਤਿਆਂ ਪਾਸੋਂ ਲਵਾਂਗਾ, ਜੋ ਆਪ ਤੋਂ ਮਗਰੋਂ ਛੋਟੀ ਉਮਰ ਵਿਚ ਰਾਜ ਭਾਗ ਦੇ ਮਾਲਕ ਹੋਣਗੇ। ਮਹਾਰਾਜ ਜੀ ਨੇ ਉਸ ਸਮੇਂ ਸੁਭਾਵਕ ਹੀ ਉਤਰ ਦਿਤਾ ਸੀ ਕਿ ਜੇ ਕਰ ਕਰਤਾਰ ਨੇ ਚਾਹਿਆ ਤਾਂ ਅਸੀਂ ਤੈਨੂੰ ਆਪਣੇ ਨਾਲ ਹੀ ਲੈ ਕੇ ਹੀ ਜਾਵਾਂਗਾ। ਸੋ ਓਹੋ ਗਲ ਹੋਈ, ਕਿ ਕੰਵਰ ਹਿੰਮਤ ਸਿੰਘ ਜੀ ਹਡਿਆਏ ਤੋਂ ਪਟਿਆਲੇ ਨੂੰ ਆਏ ਸਨ,

Digitized by Panjab Digital Library | www.panjabdigilib.org

ਅਤੇ ਇਥੋਂ ਕਿਸੇ ਗੱਲੋਂ ਗੁਸੇ ਹੋ ਕੇ ਹਡਿਆਏ ਨੂੰ ਮੁੜੇ ਜਾਂਦੇ ਸਨ, ਕਿ ਰਾਹ ਵਿਚ ਆਪ ਸਦਰ ਪੁਰ ਪਿੰਡ ਉਤਰ ਪਏ। ਓਸੇ ਸਮੇਂ ਭੀਖਣ ਖ਼ਾਂ ਭੀ ਲੁਟ ਮਾਰ ਕਰਦਾ ਓਧਰ ਆ ਗਿਆ, ਅਤੇ ਚਾਹੁੰਦਾ ਸੀ ਕਿ ਕਾਕੜੇ ਉਤੇ ਦਖਲ ਪਾ ਲਵੇ, ਕਿ ਕੰਵਰ ਸਾਹਿਬ ਤੇ ਭੀਖਣ ਖਾਂ ਵਿਚ ਕਾਕੜੇ ਦੇ ਟਿਬਿਆਂ ਵਿਚ ਟਾਕਰਾ ਹੋ ਪਿਆ। ਉਸ ਸਮੇਂ ਕੰਵਰ ਜੀ ਪਾਸ ਦੀਵਾਨ ਸਿੰਘ ਲੋਹਚਬ, ਤੱਖਾ ਸਿੰਘ ਸੈਦੋਕਾ, ਸੋਧੇ ਖਾਂ ਮੰਗੋ ਖਾਂ ਤੇ ਜੀਏ ਖਾਂ ਰਾਏ ਸਰੀਏ ਜਾਫਰ ਖਾਂ ਹਡਿਆਏ ਦਾ, ਤੇ ਸ਼ਮੀਰ ਤੇਲੀ ਫਰਵਾਹੀ ਵਾਲਾ, ਕੁਲ ਪੰਜਾਹ ਸਵਾਰ ਸਨ,* ਅਤੇ ਭੀਖਣ ਖਾਂ ਨਾਲ ਹਜ਼ਾਰ ਕੁ ਸਵਾਰ ਸੀ। ਕਰਤਾਰ ਦੀ ਕੁਦਰਤ ਐਸੀ ਹੋਈ ਸੀ, ਕਿ ਲੜਾਈ ਅਰੰਭ ਹੁੰਦਿਆਂ ਹੀ ਭੀਖਣ ਖਾਂ ਦੇ ਗੋਲੀ ਜਾ ਲਗੀ ਅਤੇ ਉਹ ਉਥੇ ਹੀ ਠੰਢਾ ਹੋ ਗਿਆ। ਮਲੇਰੀਏ ਸਵਾਰ ਨੱਸ ਗਏ, ਅਤੇ ਜਿੱਤ ਦਾ ਸੇਹਰਾ ਕੰਵਰ ਹਿੰਮਤ ਸਿੰਘ ਜੀ ਦੇ ਸਿਰ ਰਿਹਾ। ਭੀਖਣ ਖਾਂ ਦੀ ਅਤਿ ਚੰਗੀ ਵਲੈਤੀ ਤਲਵਾਰ ਕੰਵਰ ਜੀ ਦੇ ਹੱਥ ਲਗੀ, ਜੋ ਹੁਣ ਤੀਕ ਇਸ ਜਿੱਤ ਦੀ ਯਾਦ-ਗਾਰ ਵਜੋਂ ਸਰਕਾਰ ਪਟਿਆਲਾ ਦੇ ਸਿਲਹਿਖ਼ਾਨੇ ਵਿਚ ਰਖੀ ਹੋਈ ਹੈ। ਇਹ ਗਲ ੨੮ ਅਸੂ ਸੰਮਤ ੧੮੨੧ ਬਿ: ਦੀ ਹੈ‡।

ਜਦ ਕੰਵਰ ਜੀ ਨੇ ਇਸ ਜਿੱਤ ਦੀ ਖਬਰ ਮਹਾਰਾਜ ਆਲਾ ਸਿੰਘ ਜੀ ਨੂੰ ਸੁਣਾਈ ਤਾਂ ਆਪ ਬੜੇ ਖੁਸ਼ ਹੋਏ, ਅਤੇ ਬਚਨ ਕੀਤਾ, ਕਿ ਇਹ ਮੇਰਾ ਬੱਚਾ ਤਾਂ ਬਰਾੜ ਹੈ। ਇਸ ਖੁਸ਼ੀ ਵਿਚ ਆਪ ਨੇ ਆਪਣੇ ਪਟਿਆਲੇ ਪਾਸ ਦੇ ਸਤ ਪਿੰਡ ਕੰਵਰ ਜੀ ਦੀ ਜਗੀਰ ਵਿਚ ਲਾ ਦਿਤੇ, ਜੋ ਇਹ ਸਨ:–ਮਾਹੜੂ, ਕੌਲੀ, ਕਰਨਪੁਰ, ਬੱਤਾ, ਰਾਠੀਆਂ, ਖੇੜੀ ਕੰਡੀਆਂ ਦੀ ਤੇ ਸਰਕੜਾ†।

---

*ਯਾਦਦਾਸ਼ਤ ਮਾਨਾ ਸਿੰਘ ਗਰੇਵਾਲ।

‡ 'ਤਰਾਰੀਖ ਪੰਜਾਬ' ਕ੍ਰਿਤ ਬੂਟੇ ਸ਼ਾਹ। ਸਵਿਸਥਾਰ ਹਾਲ ਲਈ ਵੇਖੋ ਅਤਕਾ ਨੰ: ੫।

†ਐਹਵਾਲ ਕੰਵਰ ਅਜੀਤ ਸਿੰਘ ਜੀ।

Digitized by Panjab Digital Library | www.panjabdigilib.org

# ਰਾਜਗੀ ਦੀ ਪਰਾਪਤੀ

( ੧੮੨੦-੨੨ )

ਜੈਨ ਖਾਂ ਦੇ ਮਾਰੇ ਜਾਣ ਦੀ ਖਬਰ ਜਦ ਅਹਿਮਦ ਸ਼ਾਹ ਅਬਦਾਲੀ ਪਾਸ ਪੁਜੀ, ਤਾਂ ਉਹ ਬੜਾ ਹੀ ਦੁਖੀ ਹੋਇਆ, ਅਤੇ ਖਾਲਸੇ ਨੂੰ ਸਜ਼ਾ ਦੇਣ ਲਈ ਪੰਜਾਬ ਵਲ ਫੇਰ ਤਿਆਰੀ ਕਰ ਦਿਤੀ। ਇਸ ਵਾਰ ਉਸ ਨੇ ਨਸੀਰ ਖਾਂ ਬਲੋਚ, ਅਮੀਰ ਕਲਾਤ, ਨੂੰ ਵੀ ਆਪਣੇ ਨਾਲ ਲੈ ਲਿਆ, ਜੋ ਕਾਫਰਾਂ ਨੂੰ ਮਾਰਨ ਤੇ ਜਹਾਦ ਕਰਨ ਵਿਚ ਬੜੀ ਨੇਕਨਾਮੀ ਖਟ ਚੁਕਾ ਸੀ।

ਸੰਮਤ ੧੮੨੧ ਬਿ: ਦੇ ਸਿਆਲ ਵਿਚ ਅਹਿਮਦ ਸ਼ਾਹ ਅਬਦਾਲੀ ਤੇ ਨਸੀਰ ਖਾਂ ਬਲੋਚ ਲਾਹੌਰ ਕਠੇ ਹੋ ਗਏ, ਅਤੇ ਕੁਝ ਦਿਨ ਉਥੇ ਅਰਾਮ ਕਰਕੇ ਸ੍ਰੀ ਅੰਮ੍ਰਿਤਸਰ ਜੀ ਉਤੇ ਚੜ੍ਹਾਈ ਕਰ ਦਿਤੀ। ਲਾਹੌਰੋਂ ਤੁਰ ਕੇ ਚੌਥੇ ਦਿਨ ਸ੍ਰੀ ਅੰਮ੍ਰਿਤਸਰ ਜੀ ਪੁਜੇ, ਅਤੇ ਉਥੇ 'ਦਲ' ਦੀ ਥਾਂ ਕੇਵਲ ਤੀਹ ਸਿੰਘਾਂ ਨੂੰ ਪਾਇਆ, ਜੋ ਸ਼ਹੀਦ ਗੁਰਬਖਸ ਸਿੰਘ ਜੀ ਦੇ ਸੰਗ ਰਲ ਕੇ ਸ਼ਹੀਦੀ ਲੈਣ ਲਈ ਗੁਰੂ ਕੀ ਨਗਰੀ ਵਿਚ ਬੈਠੇ ਹੋਏ ਸਨ। ਥੋੜੀ ਜੇਹੀ ਲੜਾਈ ਹੋਈ, ਅਤੇ ਸਾਰੇ ਸਿੰਘ ਸ਼ਹੀਦ ਹੋ ਗਏ, ਜਿਸ ਪਰ ਦੁਰਾਨੀ ਫੇਰ ਲਾਹੌਰ ਨੂੰ ਮੁੜ ਗਿਆ।

ਅਸਲ ਵਿਚ ਅਹਿਮਦ ਸ਼ਾਹ ਉਬਾਸੀਆਂ ਲੈ ਰਿਹਾ ਸੀ। ਉਸ ਨੂੰ ਸਿੰਘਾਂ ਦੇ 'ਦਲ' ਦਾ ਕਿਤੇ ਪਤਾ ਨਹੀਂ ਲਗਦਾ ਸੀ; ਸੋ ਉਹ ਲੜੇ ਤਾਂ ਕਿਸ ਨਾਲ ਲੜੇ। ਇਹੋ ਕਾਰਨ ਸੀ, ਕਿ ਲਾਹੌਰੋਂ ਸ੍ਰੀ ਅੰਮ੍ਰਿਤਸਰ ਜੀ ਦਾ ਰਾਹ ਉਸ ਨੇ ਚਾਰ ਦਿਨਾਂ ਵਿਚ ਪੂਰਾ ਕੀਤਾ, ਜੋ ਅਹਿਮਦ ਸ਼ਾਹ

Digitized by Panjab Digital Library | www.panjabdigilib.org

ਲਈ ਕੇਵਲ ਤਿੰਨ ਘੰਟੇ ਦਾ ਰਾਹ ਸੀ।*

ਅੰਤ ਅਹਿਮਦ ਸ਼ਾਹ ਨੇ ਅਗੇ ਨੂੰ ਕੂਚ ਕੀਤਾ, ਅਤੇ ਹੁਕਮ ਦੇ ਦਿਤਾ ਕਿ ਸਭ ਇਲਾਕੇ ਨੂੰ ਜਿਤਨਾ ਲੁਟ ਸਕੋ, ਲੁਟ ਲਵੋ। ਭੁਖੇ ਪਠਾਣ ਤੇ ਬਲੋਚ, ਜਿਨ੍ਹਾਂ ਨੇ ਕਮਾਦ, ਤੇ ਗੁੜ ਤੇ ਤਿਲ ਕਦੇ ਵੇਖੇ ਨਹੀਂ ਸਨ, ਲੁਟ ਵਿਚ ਇਨ੍ਹਾਂ ਵਸਤਾਂ ਨੂੰ ਪਾ ਕੇ ਬੜੇ ਹੀ ਖੁਸ਼ ਹੋਣ, ਅਤੇ ਮਰਦ, ਤ੍ਰੀਮਤ, ਮੁੰਡਾ, ਕੁੜੀ, ਗਊ ਮੈਂਹ, ਊਠ, ਘੋੜਾ, ਜੋ ਕੁਝ ਹਥ ਆਵੇ, ਸਾਂਭੀ ਜਾਣ। ਅਹਿਮਦ ਸ਼ਾਹ ਲਾਹੋਰੋਂ ਰਿਆੜਕੀ ਦੇ ਰਾਹ ਪਿਆ, ਅਤੇ ਵਟਾਲਓਂ ਪੁਰਾਣੀ ਸੜਕ ਪੈ ਕੇ ਦਵਾਬੇ ਥਾਣੀਂ ਪਹਾੜ ਦੀ ਕੰਢੀ ਕੰਢੀ ਰੋਪੜ ਪਾਸ ਆ ਨਿਕਲਿਆ; ਏਥੋਂ ਫੇਰ ਪਹਾੜੀ ਦੀ ਕੰਢੀ ਕੰਢੀ ਪੈ ਪੰਜੋਰ ਡੇਰੇ ਲਾ ਲਏ, ਅਤੇ ਕੁਝ ਦਿਨ ਇਥੋਂ ਦੀ ਸੈਰ ਕਰਕੇ ਫੇਰ ਕੁੰਜਪੁਰੇ ਜਾ ਖੜੋਤਾ। ਇਸ ਸਫਰ ਵਿਚ ਅਹਿਮਦ ਸ਼ਾਹ ਬਹੁਤ ਹੀ ਹੌਲੀਆਂ ਹੌਲੀਆਂ ਮੰਜ਼ਲਾਂ ਕਰਦਾ ਰਿਹਾ, ਜਿਵੇਂ ਕੋਈ ਕਿਸੇ ਦੇਸ ਦੀ ਸੈਰ ਕਰਦਾ ਹੁੰਦਾ ਹੈ।

ਅਹਿਮਦ ਸ਼ਾਹ ਲਾਹੌਰੋਂ ਤੁਰ ਕੇ ਕੁੰਜੇ ਪੁਰੇ ਤੀਕ ਅਪੜ ਪਿਆ; ਪਰ ਸਿੰਘਾਂ ਦਾ 'ਦਲ' ਉਸ ਨੂੰ ਕਿਤੇ ਵੀ ਨਾ ਮਿਲਿਆ। ਅਤੇ ਕੁੰਜੇਪੁਰੇ ਉਸ ਨੇ ਸਭ ਸਰਦਾਰ ਇਕਠੇ ਕੀਤੇ, ਅਤੇ ਸਲਾਹ ਪੁਛੀ, ਕਿ ਦਸੋ, ਹੁਣ ਕੀ ਕਰੀਏ, ਦਿਲੀ ਨੂੰ ਚਲੀਏ, ਕਿ ਪਿਛੇ ਨੂੰ ਮੁੜੀਏ।

ਨਸੀਰ ਖਾਂ ਬਲੋਚ, ਜੋ ਪੰਜਾਬ ਵਿਚ ਪਹਿਲੀ ਵਾਰ ਪਾਣੀਪਤ ਦੀ ਲੜਾਈ ਸਮੇਂ, ਯਾ ਦੂਜੀ ਵਾਰ ਇਸ ਸਮੇਂ ਆਇਆ ਸੀ, ਉਸ ਨੇ ਸਲਾਹ ਦਿਤੀ ਕਿ ਗਰਮੀਆਂ ਆ ਚਲੀਆਂ ਹਨ, ਗਰਮੀਆਂ ਦੇ ਦਿਨ ਦਿਲੀ ਚਲ ਕਟੀਏ, ਅਤੇ ਸੁਜਾਹ ਰੁਹੇਲਿਆਂ ਨੂੰ ਆਪਣ ਨਾਲ

---

*ਸੰਮਤ ੧੮੧੮ ਵਿਚ ਅਹਿਮਦ ਸ਼ਾਹ ਜੰਡਿਆਲੇ ਤੋਂ ਤਲਵਣ ਤਾਕ ਇਕ ਦਿਨ ਵਿਚ ਪੁਜਾ ਸੀ। ਅਤੇ ਪਾਣੀਪਤ ਦੀ ਲੜਾਈ ਵਿਚ ਹਰ ਰੋਜ਼ ਇਸ ਦਾ ਇਹ ਨੇਮ ਸੀ, ਕਿ ਸਵੇਰੇ ਹੀ ਘੜੇ ਉਤੇ ਸਵਾਰ ਹੋ ਕੇ ਦੁਪਹਿਰ ਤੀਕ ਪੰਜਾਹ ਕੋਹ ਦਾ ਚੱਕਰ ਲਾ ਆਇਆ ਕਰਦਾ ਸੀ।

Digitized by Panjab Digital Library | www.panjabdigilib.org

ਲੈਕੇ ਕਾਫਰ ਸਿਖਾਂ ਨਾਲ ਸਾਰਾ ਸਿਆਲ ਲੜੀਏ, ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾਈਏ । ਪਰ ਅਹਿਮਦ ਸ਼ਾਹ ਦੇ ਸਰਦਾਰਾਂ ਨੇ ਕਿਹਾ ਕਿ ਗਰਮੀਆਂ ਆ ਚਲੀਆਂ ਹਨ ਇਸ ਲਈ ਹੁਣ ਤਾਂ ਦੇਸ ਨੂੰ ਮੁੜ ਚਲੀਏ, ਅਗਲੇ ਵਰ੍ਹੇ ਫੇਰ ਤਿਆਰ ਹੋਕੇ ਆਵਾਂਗੇ । ਅਹਿਮਦ ਸ਼ਾਹ ਨੇ ਏਸੇ ਸਲਾਹ ਨੂੰ ਮੰਨ ਲਿਆ, ਅਤੇ ਦਿਲੀ ਵਲ ਵਧਣ ਦੀ ਥਾਂ ਕੁੰਜਪੁਰੇ ਤੋਂ ਹੀ ਮੋੜਾ ਪਾ ਲਿਆ, ਅਤੇ ਹੌਲੀ ਹੌਲੀ ਸਰਹੰਦ ਆਣ ਡੇਰੇ ਲਾਏ।

ਜਾਂ ਪਠਾਣਾਂ ਨੇ ਸਰਹੰਦ ਦੀ ਹਾਲਤ ਵੇਖੀ, ਤਾਂ ਉਨ੍ਹਾਂ ਦੀਆਂ ਅਖਾਂ ਅਗੇ ਹਨੇਰਾ ਆ ਗਿਆ । ਅਜੇ ਤਿੰਨ ਵਰ੍ਹੇ ਹੀ ਹੋਏ ਸਨ ਕਿ ਇਨ੍ਹਾਂ ਨੇ ਸਰਹੰਦ ਨੂੰ ਹਰਿਆ ਭਰਿਆ ਲੈਹ ਲੈਹ ਕਰਦਾ ਵੇਖਿਆ ਸੀ, ਕਿ ਹੁਣ ਇਹ ਹਾਲ ਜੋ ਸਾਰੇ ਸ਼ਹਿਰ ਵਿਚ ਇਕ ਬੰਦਾ ਵੀ ਨਜ਼ਰ ਨਾ ਆਇਆ। ਬਜ਼ਾਰ ਉਸੇ ਤਰ੍ਹਾਂ ਪਏ ਹਨ, ਦੁਕਾਨਾਂ ਉਸੇ ਤਰ੍ਹਾਂ ਪਈਆਂ ਹਨ, ਪਰ ਦੁਕਾਨਦਾਰ ਕੋਈ ਨਹੀਂ; ਬੰਦਾ ਕੋਈ ਨਹੀਂ; ਚਾਰੰਦਾ ਕੋਈ ਨਹੀਂ । ਮਜਦਦ ਅਲਫਸਾਨੀ* ਦੀ ਦਰਗਾਹ ਵਿਚ ਉਜਾੜ ਪਈ ਹੈ। ਸਭ ਪੀਰਾਂ ਤੇ ਔਲੀਯਾਵਾਂ ਦੇ ਮਕਬਰੇ ਵੈਰਾਨ ਪਏ ਹਨ । ਸਰਹੰਦ ਸ਼ਹਿਰ ਦੀ ਐਸੀ ਹਾਲਤ ਦੇਖ ਕੇ ਦੁਰਾਨੀ ਦਾ ਮਨ ਦਹਿਲ ਗਿਆ। ਉਸ ਨੇ ਸਮਝ ਲਿਆ ਕਿ ਜੇਹੜੇ ਮੌਤੋਂ ਐਤਨੇ ਬੇਖੌਫ ਹਨ, ਕਿ ਚੰਗਾ ਭਲਾ ਸਾਨੂੰ ਆਉਂਦਾ ਵੇਖ ਸੁਣ ਕੇ ਫੇਰ ਵੀ ਸ੍ਰੀ ਹਰਿਮੰਦਰ ਜੀ ਨੂੰ ਛਡ ਕੇ ਨਹੀਂ ਗਏ, ਅਤੇ ਇਤਨਾ ਹੌਂਸਲਾ ਕੀਤਾ, ਕਿ ਸਾਡੀ ਤੀਹ ਹਜ਼ਾਰ ਫੌਜ ਉਤੇ ਕੇਵਲ ਤੀਹ ਆਦਮੀ ਸ਼ੇਰਾਂ ਵਾਂਗ ਆਣ ਪਏ, ਉਨ੍ਹਾਂ ਨੂੰ ਸਰ ਕਰ ਸਕਣਾ ਕਿਤਨਾ ਔਖਾ ਹੈ, ਜਿਨ੍ਹਾਂ ਦਾ ਗੁਸਾ ਵੀ ਐਸਾ ਹੈ, ਕਿ ਸਰਹੰਦ ਜਿਹਾ ਸ਼ਾਹੀ ਸ਼ਹਿਰ ਅਜ ਐਸ ਤਰ੍ਹਾਂ ਉਜਾੜਿਆ ਪਿਆ ਹੈ, ਜੀਕੂੰ ਕਿਤੇ ਇਹ ਕਈ ਸੌ ਵਰ੍ਹੇ ਦਾ ਥੇਹ ਹੁੰਦਾ ਹੈ।

ਅਹਿਮਦ ਸ਼ਾਹ ਦੀ ਨੀਤੀ ਖਾਲਸੇ ਨਾਲ ਸਫਾਈ ਕਰਨ ਦੀ ਸੀ। ਉਹ ਰੋਜ਼ ਆਖਦਾ ਕਿ ਇਹ ਕਮਲੇ ਜ਼ਿਮੀਂਦਾਰ ਮੈਥੋਂ ਕਿਉਂ

---

* 'ਜੰਗ ਨਾਮਾ'

Digitized by Panjab Digital Library | www.panjabdigilib.org

ਡਰਦੇ ਫਿਰਦੇ ਹਨ, ਮੈਂ ਇਨ੍ਹਾਂ ਪਾਸੋਂ ਕੁਝ ਨਹੀਂ ਮੰਗਦਾ, ਇਹ ਇਕ ਵਾਰ ਮੇਰੇ ਪਾਸ ਹਾਜ਼ਰ ਤਾਂ ਹੋ ਜਾਣ*। ਇਸ ਮਤਲਬ ਲਈ ਉਸ ਨੇ ਮਹਾਰਾਜਾ ਆਲਾ ਸਿੰਘ ਜੀ ਨੂੰ ਆਪਣੇ ਪਾਸ ਸਦਿਆ ਅਤੇ ਕਿਹਾ, ਮਹਾਰਾਜਾ ਜੀ ਆਪਣਾ ਕੋਈ ਸਰਦਾਰ ਸਿੰਘਾਂ ਪਾਸ ਘਲ ਕੇ ਉਨ੍ਹਾਂ ਨੂੰ ਮੇਰੇ ਪਾਸ ਲੈ ਆਉਣ।

ਮਹਾਰਾਜ ਜੀ ਨੇ ਸਰਦਾਰ ਸਿੰਘ ਗਰੇਵਾਲ ਨੂੰ ਸਿੰਘਾਂ ਪਾਸ ਘਲਿਆ, ਕਿ ਉਨ੍ਹਾਂ ਨੂੰ ਸਮਝਾ ਬੁਝਾ ਕੇ ਸਰਹੰਦ ਲੈ ਆਵੇ, ਪਰ ਉਹ ਸੁਤੰਤਰ ਰੂਹਾਂ ਇਹੋ ਜਹੀਆਂ ਗੱਲਾਂ ਨੂੰ ਕਦ ਮੰਨ ਸਕਦੀਆਂ ਸਨ। ਉਨ੍ਹਾਂ ਕਿਹਾ, ਕਿ ਸਾਡਾ ਤੇ ਤੁਰਕਾਂ ਦਾ ਮੇਲ ਕੀ, ਕਦੀ ਬਰੂਦ ਤੇ ਅੱਗ ਇਕ ਥਾਂ ਰਹਿ ਸਕਦੇ ਹਨ। ਸਾਨੂੰ ਇਲਾਕੇ ਦੇਣ ਵਾਲਾ ਅਹਿਮਦ ਸ਼ਾਹ ਕੌਣ ਹੈ, ਸਾਨੂੰ ਤਾਂ ਸਤਿਗੁਰਾਂ ਨੇ ਪਾਤਸ਼ਾਹੀ ਦਿਤੀ ਹੋਈ ਹੈ†।

ਜਦ ਕਿਸੇ ਤਰ੍ਹਾਂ ਗੱਲ ਬਣਦੀ ਨਾ ਵੇਖੀ, ਤਾਂ ਅਹਿਮਦ ਸ਼ਾਹ ਨੇ ਸਰਹੰਦ ਦੀ ਸੂਬੇਦਾਰੀ ਮਲੇਰੀਆਂ ਨੂੰ ਦੇਣੀ ਚਾਹੀ। ਪਰ ਉਨ੍ਹਾਂ ਨੇ ਕਿਹਾ, ਕਿ ਜੇ ਕਰ ਆਪ ਲਾਹੌਰ ਰਹੇ, ਤਦ ਤਾਂ ਅਸੀਂ ਸੂਬੇਦਾਰੀ ਕਰ ਸਕਾਂਗੇ, ਪਰ ਜੇ ਕਰ ਆਪ ਨੇ ਕੰਧਾਰ ਨੂੰ ਮੁੜ ਜਾਣਾ ਹੈ, ਤਦ ਸਰਹੰਦ ਦੀ ਸੂਬੇਦਾਰੀ ਜਾਨ ਦਾ ਧੋਖਾ ਹੈ।

ਅੰਤ ਸਰਹੰਦ ਦੀ ਸੂਬੇਦਾਰੀ ਦਾ ਫੈਸਲਾ ਮਹਾਰਾਜਾ ਆਲਾ ਸਿੰਘ ਜੀ ਨਾਲ ਹੋ ਗਿਆ। ਅਹਿਮਦ ਸ਼ਾਹ ਨੇ ਮਹਾਰਾਜ ਜੀ ਨੂੰ ਖਿਲਅਤ ਦੇਕੇ ਰਾਜਗੀ ਦਾ ਖਿਤਾਬ ਦਿਤਾ, ਰਾਜਗੀ ਦੀਆਂ ਨਸ਼ਾਨੀਆਂ (ਧੌਂਸਾ ਤੇ ਝੰਡਾ)‡ਦਿਤੀਆਂ, ਤੇ ਸਾਢੇ ਤਿੰਨ ਲੱਖ ਰੁਪਿਆ ਸਾਲਾਨਾ

---

* ਜੰਗ ਨਾਮਾ † ਪੰਥ ਪ੍ਰਕਾਸ਼।

‡ ਤਵਾਰੀਖ ਪਟਿਆਲਾ ਵਿਚ ਕੇਵਲ ਰਾਜਗੀ ਦਾ ਹੀ ਜ਼ਿਕਰ ਹੈ, ਤੇ ਰਾਜਗੀ ਦੀਆਂ ਨਸ਼ਾਨੀਆਂ ਦਾ ਜ਼ਿਕਰ [illegible] ਸਿੰਘ ਜੀ ਦੇ ਵੇਲੇ ਕੀਤਾ ਹੈ। ਪਰ ਜੰਗਨਾਮੇ ਦਾ ਕਰਤਾ, ਜੋ ਉਸ ਸਮੇਂ ਅਹਿਮਦ ਸ਼ਾਹ ਦੇ ਨਾਲ ਸੀ, ਇਸ ਤਰ੍ਹਾਂ ਲਿਖਦਾ ਹੈ—

ਮਰ ਖਸ ਨਮੂਦਸ਼ ਬਾ ਜ਼ੋਰ ਵਾ ਕਰਮ।
ਬਾ ਬਖਸ਼ੀਸ਼ ਅਜ਼ ਲੁਤਫ ਤਬਲ ਵਾ ਇਲਮ।

Digitized by Panjab Digital Library | www.panjabdigilib.org

ਲਈ ਸਰਹੰਦ ਦਾ ਸਾਰਾ ਇਲਾਕਾ ਦੇ ਦਿਤਾ। ਮਹਾਰਾਜਾ ਜੀ ਨੇ ਦੋ ਲੱਖ ਅੱਸੀ ਹਜ਼ਾਰ ਰੁਪਿਆ ਤਾਂ ਉਸ ਵੇਲੇ ਤਾਰ ਦਿਤਾ, ਅਤੇ ਰਹਿੰਦਾ ਸਤਰ ਹਜ਼ਾਰ ਰੁਪਿਆ ਪਿਛੋਂ ਹੁੰਡੀਆਂ ਦੀ ਰਾਹੀਂ ਘਲ ਦਿਤਾ।

ਅਹਿਮਦ ਸ਼ਾਹ ਨੂੰ ਸਿੰਘ ਤਾਂ ਨਹੀਂ ਲਭੇ ਸਨ, ਪਰ ਅਹਿਮਦ ਸ਼ਾਹ ਦੀ ਫੌਜ ਨੇ ਗਊਆਂ, ਮਹੀਆਂ, ਘੋੜੇ, ਖਚਰਾਂ, ਮਰਦ ਤ੍ਰੀਮਤਾਂ, ਤੇ ਮੁੰਡੇ ਕੁੜੀਆਂ ਲਖਾਂ ਦੀ ਗਿਣਤੀ ਵਿਚ ਪਿੰਡਾਂ ਵਿਚੋਂ ਸਨੇ† । ਹੁਣ ਜਦ ਲਾਹੌਰ ਨੂੰ ਮੁੜ ਜਾਣ ਦੀ ਤਿਆਰੀ ਹੋਈ, ਤਾਂ ਅਹਿਮਦ ਸ਼ਾਹ ਨੇ ਸੱਤਰ ਹਜ਼ਾਰ ਦੀ ਟੁਟਦੀ ਰਕਮ ਵੇਖਕੇ ਮਹਾਰਾਜਾ ਆਲਾ ਸਿੰਘ ਜੀ ਨੂੰ ਵੀ ਆਪਣੇ ਨਾਲ ਲੈ ਲਿਆ, ਇਹ ਵਿਚਾਰ ਕੇ ਕਿ ਉਂਞ ਤਾਂ ਸ਼ਾਇਦ ਇਹ ਰਕਮ ਵਸੂਲ ਨਾ ਹੀ ਹੋਵੇ, ਪਰ ਇਸ ਤਰ੍ਹਾਂ ਤਾਂ ਛੇਤੀ ਹੀ ਵਸੂਲ ਹੋ ਜਾਵੇਗੀ।

ਉਧਰ ਸਿੰਘਾਂ ਨੇ ਭੀ ਗੁਰਮਤਾ ਕਰ ਲਿਆ, ਕਿ ਅਬਦਾਲੀ ਰੋਜ਼ ਰੋਜ਼ ਆ ਕੇ ਤੰਗ ਕਰਦਾ ਹੈ, ਐਤਕੀ ਇਸ ਨਾਲ ਦੋ ਹਥ ਕਰਕੇ ਵੇਖ ਲਵੋ। ਸੋ ਟਾਕਰੇ ਦੀ ਸਲਾਹ ਪੱਕੀ ਕਰਕੇ ਤਲਵਣ ਤੋਂ ਫਲੋਰ ਦੇ ਪੱਤਣ ਰੋਕ ਲਏ, ਅਤੇ ਅਹਿਮਦ ਸ਼ਾਹ ਦੀ ਉਡੀਕ ਕਰਨ ਲਗੇ।

ਅਹਿਮਦ ਸ਼ਾਹ ਸਭ ਕੁਝ ਜਾਣਦਾ ਸੀ । ਉਹ ਸ਼ਾਹੀ ਸੜਕ ਨੂੰ ਛਡ ਕੇ ਰੋਪੜੋਂ ਸਤਲੁਜ ਪਾਰ ਹੋ ਗਿਆ, ਅਤੇ ਸਿੰਘਾਂ ਦੇ ਆਉਣ ਤੋਂ ਪਹਿਲਾਂ ੨ ਸਭ ਵਹੀਰ ਨੂੰ ਪਾਰ ਲੰਘਾ ਲਿਆ । ਅਗਲੇਦਿਨ ਥੋੜੀ ਦੂਰ ਹੀ ਗਿਆ ਸੀ ਕਿ ਖਾਲਸਾ ਜੀ ਦੀ ਸੈਨਾ ਨੇ ਰਾਹ ਰੋਕ ਲਿਆ, ਅਤੇ ਅਹਿਮਦ ਸ਼ਾਹ ਨੂੰ ਲੜਾਈ ਲਈ ਵੰਗਾਰਿਆ।

ਅਹਿਮਦ ਸ਼ਾਹ ਨੇ ਉਥੇ ਹੀ ਡੇਰਾ ਕਰ ਦਿਤਾ, ਅਤੇ ਸਾਰੀ ਫੌਜ ਤਿਆਰ ਕਰਕੇ ਸਭ ਨੂੰ ਤਾਕੀਦ ਕਰ ਦਿਤਾ, ਕਿ ਲੜਾਈ ਵੇਲੇ ਕਦਾਚਿਤ ਆਪਣੇ ਪੈਂਤੜੇ ਤੋਂ ਅਗੇ ਨਹੀਂ ਵਧਣਾ। ਇਹ ਗਲ ਉਸ ਨੇ ਐਸੀ ਜ਼ਰੂਰੀ ਸਮਝੀ ਕਿ ਜਦ ਫੌਜ ਲੜਾਈ ਲਈ ਤਿਆਰ ਹੋ ਗਈ,

---

† ਜੰਗ ਨਾਮਾ।

Digitized by Panjab Digital Library | www.panjabdigilib.org

ਤਾਂ ਅਡੋ ਅਡ ਹਰ ਇਕ ਸਰਦਾਰ ਪਾਸ ਆਪ ਜਾਕੇ ਇਸ ਗਲ ਦੀ ਪੱਕੀ ਕੀਤੀ, ਕਿ ਜੇ ਕਰ ਸਿੰਘਾਂ ਨੂੰ ਨਸਦੇ ਵੇਖੋ, ਤਾਂ ਕਦਾਚਿਤ ਉਨ੍ਹਾਂ ਦੇ ਮਗਰ ਨਹੀਂ ਪੈਣਾਂ, ਅਤੇ ਆਪਣਾ ਪੈਂਤੜਾ ਕਦੇ ਨਾ ਛੱਡਣਾ ।

ਲੜਾਈ ਸ਼ੁਰੂ ਹੋ ਪਈ । ਅਤੇ ਜਿਊਂ ਸ਼ੁਰੂ ਹੋਈ, ਸੰਝ ਤੀਕ ਉਸੇ ਤਰ੍ਹਾਂ ਹੁੰਦੀ ਰਹੀ । ਕਦੀ ਤਾਂ ਸਿੰਘ ਸਜੇ ਪਾਸੇ ਨੂੰ ਧੱਕ ਕੇ ਲੈ ਜਾਂਦੇ, ਅਤੇ ਫ਼ੇਰ ਏਕਾ ਏਕ ਪਿਛੇ ਹਟ ਜਾਂਦੇ, ਫੇਰ ਖਬੇ ਪਾਸੇ ਨੂੰ ਧੱਕ ਲੈ ਜਾਂਦੇ, ਅਤੇ ਫੇਰ ਪਿਛੇ ਹੱਟ ਜਾਂਦੇ । ਇਸ ਤਰ੍ਹਾਂ ਸਾਰਾ ਦਿਨ ਖਾਲਸਾ ਜੀ ਨੇ ਅਬਦਾਲੀ ਨੂੰ ਉਸੇ ਥਾਂ ਰੋਕੀ ਰਖਿਆ ।

ਸੰਝ ਹੋਈ, ਤਾਂ ਸਿੰਘ ਲਾਂਭੇ ਚਾਂਭੇ ਪਿੰਡ ਗਏ । ਦਿਨ ਚੜ੍ਹੇ ਦੁਰਾਨੀ ਅਜੇ ਥੋੜੀ ਦੂਰ ਹੀ ਗਿਆ ਸੀ, ਕਿ ਸਿੰਘ ਫੇਰ ਆ ਪਏ, ਅਤੇ ਸੰਝ ਤੀਕ ਅਬਦਾਲੀ ਨੂੰ ਉਸੇ ਥਾਂ ਰੋਕ ਛਡਿਆ । ਅਗਲੇ ਦਿਨ ਫੇਰ ਏਹੋ ਹਾਲ ਹੋਇਆ, ਅਤੇ ਖਾਲਸਾ ਜੀ ਨੇ ਸਾਰਾ ਦਿਨ ਅਬਦਾਲੀ ਨੂੰ ਅਗੋਂ ਪਿਛੋਂ ਘਰ ਰਖਿਆ ਅਬਦਾਲੀ ਦੀ ਜਿਤਨੀ ਫੌਜ ਸੀ, ਉਸ ਤੋਂ ਕਈ ਗੁਣਾਂ ਵਧੀਕ ਉਸ ਦਾ ਵਹੀਰ ਸੀ । ਇਸ ਵਹੀਰ ਨੂੰ ਅਹਿਮਦ ਸ਼ਾਹ ਨੇ ਵਿਚਕਾਰ ਰਖਿਆ ਸੀ, ਅਤੇ ਚੌਹੀਂ ਲਾਂਭੀ ਫ਼ੌਜ ਲਾ ਕੇ ਹੌਲੀ ਹੌਲੀ ਲੜਦਾ ਭਿੜਦਾ ਅਗੇ ਨੂੰ ਵਧਣ ਲਗਾ । ਖਾਲਸਾ ਜੀ ਦਾ ਰੋਜ਼ ਏਹੋ ਹਾਲ ਸੀ, ਕਿ ਦਿਨ ਚੜ੍ਹੇ ਦੁਰਾਨੀ ਦੇ ਗਲ ਆ ਪੈਂਦੇ, ਅਤੇ ਸੰਝ ਤਕ ਅਗੋਂ ਪਿਛੋਂ ਹੋ ਕੇ ਉਸ ਨਾਲ ਲੜਾਈ ਕਰਦੇ ਰਹਿੰਦੇ ।

ਸਤ ਦਿਨ ਇਹੋ ਹਾਲ ਰਿਹਾ । ਅਤੇ ਸਤਵੇਂ **ਦਿਨ** ਸ਼ੁਕਰ ਸ਼ੁਕਰ ਕਰਕੇ ਅਹਿਮਦ ਸ਼ਾਹ ਬਿਆਸ ਕੰਢੇ ਪੁਜਾ । ਜਦ ਦੁਰਾਨੀ ਦਰਿਆ ਲੰਘ ਗਿਆ, ਤਾਂ ਸਿੰਘਾਂ ਨੇ ਉਸ ਦਾ ਖਿਆਲ ਛਡ ਦਿਤਾ । ਅਬਦਾਲੀ ਨੇ ਸੌ ਸੌ ਸ਼ੁਕਰ ਕੀਤਾ, ਅਤੇ ਲਾਹੋਰ ਪੁਜ ਕੇ ਇਕ ਦਿਨ ਭੀ ਅਰਾਮ ਨਾ ਕੀਤਾ, ਬਲਕਿ ਉਸੇ ਦਿਨ ਰਾਵੀ ਨੂੰ ਲੰਘ ਕੇ ਝਨਾਂ ਦਰਯਾ ਕੰਢੇ ਦਮ ਲਿਆ । ਕਰਤਾਰ ਦੀ ਕੁਦਰਤ ਐਸੀ ਹੋਈ ਕਿ ਸਾਰਾ ਲਸ਼ਕਰ ਤੇ ਵਹੀਰ ਝਨਾਂ ਦੇ ਛੇ ਨਾਲ ਤਾਂ ਸੁਖਾਲੇ ਲੰਘ ਗਏ, ਪਰ ਬਾਕੀ ਜੋ ਦੋ ਨਾਲੇ

Digitized by Panjab Digital Library | www.panjabdigilib.org

ਰਹਿੰਦੇ ਸਨ, ਉਨ੍ਹਾਂ ਵਿਚ ਪਾਣੀ ਡੂੰਘਾ ਸੀ, ਤੇ ਜ਼ੋਰ ਨਾਲ ਚਲਦਾ ਸੀ, ਸੋ ਉਥੇ ਆ ਕੇ ਪਸ਼ੂ ਤੇ ਬੰਦੇ ਰੁੜਨ ਲਗ ਪਏ, ਅਤੇ ਥੋੜੇ ਚਿਰ ਵਿਚ ਹੀ ਬੇਅੰਤ ਜਾਨਾਂ ਦਾ ਨੁਕਸਾਨ ਹੋ ਗਿਆ। ਨੂਰ ਮੁਹੰਮਦ ਆਪਣੇ ਜੰਗ ਨਾਮੇ ਵਿਚ ਲਿਖਦਾ ਹੈ, ਕਿ ਇਤਨਾਂ ਨੁਕਸਾਨ ਸਿੰਘਾਂ ਨੇ ਭੀ ਨਹੀਂ ਕੀਤਾ, ਜਿਤਨਾ ਕਿ ਝਨਾਂ ਦਰਯਾ ਲੰਘਣ ਲਗਿਆਂ ਹੋ ਗਿਆ।

ਅਹਿਮਦ ਸ਼ਾਹ ਅਬਦਾਲੀ ਇਹ ਸਮਝਦਾ ਸੀ, ਕਿ ਮਹਾਰਾਜ ਜੀ ਨੂੰ ਆਪਣੇ ਨਾਲ ਲੈ ਜਾਣ ਨਾਲ ਸੱਤਰ ਹਜ਼ਾਰ ਰੁਪਿਆ ਛੇਤੀ ਵਸੂਲ ਹੋ ਜਾਏਗਾ। ਪਰ ਜਦ ਉਹ ਲਾਹੌਰ ਪੁਜਾ, ਤਾਂ ਮਹਾਰਾਜ ਜੀ ਵਲੋਂ ਉਸ ਨੂੰ ਨਿਸਚਾ ਹੋ ਗਿਆ, ਕਿ ਰਕਮ ਪਿਛੋਂ ਪੁਜ ਜਾਵੇਗੀ। ਇਸ ਲਈ ਉਸ ਨੇ ਮਹਾਰਾਜ ਜੀ ਨੂੰ ਤਾਂ ਲਾਹੌਰੋਂ ਹੀ ਪਿਛੇ ਮੋੜ ਦਿਤਾ, ਪਰ ਮਹਾਰਾਜ ਜੀ ਦੇ ਵਕੀਲ ਕੰਧਾਰੀ ਮਲ ਨੂੰ ਆਪਣੇ ਨਾਲ ਲੈ ਗਿਆ; ਜਿਸ ਨੂੰ ਅਟਕ ਕੰਢੇ ਪੁਜ ਕੇ ਛਡ ਦਿਤਾ।

ਜਦ ਮਹਾਰਾਜ ਜੀ ਅਬਦਾਲੀ ਦੇ ਨਾਲ ਦਵਾਬੇ ਵਿਚ ਗਏ ਸਨ, ਤਾਂ ਬੀਬੀ ਰਾਜਿੰਦਰ ਕੌਰ ਜੀ ਨੇ ਫਗਵਾੜਿਉਂ ਸੁਨੇਹਾ ਘਲਵਾਇਆ ਸੀ, ਕਿ ਸੱਤਰ ਹਜ਼ਾਰ ਰੁਪਿਆ ਅਸੀਂ ਘਲਵਾ ਦੇਂਦੇ ਹਾਂ। ਪਰ ਮਹਾ-ਰਾਜ ਜੀ ਨੇ ਇਹ ਕਹਿ ਨਾਂਹ ਕਰ ਦਿਤੀ ਸੀ, ਕਿ ਬੀਬੀਆਂ ਪਾਸੋਂ ਸਹਾਇਤਾ ਲੈਣੀ ਸਾਊਆਂ ਦਾ ਕੰਮ ਨਹੀਂ। ਸੋ ਮਹਾਰਾਜ ਜੀ ਜਦ ਪਟਿਆਲੇ ਆਏ ਤਾਂ ਆਪਣੇ ਬਚਨ ਅਨੁਸਾਰ ਸੱਤਰ ਹਜ਼ਾਰ ਰੁਪੈ ਦਾ ਪ੍ਰਬੰਧ ਕਰ ਕੇ ਹੁੰਡੀਆਂ ਦਵਾਰਾ ਇਹ ਰਕਮ ਕੰਧਾਰ ਅਪੜਾ ਦਿਤੀ।

ਅਬਦਾਲੀ ਵਲੋਂ ਪਿੱਛਾ ਛੁਡਾਇਆ ਸੀ, ਕਿ ਸਿੰਘ ਦਾ 'ਦਲ' ਮਹਾਰਾਜ ਜੀ ਵਲ ਉਲਰ ਪਿਆ। ਸਿੰਘਾਂ ਨੂੰ ਮਹਾਰਾਜ ਜੀ ਉਤੇ ਰੋਸ ਸੀ, ਕਿ ਆਪ ਨੇ ਅਬਦਾਲੀ ਸਾਹਮਣੇ ਸਿਰ ਨੀਵਾ ਕਿਉਂ ਕੀਤਾ, ਅਤੇ ਉਸ ਪਾਸੋਂ ਖਤਾਬ ਕਿਉਂ ਲਿਆ। ਜਦ ਬੰਦਾ ਬਹਾਦਰ ਦੇ ਸਮੇਂ ਲਾਹੌਰ ਦੇ ਸੂਬੇ ਮੁਹੰਮਦ ਅਸਲਮ ਖਾਂ ਨੇ ਸਿੰਘਾਂ ਪਾਸ ਬਹੁਤ ਸਾਰਾ ਰੁਪਿਆ ਤੇ ਨਵਾਬੀ ਦਾ ਖਤਾਬ ਘਲਿਆ ਸੀ, ਤਾਂ ਇਸ ਖਤਾਬ ਨੂੰ

Digitized by Panjab Digital Library | www.panjabdigilib.org

ਕਿਸੇ ਸਿੰਘ ਨੇ ਕਬੂਲ ਨਹੀਂ ਕੀਤਾ ਸੀ, ਅਤੇ ਕਪੂਰ ਸਿੰਘ, ਜੋ ਇਸ ਸਮੇਂ ਸੰਗਤਾਂ ਨੂੰ ਪੱਖਾ ਝੱਲ ਰਿਹਾ ਸੀ, ਖਾਲਸਾ ਜੀ ਨੇ ਬਦੋ ਬਦੀ ਉਸ ਨੂੰ ਨਵਾਬੀ ਦਾ ਖਤਾਬ ਦਿਤਾ ਸੀ। ਸੋ ਹੁਣ ਜਦ ਅਹਿਮਦ ਸ਼ਾਹ ਕੰਧਾਰ ਨੂੰ ਮੁੜ ਗਿਆ ਤਾਂ ਆਪੋ ਆਪਣਿਆਂ ਇਲਾਕਿਆਂ ਦੀ ਸੁਰਤ ਲੈ ਕੇ ਸਾਰਾ 'ਦਲ' ਇਕ ਥਾਂ ਇਕੱਠਾ ਹੋ ਗਿਆ, ਅਤੇ ਮਹਾਰਾਜ ਆਲਾ ਸਿੰਘ ਜੀ ਨਾਲ ਲੜਾਈ ਕਰਨ ਲਈ ਪਟਿਆਲੇ ਵਲ ਵਧਿਆ। ਇਸ ਸਮੇਂ ਇਸ ਦਲ ਦਾ ਮੋਹਰੀ ਸਰਦਾਰ ਹਰੀ ਸਿੰਘ ਭੰਗੀ ਸੀ।

ਮਹਾਰਾਜ ਜੀ ਨੇ ਆਪਣੀ ਫੌਜ ਸਿੰਘਾਂ ਦੇ ਟਾਕਰੇ ਲਈ ਘੱਲ ਦਿਤੀ, ਅਤੇ ਆਪਣੇ ਵਕੀਲ ਵੀ "ਦਲ" ਵਲ ਘੱਲ ਦਿਤੇ, ਕਿ ਇਸ ਅਵੱਗਯਾ ਬਦਲੇ ਤਨਖਾਹ ਲਾ ਕੇ ਇਸ ਝਗੜੇ ਨੂੰ ਸੰਤੋਖ ਦਿਤਾ ਜਾਵੇ। ਦੋਹਾਂ ਫੌਜਾਂ ਦਾ ਲੰਗ ਚਲਾਇਲੇ* ਪਾਸ ਟਾਕਰਾ ਹੋਇਆ, ਅਤੇ ਸੰਜੋਗ ਐਸਾ ਹੋਇਆ, ਕਿ ਸ਼ੁਰੂ ਵਿਚ ਹੀ ਗੋਲੀ ਲਗਣ ਕਰਕੇ ਸਰਦਾਰ ਹਰੀ ਸਿੰਘ ਭੰਗੀ ਗੁਜਰ ਗਿਆ। ਸਰਦਾਰ ਜੱਸਾ ਸਿੰਘ ਜੀ ਹਥੋਂ ਕੰਵਰ ਸਿੰਘ ਜੀ ਨੇ ਅੰਮ੍ਰਿਤ ਛਕਿਆ ਹੋਇਆ ਸੀ, ਇਸ ਲਈ ਸਰਦਾਰ ਜੱਸਾ ਸਿੰਘ ਜੀ ਨੇ "ਪੰਥ" ਨੂੰ ਸਮਝਾਇਆ ਕਿ ਖਾਲਸਾ ਜੀ ਆਪੋ ਵਿਚ ਕਿਉਂ ਲੜਦੇ ਹੋ, ਜਮਨਾ ਲੰਘ ਕੇ ਬਗਾਨਿਆਂ ਨਾਲ ਲੜੋ, ਜਿਥੋਂ ਕੁਝ ਲਾਭ ਭੀ ਹੋਵੇ। ਸਾਰੇ ਪੰਥ ਨੇ ਸਲਾਹ ਮੰਨ ਲਈ, ਅਤੇ ਮਹਾਰਾਜ ਆਲਾ ਸਿੰਘ ਜੀ ਨੂੰ ਤਨਖਾਹ ਲਾ ਕੇ "ਦਲ" ਦਾ ਬਹੁਤ ਹਿੱਸਾ ਜਮਨਾ ਪਾਰ ਗੰਗਾ ਦੁਵਾਬ ਵਲ ਚਲ ਗਿਆ।

ਮਹਾਰਾਜ ਆਲਾ ਸਿੰਘ ਜੀ ਦਾ ਕਦੇ ਭੀ ਇਹ ਮਨਸ਼ਾ ਨਹੀਂ ਸੀ, ਕਿ ਖਾਲਸਾ ਪੰਥ ਨਾਲ ਵਿਗਾੜੀ ਜਾਵੇ। ਆਪ "ਪੰਥ ਦੀਆਂ ਕਮਾਈਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਸਮਝਦੇ ਸਨ ਕਿ ਦਿਲੀ ਯਾ ਕੰਧਾਰ ਦੀਆਂ ਹਕੂਮਤ ਦਾ ਭਾਰ ਕੇਵਲ "ਪੰਥ" ਦੇ ਤੁਫੈਲ ਹੀ ਸਾਡੇ ਸਿਰਾਂ ਤੋਂ ਚੁਕਿਆ ਹੋਇਆ ਹੈ। ਜਦ ਅਹਿਮਦ ਸ਼ਾਹ ਨੇ ਆਪ

* "ਤਵਾਰੀਖ ਪੰਜਾਬ' ਕਿਰਤ ਬੂਟੇ ਸ਼ਾਹ।

Digitized by Panjab Digital Library | www.panjabdigilib.org

ਨੂੰ ਸਰਹਦ ਦੀ ਸੂਬੇਦਾਰੀ ਦਿਤੀ ਸੀ, ਤਾਂ ਦੋਵੇਂ ਧਿਰਾਂ ਆਪੋ ਆਪਣੇ ਮਨਾਂ ਵਿਚ ਸਮਝਦੀਆਂ ਸਨ ਕਿ ਇਸ ਸੂਬੇਦਾਰੀ ਦੇਣ ਦਾ ਕੀ ਭਾਵ ਹੈ। ਅਹਿਮਦ ਸ਼ਾਹ ਰੁਪਿਆ ਲੈਣਾ ਚਾਹੁੰਦਾ ਸੀ, ਅਤੇ ਮਹਾਰਾਜ ਜੀ ਇਸ ਬਲਾਂ ਨੂੰ ਟਾਲਣਾਂ ਚਾਹੁੰਦੇ ਸਨ, ਨਹੀਂ ਤਾਂ ਮਹਾਰਾਜ ਜੀ ਭੀ ਜਾਣਦੇ ਸਨ, ਅਤੇ ਅਹਿਮਦ ਸ਼ਾਹ ਭੀ ਜਾਣਦਾ ਸੀ, ਕਿ ਮੇਰੇ ਪਿਠ ਮੋੜਨ ਦੀ ਢਿਲ ਹੈ ਕਿ ਸਿੰਘਾਂ ਨੇ ਸੱਜਿਓਂ ਖੱਬਿਓਂ ਨਿਕਲ ਆਉਣਾ ਹੈ, ਅਤੇ ਆਪਣੇ ਮਲੇ ਹੋਏ ਇਲਾਕਿਆਂ ਉਤੇ ਪਹਿਲਾਂ ਵਾਂਗ ਹੀ ਕਬਜ਼ਾ ਕਰ ਲੈਣਾ ਹੈ।

ਸੋ ਠੀਕ ਇਸੇ ਤਰ੍ਹਾਂ ਹੋਈ। ਮਹਾਰਾਜ ਜੀ ਨੇ ਸਤਲੁਜ ਤੇ ਜਮਨਾਂ ਵਿਚਕਾਰ ਬੂੜੀਏ, ਸ਼ਾਹਬਾਦ, ਸਢੌਰੇ ਤੇ ਰੋਪੜ ਆਦਿ ਥਾਈਂ ਥਾਣੇ ਬਣਾ ਦਿਤੇ ਸਨ। ਪਰ ਜਿਉਂ ਜਿਉਂ ਸਿੰਘ ਆਉਂਦੇ ਗਏ, ਆਪ ਆਪਣੇ ਥਾਣੇ ਉਥੋਂ ਹਟਾਉਂਦੇ ਗਏ, ਅਤੇ ਬਿਨਾਂ ਕਿਸੇ ਲੜਾਈ ਦੇ ਸਿੰਘਾਂ ਦਾ ਇਲਾਕਾ ਸਿੰਘਾਂ ਨੂੰ ਹੀ ਸੌਂਪ ਦਿਤਾ। ਭਾਵੇਂ ਮਹਾਰਾਜ ਜੀ ਦੀ ਸਲਾਹ ਕਦੀ ਇਹ ਨਹੀਂ ਸੀ, ਕਿ ਸਿੰਘਾਂ ਨਾਲ ਵਿਗਾੜੀ ਜਾਵੇ, ਪਰ ਇਸ ਸਮੇਂ ਮਾਈ ਫਤੋ ਜੀ ਵਸ਼ੇਸ਼ ਕਰ ਕੇ ਜ਼ਿਦ ਕਰਦੇ ਸਨ, ਕਿ ਸਿੰਘਾਂ ਦੇ ਮੱਲੇ ਹੋਏ ਇਲਾਕੇ ਨੂੰ ਨਾ ਛੇੜਿਆ ਜਾਵੇ, ਅਤੇ ਉਨ੍ਹਾਂ ਦਾ ਇਲਾਕਾ ਉਨ੍ਹਾਂ ਨੂੰ ਹੀ ਦੇ ਦਿਤਾ ਜਾਵੇ।

ਇਸ ਸਮੇਂ ਮਹਾਰਾਜ ਜੀ ਦੀ ਅਵਸਥਾ ੭੪ ਸਾਲ ਦੀ ਸੀ। ਲੰਗ ਚਲਾਇਲੇ ਦੀ ਲੜਾਈ ਨੂੰ ਬਹੁਤਾ ਚਿਰ ਨਹੀਂ ਹੋਇਆ ਸੀ, ਕਿ ਆਪ ਨੂੰ ਤਾਪ ਆਉਣ ਲਗ ਪਿਆ, ਅਤੇ ਆਪ ਥੋੜਾ ਚਿਰ ਬੀਮਾਰ ਰਹਿ ਕੇ* ੨੭ ਸਾਵਣ ੧੮੨੨ ਬਿ: ਨੂੰ ਬੁਧਵਾਰ ਦੇ ਦਿਨ ਸਵਰਗ ਵਾਸ ਹੋ ਗਏ।

---

*ਭਾਦੋਂ ਵਦੀ ੬ ਸੰਮਤ ੧੮੨੨ ਬਿ:।

੭ ਅਗਸਤ ਸੰਮਤ ੧੭੬੫ ਈ:।

੧੯ ਸਫਰ ੧੧੭੯ ਹਿ:।

Digitized by Panjab Digital Library | www.panjabdigilib.org

ਇਸ ਤਰ੍ਹਾਂ ਪਟਿਆਲਾ ਰਾਜ ਦੀ ਨੀਂਹ ਰਖ ਕੇ ੭੪ ਸਾਲ ਦੀ ਉਮਰ ਵਿਚ ਮਹਾਰਾਜਾ ਆਲਾ ਸਿੰਘ ਜੀ ਸੁਵਰਗਵਾਸ ਹੋ ਗਏ। ਆਪ ਆਪਣੇ ਸਮੇਂ ਦੇ ਚੋਣਵੇਂ ਬੁਧਿਵਾਨਾਂ ਵਿਚੋਂ ਸਨ। ਅਤੇ ਇਹ ਆਪ ਦੀ ਹੀ ਬੁਧੀ ਦਾ ਚਮਤਕਾਰ ਸੀ ਕਿ ਕਿ ਕਿਸੇ ਸ਼ਾਹੀ ਫੌਜ ਨਾਲ ਟਾਕਰਾ ਕਰਨ ਤੋਂ ਬਿਨਾਂ ਹੀ ਆਪ ਰਾਜ ਭਾਗ ਦੇ ਮਾਲਕ ਬਣ ਗਏ ਸਨ। ਸਮੇਂ ਦੀ ਨਾੜੀ ਨੂੰ ਆਪ ਚੰਗੀ ਤਰ੍ਹਾਂ ਪਰਖਣ ਵਾਲੇ ਸਨ। ਆਪ ਦੇ ਸਮੇਂ ਵਿਚ ਅਨੇਕਾਂ ਲਹਾਉ ਚੜ੍ਹਾਉ ਹੋਏ, ਅਨੇਕਾਂ ਖਾਨਦਾਨ ਡੁਬੇ, ਪਰ ਆਪ ਹਰ ਇਕ ਅਦਲਾ ਬਦਲੀ ਤੋਂ ਲਾਭ ਉਠਾਉਂਦੇ ਰਹੇ, ਅਤੇ ਇਸ ਤਰ੍ਹਾਂ ਹੋਲੀ ਹੋਲੀ ਉਨਤੀ ਕੀਤੀ, ਕਿ ਆਂਢੀ ਗੁਆਂਢੀ ਵੀ ਇਸ ਉਨਤੀ ਨੂੰ ਅਨੁਭਵ ਨਾ ਕਰ ਸਕੇ।

ਆਪ ਦੀ ਦੂਰ ਅੰਦੇਸ਼ੀ ਦੀ ਇਕ ਛੋਟੀ ਜੇਹੀ ਗੱਲ ਹੈ, ਕਿ ਆਪ ਨੇ ਕਿਸੇ ਤਾਕਤ ਨਾਲ ਕਦੇ ਨਾ ਵਿਗਾੜੀ। ਦਿੱਲੀ ਵਾਲਿਆਂ ਨੂੰ ਆਪ ਪਾਤਸ਼ਾਹ ਹੀ ਮੰਨਦੇ ਰਹੇ। ਅਬਦਾਲੀ ਤੇ ਮਰਹੱਟਿਆਂ ਨੂੰ ਵੀ ਆਪ ਨੇ ਹਾਕਮ ਹੀ ਮੰਨਿਆ, ਅਤੇ ਇਨ੍ਹਾਂ ਦੇ ਉਲਟ ਕਦੇ ਤਲਵਾਰ ਨਾ ਚੁਕੀ। ਖਾਲਸਾ 'ਦਲ' ਦੇ ਆਪ ਸਦਾ ਹੀ ਸਨੇਹੀ ਰਹੇ, ਅਤੇ ਆਪਣੀ ਅਕਲ ਨਾਲ ਖਾਲਸਾ ਜੀ ਪਾਸੋਂ ਵਡੇ ਵਡੇ ਕੰਮ ਲਏ। ਇਹ ਆਪਦੀ ਹੀ ਚਤੁਰਾਈ ਸੀ, ਕਿ ਆਪੋ ਵਿਚ ਅੱਗ ਬਰੂਦ ਵਾਲਾ ਵੈਰ ਰਖਣ ਵਾਲਿਆਂ ਦੋਹਾਂ ਧਿਰਾਂ ਨਾਲ ਆਪ ਦਾ ਪੂਰਾ ਪੂਰਾ ਰਸੂਖ ਰਿਹਾ; ਸਿੰਘਾਂ ਨਾਲ ਆਪ ਦਾ ਪਿਆਰ ਸੀ, ਤੇ ਹਾਕਮਾਂ ਨਾਲ ਆਪ ਦੀ ਮੈਤ੍ਰੀ ਸੀ॥

ਦੇਸ ਰੋਕਣ ਵਿਚ ਫੂਲਕਿਆਂ ਤੇ ਭਾਈਕਿਆਂ ਦੀ ਇਕ ਸਲਾਹ ਰਹੀ ਹੈ, ਅਤੇ ਇਸ ਜਥੇ ਦੇ ਮੋਹਰੀ ਮਹਾਰਾਜਾ ਆਲਾ ਸਿੰਘ ਜੀ ਰਹੇ ਹਨ। ਭਾਈਕੇ ਤਾਂ ਮੂਲੋਂ ਹੀ ਮਹਾਰਾਜ ਜੀ ਦੇ ਨਾਲ ਰਹੇ ਹਨ, ਅਤੇ ਜਿਉਂ ਜਿਉਂ ਮਹਾਰਾਜ ਜੀ ਸਰਹੰਦ ਵਲ ਵਧਦੇ ਆਏ ਹਨ, ਤਿਉਂ ੨ ਹੀ ਭਾਈਕੇ ਵੀ ਵਧਦੇ ਆਏ ਹਨ। ਸਨੌਰ ਉਤੇ ਮਹਾਰਾਜਾ ਜੀ ਦਾ ਕਬਜ਼ਾ ਹੋ ਗਿਆ, ਅਤੇ ਸਨੌਰ ਦੇ ਸਜੇ ਖਬੇ ਸਿਧੂਵਾਲ ਤੇ ਅਰਨੌਲਾ,

Digitized by Panjab Digital Library | www.panjabdigilib.org

ਉਤੇ ਭਾਈਕਿਆਂ ਦਾ ਚੌਧਰੀਕਿਆਂ ਨੇ ਵੀ ਸ਼ਾਹੀ ਹਾਕਮਾਂ ਨਾਲ ਕਦੇ ਨਾ ਵਗਾੜੀ, ਅਤੇ ਇਹ ਵੀ ਮਹਾਰਾਜਾ ਆਲਾ ਸਿੰਘ ਜੀ ਦੇ ਪਿਛੇ ਪਿਛੇ ਹੀ ਵਧਦੇ ਆਏ, ਅਤੇ ਸਨੌਰ ਰੋਕੇ ਜਾਣ ਤੋਂ ਮਗਰੋਂ ਨਾਭੇ ਗਿਰਦੇ ਦਾ ਦੇਸ ਇਨ੍ਹਾਂ ਨੇ ਰੋਕ ਲਿਆ। ਰਾਜਾ ਗਜਪਤਿ ਸਿੰਘ ਜੀ ਭਰਾਵਾਂ ਨਾਲੋਂ ਖਾਲਸਾ 'ਦਲ' ਦੇ ਵਧੀਕ ਅਨੁਸਾਰੀ ਰਹੇ, ਅਤੇ ਆਪ ਪਿਛਲੇ ਦਿਨਾਂ ਵਿਚ ਖਾਲਸਾ 'ਦਲ' ਦੀਆਂ ਮੁਹਿੰਮਾਂ ਵਿਚ ਵੀ ਹਿਸਾ ਲੈਂਦੇ ਰਹੇ, ਹਾਲਾਂ ਕਿ ਫੂਲਕਿਆਂ ਤੇ ਭਾਈਕਿਆਂ ਵਿਚ ਹੋਰ ਕਿਸੇ ਨੇ ਖਾਲਸਾ 'ਦਲ' ਦੀ ਕਿਸੇ ਮੁਹਿੰਮ ਵਿਚ ਸਾਂਝੀਵਾਲ ਹੋਣਾ ਚੰਗਾ ਨਾ ਸਮਝਿਆ। ਅਤੇ ਮਹਾ-ਰਾਜਾ ਆਲਾ ਸਿੰਘ ਜੀ ਤਾਂ ਇਤਨੇ ਸੁਚੇਤ ਸਨ, ਕਿ ਅਖੀਰ ਸਮੇਂ ਤੀਕ ਆਪਣੇ ਆਪ ਨੂੰ 'ਚੌਧਰੀ' ਹੀ ਅਖਵਾਉਂਦੇ ਰਹੇ*। ਹਾਲਾਂਕਿ ਹੋਰ ਸਾਰੇ ਸਿੰਘ ਆਪਣੇ ਆਪ ਨੂੰ 'ਸਰਦਾਰ' ਅਖਵਾਉਂਦੇ ਸਨ। ਇਸ ਰਾਜਨੀਤਕ ਭੇਦ ਦੇ ਹੁੰਦਿਆਂ ਹੋਇਆਂ ਵੀ ਮਹਾਰਾਜ ਜੀ ਦੀ ਸਿਆਣਪ ਨੇ ਫੂਲਕਿਆਂ ਤੇ 'ਦਲ' ਵਿਚ ਅਜੋੜ ਨਾ ਹੋਣ ਦਿਤੀ, ਸਗੋਂ ਦੋਵੇਂ ਧਿਰਾਂ ਇਕ ਦੂਜੇ ਨੂੰ ਵੇਲੇ ਕੁ ਵੇਲੇ ਗੁਪਤ ਜਾਂ ਪ੍ਰਗਟ ਸਹਾਇਤਾ ਦੇਂਦੀਆਂ ਰਹੀਆਂ।

ਮਹਾਰਾਜਾ ਜੀ ਨੇ ਚਿਰਾਂ ਤੋਂ ਇਹ ਧਾਰ ਛਡੀ ਸੀ, ਕਿ ਰਾਜ ਭਾਗ ਦੇ ਕੰਵਰ ਅਮਰ ਸਿੰਘ ਜੀ ਨੂੰ ਕਰਨਾ ਹੈ; ਇਸੇ ਕਰਕੇ ਆਪ ਨੇ ਕੰਵਰ ਜੀ ਨੂੰ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਪਾਸੋਂ ਅੰਮ੍ਰਿਤ ਛਕਾਇਆ ਸੀ, ਜੋ ਉਸ ਸਮੇਂ ਸਾਰੇ ਪੰਥ ਦੇ ਮੁਖੀਏ ਸਨ। ਮਾਈ ਫਤੋ ਜੀ ਨੂੰ ਮਹਾਰਾਜ ਜੀ ਦੀ ਮਨਸ਼ਾ ਦੀ ਪੂਰੀ ਪੂਰੀ ਖਬਰ ਸੀ, ਇਸੇ ਕਰਕੇ ਆਪ ਨੇ ਆਪਣੀ ਸਹਾਇਤਾ ਨਾਲ ਕੰਵਰ ਅਮਰ ਸਿੰਘ ਜੀ ਝਟ ਪਟ ਤਖਤ ਦਾ ਮਾਲਕ ਬਣਾ ਦਿਤਾ, ਅਤੇ ਭਰਾਵਾਂ ਵਿਚ ਕਿਸੇ ਪਰਕਾਰ ਦੀ ਲੜਾਈ ਭੜਾਈ ਨਾ ਹੋਣ ਦਿਤੀ।

---

*ਉਸ ਸਮੇਂ 'ਚਧਰੀ' ਤੋਂ ਭਾਵ ਸਰਕਾਰੀ ਹਾਕਮਾਂ ਦਾ ਅਨੁਸਾਰੀ, 'ਸਰਦਾਰ' ਤੋਂ ਭਾਵ ਸਰਕਾਰੀ ਹਾਕਮਾਂ ਦਾ ਵਿਰੋਧੀ, ਲਿਆ

Digitized by Panjab Digital Library | www.panjabdigilib.org

ਮਹਾਰਾਜ ਆਲਾ ਸਿੰਘ ਜੀ ਦੀ ਰਹਿਣੀ ਅਤਿਅੰਤ ਸਾਦੀ ਸੀ, ਅਤੇ ਆਪ ਉਸ ਸਮੇਂ ਦੇ ਵਡੇ ਵਡੇ ਸਿਖ ਸਰਦਾਰਾਂ ਵਾਂਗ ਕੰਬਲੀ ਦੀ ਗਾਤੀ ਮਾਰਿਆ ਕਰਦੇ ਸਨ। ਕੰਬਲੀ ਖਾਲਸਾ ਜੀ ਦਾ ਕੌਮੀ ਕਪੜਾ ਹੋ ਚੁਕਾ ਸੀ, ਅਤੇ ਉਸ ਸਮੇਂ ਦੇ ਖਾਲਸਾ ਜੀ ਦੀ ਰਹਿਣੀ ਐਸੀ ਸਾਦੀ ਸੀ, ਕਿ ਕੇਵਲ ਦੋ ਕੰਬਲੀਆਂ ਨਾਲ ਵਡੀਆਂ ਵਡੀਆਂ ਮੁਹਿੰਮਾਂ ਮਾਰ ਲੈਂਦੇ ਸਨ, ਇਕ ਕੰਬਲੀ ਦੀ ਗਾਤੀ ਮਾਰ ਲੈਂਦੇ, ਅਤੇ ਦੂਜੀ ਕੰਬਲੀ ਤੋਂ ਤਾਹਰੂ ਦਾ ਕੰਮ ਲੈਂਦੇ। ਅਤੇ ਜਦ ਕਿਸੇ ਇਲਾਕੇ ਨੂੰ ਉਗਰਾਉਂਦੇ, ਤਾਂ ਹਰ ਇਕ ਪਾਸੋਂ ਇਕ ਇਕ ਕੰਬਲੀ ਦਾ ਮੁਲ ਲੈ ਲੈਂਦੇ । ਇਹ ਉਗਰਾਹੀ ਨੂੰ ਕੰਬਲੀ, ਯਾ 'ਰਾਖੀ' ਆਖਿਆ ਕਰਦੇ ਹਨ। ਇਸ ਕੰਬਲੀ ਦੇ ਪਹਿਰਾਵੇ ਕਰ ਕੇ ਹੀ ਉਸ ਸਮੇਂ ਇਹ ਗੀਤ ਆਮ ਪ੍ਰਚਲਤ ਸੀ:-

ਭੂਰਿਆਂ ਵਾਲੇ ਰਾਜੇ ਕੀਤੇ,
ਮੁਗ਼ਲਾਂ ਜ਼ਹਰ ਪਿਆਲੇ ਪੀਤੇ ॥

ਮਹਾਰਾਜ ਜੀ ਆਚਰਨ ਦੇ ਐਤਨੇ ਸ਼ੁਧ ਸਨ, ਕਿ ਆਪ ਨੇ ਆਪਣੀ ਸਾਰੀ ਉਮਰ ਵਿਚ ਕਿਸੇ ਪਰਾਈ ਇਸਤ੍ਰੀ ਵਲ ਬੁਰੀ ਨਜ਼ਰ ਨਹੀਂ ਕੀਤੀ ਸੀ। ਇਕ ਵਾਰ ਅਨਭੋਲ ਹੀ ਆਪ ਦੀ ਨਜ਼ਰ ਤਰਖਾਨਾ ਦੀ ਇਸ਼ਨਾਨ ਕਰ ਰਹੀ ਲੜਕੀ ਉਤੇ ਪੈ ਗਈ ਸੀ, ਉਸ ਬੀਬੀ ਨੂੰ ਆਪ ਨੇ ਆਪਣੀ ਪੁਤ੍ਰੀ ਕਿਹਾ, ਤੇ ਉਸ ਦੀ ਸ਼ਾਦੀ ਦਾ ਸਾਰਾ ਖਰਚ ਆਪਣੇ ਪੱਲੇ ਤੋਂ ਦਿਤਾ।

ਆਪ ਦਾ ਅਤੁਟ ਲੰਗਰ ਚਲਦਾ ਸੀ। ਹਰ ਕੋਈ ਆਇਆ ਗਿਆ ਆਪ ਦੇ ਦਰ ਤੋਂ ਵਰੋਸਾਉਂਦਾ। ਅਨੇਕਾਂ ਗਰੀਬ ਬਰਾਹਮਣਾਂ ਦੀਆਂ ਬੀਬੀਆਂ ਨੂੰ ਆਪ ਨੇ ਖਰਚ ਦੇ ਕੇ ਵਿਆਹਿਆ। ਅਤੇ ਆਪਣੀਆਂ ਕਰਨੀਆਂ ਕਰ ਕੇ ਐਸੀ ਸ਼ੋਭਾ ਖੱਟੀ, ਕਿ ਅਜ ਤੀਕ ਹਰ ਕੋਈ "ਬਾਬਾ ਆਲਾ ਸਿੰਘ ਜੀ" ਦਾ ਨਾਮ ਬੜੀ ਇਜ਼ਤ ਤੇ ਸਨਮਾਨ ਨਾਲ ਲੈਂਦਾ ਹੈ।

---

Digitized by Panjab Digital Library | www.panjabdigilib.org

# ਮਹਾਰਾਜ ਜੀ ਦੀ ਉਲਾਦ

ਮਹਾਰਾਜ਼ ਜੀ ਦੀ ਕੇਵਲ ਇਕ ਹੀ ਰਾਣੀ ਸੀ ਜਿਸ ਤੋਂ ਆਪ ਦੇ ਤਿੰਨ ਲਾਲ ਹੋਏ:—ਭੂਮੀਆਂ ਸਿੰਘ, ਸਰਦੂਲ ਸਿੰਘ ਤੇ ਲਾਲ ਸਿੰਘ ਅਤੇ ਇਕ ਬੀਬੀ ਪ੍ਰਧਾਨ।

ਕੰਵਰ ਭੂਮੀਆਂ ਸਿੰਘ ਜੀ ਸਭ ਤੋਂ ਵਡੇ ਸਨ, ਜੋ ਲਛੂ ਸਿੰਘ ਮਾਨਸ਼ਾਹੀਏ ਦੀ ਲੜਕੀ 'ਸ਼ਾਹਜ਼ਾਦੀ' ਨਾਲ ਵਿਆਹੇ ਹੋਏ ਸਨ। ਆਪ ਦੇ ਘਰ ਇਕੋ ਬੀਬੀ 'ਰਾਜਿੰਦਰ' ਨਾਮੇ ਹੋਈ ਸੀ ਕਿ ਆਪ ਛੋਟੀ ਉਮਰੇ ਹੀ ਸਵਰਗਵਾਸ ਹੋ ਗਏ। ਮਹਾਰਾਜਾ ਆਲਾ ਸਿੰਘ ਜੀ ਨੇ ਬੀਬੀ ਰਾਜਿੰਦਰ ਨੂੰ ਬੜੇ ਪਿਆਰ ਨਾਲ ਪਾਲਿਆ, ਅਤੇ ਸਮੇਂ ਸਿਰ ਫਗਵਾੜੀਏ ਚੌਧਰੀਆਂ ਦੇ ਘਰ ਵਿਆਹ ਦਿਤਾ।

ਉਸ ਸਮੇਂ ਪੰਜਾਬ ਦੇ ਸਾਰੇ ਚੌਧਰੀਆਂ ਵਿਚੋਂ ਫਗਵਾੜੀਏ ਚੌਧਰੀ ਵਧੇ ਹੋਏ ਸਨ। ਇਹ ਦੋ ਸੌ ਚਾਲੀ ਪਿੰਡਾਂ ਦੇ ਮਾਲਕ ਤੇ ਸਾਰੇ ਦਵਾਬੇ ਦੇ ਅਜਾਰੇਦਾਰ ਸਨ। ਚੌਧਰੀ ਮੇਘ ਰਾਜ ਉਤੇ ਅਦੀਨਾ ਬੇਗ ਬੜਾ ਖੁਸ਼ ਸੀ, ਇਸੇ ਕਰਕੇ ਇਨ੍ਹਾਂ ਦੀ ਤਾਕਤ ਵਧਦੀ ਗਈ। ਚੌਧਰੀ ਮੇਘ ਰਾਜ ਦੇ ਦੋ ਪੁਤਰ ਸਨ—ਤਲੋਕ ਚੰਦ ਤੇ ਚੂਹੜ ਮਲ। ਬੀਬੀ ਰਾਜਿੰਦਰ ਦੀ ਸ਼ਾਦੀ ਚੌਧਰੀ ਤਲੋਕ ਚੰਦ ਨਾਲ ਹੋਈ ਸੀ, ਜੋ ਆਪਣੇ ਪਿਤਾ ਤੋਂ ਮਗਰੋਂ ਸਾਰੇ ਇਲਾਕੇ ਦੇ ਚੌਧਰੀ ਹੋਏ। ਜਦ ਸੰਮਤ ੧੮੧੫ ਬਿ: ਵਿਚ ਅਦੀਨ ਬੇਗ ਮੋਇਆ ਤਾਂ ਮੀਰ ਅਜ਼ੀਜ਼ ਬਖਸ਼ੀ, ਦੀਨਦਾਰ ਚੇਲਾ, ਸ਼ਹਾਬਦੀਨ ਬੇਗੋਵਾਲੀਆ ਤੇ ਸਆਦਤ ਯਾਰ ਖਾਂ ਕਾਨੂੰਗੋ ਵਟਾਲਾ ਨੇ ਫਿਕਰ ਕੀਤਾ ਕਿ ਚੌਧਰੀ ਤਲੋਕ ਚੰਦ ਬੜਾ ਤਕੜਾ ਆਦਮੀ ਹੈ ਮਤਾ ਸਾਰਾ ਦਵਾਬਾ ਹੀ ਰੋਕ ਲਵੇ। ਇਸ ਲਈ ਉਸ ਦਾ ਹੁਣੇ ਪ੍ਰਬੰਧ ਕਰਨਾ ਚਾਹੀਦਾ ਹੈ। ਸੋ ਇਨ੍ਹਾਂ ਦੇ ਕਹੇ ਮੂਜਬ ਅਲਾ ਦਾਦ ਖਾਂ ਪਠਾਣ

Digitized by Panjab Digital Library | www.panjabdigilib.org

ਨੇ ਗੋਲੀ ਮਾਰ ਕੇ ਚੌਧਰੀ ਨੂੰ ਮਾਰ ਦਿਤਾ।

ਚੌਧਰੀ ਤਲੋਕ ਚੰਦ ਦੀਆਂ ਦੋ ਬੀਬੀਆਂ ਸਨ, ਤੇ ਟੇਕ ਚੰਦ ਨਾਮੀਂ ਦੁਧ ਚੁੰਘਦਾ ਇਕ ਬਾਲਕ ਜੋ ਚੌਧਰੀ ਜੀ ਤੋਂ ਮਗਰੋਂ ਹੀ ਗੁਜ਼ਰ ਗਿਆ। ਬੀਬੀ ਰਾਜਿੰਦਰ ਜੀ ਨੇ ਅੱਧੀ ਚੁਧਰੈਤ ਤਾਂ ਆਪ ਰਖ ਲਈ ਤੇ ਅੱਧੀ ਚੁਧਰੈਤ ਆਪਣੇ ਦਿਉਰ ਚੂਹੜ ਮੱਲ ਨੂੰ ਦੇ ਕੇ ਆਪਣੇ ਸਮੇਂ ਵਿਚ ਬੜੀ ਸੋਹਣੀ ਹਕੂਮਤ ਕੀਤੀ। ਸੰ: ੧੮੩੫ ਬਿ: ਵਿਚ ਜਦ ਮਹਾਰਾਜਾ ਅਮਰ ਸਿੰਘ ਜੀ ਦੀ ਸਰਦਾਰ ਹਰੀ ਸਿੰਘ ਸਿਆਲਬੀਏ ਨਾਲ ਲੜਾਈ ਲਗੀ, ਤਾਂ ਬੀਬੀ ਜੀ ਨੇ ਸਰਦਾਰ ਹਰੀ ਸਿੰਘ ਦਾ ਸਾਰਾ ਇਲਾਕਾ ਸਰ ਕਰ ਲਿਆ, ਅਤੇ ਮਹਾਰਾਜਾ ਸਾਹਿਬ ਦੀ ਸਹਾਇਤਾ ਲਈ ਆਪਣੀ ਤਿੰਨ ਹਜ਼ਾਰ ਫ਼ੌਜ ਰਣਭੂਮੀ ਵਲ ਘਲੀ।

ਸੰਮਤ ੧੮੪੧ ਬਿ: ਵਿਚ ਜਦ ਮਹਾਰਾਜਾ ਸਾਹਿਬ ਸਿੰਘ ਜੀ ਅਜੇ ਛੋਟੇ ਸਨ, ਅਤੇ ਰਿਆਸਤ ਦੇ ਅਹਿਲਕਾਰ ਆਕੀ ਹੋ ਰਹੇ ਸਨ ਤੇ ਗਵਾਂਢੀ ਸਰਦਾਰ ਪਟਿਆਲੇ ਦਾ ਇਲਾਕਾ ਦਬੀ ਜਾਂਦੇ ਸਨ, ਤਾਂ ਬੀਬੀ ਜੀ ਨੇ ਫਗਵਾੜਿਓਂ ਆ ਕੇ ਰਿਆਸਤ ਦਾ ਬੜਾ ਸੋਹਣਾ ਪ੍ਰਬੰਧ ਕੀਤਾ, ਅਤੇ ਖੁਸੇ ਸਾਰੇ ਇਲਾਕੇ ਵਾਪਸ ਕਰਵਾ ਲਏ।

ਫੇਰ ਸੰਮਤ ੧੮੪੬ ਬਿ: ਵਿਚ ਜਦ ਮਰਹਟੇ ਪਟਿਆਲੇ ਉਤੇ ਚੜ੍ਹ ਆਏ, ਅਤੇ ਦੀਵਾਨ ਨਾਨੂ ਮੱਲ ਲੂਣ ਹਰਾਮੀ ਹੋ ਗਿਆ, ਤਾਂ ਬੀਬੀ ਜੀ ਨੇ ਉਸ ਵੇਲੇ ਨੂੰ ਬੜੀ ਚੰਗੀ ਤਰ੍ਹਾਂ ਨਜਿਠਿਆ, ਅਤੇ ਅੰਤ ਨੂੰ ਉਸੇ ਸਾਲ ਪਟਿਆਲੇ ਸਵਰਗਵਾਸ ਹੋ ਗਏ।*

ਆਪ ਦੀ ਵਡੀ ਬੀਬੀ ਰਿਆੜਕੀ ਦੇ ਰੰਧਾਵੇ ਚੌਕਰੀਆਂ ਦੇ ਲੜਕੇ ਸ: ਧਰਮ ਸਿੰਘ ਨਾਲ ਵਿਆਹੀ ਹੋਈ ਸੀ, ਜਿਸ ਦਾ ਪੁਤਰ ਸ: ਜੋਧ ਸਿੰਘ ਹੋਇਆ। ਇਸ ਨੂੰ ਬੀਬੀ ਰਾਜਿੰਦਰ ਜੀ ਨੇ ਛੋਟੀ ਉਮਰੋਂ

---

* "ਅਹਿਵਾਲ ਖਾਨਦਾਨ ਸਰਕਾਰ ਪਟਿਆਲਾ" ਵਿਚ ਲਿਖਿਆ ਹੈ; ਕਿ ਮਹਾਰਾਜਾ ਆਲਾ ਸਿੰਘ ਜੀ ਨੇ ਬੀਬੀ ਜੀ ਨੂੰ ੨੭ ਪਿੰਡ ਜਗੀਰ ਵਿਚ ਦਿਤੇ ਹੋਏ ਸਨ, ਇਹ ਗਲ ਅਸ਼ੁਧ ਹੈ।

Digitized by Panjab Digital Library | www.panjabdigilib.org

ਹੀ ਬੜੇ ਪਿਆਰ ਨਾਲ ਪਾਲਿਆ, ਅਤੇ ਸਦਾ ਹੀ ਆਪਣੇ ਪਾਸ ਹੀ ਰਖਦੇ ਰਹੇ, ਬਲਕਿ ਆਪਣੀ ਸਾਰੀ ਜਾਇਦਾਦ ਉਸ ਦੇ ਸਪੁਰਦ ਕਰ ਦਿਤੀ। ਜਦ ਬੀਬੀ ਜੀ ਪਟਿਆਲੇ ਸਵਰਗਵਾਸ ਹੋ ਗਏ, ਤਾਂ ਇਸ ਤੋਂ ਛੇ ਮਹੀਨੇ ਮਗਰੋਂ ਚੋਧਰੀ ਚੂਹੜ ਮਲ, ਸ: ਜੋਧ ਸਿੰਘ ਨੂੰ ਕੈਦ ਕਰਨ ਲਈ ਵੀਹ ਤੀਹ ਆਦਮੀ ਲੈਕੇ ਦੀਵਾਨ ਖਾਨੇ ਵਿਚ ਜਾ ਵੜਿਆ। ਇਸ ਗਲ ਦਾ ਪਤਾ ਸ: ਜੋਧ ਸਿੰਘ ਨੂੰ ਵੀ ਲਗ ਚੁਕਾ ਸੀ, ਸੋ ਉਸੇ ਵੇਲੇ ਤਲਵਾਰ ਚਲ ਪਈ, ਅਤੇ ਚੌਧਰੀ ਚੂਹੜ ਮਲ ਦੀ ਤਲਵਾਰ ਨਾਲ ਸ: ਜੋਧ ਸਿੰਘ ਉਥੇ ਹੀ ਗੁਜ਼ਰ ਗਿਆ। ਆਪ ਦਾ ਇਕ ਲੜਕਾ ਸਾਹਿਬ ਸਿੰਘ ਨਾਮੇ ਸੀ ਜੋ ਮਹਾਰਾਜ ਕਰਮ ਸਿੰਘ ਜੀ ਦੇ ਵੇਲੇ ਜੀਊਂਦਾ ਸੀ। ਇਸ ਤੋਂ ਮਗਰੋਂ ਦਾ ਕੁਝ ਪਤਾ ਨਹੀਂ ਲਗ ਸਕਿਆ*।

ਬੀਬੀ ਰਾਜਿੰਦਰ ਜੀ ਦੀ ਛੋਟੀ ਬੀਬੀ ਦਾ ਨਾਤਾ ਪਹਿਲਾ ਚੁਭਾਲੀਏ ਚੋਧਰੀਆਂ ਦੇ ਗਿਆ, ਪਰ ਉਨ੍ਹਾਂ ਨੇ ਆਪਣੇ ੧੦੫ ਪਿੰਡਾਂ ਦੀ ਹੈਂਕੜ ਵਿਚ ਇਹ ਕਹਿਕੇ ਨਾਤਾ ਮੋੜ ਦਿਤਾ, ਕਿ ਵਿਧਵਾ ਚੋਧਰਾਣੀ ਰੋਜ਼ ਰੋਜ਼ ਦੀਆਂ ਮੁਹਿੰਮਾਂ ਪੈਣੀਆਂ ਹਨ, ਅਸੀਂ ਐਡੀ ਦੂਰ ਦੀਆਂ ਮੁਹਿੰਮਾਂ ਕੀਕੂੰ ਪੂਰੀਆਂ ਕਰਿਆ ਕਰਾਂਗੇ। ਫਿਰ ਇਸੇ ਬੀਬੀ ਦਾ ਨਾਤਾ ਨੁਸ਼ਹਿਰੇ ਦੇ ਪਨੂੰ ਚੋਧਰੀਆਂ ਦੇ ਹੋਇਆ† ਜੋ ੨੫ ਪਿੰਡਾਂ ਦੇ ਮਾਲਕ ਸਨ। ਇਸ ਬੀਬੀ ਦੇ ਕੋਈ ਉਲਾਦ ਨਹੀਂ ਹੋਈ ਸੀ‡।

ਕੰਵਰ ਮਹਾਰਾਜ ਸਿੰਘ ਜੀ ਦੀ ਪਹਿਲੀ ਸ਼ਾਦੀ ਚੋਧਰੀ ਸੂਰਜ ਮਲ ਭਿੱਖੀ ਵਾਲੇ ਦੀ ਲੜਕੀ ਮਾਈ ਹੁਕਮਾਂ ਜੀ ਨਾਲ ਹੋਈ ਸੀ, ਜਿਸ ਤੋਂ ਕੰਵਰ ਅਮਰ ਸਿੰਘ ਜੀ ਪੈਦਾ ਹੋਏ। ਦੂਸਰੀ ਸ਼ਾਦੀ ਸ: ਜੋਧ ਸਿੰਘ ਜੀ ਦੀ ਵਿਧਵਾ ਸਰਦਾਰਨੀ ਮਾਈ ਰੇਸਾਂ ਨਾਲ ਹੋਈ ਸੀ, ਜਿਸ

---

*ਕੈਫੀਅਤ ਰਵਾਜ ਸਰਦਾਰਨ-ਏ-ਮਾਲਵਾ।

†ਤਵਾਰੀਖ ਪੰਜਾਬ, ਕ੍ਰਿਤ ਬੂਟੇ ਸ਼ਾਹ।

‡ਬੀਬੀ ਰਾਜਿੰਦਰ ਜੀ ਦੇ ਸਵਿਸਥਾਰ ਹਾਲਾਂ ਲਈ ਵੇਖੋ—ਪਟਿਆਲੇ ਦੀਆਂ ਪ੍ਰਸਿੱਧ ਬੀਬੀਆਂ।

Digitized by Panjab Digital Library | www.panjabdigilib.org

ਤੋਂ ਕੰਵਰ ਹਿੰਮਤ ਸਿੰਘ ਜੀ ਪੈਦਾ ਹੋਏ।

ਮਾਈ ਹੁਕਮਾਂ ਜੀ ਸੰਮਤ ੧੮੪੧ ਬਿ: ਵਿਚ ਮੂਲੇਪੁਰ ਦੀਵਾਨ ਨਾਨੂ ਮਲ ਨੂੰ ਵੇਖਣ ਗਏ ਸਨ, ਜਿਸ ਨੂੰ ਉਸ ਦੇ ਕਿਸੇ ਸਿਪਾਹੀ ਨੇ ਜ਼ਖਮੀ ਕਰ ਦਿਤਾ ਸੀ। ਜਦ ਆਪ ਨੇ ਦੀਵਾਨ ਨੂੰ ਲਹੂ ਲੁਹਾਨ ਹੋਇਆ ਵੇਖਿਆ, ਤਾਂ ਉਸ ਵੇਲੇ ਆਪ ਨੂੰ ਗਸ਼ੀ ਆ ਗਈ, ਜਿਸ ਕਰ ਕੇ ਅਗਲੇ ਹੀ ਦਿਨ ਆਪ ਸਵਰਗਵਾਸ ਹੋ ਗਏ। ਆਪ ਦੀ ਜਗੀਰ ਵਿਚ ੩੨ ਪਿੰਡ ਸਨ, ਜਿਨ੍ਹਾਂ ਦੀ ਸਾਲਾਨਾ ਆਮਦਨੀ ੧੬੧੦੦੦) ਰੁਪਿਆ ਹੁੰਦੀ ਸੀ*।

ਮਾਈ ਰੋਸਾਂ ਜੀ ਪਹਿਲਾਂ ਤਾਂ ਕੰਵਰ ਹਿੰਮਤ ਸਿੰਘ ਜੀ ਦੇ ਨਾਲ ਰਹਿੰਦੇ ਰਹੇ, ਪਰ ਜਦ ਕੰਵਰ ਜੀ ਸਵਰਗਵਾਸ ਹੋ ਗਏ, ਤਾਂ ਮਾਈ ਜੀ ਨੂੰ ਹਿਆਇਆ, ਗੰਜਾ, ਧਨੌਲਾ, ਖੁਡੀ ਤੇ ਰੱਲਾ, ਅਤੇ ਰਾਰ† ਪਿੰਡ ਪਵਾਧ ਵਿਚ ਜਗੀਰ ਵਜੋਂ ਦਿਤੇ ਗਏ, ਜਿਨ੍ਹਾਂ ਦਾ ਸਾਲਾਨਾ ਮਾਮਲਾ ੯੨੦੦) ਹੁੰਦਾ ਸੀ। ਇਹ ਜਗੀਰ ਆਪ ਆਪਣੇ ਸਵਰਗਵਾਸ ਹੋਣ ਦੇ ਸਮੇਂ ੧੮੪੨ ਬਿ: ਤੀਕ ਖਾਂਦੇ ਰਹੇ।

**ਕੰਵਰ ਲਾਲ ਸਿੰਘ ਜੀ** ਸਭ ਤੋਂ ਛੋਟੇ ਸਨ। ਆਪ ਰੋੜੀ ਪਿੰਡ ਦੇ ਚੋਧਰੀ ਕੇਵਲ ਸਿੰਘ ਜੀ ਦੀ ਲੜਾਈ ਮਾਈ ਭਾਗਾਂ ਨਾਲ ਵਿਆਹੇ ਹੋਏ ਸਨ, ਜਿਸ ਤੋਂ ਆਪ ਦੇ ਇਕ ਲੜਕਾ ਹੋਇਆ, ਜੋ ਦੋ ਕੁ ਸਾਲ ਦਾ ਹੋ ਕੇ ਸਵਰਗਵਾਸ ਹੋ ਗਿਆ। ਇਸ ਤੋਂ ਮਗਰੋਂ ਆਪ ਦੇ ਕੋਈ ਉਲਾਦ ਨਾ ਹੋਈ, ਤੇ ਮਾਈ ਭਾਗਾਂ ਜੀ ਆਪਣਾ ਜਤ ਸਤ ਰਖ ਕੇ ਅਖੀਰ ਵੇਲੇ ਤੀਕ ਕਰਤਾਰ ਦੇ ਭਜਨ ਵਿਚ ਆਪਣੇ ਦਿਨ ਬਤੀਤ ਕਰਦੇ ਰਹੇ। ਮਹਾਰਾਜਾ ਆਲਾ ਸਿੰਘ ਜੀ ਵਲੋਂ ਆਪ ਨੂੰ ਚਾਰ ਪਿੰਡ ਜਗੀਰ ਵਿਚ ਮਿਲੇ ਸਨ, ਇਨ੍ਹਾਂ ਦੀ ਸਾਲਾਨਾ ਆਮਦਨ ੩੬੦੦)

---

*'ਕੈਫੀਅਤ ਜ਼ ਗਾਰਾਤ-ਮਾਈ ਸਾਹਿਬਾਨ।'

†ਮਾਂਝ ਭੁਨੇਗੀ, ਜੈਸੇ ਮਾਜਰਾ ਤੇ ਅਚਲ।

Digitized by Panjab Digital Library | www.panjabdigilib.org

ਹੁੰਦੀ ਸੀ*।

ਕੰਵਰ ਲਾਲ ਸਿੰਘ ਜੀ ਬੜੇ ਸੂਰਮੇ ਸਨ, ਅਤੇ ਆਪ ਦੇ ਤਹਿਤ ਵੀ ਸ: ਗੁਰਦਾਸ ਸਿੰਘ ਸੇਖੋਂ, ਖੁਸ਼ਹਾਲ ਸਿੰਘ ਢਿਲੋਂ ਤੇ ਸ: ਹਰੀ ਸਿੰਘ ਗੁਜਰ ਜਿਹੇ ਲੜੇ ਬੜੇ ਸੂਰਮੇ ਸਨ। ਆਪ ਭੱਟੀਆਂ ਵਲ ਆਪਣਾ ਮੋਰਚਾ ਲਾਈ ਰਖਦੇ ਸਨ, ਅਤੇ ਆਪ ਨੇ ਹੀ ਹਿੰਮਤ ਕਰਕੇ ਮੂਣਕ ਤੇ ਟੋਹਾਣੇ ਉਤੇ ਮਹਾਰਾਜ ਜੀ ਹਕੂਮਤ ਕਾਇਮ ਕੀਤੀ ਸੀ। ਇਨ੍ਹਾਂ ਜਿੱਤਾਂ ਕਰਕੇ ਆਪ ਕੰਵਰ ਸਰਦੂਲ ਸਿੰਘ ਜੀ ਨੂੰ ਤਾਨਾ ਦਿਆ ਕਰਦੇ ਸਨ; ਜਿਸ ਕਰਕੇ ਦੋਹਾਂ ਭਾਈਆਂ ਵਿਚ ਅਜੋੜ ਹੋ ਗਈ। ਮਹਾਰਾਜਾ ਆਲਾ ਸਿੰਘ ਜੀ ਨੇ ਇਹ ਝਗੜਾ ਇਸ ਤਰ੍ਹਾਂ ਨਬੇੜ ਦਿਤਾ, ਕਿ ਕੰਵਰ ਸਰਦੂਲ ਸਿੰਘ ਜੀ ਨੂੰ ਠੀਕਰੀ ਦਾ ਤਅਲਕਾ ਦੇ ਦਿਤਾ, ਅਤੇ ਕੰਵਰ ਲਾਲ ਸਿੰਘ ਜੀ ਨੂੰ ਮੂਣਕ ਦਾ।† ਅੰਤ ਦੋਵੇਂ ਕੰਵਰ ਸਾਹਿਬਾਨ ਇਕ ਇਕ ਸਾਲ ਦੀ ਵਿਥ ਉਤੇ ਸੰਮਤ ੧੮੧੩ ਤੇ ੧੮੧੪ ਬਿ: ਵਿਚ ਸਵਰਗਵਾਸ ਹੋ ਗਏ।

ਸ੍ਰੀ ਸ੍ਰੀ ਪ੍ਰਧਾਨ ਜੀ ਦੀ ਸ਼ਾਦੀ ਭਾਈ ਰਾਮ ਕੌਰ ਜੀ ਦੇ ਸਪੁਤਰ ਭਾਈ ਮੋਹਰ ਸਿੰਘ ਜੀ (ਰਮਦਾਸ) ਨਾਲ ਹੋਈ ਸੀ, ਜੋ ਬਾਬਾ ਬੁਢਾ ਸਿੰਘ ਜੀ ਦੀ ਸੰਤਾਨ ਵਿਚੋਂ, ਤੇ ਇਸ ਸਮੇਂ ਬਹੁਤ ਸਾਰੇ ਪਿੰਡਾਂ ਤੇ ਰਾਜ ਭਾਗ ਦੇ ਮਾਲਕ ਸਨ। ਇਹ ਨਾਤਾ ਆਪ ਦੀ ਭੂਆ ਫਤੋ ਜੀ ਨੇ ਕਰਾਇਆ ਸੀ।

ਬੀਬੀ ਜੀ ਦਾ ਇਕੋ ਲੜਕਾ ਰੂਪ ਸਿੰਘ ਨਾਮੇ ਹੋਇਆ ਸੀ,

---

*ਔਹਦਵਾਲ ਖਾਨਦਾਨ ਸਰਕਾਰ ਪਟਿਆਲਾ, ਵਿਚ ੨੨ ਪਿੰਡ ਲਿਖੇ ਹਨ, ਜੋ ਠੀਕ ਨਹੀਂ। 'ਕੈਫੀਅਤ ਜਾਗੀਰਾਤ ਮਾਫੀ ਸਾਹਿਬਾਨ, ਅਨੁਸਾਰ ਉਹ ਪਿੰਡ ਇਹ ਹਨ:—ਫਤਵਾਹੀ, ਮੰਡਵੀ, ਉਭਾਵਲੀ, ਛੋਟੀ ਬਠਾਲ।

†ਔਹਦਵਾਲ ਖਾਨਦਾਨ ਸਰਕਾਰ ਪਟਿਆਲਾ।

Digitized by Panjab Digital Library | www.panjabdigilib.org

ਜੋ ਛੋਟੀ ਅਵਸਥਾ ਵਿਚ ਹੀ ਸਵਰਗਵਾਸ ਹੋ ਗਿਆ† । ਬੀਬੀ ਜੀ ਰਾਮਦਾਸ ਪਿੰਡ ਬਹੁਤ ਚਿਰ ਨਹੀਂ ਰਹੇ, ਕਿਉਂ ਜੋ ਆਪ ਦੀ ਆਪਣੇ ਪਤੀ ਜੀ ਨਾਲ ਅਣ ਬਣ ਹੋ ਗਈ ਸੀ, ਅਤੇ ਉਨ੍ਹਾਂ ਨੇ ਆਪਣੀਆਂ ਦੋ ਹੋਰ ਸ਼ਾਦੀਆਂ ਕਰਵਾ ਲਈਆਂ ਸਨ। ਬੀਬੀ ਜੀ ਆਪਣੇ ਪਿਤਾ ਮਹਾਰਾਜਾ ਆਲਾ ਸਿੰਘ ਜੀ ਪਾਸ ਬਰਨਾਲੇ ਹੀ ਰਹਿੰਦੇ ਰਹੇ, ਅਤੇ ਸਾਰੀ ਅਵਸਥਾ ਭਜਨ ਪਾਠ ਵਿਚ ਬਤੀਤ ਕਰ ਦਿਤੀ।

ਸੰਮਤ ੧੮੧੩ ਬਿ: ਵਿਚ ਭਾਈ ਮੋਹਰ ਸਿੰਘ ਜੀ ਗੁਜਰ ਗਏ, ਤਾਂ ਬੀਬੀ ਪ੍ਰਧਾਨ ਜੀ ਨੇ ਭਾਈ ਹੇਮ ਰਾਜ ਜੀ ਬੀਲ੍ਹੇ ਵਾਲਿਆਂ ਨੂੰ ਕਿਹਾ ਕਿ ਤੁਸੀਂ ਆਪਣਾ ਇਕ ਪੁਤਰ ਸਾਨੂੰ ਦੇ ਦੇਵੋ ਅਸੀਂ ਰਾਮਦਾਸ ਨੂੰ ਜਾਣਾ ਹੈ। ਉਨ੍ਹਾਂ ਨੇ ਉੱਤਰ ਦਿਤਾ, ਕਿ ਐਵੇਂ ਕੋਈ ਫਸਾਦ ਹੋ ਜਾਵੇਗਾ, ਤੇ ਮੇਰਾ ਪੁਤਰ ਮਾਰਿਆ ਜਾਵੇਗਾ । ਬੀਬੀ ਜੀ ਨੇ ਕਿਹਾ, ਕਿ ਤੁਸੀਂ ਸਮਝ ਲਵੋ, ਕਿ ਸਤ ਪੁਤਰ ਨਹੀਂ, ਛੇ ਹੀ ਹਨ। ਸੋ ਭਾਈ ਹੇਮਰਾਜ ਜੀ ਨੇ (ਜੋ ਰਿਸ਼ਤੇ ਵਿਚ ਬੀਬੀ ਜੀ ਦੇ ਭਾਈ ਹੀ ਲਗਦੇ ਸਨ) ਆਪਣਾ ਵਡਾ ਪੁਤਰ ਦੀਵਾਨ ਸਿੰਘ ਬੀਬੀ ਜੀ ਦੇ ਨਾਲ ਕਰ ਦਿਤਾ, ਜੋ ਉਥੇ ਇਕ ਲੜਾਈ ਵਿਚ ਮਾਰਿਆ ਗਿਆ । ਉਸ ਸਮੇਂ ਕਾਕਾ ਦੀਵਾਨ ਸਿੰਘ ਦੀ ਉਮਰ ਵੀਹ ਕੁ ਸਾਲ ਦੀ ਸੀ, ਅਤੇ ਆਪ ਦੇ ਲੜਕੇ ਕੌਰ ਸਿੰਘ ਦੇ ਪੈਦਾ ਹੋਣ ਦੀ ਖਬਰ ਆਪ ਨੂੰ ਰਾਮਦਾਸ ਪਿੰਡ ਹੀ ਪੁਜੀ ਸੀ।

ਸੰਮਤ ੧੮੩੦ ਬਿ: ਵਿਚ ਸਰਦਾਰ ਰੂਹੜ ਸਿੰਘ ਜੀ ਭਦੌੜੀਏ ਨੇ ਜਦ ਰਾਮਗੜ੍ਹ ਨੂੰ ਆਬਾਦ ਕਰਨਾ ਚਾਹਿਆ, ਤਾਂ ਹਿੰਮਤਪੁਰ ਦਾ ਮੀਆਂ ਨੌਧਾ, ਧਾਲੀਵਾਲ ਜੋ ਉਸ ਸਮੇਂ ਬੜੇ ਜ਼ੋਰਾਂ ਉਤੇ ਸੀ, ਉਹ ਰਾਮਗੜ੍ਹ ਵਸਣ ਨਹੀਂ ਦੇਂਦਾ ਸੀ । 'ਹਿੰਮਤਪੁਰੇ' ਤੇ 'ਵਧਣੀ' ਵਿਚ ਮੀਆਂ ਨੌਧੇ ਦੇ ਕਿਲ੍ਹੇ ਸਨ, ਅਤੇ ਧਾਲੀਵਾਲਾਂ ਦਾ ਸਾਰਾ ਤੱਪਾ ਉਸ ਦੇ

---

† 'ਕੈਫੀਅਤ ਰਵਾਜ ਸਰਦਾਨ-ਏ-ਮਾਲਵਾ' ਵਿਚ ਸ਼ਾਮ ਸਿੰਘ ਬਾਬਤ ਲਿਖਦਾ ਹੈ : ਸ਼ਾਮ ਸਿੰਘ ਦੂਜੀ ਮਾਈ ਦਾ ਪੁਤਰ ਸੀ। ਵੇਖੋ ਜਨਮ ਸਾਖੀ ਭਾਈ ਦੂਦਾ ਜੀ।

Digitized by Panjab Digital Library | www.panjabdigilib.org

ਪਿੜੇ ਸੀ। ਸੋ ਭਦੌੜੀਆਂ ਤੇ ਧਾਲੀਵਾਲਾਂ ਦੀਆਂ ਆਪੋ ਵਿਚ ਲੜਾਈਆਂ ਹੁੰਦੀਆਂ ਰਹਿੰਦੀਆਂ। ਇਨ੍ਹਾਂ ਹੀ ਲੜਾਈਆਂ ਵਿਚ ਇਕ ਵਾਰ ਕੌਰ ਸਿੰਘ ਤੇ ਇਸ ਦਾ ਚਾਚਾ ਸੁਖਦਾਸ ਸਿੰਘ ਮਾਰੇ ਗਏ, ਜਦ ਕਿ ਕੌਰ ਸਿੰਘ ਅਜੇ ਵੀਹ ਕੁ ਵਰ੍ਹੇ ਦਾ ਗਭਰੂ ਸੀ। ਪਰਚਾਉਣ ਲਈ ਜਦ ਬੀਬੀ ਪ੍ਰਧਾਨ ਜੀ "ਬੀਲ੍ਹੇ" ਗਏ, ਤਾਂ ਉਸ ਸਮੇਂ ਸਰਦਾਰ ਚੂਹੜ ਸਿੰਘ ਜੀ ਵੀ ਉਥੇ ਹੀ ਸਨ। ਬੀਬੀ ਜੀ ਗੁਸੇ ਨਾਲ ਕਿਹਾ ਕਿ ਦੋ ਲੜਕੇ ਤਾਂ ਮਰਵਾ ਦਿਤੇ ਹਨ, ਪਰ ਇਨ੍ਹਾਂ ਦੀ ਉਲਾਦ ਨੂੰ ਵੀ ਕੁਝ ਦਿਤਾ ਹੈ? ਸਰਦਾਰ ਜੀ ਨੇ ਕਿਹਾ, ਕਿ ਮੈਂ ਤਾਂ ਇਨ੍ਹਾਂ ਦੀ ਉਲਾਦ ਨੂੰ ਚਾਲੀ ਹਲ ਦੀ ਜ਼ਮੀਨ ਦੇ ਦਿਤੀ ਹੈ, ਪਰ ਆਪ ਨੇ ਵੀ ਤਾਂ ਦੀਵਾਨ ਸਿੰਘ ਮਰਵਾ ਦਿਤਾ ਸੀ, ਆਪ ਨੇ ਹੁਣ ਤੀਕ ਕੀ ਦਿਤਾ ਹੈ? ਬੀਬੀ ਜੀ ਨੇ ਉਤਰ ਦਿਤਾ ਕਿ ਅਸੀਂ ਤਾਂ ਇਲਾਕਾ ਦੇ ਜਾਵਾਂਗੇ।

ਸੋ ਬੀਲ੍ਹੇ ਮੁੜਦੇ ਹੋਏ ਬੀਬੀ ਜੀ ਕੌਰ ਸਿੰਘ ਦੇ ਦੋਹਾਂ ਪੁਤਰਾਂ ਸਾਹਿਬ ਸਿੰਘ ਅਤੇ ਫਤਿਹ ਸਿੰਘ ਜੀ ਨੂੰ ਆਪਣੇ ਨਾਲ ਲੈ ਆਏ, ਤੇ ਇਹ ਦੋਵੇਂ ਭਾਈ ਬਰਨਾਲੇ ਹੀ ਰਹਿੰਦੇ ਰਹੇ। ਅਤੇ ਸਾਹਿਬ ਸਿੰਘ ਪਹਿਲਾ ਜੈਤੋ ਵਾਲਾ ਵਿਆਹ ਬੀਬੀ ਪ੍ਰਧਾਨ ਜੀ ਨੇ ਕਰਵਾਇਆ ਸੀ। ਜਦ ਦੋਵੇ ਭਾਈ ਸਿਆਣੇ ਹੋਏ, ਤਾਂ ਬਰਨਾਲੇ ਰਹਿਣਾ ਚੰਗਾ ਨਾ ਸਮਝ ਕੇ ਇਹ ਆਪਣੇ ਪਿੰਡ ਬੀਲ੍ਹੇ ਚਲੇ ਗਏ। ਜਿਸ ਸਮੇਂ ਬੀਬੀ ਜੀ ਸਵਰਗਵਾਸ ਹੋਣ ਲਗੇ, ਤਾਂ ਆਪ ਨੇ ਇਨ੍ਹਾਂ ਦੋਹਾਂ ਨੂੰ ਬਹੁਤ ਯਾਦ ਕੀਤਾ ਪਰ ਇਹ ਵੇਲੇ ਸਿਰ ਨਾ ਅਪੜ ਸਕੇ, ਇਸ ਲਈ ਜਾਇਦਾਦ ਵਿਚੋਂ ਇਨ੍ਹਾਂ ਨੂੰ ਕੁਝ ਨਾ ਮਿਲ ਸਕਿਆ।

ਬੀਬੀ ਜੀ ਬੜੇ ਉਦਾਰ ਆਤਮਾ ਸਨ। ਬਰਨਾਲੇ ਵਾਲਾ ਸੰਤ ਗਾਂਧਾ ਸਿੰਘ ਜੀ ਦਾ ਡੇਰਾ ਆਪ ਦੀ ਉਦਾਰਤਾ ਦੀ ਜੀਉਂਦੀ ਜਾਗਦੀ ਨਿਸ਼ਾਨੀ ਹੈ। ਸ੍ਰੀ ਅੰਮ੍ਰਿਤਸਰ ਜੀ ਵਿਚ ਆਪ ਨੇ ਮਲਵਈ ਬੁੰਗਾ ਤੇ ਇਕ ਹਵੇਲੀ ਬਣਵਾ ਕੇ ਸੰਤ ਨਿਕਾ ਸਿੰਘ ਜੀ ਨੂੰ ਸੌਂਪ ਦਿਤੀ ਸੀ ਜੋ ਹੁਣ ਤੀਕ ਕਾਇਮ ਹੈ। ਆਪ ਦੀ ਮੋਹਰ ਵਿਚ "ਅਕਾਲ ਸਹਾਇ,

Digitized by Panjab Digital Library | www.panjabdigilib.org

ਮੋਹਰ ਸਿੰਘ'' ਦੀ ਥਾਂ (ਜਿਹਾ ਕਿ ਓਦੋਂ ਰਵਾਜ ਸੀ) ''ਸਤਿ ਗੁਰ ਸਿਮਰੇ ਸੋ ਪਰਧਾਨ'' ਉੱਕਰਿਆ ਹੋਇਆ ਸੀ । ਆਪ ਨੂੰ ਮਹਾਰਾਜ ਆਲਾ ਸਿੰਘ ਜੀ ਵਲੋਂ ਕਈ* ਪਿੰਡ ਮਿਲੇ ਹੋਏ ਸਨ, ਜਿਨ੍ਹਾਂ ਦੀ ਆਮਦਨ ਆਪ ਧਰਮ ਅਰਥ ਹੀ ਖਰਚ ਕਰ ਦਿਆ ਕਰਦੇ ਸਨ ।

ਸੰਮਤ ੧੮੪੯ ਬਿ: ਵਿਚ ਮਹਾਰਾਜਾ ਸਾਹਿਬ ਸਿੰਘ ਜੀ ਬਾਂਗਰ ਦਾ ਦੌਰਾ ਕਰ ਰਹੇ ਸਨ, ਕਿ ਪਿੰਡ ਧਰੌਦੀ ਦੇ ਮੁਕਾਮ ਆਪ ਪਾਸ ਖਬਰ ਅਪੜੀ, ਕਿ ਬੀਬੀ ਪਰਧਾਨ ਜੀ ਸੇਖੇ ਪਿੰਡ ਸਵਰਗਵਾਸ ਹੋ ਗਏ ਹਨ । ਮਹਾਰਾਜਾ ਸਾਹਿਬ ਜੀ ਉਸੇ ਵੇਲੇ 'ਸੇਖੇ' ਆਏ, ਅਤੇ ਬੀਬੀ ਜੀ ਦੇ ਮੁਸੱਦੀ ਕਰਮ ਚੰਦ ਪਾਸੋਂ ਸਾਰਾ ਅਸਬਾਬ ਨਕਦੀ ਤੇ ਦਾਣਾਂ ਲੈ ਕੇ ਸਰਕਾਰੇ ਜ਼ਬਤ ਕਰ ਲਿਆ । ਕਹਿੰਦੇ ਹਨ ਕਿ ਸਾਰਾ ਮਾਲ ਤਿੰਨ ਲੱਖ ਰੁਪੈ ਦਾ ਨਿਕਲਿਆ ਸੀ† ।

ਮਾਈ ਫੱਤੋ ਜੀ ਮਹਾਰਾਜ ਆਲਾ ਸਿੰਘ ਜੀ ਤੋਂ ਪਿਛੋਂ ਅਠ ਸਾਲ ਤੀਕ ਜੀਉਂਦੇ ਰਹੇ । ਇਹ ਆਪ ਦੇ ਹੀ ਜਤਨ ਦਾ ਸਿੱਟਾ ਸੀ ਕਿ ਮਹਾਰਾਜਾ ਅਮਰ ਸਿੰਘ ਜੀ ਨੂੰ ਬਿਨਾਂ ਕਿਸ ਲੜਾਈ ਭੜਾਈ ਦੇ ਰਾਜ ਗੱਦੀ ਮਿਲ ਗਈ । ਮਾਈ ਜੀ ਦਾ ਮਹਾਰਾਜ ਅਮਰ ਸਿੰਘ ਜੀ ਨਾਲ ਬੜਾ ਮੋਹ ਪਿਆਰ ਸੀ, ਪਰ ਜਦ ਇਕ ਵਾਰ ਮਹਾਰਾਜਾ ਸਾਹਿਬ ਨੇ ਮਾਈ ਜੀ ਦੀ ਮਰਜ਼ੀ ਦੇ ਉਲਟ ਬਦੋਬਦੀ ਕੋਠਾ ਪਾੜ ਕੇ ਖਜ਼ਾਨਾ ਕਢ ਲਿਆ, ਤਾਂ ਆਪ ਗੁਸੇ ਹੋ ਕੇ ਆਪਣੇ ਭਤੀਜੇ ਸਰਦਾਰ ਗੁਰਦਾਸ ਸਿੰਘ ਕਾਲੇਕੇ ਨੂੰ ਕੰਵਰ ਹਿੰਮਤ ਸਿੰਘ ਜੀ ਦੀ ਹਮੈਤ ਉਤੇ ਖੜਾ ਕਰ ਦਿਤਾ, ਜਿਸ ਕਰ ਕੇ ਕੰਵਰ ਜੀ ਪਟਿਆਲੇ ਉਤੇ ਕਬਜਾ ਕਰ ਕੇ ਆਕੀ ਹੋ ਬੈਠੇ । ਪਰ ਅੰਤ ਨੂੰ ਆਪੋ ਵਿਚ ਸੁਲ੍ਹਾ ਹੋ ਗਈ ।

---

*ਓਹਵਾਲ ਖਾਨਦਾਨ ਸਰਕਾਰ ਪਟਿਆਲਾ ਵਿਚ ੨੪ ਪਿੰਡ ਦਿਤੇ ਲਿਖੇ ਹਨ ਜੋ ਭੁਲ ਹੈ ।

† ''ਤਵਾਰੀਖ ਖਾਨਦਾਨ ਰਾਜਾ-ਹਾਏ ਫੂਲਕੀਆਂ ।'' ਬੀਬੀ ਪਰਧਾਨ ਜੀ ਦੇ ਸਵਿਸਥਾਰ ਹਾਲ ਲਈ ਵੇਖੋ—ਪਟਿਆਲੇ ਦੀਆਂ ਪ੍ਰਸਿੱਧ ਬੀਬੀਆਂ ।

Digitized by Panjab Digital Library | www.panjabdigilib.org

ਅਗਲੇ ਸਾਲ ਸੰਮਤ ੧੮੩੦ ਬਿ: ਵਿਚ ਮਾਈ ਫੱਤੋ ਜੀ ਸਵਰਗਵਾਸ ਹੋ ਗਏ, ਅਤੇ ਇਸ ਸਮੇਂ ਮਹਾਰਾਜਾ ਅਮਰ ਸਿੰਘ ਜੀ ਨੇ ਆਪ ਦੇ ਨਵਿੱਤ ਦੋ ਲੱਖ ਰੁਪਯਾ ਸੰਤਾਂ ਤੇ ਮੁਥਾਜਾਂ ਵਿਚ ਵੰਡਿਆ। ਆਪ ਨੂੰ ਮਹਾਰਾਜ ਆਲਾ ਸਿੰਘ ਜੀ ਵਲੋਂ ਬਹੁਤ ਸਾਰੇ ਪਿੰਡ ਜਗੀਰ ਵਿਚ ਮਿਲੇ ਹੋਏ ਸਨ* ।

---

*"ਐਹਵਾਲ ਖਾਨਦਾਨ ਸਰਕਾਰ ਪਟਿਆਲਾ" ਵਿਚ ਪਿੰਡਾਂ ਦੀ ਗਿਣਤੀ ਤੀਹ ਲਿਖੀ ਹੈ ਜੋ ਭੁਲ ਜਾਪਦੀ ਹੈ। ਇਸ ਤਵਾਰੀਖ ਦੇ ਕਰਤਾ ਦੀਵਾਨ ਗੋਪਾਲ ਸਿੰਘ ਨੇ ਕਿਸੇ ਖਾਸ ਮਤਲਬ ਲਈ ਇਹ ਭੁਲਾਂ ਆਪਣੀ ਤਵਾਰੀਖ ਵਿਚ ਰਖੀਆਂ ਸਨ। ਜਿਸ ਨੂੰ ਪਟਿਆਲਾ ਰਾਜ ਦਾ ਹਰ ਇਕ ਇਤਿਹਾਸਕਾਰ ਚੰਗੀ ਤਰ੍ਹਾਂ ਜਾਣਦਾ ਹੈ।

Digitized by Panjab Digital Library | www.panjabdigilib.org

# ਅੰਤਕਾ

## ਨੰ: ੧

ਖਲੀਫਾ ਸਾਹਿਬ ਨੇ ਆਪਣੀ ਰਚਤ "ਤਵਾਰੀਖ ਪਟਿਆਲਾ" ਵਿਚ ਮਹਾਰਾਜ ਆਲਾ ਸਿੰਘ ਜੀ ਦੇ ਜੋ ਹਾਲ ਲਿਖੇ ਹਨ, ਉਹ ਉਨ੍ਹਾਂ ਤਿੰਨਾਂ ਤਵਾਰੀਖਾਂ ਵਿਚੋਂ ਹੀ ਲਏ ਜਾਪਦੇ ਹਨ, ਜਿਨ੍ਹਾਂ ਦਾ ਹਾਲ ਭੂਮਕਾ ਦੇ ਨੰ: ੭, ੮ ਤੇ ੯ ਵਿਚ ਦਸ ਆਇਆ ਹਾਂ। ਇਸ ਕਰ ਕੇ ਜਿਥੇ ੨ ਇਨ੍ਹਾਂ ਤਵਾਰੀਖਾਂ ਵਿਚ ਕੋਈ ਭੁਲ ਹੋ ਗਈ ਸੀ, ਉਥੇ ਉਥੇ ਹੀ ਖਲੀਫਾ ਸਾਹਿਬ ਪਾਸੋਂ ਵੀ ਭੁਲ ਹੋ ਗਈ ਹੈ। ਆਪ ਨੇ "ਤਜ਼ਕਰਾ ਖਾਨਦਾਨ ਮਹਾਰਾਜਾ ਕਰਮ ਸਿੰਘ ਸਾਹਿਬ ਮਹਿੰਦਰ ਬਹਾਦਰ" ਦੇ ਅਨੁਸਾਰ ਹੀ ਮਹਾਰਾਜ ਆਲਾ ਸਿੰਘ ਜੀ ਦੇ ਹਾਲ ਲਿਖੇ ਹਨ, ਅਤੇ "ਤਵਾਰੀਖ ਖਾਨਦਾਨ ਰਾਜਾ ਹਾਏ ਫੂਲਕਿਆਂ" ਤੇ "ਐਹਵਾਲ ਖਾਨਦਾਨ ਸਰਕਾਰ ਪਟਿਆਲਾ" ਤੋਂ ਵੀ ਕਿਤੇ ਕਿਤੇ ਸਹਾਇਤਾ ਲਈ ਹੈ। ਹੇਠਾਂ ਮੈਂ ਉਨ੍ਹਾਂ ਗੱਲਾਂ ਦਾ ਵਰਨਣ ਕਰਦਾ ਹਾਂ, ਜਿਨ੍ਹਾਂ ਵਿਚ ਮੈਂ ਖਲੀਫਾ ਸਾਹਿਬ ਨਾਲੋਂ ਅਡ ਸੰਮਤੀ ਰਖਦਾ ਹਾਂ:-

(ੳ) "ਤਜ਼ਕਰਾ ਖਾਨਦਾਨ ਮਹਾਰਾਜਾ ਕਰਮ ਸਿੰਘ ਸਾਹਿਬ" ਵਿਚ ਮੰਨਿਆ ਹੈ ਕਿ ਮਹਾਰਾਜ ਆਲਾ ਸਿੰਘ ਜੀ ਸੰਮਤ ੧੭੫੨ ਬਿ: ਵਿਚ ਪੈਦਾ ਹੋਏ, ਅਤੇ ੭੦ ਸਾਲ ਦੀ ਅਵਸਥਾ ਭੋਗ ਕੇ ਸੰਮਤ ੧੮੨੨ ਬਿ: ਵਿਚ ਸੁਰਗਵਾਸ ਹੋ ਗਏ। ਨਾਲ ਹੀ ਇਹ ਵੀ ਮੰਨਿਆ ਹੈ, ਕਿ ਸ੍ਰਦਾਰ ਰਾਮ ਸਿੰਘ ਜੀ ਸੰਮਤ ੧੭੭੧ ਬਿ: ਵਿਚ ਸੁਰਗਵਾਸ ਹੋਏ, ਅਤੇ ਉਸ ਸਮੇਂ ਮਹਾਰਾਜ ਆਲਾ ਸਿੰਘ ਜੀ ਦੀ ਅਵਸਥਾ ੨੩ ਸਾਲ

Digitized by Panjab Digital Library | www.panjabdigilib.org

ਦੀ ਸੀ। ਏਹੋ ਗੱਲਾਂ ਖਲੀਫਾ ਸਾਹਿਬ ਅਤੇ ਗਰੀਫਨ ਸਾਹਿਬ ਨੇ ਮੰਨੀਆਂ ਹਨ।

ਪਰ ਜੇ ਕਰ ਸਰਦਾਰ ਰਾਮ ਸਿੰਘ ਜੀ ਦੇ ਸੁਰਗਵਾਸ ਹੋਣ ਵੇਲੇ ਮਹਾਰਾਜ ਆਲਾ ਸਿੰਘ ਜੀ ਦੀ ਅਵਸਥਾ ੨੩ ਸਾਲ ਦੀ ਮੰਨੀ ਜਾਵੇ, ਤਾਂ ਆਪ ਦੀ ਪੈਦਾਇਸ ਦਾ ਸਾਲ ਸੰਮਤ ੧੭੪੯ ਬਿ: ਬਣਦਾ ਹੈ, ਅਤੇ ਜੇ ਕਰ ਮਰਾਰਾਜ ਜੀ ਦੀ ਕੁਲ ਅਵਸ਼ਥਾ ੭੦ ਸਾਲ ਦੀ ਮੰਨੀ ਜਾਵੇ, ਤਾਂ ਪੈਦਾਇਸ਼ ਦਾ ਸਾਲ ਸੰਮਤ ੧੭੫੨ ਬਿ: ਬਣਦਾ ਹੈ। "ਤਜ਼ਕਰਾ" ਦੇ ਲੇਖਕ ਨੇ ਇਹ ਦੋਵੇਂ ਗੱਲਾਂ ਮੰਨੀਆਂ ਹਨ, ਜੋ ਠੀਕ ਨਹੀਂ ਹੋ ਸਕਦੀਆਂ।

ਹੁਣ ਵੇਖਣਾ ਇਹ ਹੈ, ਕਿ ਮਹਾਰਾਜ ਜੀ ਦੀ ਪੈਦਾਇਸ਼ ਦਾ ਸਾਲ ਸੰਮਤ ੧੭੪੯ ਬਿ: ਹੋ ਸਕਦਾ ਹੈ, ਯਾ ਕਿ ਸੰਮਤ ੧੭੫੨ ਬਿ:। ਇਸ ਗਲ ਨੂੰ ਸਭ ਮੰਨਦੇ ਹਨ, ਕਿ ਮਹਾਰਾਜ ਆਲਾ ਸਿੰਘ ਜੀ ਆਪਣੇ ਭਰਾਵਾਂ ਵਿਚੋਂ ਤੀਜੀ ਥਾਂ ਅਤੇ ਸਰਦਾਰ ਲੱਧਾ ਸਿੰਘ ਜੀ ਆਪਣੇ ਭਰਾਵਾਂ ਵਿਚੋਂ ਛੇਵੀਂ ਥਾਂ ਸਨ। ਜਦ ਸ੍ਰੀ ਦਸਮੇਸ਼ ਜੀ ਸੰਮਤ ੧੭੬੨ ਬਿ: ਵਿਚ ਦੀਨੇ ਪਿੰਡ ਆਏ ਸਨ, ਤਾਂ ਅੰਮ੍ਰਿਤ ਪਾਨ ਕਰਨ ਤੋਂ ਮਗਰੋਂ ਸਰਦਾਰ ਲੱਧਾ ਸਿੰਘ ਜੀ ਦਾ ਨਾਮ ਰਾਮ ਸਿੰਘ ਰਖਿਆ ਗਿਆ ਸੀ। ਇਨ੍ਹਾਂ ਦੀ ਸ਼ਾਦੀ ਰਤੀਏ ਹੋਈ ਸੀ, ਤੇ ਏਹ ਸਰਦਾਰ ਰਾਮ ਸਿੰਘ ਜੀ ਦੇ ਜੀਉਂਦਿਆਂ ਹੀ ਕਟਕ ਪਾਸੋਂ ਮਾਲ ਛੁਡਾ ਕੇ ਲਿਆਉਂਦੇ ਹੋਏ ਮਾਰੇ ਗਏ ਸਨ।

ਮੰਨ ਲਵੋ, ਕਿ ਆਪ ਸੰਮਤ ੧੭੬੯-੭੦ ਬਿ: ਵਿਚ ਸਵਰਗ-ਵਾਸ ਹੋਏ ਹੋਣਗੇ। ਅਤੇ ਚੂੰਕਿ ਆਪ ਇਕੱਲੇ ਹੀ ਫੂਲੋਂ ਅਲਾਣੀ ਘੋੜੀ ਉਤੇ ਚੜ ਕੇ ਕਟਕ ਦਾ ਟਾਕਰਾ ਕਰਨ ਗਏ ਸਨ, ਤਾਂ ਉਸ ਸਮੇਂ ਆਪ ਦੀ ਅਵਸਥਾ ੧੫-੧੬ ਸਾਲ ਤੋਂ ਘਟ ਤਾਂ ਕੀ ਹੋਣੀ ਹੈ, ਜਿਸ ਹਿਸਾਬ ਆਪ ਦੀ ਪੈਦਾਇਸ਼ ਸੰਮਤ ੧੭੫੪ ਬਿ: ਨੂੰ ਮੰਨੀ ਜਾ ਸਕਦੀ ਹੈ। ਚੂੰਕਿ ਆਪ ਮਹਾਰਾਜ ਆਲਾ ਸਿੰਘ ਜੀ ਤੋਂ ਚੌਥੀ ਥਾਂ

Digitized by Panjab Digital Library | www.panjabdigilib.org

ਸਨ, ਇਸ ਲਈ ਇਹ ਗਲ ਤਦੇ ਹੀ ਹੋ ਸਕਦੀ ਹੈ, ਜੇ ਕਰ ਮਹਾਰਾਜ ਆਲਾ ਸਿੰਘ ਜੀ ਦੀ ਪੈਦਾਇਸ਼ ਸੰ: ੧੭੪੮ ਬਿ: ਨੂੰ ਮੰਨੀ ਜਾਵੇ। ਇਸ ਸੰਮਤ ਦੇ ਮੰਨਿਆਂ ਸਰਦਾਰ ਰਾਮ ਸਿੰਘ ਜੀ ਦੇ ਸਵਰਗਵਾਸ ਹੋਣ ਸਮੇਂ ਮਹਾਰਾਜ ਜੀ ਦੀ ਅਵਸਥਾ ੨੩ ਸਾਲ ਦੀ ਹੁੰਦੀ ਹੈ। ਇਸ ਲਈ ਮੈਂ ਮਹਾਰਾਜਾ ਜੀ ਦੀ ਪੈਦਾਇਸ਼ ਦਾ ਸਾਲ ਸੰਮਤ ੧੭੪੮ ਬਿ: ਨੂੰ ਹੀ ਮੰਨਿਆ ਹੈ।

(ਅ) "ਤਜ਼ਕਰਾ ਖਾਨਦਾਨ ਮਹਾਰਾਜਾ ਕਰਮ ਸਿੰਘ ਸਾਹਿਬ" ਵਿਚ ਮੰਨਿਆ ਹੈ, ਕਿ ਅਲੀ ਮੁਹੰਮਦ ਖਾਂ ਸੰਮਤ ੧੭੯੮ ਬਿ: ਵਿਚ ਸਰਹੰਦ ਦਾ ਨਾਜ਼ਮ ਹੋ ਕੇ ਆਇਆ, ਅਤੇ ਰਾਏ ਕੋਟ ਨੂੰ ਮਾਰਨ ਤੋਂ ਮਗਰੋਂ ਉਸ ਨੇ ਮਹਾਰਾਜ ਜੀ ਨੂੰ ਕੈਦ ਕਰ ਲਿਆ। ਇਸੇ ਗੱਲ ਨੂੰ ਖਲੀਫ਼ਾ ਸਾਹਿਬ ਤੇ ਗਰੀਫਨ ਸਾਹਿਬ ਨੇ ਮੰਨਿਆ ਹੈ।

ਆਨੰਦ-ਰਾਜ-ਮੁਖਲਸ ਉਸ ਮੁਹਿੰਮ ਵਿਚ ਪਾਤਸ਼ਾਹੀ ਲਸ਼ਕਰ ਦੇ ਨਾਲ ਸੀ, ਜੋ ਅਲੀ ਮੁਹੰਮਦ ਖਾਂ ਨੂੰ ਸਜ਼ਾ ਦੇਣ ਲਈ ਰੋਹੇਲ ਖੰਡ ਨੂੰ ਗਿਆ ਸੀ। ਇਸ ਮੁਹਿਮ ਦਾ ਸਵਿਸਥਾਰ ਹਾਲ ਆਨੰਦ-ਰਾਮ-ਮੁਖਲਸ ਨੇ 'ਸਫਰ-ਨਾਮਾ ਬਨਗੜ੍ਹ' ਵਿਚ ਲਿਖਿਆ ਹੈ, ਜਿਸ ਤੋਂ ਸਿਧ ਹੁੰਦਾ ਹੈ, ਕਿ ਅਲੀ ਮੁਹੰਮਦ ਖਾਂ ਰੁਹੇਲੇ ਨੂੰ ਕੈਦ ਕਰ ਕੇ ੨੧ ਹਾੜ ਸੰਮਤ ੧੮੦੨ ਬਿ: ਨੂੰ ਪਾਤਸ਼ਾਹ ਦਿਲੀ ਵਾਪਸ ਆਇਆ ਸੀ।

"ਮੁਨਤਖਿਬ-ਉਲ-ਉਲੂਮ" ਵਿਚ ਲਿਖਿਆ ਹੈ, ਕਿ ਅਲੀ ਮੁਹੰਮਦ ਖਾਂ ਬਰਸਾਤ ਦੇ ਚਾਰ ਮਹੀਨੇ ਦਿੱਲੀ ਵਿਚ ਕੈਦ ਰਿਹਾ, ਅਤੇ ਬਰਸਾਤ ਤੋਂ ਮਗਰੋਂ ਸਰਹੰਦ ਦਾ ਚਕਲੇਦਾਰ ਬਣਾ ਕੇ ਘਲਿਆ ਗਿਆ। ਇਸੇ ਗੱਲ ਨੂੰ ਹੋਰਨਾਂ ਇਤਿਹਾਸਕਾਰਾਂ ਨੇ ਵੀ ਮੰਨਿਆ ਹੈ। ਸੋ ਮੈਂ ਵੀ ਇਸੇ ਸੰਮਤ ਨੂੰ ਮੰਨਿਆ ਹੈ। (ਸਵਿਸਥਾਰ ਹਾਲ ਲਈ ਵੇਖੋ ਅੰਤਕਾ)।

ਮਨਸੂਰਾ ਸਿੰਘ ਚਾਹਲ ਕੰਵਰ ਹਿੰਮਤ ਸਿੰਘ ਜੀ ਦਾ ਪ੍ਰਸਿੱਧ ਸਰਕਰਦਾ ਸੀ। ਅਤੇ ਇਸੇ ਦੇ ਘਰੋਂ ਮਾਈ ਭਾਗਣ ਮਾਈ ਰੋਸਾਂ ਜੀ ਪਾਸ ਰਹਿੰਦਾ ਸੀ, ਜਦ ਤੀਕ ਕਿ ਮਾਈ ਰੋਸਾਂ ਜੀ ਸਵਰਗਵਾਸ ਨਾ

Digitized by Panjab Digital Library | www.panjabdigilib.org

ਹੋ ਗਏ। ਮਹਾਰਾਜ ਕਰਮ ਸਿੰਘ ਸਾਹਿਬ ਦੇ ਸਮੇਂ ਮਾਈ ਭਾਗਟ ਨੇ ਜੋ ਹਾਲ ਲਖਵਾਏ ਸਨ, ਉਹ ਆਪਣੀ ਅੱਖੀਂ ਵੇਖੇ ਯਾ ਮਾਈ ਰੋਸਾਂ ਜੀ ਦੀ ਜ਼ਬਾਨੋਂ ਸੁਣੇ ਹੋਏ ਸਨ। ਭਾਈ ਭਾਗਟ ਦਾ ਕਥਨ ਹੈ ਕਿ ਜਦ ਅਲੀ ਮੁਹੰਮਦ ਖਾਂ ਨੇ ਰਾਇਪੁਰ ਨਾਰੰਗਵਾਲ ਉਤੇ ਚੜ੍ਹਾਈ ਕੀਤੀ ਸੀ, ਉਸ ਸਮੇਂ ਮਹਾਰਾਜ ਆਲਾ ਸਿੰਘ ਜੀ ਕੈਦ ਸਨ, ਤੇ ਸਾਰਾ ਪਰਵਾਰ ਨੱਸ ਕੇ ਬਠਿੰਡੇ ਜਾ ਬੈਠਾ ਸੀ, ਜਿਥੇ ਕੰਵਰ ਹਿੰਮਤ ਸਿੰਘ ਜੀ ਪੈਦਾ ਹੋਏ ਸਨ। 'ਗੁਲੇ ਰਹਿਮਤ' ਵਿਚ ਮੰਨਿਆ ਹੈ, ਕਿ ਸਰਹੰਦ ਆਉਂਦਿਆਂ ਹੀ ਪਹਿਲਾਂ ਰਾਏਪੁਰ ਉਤੇ ਚੜ੍ਹਾਈ ਹੋਈ, ਫਿਰ ਜੋਧ-ਪੁਰ ਉਤੇ ਅਤੇ ਇਸ ਤੋਂ ਮਗਰੋਂ ਰਾਏਕੋਟ ਉਤੇ ਸੋ ਇਸ ਕਰਕੇ ਮੈਂ ਮੰਨਿਆ ਹੈ, ਕਿ ਅਲੀ ਮੁਹੰਮਦ ਖਾਂ ਨੇ ਸਰਹੰਦ ਆਉਂਦਿਆਂ ਹੀ ਮਹਾਰਾਜ ਜੀ ਨੂੰ ਕੈਦ ਕਰ ਲਿਆ ਸੀ।

(ਇ) "ਤਵਾਰੀਖ ਖਾਨਦਾਨ ਰਾਜਾ-ਹਾਏ ਫੂਲਕਿਆਂ" ਵਿਚ ਮੰਨਿਆ ਹੈ, ਕਿ ਲਛਮੀ ਨਰੈਣ ਨੂੰ ਫੜਨ ਲਈ ਅਬਦੁਲ ਸੰਮਦ ਖਾਂ, ਹਾਕਮ ਸਰਹੰਦ, ਨੇ ਮਹਾਰਾਜ ਜੀ ਨਾਲ ਢੋਡੀਂ ਇਕ ਮਹੀਨਾ ਲੜਾਈ ਕੀਤੀ ਸੀ। ਇਸੇ ਗਲ ਨੂੰ ਖਲੀਫਾ ਸਾਹਿਬ ਤੇ ਗਰੀਫਨ ਸਾਹਿਬ ਨੇ ਮੰਨਿਆ ਹੈ।

ਸੰਮਤ ੧੮੧੦ ਬਿ: ਤੀਕ ਤਾਂ ਖਲੀਫਾ ਸਾਹਿਬ ਤੇ 'ਤਜ਼ਕਰਾ ਖ਼ਾਨਦਾਨ ਮਹਾਰਾਜ ਕਰਮ ਸਿੰਘ ਸਾਹਿਬ' ਅਨੁਸਾਰ ਹਾਲ ਲਿਖੇ ਹਨ, ਪਰ ਇਸ ਤੋਂ ਮਗਰੋਂ 'ਤਵਾਰੀਖ ਖਾਨਦਾਨ ਰਾਜਾ-ਹਾਏ ਫੂਲਕਿਆਂ' ਅਨੁਸਾਰ ਲਿਖਣ ਲਗ ਪਏ। ਜੇ ਕਰ ਐਸਾ ਨਾ ਕੀਤਾ ਜਾਂਦਾ, ਤਾਂ ਇੰਨੀਆਂ ਭੁਲਾਂ ਨਹੀਂ ਹੋਣੀਆਂ ਸਨ। 'ਤਜ਼ਕਰੇ' ਵਿਚ ਮੰਨਿਆ ਹੈ, ਕਿ ਇਹ ਲੜਾਈ ਸਰਹੰਦ ਦੇ ਹਾਕਮ ਸਦੀਕ ਬੇਗ ਨਾਲ ਹੋਈ ਸੀ, ਅਤੇ ਅਬਦੁਲ ਸਮਦ ਖਾਂ ਨਾਲ ਓਦੋਂ ਲੜਾਈ ਹੋਈ ਸੀ, ਜਦ ਉਹ ਮਰਹੱਟਿਆਂ ਦੀ ਕੈਦੋਂ ਛੁਟ ਕੇ ਰਾਮਪੁਰੇ ਦੇ ਮੈਦਾਨ ਮਹਾਰਾਜ ਜੀ ਦੇ ਟਾਕਰੇ ਲਈ ਆਇਆ ਸੀ। 'ਪੰਥ ਪ੍ਰਕਾਸ਼, ਸਰਦਾਰ ਰਤਨ

Digitized by Panjab Digital Library | www.panjabdigilib.org

ਸਿੰਘ' ਵਿਚ ਵੀ ਮੰਨਿਆ ਹੈ, ਕਿ ਉਸ ਸਮੇਂ ਸਦੀਕ ਬੇਗ ਹੀ ਸਰਹੰਦ ਦਾ ਹਾਕਮ ਸੀ। ਇਸ ਲਈ ਮੈਂ ਵੀ ਇਸੇ ਗਲ ਨੂੰ ਮੰਨਿਆ ਹੈ।

(ਸ) 'ਤਵਾਰੀਖ ਖਾਨਦਾਨ ਰਾਜਾ ਹਾਏ ਫੂਲਕ੍ਰਿਆ' ਵਿਚ ਲਿਖਿਆ ਹੈ, ਕਿ ਮਹਾਰਾਜ ਜੀ ਦੀ ਮੁਹੰਮਦ ਅਮੀਨ ਖਾਂ ਨਾਲ ਪਹਿਲੀ ਲੜਾਈ ਖੁਡਾਲ ਹੋਈ, ਕੁਝ ਦਿਨਾਂ ਮਗਰੋਂ ਦੂਜੀ ਲੜਾਈ ਰਾਜਪੁਰ ਹੋਈ, ਅਤੇ ਫੇਰ ਕੁਝ ਦਿਨਾਂ ਮਗਰੋਂ ਤੀਜੀ ਲੜਾਈ ਧਾਰਮੂਲ ਹੋਈ, ਜੋ ਨੌਂ ਦਿਨ ਹੁੰਦੀ ਰਹੀ, ਤੇ ਅੰਤ ਨੂੰ ਹਸਾਰ ਦੇ ਹਾਕਮ ਨਸੀਰ ਖਾਂ ਦੇ ਮਾਰੇ ਜਾਣ ਕਰਕੇ ਮੁਹੰਮਦ ਅਮੀਰ ਖਾਂ ਨੂੰ ਭਾਂਜ ਹੋਈ। ਇਨ੍ਹਾਂ ਹੀ ਗਲਾਂ ਨੂੰ ਖਲੀਫਾ ਸਾਹਿਬ ਤੇ ਗਰੀਫਨ ਸਾਹਿਬ ਨੇ ਮੰਨਿਆ ਹੈ।

'ਤਜ਼ਕਰੇ' ਵਿਚ ਮੰਨਿਆ ਹੈ, ਕਿ ਸੰਮਤ ੧੮੧੫ ਬਿ: ਵਿਚ ਅਬਦੁਲ ਸਮਦ ਖਾਂ ਤੇ ਮੁਹੰਮਦ ਅਮੀਨ ਖਾਂ ਨਾਲ ਰਾਜਪੁਰੇ ਲੜਾਈ ਹੋਈ। ਬਰਾਊਨ ਸਾਹਿਬ ਮੇ ਆਪਣੀ ਤਿਆਰ ਕੀਤੀ 'ਰਪੋਟ ਮੁਕੱਦਮਾ ਨਾਲੀ' ਵਿਚ ਮੰਨਿਆ ਹੈ, ਕਿ ਸੰਮਤ ੧੮੧੧ ਬਿ: ਵਿਚ ਮੁਹੰਮਦ ਅਮੀਨ ਖਾਂ ਨਾਲ 'ਖੁਜਾਲ' ਹੋਈ, ਸੰਮਤ ੧੯੦੫ ਬਿ: ਵਿਚ ਮੁਹੰਮਦ ਅਮੀਨ ਖਾਂ ਤੈ ਅਨਦੁਲ ਸਮਦ ਖਾਂ ਨਾਲ 'ਰਾਚਪੁਰੇ' ਲੜਾਈ ਹੋਈ, ਅਤੇ ਸੰਮਤ ੧੮੨੪ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਨਾਲ ਮੁਹੰਮਦ ਅਮੀਨ ਖਾਂ ਤੇ ਹਸਾਰ ਦੇ ਹਾਕਮ ਨਸੀਰ ਖਾਂ ਨਾਲ 'ਮਤੜੀਂ' ਲੜਾਈ ਹੋਈ, ਜਿਸ ਵਿਚ ਨਸੀਰ ਖਾਂ ਮਾਰਿਆ ਗਿਆ। 'ਹਾਲਾਤ ਮਕਦਮਾ ਨਾਲੀ' ਵਿਚ ਮੈਂ ਇਨ੍ਹਾਂ ਲੜਾਈਆਂ ਦਾ ਵਿਸਥਾਰ ਨਾਲ ਹਾਲ ਦਿਤਾ ਹੈ, ਜੋ ਬਰਾਊਨ ਸਾਹਿਬ ਦੀ ਰਪੋਟ ਦੇ ਅਨੁਸਾਰ ਹੈ। ਇਸ ਲਈ ਮੈਂ ਇਥੇ ਵੀ ਇਸੇ ਤਰ੍ਹਾਂ ਹੀ ਮੰਨਿਆ ਹੈ।

(ਹ) 'ਤਵਾਰੀਖ ਖਾਨਦਾਨ ਰਾਜਾ ਹਾਏ ਫੂਲਕਿਆਂ' ਵਿਚ ਮੰਨਿਆ ਹੈ, ਕਿ ਮਹਾਰਾਜ ਜ਼ੀ ਨੇ ਇਲਾਕਾ ਸ਼ੇਰਪੁਰ ਭਸੌੜ ਨਵਾਬ ਭੀਖਣ ਖਾਂ ਮਲੇਰ ਕੋਟਲੇ ਵਾਲੇ ਪਾਸੌਂ ਜਿਤਿਆ ਸੀ, ਅਤੇ ਫੇਰ ਉਕਤ ਨਵਾਬ ਕਾਕੜੈ ਪਾਸ ਮਹਾਰਾਜ ਜੀ ਦੀ ਫੌਜ ਹਥੋਂ ਲੜਾਈ ਵਿਚ

Digitized by Panjab Digital Library | www.panjabdigilib.org

ਮਾਰਿਆ ਗਿਆ ਸੀ। ਇਸੇ ਗਲ ਨੂੰ 'ਅਹਿਵਾਲ ਖਾਨਦਾਨ ਸਰਕਾਰ ਪਟਿਆਲਾ' ਵਿਚ ਮੰਨਿਆ ਹੈ, ਪਰ ਇਤਨੇ ਭੇਦ ਨਾਲ ਕਿ ਨਵਾਬ ਭੀਖਣ ਖਾਂ ਕੰਵਰ ਹਿੰਮਤ ਸਿੰਘ ਜੀ ਦੇ ਹਥੋਂ ਮਾਰਿਆ ਗਿਆ ਸੀ। ਖਲੀਫਾ ਸਾਹਿਬ ਨੇ ਪਿਛਲੀ ਗੱਲ ਨੂੰ ਹੀ ਮੰਨਿਆ ਹੈ।

'ਤਜ਼ਕਰੇ' ਵਿਚ ਇਸ ਗਲ ਨੂੰ ਮੰਨਿਆ ਹੈ, ਕਿ ਨਵਾਬ ਭੀਖਣ ਖਾਂ ਕੰਵਰ ਹਿੰਮਤ ਸਿੰਘ ਜੀ ਦੇ ਹਥੋਂ ਕਾਕੜੇ ਪਾਸ ਮਾਰਿਆ ਗਿਆ ਸੀ, ਪਰ ਇਹ ਨਹੀਂ ਮੰਨਿਆ ਕਿ ਉਸ ਸਮੇਂ ਸ਼ੇਰਪੁਰ ਤੇ ਭਸੌੜ ਦਾ ਇਲਾਕਾ ਵੀ ਸਰ ਹੋ ਚੁਕਾ ਸੀ। 'ਅਹਿਵਾਲ ਕੰਵਰ ਹਿੰਮਤ ਸਿੰਘ ਸਹਿਬ' ਵਿਚ ਮੰਨਿਆ ਹੈ, ਕਿ ਕੰਵਰ ਸਾਹਿਬ ਨੇ ਭਸੌੜ ਦਾ ਤਅਲਕਾ ਸੰਮਤ ੧੮੨੪ ਬਿ: ਵਿਚ ਜਿਤਿਆ ਸੀ। ਸੋ ਮੈਂ ਵੀ ਇਸੇ ਗਲ ਨੂੰ ਮੰਨਿਆ ਹੈ।

(ਕ) 'ਅਹਿਵਾਲ ਕੰਵਰ ਹਿਮਤ ਸਿੰਘ ਸਾਹਿਬ' ਵਿਚ ਮੰਨਿਆ ਹੈ ਕਿ ਨਵਾਬ ਭੀਖਣ ਖਾਂ ਸੰਮਤ ੧੮੧੭ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਦੇ ਹਥੋਂ ਮਾਰਿਆ ਗਿਆ। ਇਸੇ ਗਲ ਨੂੰ ਖਲੀਫਾ ਸਾਹਿਬ ਨੇ ਮੰਨਿਆ ਹੈ, ਪਰ ਇਨ੍ਹਾਂ ਦੇ ਉਲਟ ਮੈਂ ਮੰਨਿਆ ਹੈ ਕਿ ਨਵਾਬ ਭੀਖਣ ਖਾਂ ਸੰਮਤ ੧੮੨੧ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਦੇ ਹਥੋਂ ਮਾਰਿਆ ਗਿਆ। ਸਵਿਸਥਾਰ ਹਾਲ ਲਈ ਵੇਖੋ ਅੰਤਕਾ।

(ਖ) 'ਤਵਾਰੀਖ ਖਾਨਦਾਨ ਰਾਜਾ ਹਾਏ ਫੂਲਕਿਆਂ' ਵਿਚ ਮੰਨਿਆ ਹੈ, ਕਿ ਸੰਮਤ ੧੮੧੮ ਬਿ: ਵਿਚ ਜਦ ਅਹਿਮਦ ਸ਼ਾਹ ਨੇ ਬਰਨਾਲਾ ਲੁਟਿਆ, ਤਾਂ ਓਦੋਂ ਹੀ ਮਹਾਰਾਜ ਜੀ ਦੇ ਹਾਜ਼ਰ ਹੋਣ ਪਰ ਆਪ ਨੂੰ ਰਾਜਗੀ ਦਾ ਖਤਾਬ ਤੇ ਨੌਬਤ ਬਖਸ਼ੀ। ਖਲੀਫਾ ਸਾਹਿਬ ਨੇ ਇਸ ਦੇ ਉਲਟ ਮੰਨਿਆ ਹੈ, ਕਿ ਸੰਮਤ ੧੮੨੦ ਬਿ: ਵਿਚ ਜਦ ਮਹਾਰਾਜ ਜੀ ਅਹਿਮਦ ਸ਼ਾਹ ਨੂੰ ਸਰਹੰਦ ਮਿਲੇ, ਅਤੇ ਸਾਢੇ ਤਿੰਨ ਲਖ ਰੁਪਿਆ ਚੁਕੌਤੇ ਉਤੇ ਸਰਹੰਦ ਦਾ ਇਲਾਕਾ ਲਿਆ, ਤੇ ਅਹਿਮਦ ਸ਼ਾਹ ਨੇ ਖਿਲਅਤ ਤੇ ਰਾਜਗੀ ਦਾ ਖਤਾਬ ਦਿਤਾ, ਫਿਰ ਜਦ ਸੰਮਤ ੧੮੨੪ ਬਿ: ਵਿਚ ਮਹਾਰਾਜਾ ਅਮਰ ਸਿੰਘ ਜੀ ਅਹਿਮਦ ਸ਼ਾਹ ਨੂੰ ਮਿਲੇ, ਤਾਂ

Digitized by Panjab Digital Library | www.panjabdigilib.org

ਮਹਾਰਾਜਾ ਸਾਹਿਬ ਨੂੰ 'ਨਗਾਰਾ ਤੇ ਨਸ਼ਾਨ ਆਦਿ, ਜੋ ਸਰਦਾਰੀ ਤੇ ਰਾਜਾਈ ਦੀਆਂ ਨਸ਼ਾਨੀਆਂ ਸਨ, ਅਤੇ ਰਾਜਾਏ-ਰਾਜਗਾਨ ਬਹਾਦਰ ਦਾ ਖਤਾਬ, ਜੋ ਆਪਨੇ ਭਾਵ ਵਿਚ ਮਹਾਰਾਜਾ ਦੇ ਖਤਾਬ ਨਾਲੋਂ ਬਹੁਤ ਵਡਾ ਹੈ, ਬਖਸ਼ਿਆ ਅਤੇ ਸਿੱਕਾ ਜਾਰੀ ਕਰਨ ਦੀ ਆਗਿਆ ਦਿਤੀ।'

ਖਲੀਫਾ ਸਾਹਿਬ ਨੇ ਮਹਾਰਾਜਾ ਜੀ ਦੇ ਹਾਲਾਤ ਦੇ ਅਰੰਭ ਵਿਚ ਹੀ ਲਿਖਿਆ ਹੈ, ਕਿ ਅਸਾਂ ਮਹਾਰਾਜ ਆਲਾ ਸਿੰਘ ਨਾਲ 'ਮਹਾਰਾਜ' ਹਦ ਕੇਵਲ ਤਾਜ਼ੀਮ ਲਈ ਲਿਖਿਆ ਹੈ। ਅਹਿਮਦ ਸ਼ਾਹ ਪਾਸੋਂ ਰਾਜਗੀ ਦਾ ਖਤਾਬ ਮਿਲਣ ਸਮੇਂ ਆਪ ਨੇ ਰਾਜਗੀ ਦੀਆਂ ਨਿਸ਼ਾਨੀਆ ਦੇ ਮਿਲਣ ਦਾ ਕੋਈ ਵਰਣਨ ਨਹੀਂ ਕੀਤਾ, ਸਗੋਂ ਰਾਜਗੀ ਦੀਆਂ ਨਸ਼ਾਨੀਆਂ ਦਾ ਮਹਾਰਾਜਾ ਅਮਰ ਸਿੰਘ ਜੀ ਨੂੰ ਮਿਲਣਾ ਮੰਨਿਆ ਹੈ। ਜਿਸ ਤੋਂ ਇਹ ਸਿਧ ਹੁੰਦਾ ਹੈ, ਕਿ ਖਲੀਫਾ ਸਾਹਿਬ ਦੇ ਮਨ ਵਿਚ ਸ਼ੱਕ ਸੀ, ਕਿ ਹੋ ਸਕਦਾ ਹੈ, ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖਤਾਬ ਨਾ ਮਿਲਿਆ ਹੋਵੇ, ਅਤੇ ਲੋਕਾਂ ਵਿਚ ਕੇਵਲ ਤਾਜ਼ੀਮ ਦੇ ਖਿਆਲ ਨਾਲ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖਤਾਬ ਮਿਲਣਾ ਪ੍ਰਚਲਤ ਹੋ ਗਿਆ ਹੋਵੇ, ਜਿਸ ਤਰਾਂ ਕਿ ਰਾਏ ਕੋਟੀਆਂ ਵਿਚ ਪ੍ਰਸਿੱਧ ਹੈ, ਕਿ ਅਹਿਮਦ ਸ਼ਾਹ ਨੇ ਉਹਨਾਂ ਦੇ ਵਡੇ ਨੂੰ ਰਾਏ ਰਾਇਆਂ, ਦਾ ਖਤਾਬ ਦਿਤਾ ਸੀ।

ਡੂੰਘੀ ਨਜ਼ਰ ਨਾਲ ਦੇਖਿਆ ਜਾਵੇ, ਤਾਂ ਖਲੀਫਾ ਸਾਹਿਬ ਦਾ ਇਹ ਸ਼ੱਕ ਬਹੁਤ ਕੁਝ ਸੱਚਾ ਪ੍ਰਤੀਤ ਹੁੰਦਾ ਹੈ। ਸਰਕਾਰੀ ਕਾਗਜ਼ਾਂ ਵਿਚ ਕੋਈ ਐਸੀ ਪੁਰਾਣੀ ਲਿਖਤ ਨਹੀਂ, ਜਿਸ ਤੋਂ ਸਿਧ ਹੋ ਸਕੇ, ਕਿ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖਤਾਬ ਮਿਲਿਆ ਸੀ। ਸਮਕਾਲੀ ਇਤਿਹਾਸਕਾਰਾਂ ਨੇ ਵੀ ਇਸ ਗਲ ਦਾ ਕੋਈ ਵਰਣਨ ਨਹੀਂ ਕੀਤਾ। ਖਲੀਫਾ ਸਾਹਿਬ ਇਨ੍ਹਾਂ ਸਭ ਗਲਾਂ ਨੂੰ ਜਾਣਦੇ ਸਨ, ਇਸੇ ਲਈ ਆਪ ਨੇ ਰਾਜਗੀ ਦੀਆਂ ਨਸ਼ਾਨੀਆਂ ਦਾ ਮਿਲਣਾ ਮਹਾਰਾਜਾ ਅਮਰ

Digitized by Panjab Digital Library | www.panjabdigilib.org

ਸਿੰਘ ਜੀ ਦੇ ਸਮੇਂ ਮੰਨਿਆ ਹੈ।

ਪਰ ਇਸ ਗਲ ਨੂੰ ਨੂਰ ਮੁਹੰਮਦ ਨੇ ਸਾਫ ਕਰ ਦਿਤਾ ਹੈ। ਨੂਰ ਮੁਹੰਮਦ ਸੰਮਤ ੧੮੨੧ ਬਿ: ਵਿਚ ਨਸੀਰ ਖਾਂ, ਅਮੀਰ ਕਲਾਤ, ਦੇ ਨਾਲ ਪੰਜਾਬ ਨੂੰ ਆਇਆ ਸੀ, ਅਤੇ ਉਸ ਦੇ ਸਾਹਮਣੇ ਹੀ ਸਰਹੰਦ ਦੇ ਮਕਾਮ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦੀਆਂ ਨਿਸ਼ਾਨੀਆਂ 'ਨਗਾਰਾ ਤੇ ਝੰਡਾ' ਦਿਤੀਆਂ ਗਈਆਂ ਸਨ। ਇਸ ਲਈ 'ਜੰਗਨਾਮਾ' ਦਾ ਇਹੋ ਸ਼ੇਅਰ:—

ਮਰਖਸ ਨਮੂਦਸ਼ ਬਾਜੂਦੋ ਕਰਮ
ਦਾ ਬਖਸ਼ੀਸ਼ ਅਜ਼ ਲੁਤਫ ਤਬਲੋ ਅਲਮ

ਇਕ ਸ਼ਾਹੀ ਫਰਮਾਨ ਦੀ ਹੈਸੀਅਤ ਰਖਦਾ ਹੈ। ਇਸ ਲਈ ਮੈਂ ਖਲੀਫਾ ਸਾਹਿਬ ਦੇ ਉਲਟ ਬੇਹਿਚਕ ਹੋਕੇ ਇਹ ਮੰਨਿਆ ਹੈ, ਕਿ ਮਹਾਰਾਜ ਜੀ ਨੂੰ ਰਾਜਗੀ ਦਾ ਖਤਾਬ, ਅਤੇ ਰਾਜਗੀ ਦੀਆਂ ਨਿਸ਼ਾਨੀਆਂ, ਝੰਡਾ ਤੇ ਨਗਾਰਾ, ਅਹਿਮਦ ਸ਼ਾਹ ਵਲੋਂ ਮਿਲੀਆਂ ਸਨ।

(ਗ) ਖਲੀਫਾ ਸਾਹਿਇ ਨੇ ਮੰਨਿਆ ਹੈ, ਕਿ ਨਵਾਬ ਭੀਖਣ ਖਾ ਸੰਮਤ ੧੮੧੭ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਹਥੋਂ ਮਾਰਿਆਂ ਗਿਆ ਸੀ, ਇਸੇ ਗਲ ਨੂੰ ਗਰੀਫਨ ਸਾਹਿਬ ਨੇ ਮੰਨਿਆ, ਪਰ ਮੈਂ ਇਸ ਦੇ ਉਲਟ ਨਵਾਬ ਦਾ ਸੰਮਤ ੧੮੨੧ ਬਿ: ਵਿਚ ਗੁਜਰਨਾ ਮੰਨਿਆ ਨੂੰ। ਸਵਿਸਥਾਰ ਬਹਿਸ ਵੇਖੋ ਅੰਤਕਾ ਨੰ: ੫।

(ਘ-ਙ) 'ਕਰਤਾ' ਨੇ ਇਨ੍ਹਾਂ ਦੋਹਾਂ ਨੰਬਰਾਂ ਵਿਚ ਖਲੀਫਾ ਸਾਹਿਬ ਦੀ 'ਤਵਾਰੀਖ' ਦੇ ੨੧ ਰਮਜ਼ਾਨ ਸੰਮਤ ੧੧੩੭ ਹਿਜਰੀ ਵਾਲੇ ਸ਼ਾਹੀ ਫਰਮਾਨ, ਤੇ ਕੰਵਰ ਅਮਰ ਸਿੰਘ ਜੀ ਨਾਲੋਂ ਵੱਡਾ ਹੋਣ ਸਬੰਧੀ, ਬੜੀ ਯੁਕਤੀ ਪੂਰਤ, ਸਵਾਦਲੀ, ਤੇ ਇਤਿਹਾਸਕ ਖੋਜ ਪੂਰਤ, ਬਹਿਸ ਕੀਤੀ ਸੀ, ਜਿਸ ਤੋਂ ਪਤਾ ਲਗਦਾ ਸਕਦਾ ਸੀ, ਕਿ 'ਕਰਤਾ' ਨੂੰ ਸਮਕਾਲੀ ਇਤਿਹਾਸ ਦੀ ਕਿਤਨੀ ਡੂੰਘੀ ਵਾਕਫੀ ਹੈ, ਅਤੇ ਮਲਾਵਟ ਤੇ ਖਰੇ ਨੂੰ ਅਡ ਕਰ ਸਕਣ ਦੀ ਆਪ ਵਿਚ ਕਿਤਨੀ ਸਮਰਥਾ ਹੈ। ਪਰ

Digitized by Panjab Digital Library | www.panjabdigilib.org

ਅਸਾਂ ਇਹ ਜ਼ਰੂਰੀ ਸਮਝਿਆ ਹੈ, ਕਿ ਇਸ ਬਹਿਸ ਨੂੰ ਜਿਸ ਦਾ ਸਬੰਧ ਕੇਵਲ ਇਤਿਹਾਸਕ ਖੋਜ ਨਾਲ ਹੈ, ਇਸ ਸੈਂਚੀ ਵਿਚ ਨਾ ਰਖਿਆ ਜਾਵੇ; ਇਸ ਲਈ ਇਹ ਦੋਵੇਂ ਨੰਬਰ ਸਮੂਲਚੇ ਹੀ ਕਢ ਦਿਤੇ ਗਏ ਹਨ । ਪਬਲਿਸ਼ਰ ।

--o--

Digitized by Panjab Digital Library | www.panjabdigilib.org

# ਨੰ: ੨

# ਅਲੀ ਮੁਹੰਮਦ ਖਾਂ ਦਾ ਸਰਹੰਦ ਆਉਣਾ

੧. ਰੁਹੇਲਿਆਂ ਦੀ ਸਭ ਤੋਂ ਪੁਰਾਣੀ ਤਵਾਰੀਖ 'ਫ਼ਰਹਿ ਬਖਸ਼' ਹੈ, ਜੋ ਨਵਾਬ ਅਲੀ ਮੁਹੰਮਦ ਦੇ ਪੁਤਰ ਨਵਾਬ ਫ਼ੈਜ਼ੁਲਾ ਖਾਂ ਦੇ ਸਮੇਂ ਲਿਖੀ ਗਈ ਸੀ। ਇਸ ਦਾ ਕਰਤਾ 'ਸ਼ਿਵ ਪ੍ਰਸ਼ਾਦ' ਪਾਣੀਪਤ ਦੀ ਲੜਾਈ ਵਿਚ ਹਾਜ਼ਰ ਸੀ, ਅਤੇ ਕਿਹਾ ਜਾ ਸਕਦਾ ਹੈ ਕਿ ਉਹ ਅਲੀ ਮੁਹੰਮਦ ਖਾਂ ਦੇ ਸਮੇਂ ਵੀ ਜੀਉਂਦਾ ਹੋਊ। ਉਸ ਨੇ ਲਿਖਿਆ ਹੈ, ਕਿ ਨਵਾਬ ਅਲੀ ਮੁਹੰਮਦ ਖਾਂ ਢਾਈ ਸਾਲ ਦਿੱਲੀ ਵਿਚ ਕੈਦ ਰਿਹਾ, ਅਤੇ ਇਸ ਤੋਂ ਮਗਰੋਂ ਸਰਹੰਦ ਦਾ ਫੌਜਦਾਰ ਬਣਾਇਆ ਗਿਆ।

੨-੩. "ਗੁਲਸ਼ਨ-ਏ-ਰਹਿਮਤ" ਤੇ "ਗੁਲ-ਏ-ਰਹਿਮਤ" ਇਹ ਦੋਵੇਂ ਤਵਾਰੀਖਾਂ ਹਾਫ਼ਜ਼ ਰਹਿਮਤ ਖਾਂ ਦੇ ਹਾਲਾਂ ਸੰਬੰਧੀ ਹੀ ਹਨ, ਜਿਨ੍ਹਾਂ ਨੂੰ ਹਾਫ਼ਜ਼ ਰਹਿਮਤ ਖਾਂ ਦੇ ਪੁਤਰ ਮੁਸਤਜਾਬ ਖਾਂ, ਤੇ ਪੋਤੇ ਖ਼ਾਂ ਨੇ ਲਿਖਿਆ ਸੀ। ਇਹਨਾਂ ਅਨੁਸਾਰ ਨਵਾਬ ਅਲੀ ਮੁਹੰਮਦ ਖ਼ਾਂ ਲਗ ਪਗ ਇਕ ਸਾਲ ਦਿੱਲੀ ਵਿਚ ਕੈਦ ਰਹਿ ਕੇ ਸਰਹੰਦ ਦਾ ਫੌਜਦਾਰ ਬਣਾਇਆ ਗਿਆ ਸੀ।

੪. "ਮੁਨਤਖਿਬ-ਉਲ-ਉਲੂਮ" ਵਿਚ ਵੀ ਰੁਹੇਲਿਆਂ ਦਾ ਹਾਲ ਹੈ, ਜੋ ਨਵਾਬ ਅਲੀ ਮੁਹੰਮਦ ਖਾਂ ਤੋਂ ਲਗ ਪਗ ਸੌ ਵਰ੍ਹਾ ਪਿਛੋਂ ਲਿਖੀ ਗਈ ਸੀ। ਇਸ ਵਿਚ ਲਿਖਿਆ ਹੈ ਕਿ ਨਵਾਬ ਸਾਹਿਬ ਬਰਸਾਤ ਦੇ ਚਾਰ ਮਹੀਨੇਂ ਦਿੱਲੀ ਵਿਚ ਰਹੇ, ਅਤੇ ਬਰਸਾਤ ਤੋਂ ਮਗਰੋਂ ਸਰਹੰਦ ਦੇ ਫੌਜਦਾਰ ਬਣਾਏ ਗਏ। ਫਿਰ ਢਾਈ ਸਾਲ ਸਰਹੰਦ ਦੀ ਫੌਜਦਾਰੀ ਕਰ ਕੇ ਰੁਹੇਲ ਖੰਡ ਨੂੰ ਮੁੜ ਗਏ।

Digitized by Panjab Digital Library | www.panjabdigilib.org

੫. ''ਹਦੀਕਾ-ਤੁਲ-ਅਕਾਲੀਮ'' ਦਾ ਕਰਤਾ ਬਨ-ਗੜ੍ਹ ਦੀ ਲੜਾਈ ਵਿਚ ਹਾਜ਼ਰ ਸੀ, ਅਤੇ ਉਸ ਸਮੇਂ ਦੀਆਂ ਗਲਾਂ ਦਾ ਅਖੀਂ ਵੇਖਣ ਵਾਲਾ ਗਵਾਹ। ਉਸ ਦੀ ਲਿਖਤ ਤੋਂ ਵੀ ਇਹੋ ਸਿਧ ਹੁੰਦਾ ਹੈ, ਕਿ ਬਨ-ਗੜ ਦੀ ਲੜਾਈ ਤੋਂ ਮਗਰੋਂ ਥੋੜ੍ਹਾ ਚਿਰ ਅਲੀ ਮੁਹੰਮਦ ਖਾਂ ਦਿੱਲੀ ਰਿਹਾ, ਅਤੇ ਫਿਰ ਸਰਹੰਦ ਦਾ ਫੌਜਦਾਰ ਬਣਾਇਆ ਗਿਆ।

੬. ''ਮੁਆਸਰ-ਉਲ-ਉਮਰਾ'' ਤੋਂ ਵੀ ਨੰ: ੫ ਦੀ ਤਰ੍ਹਾਂ ਸਿਧ ਹੁੰਦਾ ਹੈ।

੭-੮. ਅੰਗਰੇਜ਼ੀ ਤਵਾਰੀਖਾਂ ਵਿਚ ਨਵਾਬ ਅਲੀ ਮੁਹੰਮਦ ਖਾਂ ਸੰਬੰਧੀ ਜੋ ਕੁਝ ਲਿਖਿਆ ਗਿਆ ਹੈ, ਉਹ ਸਾਰੇ ਦਾ ਸਾਰਾ 'ਗੁਲ-ਏ-ਰਹਿਮਤ' ਦੇ ਅਧਾਰ ਉਤੇ ਹੈ, ਅਤੇ 'ਗੁਲ-ਏ-ਰਹਿਮਤ' ਦੀ ਲਖਤ ਤੋਂ ਭੁਲੇਖਾ ਖਾ ਕੇ ਇਹ ਮੰਨਿਆ ਗਿਆ ਹੈ, ਕਿ ਅਲੀ ਮੁਹੰਮਦ ਖਾਂ ਪੰਜ ਯਾ ਛੇ ਮਹੀਨੇ ਦਿੱਲੀ ਵਿਚ ਕੈਦ ਰਹਿ ਕੇ ਸਰਹੰਦ ਦਾ ਫੌਜਦਾਰ ਬਣਾਇਆ ਗਿਆ। (ਵੇਖੋ 'ਕਲਕੱਤਾ ਰੀਵੀਊ' ਨੰ: ੧੨੨, ਜਿਲਦ ਨੰ: ੬੧, ਲੇਖ 'ਰੁਹੇਲੇ ਪਠਾਣ।' 'ਤਵਾਰੀਖ਼ ਰੁਹੇਲਿਆਂ', ਕਰਤਾ ਹੈਮਿਲਟਨ ਸਾਹਿਬ)।

''ਫਰਹਿ ਬਖ਼ਸ਼'' ਭਾਵੇਂ ਪਰਮਾਣੀਕ ਤਵਾਰੀਖ਼ ਹੈ, ਪਰ ਇਸ ਦੇ ਕਰਤਾ ਨੇ ਨਵਾਬ ਅਲੀ ਮੁਹੰਮਦ ਖ਼ਾਂ ਦੇ ਦਿੱਲੀ ਵਿਚ ਕੈਦ ਰਹਿਣ ਸੰਬੰਧੀ ਭੁਲ ਕੀਤੀ ਹੈ। ਜੇ ਕਰ ਨਵਾਬ ਸਾਹਿਬ ਦਾ ਦਿੱਲੀ ਵਿਚ ਢਾਈ ਸਾਲ ਕੈਦ ਰਹਿਣਾ ਮੰਨਿਆ ਜਾਵੇ, ਤਾਂ ਸਰਹੰਦ ਵਲ ਉਹਨਾਂ ਦਾ ਰਹਿਣਾ ਕੇਵਲ ਇਕ ਦੋ ਮਹੀਨੇ ਲਈ ਹੀ ਮੰਨਣਾ ਪਊ, ਜੋ ਕਿ ਠੀਕ ਗਲ ਨਹੀਂ। ਉਸ ਸਮੇਂ ਰਾਇਕਿਆਂ ਨੂੰ ਆਪਣੀ ਰਿਆਸਤ ਤੋਂ ਹਥ ਧੋ ਕੇ ਪਾਕਪਟਨ ਪਨਾਹ ਲੈਣੀ ਪਈ ਸੀ, ਅਤੇ ਉਹਨਾਂ ਨੂੰ ਚੰਗੀ ਤਰ੍ਹਾਂ ਚੇਤੇ ਹੈ, ਕਿ ਉਹ ਲਗ ਪਗ ਤਿੰਨ ਸਾਲ ਤੀਕ ਦੇਸ਼ੋਂ ਕਢੇ ਰਹੇ ਸਨ। ਇਸ ਲਈ ''ਫਰਹਿ ਬਖ਼ਸ਼'' ਯਾ ''ਗੁਲ-ਏ-ਰਹਿਮਤ'' ਦੇ

Digitized by Panjab Digital Library | www.panjabdigilib.org

ਉਲਟ "ਮੁਨਤਖ਼ਿਬ-ਉਲ-ਉਲੂਮ" ਦੀ ਲਿਖਤ ਵਧੀਕ ਠੀਕ ਮਲੂਮ ਹੁੰਦੀ ਹੈ, ਕਿ ਨਵਾਬ ਅਲੀ ਮੁਹੰਮਦ ਖ਼ਾਂ ਬਰਸਾਤ ਗੁਜ਼ਰਨ ਤੋਂ ਮਗਰੋਂ ਸਰਹੰਦ ਦੇ ਫੌਜਦਾਰ ਬਣਾਏ ਗਏ, ਅਤੇ ਢਾਈ ਸਾਲ ਤੀਕ ਸਰਹੰਦ ਰਹੇ। ਸੋ ਮੈਂ ਵੀ ਇਸੇ ਖ਼ਿਆਲ ਨਾਲ ਅਰੰਭ ਮਘਰ ਸੰਮਤ ੧੮੦੨ ਨੂੰ ਮ: ਅਲੀ ਮਹੰਮਦ ਖ਼ਾਂ ਦਾ ਸਰਹੰਦ ਆਉਣਾ ਮੰਨਿਆ ਹੈ।

--o--

Digitized by Panjab Digital Library | www.panjabdigilib.org

# ਨੰ: ੩

# ਮਹਾਰਾਜਾ ਆਲਾ ਸਿੰਘ ਜੀ ਦੀ ਮਰਹਾਟਿਆ ਨੂੰ ਸਹਾਇਤਾ

ਪਾਣੀਪਤ ਦੀ ਲੜਾਈ ਦੇ ਹਾਲ ਪੂਰੇ ਵਿਸਥਾਰ ਨਾਲ ਅਨੇਕਾਂ ਤਵਾਰੀਖਾਂ ਵਿਚ ਲਿਖੇ ਹਨ. ਪਰ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਮਹਾਰਾਜ ਆਲਾ ਸਿੰਘ ਜੀ ਦੀ ਸਹਾਇਤਾ ਸਬੰਧੀ ਕੁਝ ਨਹੀਂ ਲਿਖਿਆ। ਹਰ ਇਕ ਤਵਾਰੀਖ ਵਿਚ ਇਹ ਗਲ ਚੰਗੀ ਤਰ੍ਹਾਂ ਖੋਲ੍ਹ ਕੇ ਲਿਖੀ ਹੈ, ਕਿ ਰਸਤ ਦੇ ਤੋਟੇ ਦੇ ਕਾਰਨ ਮਰਹੱਟਿਆਂ ਦਾ ਬੜਾ ਬੁਰਾ ਹਾਲ ਸੀ, ਪਰ ਇਹ ਗੱਲ ਕਿਸੇ ਨ ਨਹੀਂ ਲਿਖੀ, ਕਿ ਇਸ ਔਕੜ ਨੂੰ ਕਿਸੇ ਹਦ ਤੀਕ ਮਹਾਰਾਜ ਆਲਾ ਸਿੰਘ ਜੀ ਨੇ ਹੀ ਦੂਰ ਕੀਤਾ ਸੀ।

੧. ਡੋਊ ਸਾਹਿਬ (Dow) ਨੇ ਪਾਣੀਪਤ ਦੀ ਲੜਾਈ ਤੋਂ ਸੱਤ ਹੀ ਸਾਲ ਮਗਰੋਂ "ਇਤਿਹਾਸ ਹਿੰਦ" ਲਿਖਿਆ ਸੀ, ਜਿਸ ਵਿਚ ਪਾਣੀਪਤ ਦੀ ਲੜਾਈ ਦਾ ਹਾਲ ਉਹਨਾਂ ਦੀ ਜ਼ਬਾਨੀ ਲਿਖਿਆ ਸੀ, ਜਿਨ੍ਹਾਂ ਨੇ ਉਸ ਲੜਾਈ ਨੂੰ ਆਪਣੀ ਅੱਖੀਂ ਡਿਠਾ ਸੀ, ਪਰ ਉਸ ਨੇ ਮਹਾਰਾਜਾ ਆਲਾ ਸਿੰਘ ਜੀ ਦਾ ਕੋਈ ਵਰਨਣ ਨਹੀਂ ਕੀਤਾ।

੨. ਪੰਡਤ ਕਾਂਸ਼ੀ ਰਾਇ ਦਖਣ ਦਾ ਵਸਨੀਕ ਤੇ ਸ਼ੁਜਾਉ-ਦੋਲਾ ਦਾ ਮੁਸੱਦੀ ਸੀ, ਅਤੇ ਲੜਾਈ ਦੇ ਦਿਨਾਂ ਵਿਚ ਸ਼ੁਜਾਉ ਦੋਲਾ ਤੇ ਮਰਹੱਟਿਆਂ ਨਾਲ ਸੁਲਾਹ ਦੀ ਗੱਲ ਬਾਤ ਇਸੇ ਦੀ ਰਾਹੀਂ ਹੁੰਦੀ ਸੀ। ਇਹ ਦੋਹਾਂ ਲਸ਼ਕਰਾਂ ਦੀ ਹਾਲਤ ਦਾ ਬੜਾ ਚੰਗਾ ਜਾਣੂ ਸੀ, ਅਤੇ ਪਾਣੀਪਤ ਦੀ ਲੜਾਈ ਸੰਬੰਧੀ ਇਸ ਦਾ ਕਥਨ ਅਜ ਤੀਕ ਪ੍ਰਮਾਣੀਕ

Digitized by Panjab Digital Library | www.panjabdigilib.org

ਮੰਨਿਆ ਜਾਂਦਾ ਹੈ। ਮੇਜਰ ਬਰਾਊਨ ਸਾਹਿਬ ਦੇ ਕਹਿਣ ਕਰ ਕੇ ਇਸ ਨੇ ਪਾਣੀਪਤ ਦੀ ਲੜਾਈ ਦਾ ਸਵਿਸਥਾਰ ਹਾਲ ਫਾਰਸੀ ਵਿਚ ਲਿਖਿਆ ਸੀ, ਜਿਸ ਦਾ ਉਲਥਾ ਸੰਨ ੧੭੯੧ ਈ: ਦੇ ਏਸ਼ੀਏਟਕ ਰੀਸਰਚਿਜ਼ ਦੀ ਤੀਜੀ ਜਿਲਦ ( Asiatic R searches, Vol III ) ਵਿਚ ਛਾਪਿਆ ਗਿਆ ਸੀ। ਭਾਵੇਂ ਇਸ ਨੇ ਮਰਹੱਟਿਆਂ ਦੀ ਰਸਤ ਦੀਆਂ ਔਕੜਾਂ ਤੇ ਤੰਗੀਆਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ, ਪਰ ਮਹਾਰਾਜ ਆਲਾ ਸਿੰਘ ਜੀ ਦਾ ਇਸ ਨੇ ਕੋਈ ਜ਼ਿਕਰ ਨਹੀਂ ਕੀਤਾ।

੩. ਮੁਨਸ਼ੀ ਸ਼ਿਵ ਪ੍ਰਸ਼ਾਦ ਨਵਾਬ ਸਜਦਉੱਲਾ ਖ਼ਾਂ ਦਾ ਨੌਕਰ, ਆਪਣੇ ਮਾਲਕ ਦੇ ਨਾਲ ਪਾਣੀਪਤ ਦੀ ਲੜਾਈ ਵਿਚ ਤੇ ਹਾਜ਼ਰ ਸੀ। ਇਸ ਨੇ ਆਪਣੀ ਤਵਾਰੀਖ਼ "ਫਰਹਿ ਬਖਸ਼" ਵਿਚ ਮਰਹੱਟਿਆਂ ਦੀ ਤੰਗੀ ਦਾ ਹਾਲ ਬੜਾ ਖੋਲ੍ਹ ਕੇ ਲਿਖਿਆ ਹੈ, ਪਰ ਮਹਾਰਾਜ ਆਲਾ ਸਿੰਘ ਜੀ ਦਾ ਇਸ ਨੇ ਵੀ ਨਾਮ ਨਹੀਂ ਲਿਆ।

੪. ਮੁਨਸ਼ੀ ਬੁਧ ਸਿੰਘ ਲਾਹੌਰੀਏ ਨੇ ਮੇਜਰ ਬਰਾਊਨ ਸਾਹਿਬ ਦੇ ਕਹਿਣ ਕਰ ਕੇ 'ਇਤਿਹਾਸ ਦਖਣ' ਲਿਖਿਆ ਸੀ, ਜਿਸ ਵਿਚ ਪਾਣੀਪਤ ਦੀ ਲੜਾਈ ਦਾ ਹਾਲ ਉਨ੍ਹਾਂ ਪੁਰਸ਼ਾਂ ਦੀ ਜ਼ਬਾਨੀ ਲਿਖਿਆ ਸੀ; ਜਿਨ੍ਹਾਂ ਨੇ ਆਪਣੀ ਅੱਖੀਂ ਲੜਾਈ ਵੇਖੀ ਸੀ, ਪਰ ਮਹਾਰਾਜ ਆਲਾ ਸਿੰਘ ਜੀ ਦਾ ਇਸ ਨੇ ਵੀ ਕੋਈ ਜ਼ਿਕਰ ਨਹੀਂ ਕੀਤਾ।

੫. ਗਰਾਂਡ ਡਫ ਸਾਹਿਬ ਨੇ 'ਮਰਹੱਟਿਆਂ ਦਾ ਇਤਿਹਾਸ', ਜਿਲਦ ਦੂਜੀ, ਵਿਚ ਪਾਣੀਪਤ ਦੀ ਲੜਾਈ ਦਾ ਹਾਲ ਚੰਗਾ ਖੋਲ੍ਹ ਕੇ ਲਿਖਿਆ ਹੈ। ਇਹ ਹਾਲ ਐਸੇ ਆਦਮੀਆਂ ਦੀ ਜ਼ਬਾਨੀ ਲਿਖੇ ਗਏ ਹਨ, ਜਿਨ੍ਹਾਂ ਨੇ ਉਸ ਲੜਾਈ ਵਿਚ ਹਿਸਾ ਲਿਆ ਸੀ, ਪਰ ਮਹਾਰਾਜ ਆਲਾ ਸਿੰਘ ਜੀ ਦਾ ਨਾਮ ਇਸ ਨੇ ਵੀ ਕਿਤੇ ਨਹੀਂ ਲਿਆ।

੬. ਮੁਹੰਮਦ ਅਲੀ ਖਾਂ ਨੇ ਆਪਣੀ ਲਿਖਤ 'ਤਵਾਰੀਖ਼ ਮੁਜ਼ੱਫਰੀ' ਵਿਚ ਪਾਣੀਪਤ ਦੀ ਲੜਾਈ ਦਾ ਹਾਲ ਲੜਾਈ ਵਿਚ

Digitized by Panjab Digital Library | www.panjabdigilib.org

ਹਾਜ਼ਰ ਪੁਰਸ਼ਾਂ ਦੀ ਜ਼ਬਾਨੀ ਲਿਖਿਆ ਹੈ, ਅਤ ਹਰ ਇਕ ਗਲ ਨੂੰ ਖੂਬ ਖੋਲ੍ਹ ਖੋਲ੍ਹ ਕੇ ਲਿਖਿਆ ਹੈ, ਇਸੇ ਕਰ ਕੇ ਇਸ ਤਵਾਰੀਖ ਨੂੰ ਅਜ ਤੀਕ ਪ੍ਰਮਾਣੀਕ ਮੰਨਿਆ ਜਾਂਦਾ ਹੈ। ਪਰ ਮਹਾਰਾਜ ਆਲਾ ਸਿੰਘ ਜੀ ਦਾ ਨਾਮ ਇਸ ਨੇ ਵੀ ਕਿਤੇ ਨਹੀਂ ਲਿਆ। (ਇਸ ਦੀ ਉਲਾਦ ਪਾਨੀਪਤ ਵਿਚ ਰਹਿੰਦੀ ਹੈ)

੭: 'ਮੁਹਿਬ-ਉਲ-ਤਵਾਰੀਖ' ਵਿਚ ਪਾਣੀਪਤ ਦੀ ਲੜਾਈ ਦਾ ਹਾਲ ਏਤਨਾ ਵਿਸਥਾਰ ਨਾਲ ਦਿਤਾ ਹੈ, ਜਿਤਨਾ ਕਿ ਹੋਰਸ ਕਿਸੇ ਤਵਾਰੀਖ ਵਿਚ ਨਹੀਂ। ਇਸ ਦੇ ਕਰਤਾ ਨੇ ਵੀ ਤਵਾਰੀਖ ਮੁਜ਼ੱਫਰੀ ਦੇ ਵਾਂਗ ਲੜਾਈ ਵਿਚ ਹਾਜ਼ਰ ਆਦਮੀਆਂ ਦੀ ਜ਼ਬਾਨੀ ਹਾਲ ਸੁਣ ਕੇ ਆਪਣੀ ਤਵਾਰੀਖ ਵਿਚ ਲਿਖੇ ਹਨ, ਪਰ ਮਹਾਰਾਜਾ ਆਲਾ ਸਿੰਘ ਜੀ ਦਾ ਜ਼ਿਕਰ ਇਸ ਨੇ ਵੀ ਨਹੀਂ ਕੀਤਾ।

੮. ਨਵਾਬ ਇਬਰਾਹੀਮ ਖਾਂ ਨੇ ਆਪਣੀ 'ਤਵਾਰੀਖ ਇਬਰਾ-ਹੀਮ ਖਾਂ' ਵਿਚ ਪਾਣੀਪਤ ਦੀ ਲੜਾਈ ਦਾ ਹਾਲ ਬੜਾ ਵਿਸਥਾਰ ਨਾਲ ਦਿਤਾ ਹੈ, ਅਤੇ ਇਕ ਤਰ੍ਹਾਂ ਨਾਲ ਇਹ ਤਵਾਰੀਖ ਮੁਜ਼ੱਫਰੀ ਦੇ ਟਾਕਰੇ ਦੀ ਤਵਾਰੀਖ ਹੈ, ਪਰ ਮਹਾਰਾਜਾ ਆਲਾ ਸਿੰਘ ਜੀ ਦਾ ਨਾਮ ਇਸ ਵਿਚ ਵੀ ਕਿਤੇ ਨਹੀਂ ਆਉਂਦਾ।

੯. ਸਯਦ ਗੁਲਾਮ ਅਲੀ ਨੇ ਆਪਣੀ ਤਵਾਰੀਖ 'ਨਗਾਰੇ ਨਾਮਾ-ਏ-ਹਿੰਦ' ਵਿਚ 'ਤਵਾਰੀਖ ਇਬਰਾਹੀਮ ਖਾਂ' ਨਾਲੋਂ ਬਹੁਤ ਵਧੀਕ ਹਾਲ ਦਿਤੇ ਹਨ, ਅਤੇ ਅਸਲ ਵਿਚ ਪਾਣੀਪਤ ਦੀ ਲੜਾਈ ਦਾ ਹਾਲ ਇਸ ਵਿਚ ਮੁਹਿਬਾਉਲ ਤਵਾਰੀਖ ਨਾਲੋਂ ਵੀ ਵਧ ਕੇ ਹੈ। ਪਰ ਮਹਾਰਾਜਾ ਆਲਾ ਸਿੰਘ ਜੀ ਦਾ ਨਾਮ ਇਸ ਵਿਚ ਵੀ ਨਹੀਂ ਆਉਂਦਾ।

੧੦. ਮੁਹੰਮਦ ਜਾਫਰ ਸ਼ਾਮਲੂ ਅਹਿਮਦ ਸ਼ਾਹ ਅਬਦਾਲੀ ਦੇ ਹਰ ਇਕ ਹਮਲੇ ਦੇ ਨਾਲ ਰਿਹਾ ਹੈ, ਅਤੇ ਪਾਣੀਪਤ ਦੀ ਲੜਾਈ ਵੀ ਉਸ ਨੇ ਆਪਣੀ ਅਖੀਂ ਡਿਠੀ ਸੀ। ਪਰ ਉਸ ਨੇ ਆਪਣੀ ਤਵਾਰੀਖ 'ਮਿਨਹਾਜਾਉਲ-ਫਤੂਹ' ਵਿਚ ਪਾਣੀਪਤ ਦੀ ਲੜਾਈ ਦਾ ਹਾਲ ਲਿਖ-

Digitized by Panjab Digital Library | www.panjabdigilib.org

ਦਿਆਂ ਮਹਾਰਾਜਾ ਆਲਾ ਸਿੰਘ ਜੀ ਦਾ ਕੋਈ ਜ਼ਿਕਰ ਨਹੀਂ ਕੀਤਾ।

੧੧. 'ਖਜ਼ਾਨਾ-ਏ-ਆਮਰਾ' ਦਾ ਕਰਤਾ ਮੀਰ ਗੁਲਾਮ ਅਲੀ ਬਿਲਗਰਾਮੀ ਉਸ ਸਮੇਂ ਹੈਦਰਾਬਾਦ (ਦਖਣ) ਵਿਚ ਸੀ, ਜਦ ਅਹਿਮਦ ਸ਼ਾਹ ਅਬਦਾਲੀ ਮਰਹਿਟਆਂ ਨਾਲ ਲੜ ਰਿਹਾ ਸੀ। ਇਹ ਲਿਖਦਾ ਹੈ, ਕਿ ਇਕ ਦਖਣੀ ਪੰਡਤ ਮੇਰਾ ਸ਼ਾਗਿਰਦ ਸੀ, ਜੋ ਇਸ ਲੜਾਈ ਵਿਚ ਹਾਜ਼ਰ ਸੀ, ਅਤੇ ਜੋ ਵੇਲੇ ਸੁਵੇਲੇ ਉੱਤਰੀ ਹਿੰਦ ਦੇ ਹਾਲ ਮੈਨੂੰ ਲਿਖਦਾ ਰਹਿੰਦਾ ਸੀ। ਇਸ ਨੇ ਪਾਣੀਪਤ ਦੀ ਲੜਾਈ ਦਾ ਜੋ ਹਾਲ ਲਿਖਿਆ ਹੈ, ਉਸ ਵਿਚ ਮਰਹਟਿਆਂ ਦੀ ਲੜਾਈ ਦਾ ਹਾਲ ਲਿਖ ਕੇ ਇਸ ਨੇ ਮਹਾਰਾਜਾ ਆਲਾ ਸਿੰਘ ਜੀ ਦੀ ਸਹਾਇਤਾ ਦਾ ਵੀ ਵਰਣਨ ਕੀਤਾ ਹੈ।

ਐਸਾ ਮਲੂਮ ਹੁੰਦਾ ਹੈ, ਕਿ ਇਸ ਲੜਾਈ ਤੋਂ ਦਸ ਯਾਰਾਂ ਸਾਲ ਪਹਿਲਾਂ ਜਦ ਮੀਰ ਗੁਲਾਮ ਅਲੀ ਦਿਲੀ, ਸਰਹੰਦ ਤੇ ਲਾਹੌਰ ਦੇ ਰਾਹ ਸਿੰਧ ਨੂੰ ਗਿਆ ਸੀ, ਅਤੇ ਫੇਰ ਏਸੇ ਰਾਹ ਮੁੜ ਕੇ ਆਇਆ ਸੀ, ਤਾਂ ਇਸ ਨੇ ਸਰਹੰਦ ਦੇ ਆਂਢ ਗੁਆਂਢ ਮਹਾਰਾਜਾ ਆਲਾ ਸਿੰਘ ਜੀ ਦੀ ਉਜਾਗਰੀ ਦੀਆਂ ਗਲਾਂ ਲੋਕਾਂ ਦੀ ਜ਼ਬਾਨੀ ਸੁਣ ਲਈਆਂ ਹੋਣਗੀਆਂ, ਅਤੇ ਉਹ ਚੰਗੀ ਤਰ੍ਹਾਂ ਜਾਣਦਾ ਹੋਊ, ਕਿ ਇਸ ਗਿਰਦ ਨਵਾਹੀ ਵਿਚ ਮਹਾਰਾਜਾ ਆਲਾ ਸਿੰਘ ਜੀ ਦਾ ਕਿਤਨਾ ਕੁ ਜ਼ੋਰ ਸੀ। ਜੋ ਇਸੇ ਵਾਕਫੀ ਕਰਕੇ ਜਦ ਉਸ ਨੇ ਸੁਣਿਆ ਹੋਊ ਕਿ ਮਰਹਟਿਆਂ ਦੀ ਔਕੜ ਸਮੇਂ ਮਹਾਰਾਜਾ ਆਲਾ ਸਿੰਘ ਜੀ ਨੇ ਰਸਤ ਨਾਲ ਉਹਨਾਂ ਦੀ ਸਹਾਇਤਾ ਕੀਤੀ, ਤਾਂ ਉਸ ਨੇ ਇਸ ਗੱਲ ਦੀ ਗੌਰਵਤਾ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੋਊ, ਪਰ ਦੂਜੇ ਆਦਮੀਆਂ ਨੇ ਜੋ ਇਸ ਲੜਾਈ ਵਿਚ ਹਾਜ਼ਰ ਸਨ, ਇਸ ਗਲ ਦੀ ਗੌਰਵਤਾ ਨੂੰ ਨਹੀਂ ਸਮਝਿਆ ਹੋਣਾ, ਇਸੇ ਲਈ ਉਹਨਾਂ ਨੇ ਆਪਣੇ ਇਤਿਹਾਸਾਂ ਵਿਚ ਇਸ ਗੱਲ ਦਾ ਵੇਰਵਾ ਨਹੀਂ ਪਾਇਆ ਨਹੀਂ ਤਾਂ ਇਹ ਗਲ ਸਾਫ ਸਿਧ ਹੈ, ਕਿ ਇਸ ਸਹਾਇਤਾ ਦਾ ਪਤਾ ਦੋਹਾਂ ਲਸ਼ਕਰਾਂ ਦੇ ਬੰਦੇ ਬੰਦੇ ਨੂੰ ਸੀ, ਅਤੇ ਇਸੇ ਸਹਾਇਤਾ ਦੇ ਹੀ ਕਾਰਨ ਅਹਿਮਦ ਸ਼ਾਹ ਨੇ ਲੜਾਈ ਤੋਂ ਮਗਰੋਂ

Digitized by Panjab Digital Library | www.panjabdigilib.org

ਦੇਸ਼ ਨੂੰ ਮੁੜਦਿਆਂ ਹੋਇਆਂ ਬਰਨਾਲੇ ਨੂੰ ਲੁਟਵਾਇਆ ਸੀ, ਤੇ ਮਹਾਰਾਜ ਆਲਾ ਸਿੰਘ ਜੀ ਪਾਸੋਂ ਚਾਰ ਲਖ ਰੁਪਿਆ ਲਿਆ ਸੀ।

੧੨. ਤਵਾਰੀਖ 'ਸੈਰ-ਉਲ-ਮੁਤਾਖਰੀਨ' ਦੇ ਕਰਤਾ ਗੁਲਾਮ ਹੁਸੈਨ ਖਾਂ ਨੇ ਆਪਣੀ ਤਵਾਰੀਖ ਵਿਚ 'ਖ਼ਜ਼ਾਨਾ-ਏ-ਆਮਰਾ' ਦੀ ਅਖਰੋ ਅਖਰ ਨਕਲ ਕੀਤੀ ਹੈ। ਇਸ ਲਈ ਇਸ ਨੇ ਪਾਣੀਪਤ ਦੀ ਲੜਾਈ ਸਮੇਂ ਮਹਾਰਾਜਾ ਆਲਾ ਸਿੰਘ ਜੀ ਦੀ ਸਹਾਇਤਾ ਦਾ ਜ਼ਿਕਰ ਕੀਤਾ ਹੈ। 'ਖ਼ਜ਼ਾਨਾ-ਏ-ਆਮਰਾ' ਵਿਚ 'ਵਡੇ ਘਲੂਘਾਰੇ' ਤੀਕ ਦੇ ਹਾਲ ਦਿਤੇ ਹਨ, ਅਤੇ ਇਥੋਂ ਤੀਕ ਕਿ ਗੁਲਾਮ ਹੁਸੈਨ ਖਾਂ ਨੇ ਸੁਧੀ ਨਕਲ ਕੀਤੀ ਹੈ, ਪਰ ਇਸ ਤੋਂ ਮਗਰੋਂ ਅਹਿਮਦ ਸ਼ਾਹ ਅਬਦਾਲੀ ਜਿਤਨੀ ਵੇਰ ਪੰਜਾਬ ਵਿਚ ਆਇਆ, ਅਤੇ ਉਸ ਨੇ ਜੋ ਜੋ ਕੁਝ ਕੀਤਾ, ਇਸ ਪੂਰੀ ਪੂਰੀ ਆਗਿਆਨਤਾ ਪ੍ਰਗਟ ਕੀਤੀ ਹੈ। ਇਸ ਤੋਂ ਸਾਫ਼ ਸਿਧ ਹੈ, ਕਿ 'ਸੈਰੁਲ-ਮੁਤਾਖਰੀਨ' ਦੇ ਕਰਤਾ ਨੇ ਅਸਲ ਹਾਲਾਂ ਦੇ ਲਭਣ ਦਾ ਯਤਨ ਨਹੀਂ ਕੀਤਾ, ਸਗੋਂ ਜੋ ਕੁਝ ਉਸ ਨੂੰ ਲਿਖਿਆ ਲਿਖਾਇਆ ਮਿਲ ਗਿਆ, ਉਸ ਦੀ ਨਕਲ ਕਰ ਦਿਤੀ ਹੈ।

ਸੋ ਮਹਾਰਾਜਾ ਆਲਾ ਸਿੰਘ ਜੀ ਦੀ ਇਸ ਸਹਾਇਤਾ ਦਾ ਵਰਣਨ ਦਾ ਸੇਹਰਾ 'ਖ਼ਜ਼ਾਨਾ-ਏ-ਆਮਰਾ' ਦੇ ਕਰਤਾ ਦੇ ਹੀ ਸਿਰ ਹੈ।

—o—

## ਨੰ: ੪

# ਪਾਣੀਪਤ ਦੀ ਲੜਾਈ ਦੀ ਤਰੀਕ

ਪਾਣੀਪਤ ਦੀ ਲੜਾਈ ਦੀ ਤਰੀਕ ਸਭ ਪ੍ਰਸਿਧ ਇਤਿਹਾਸਾਂ ਵਿਚ ੭ ਜਨਵਰੀ ੧੭੬੧ ਈ: ਦਿਤੀ ਹੈ, ਜੋ ਭੁਲ ਹੈ।

ਪੁਰਾਣੇ ਸਭ ਇਤਿਹਾਸ ਮੰਨਦੇ ਹਨ, ਕਿ ਪਾਣੀਪਤ ਦੀ ਲੜਾਈ

Digitized by Panjab Digital Library | www.panjabdigilib.org

੬ ਜਮਾਦੀ-ਉਲ-ਸਾਨੀ ਸੰ: ੧੧੭੪ ਹਿ: ਨੂੰ ਹੋਈ, ਜੋ ੧੩ ਜਨਵਰੀ ਸੰ: ੧੭੬੧ ਈ: ਤੇ ਮੰਗਲਵਾਰ ਮਾਘ ਸ਼ਦੀ ੭ ਸੰਮਤ ੧੮੧੭ ਬਿ: ਦੇ ਬਰਾਬਰ ਹੈ।

ਉਸ ਲੜਾਈ ਸਮੇਂ ਨਵਾਬ ਸ਼ੁਜਾਹ-ਓਦ-ਦੌਲਾ ਦਾ ਆਦਮੀ ਕਾਂਸ਼ੀ ਰਾਏ, ਮੁਸਲਮਾਨਾਂ ਤੇ ਮਰਹਟਿਆਂ ਵਿਚਕਾਰ ਵਿਚੋਲਗਿਰੀ ਦਾ ਕੰਮ ਕਰਦਾ ਸੀ, ਇਸ ਲਈ ਦੋਹਾਂ ਪਾਸਿਆਂ ਦੇ ਹਾਲਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸ ਨੇ ਜੇਮਜ਼ ਬਰਾਊਨ ਸਾਹਿਬ ਦੇ ਕਹਿਣ ਪਰ ਪਾਣੀਪਤ ਦੀ ਲੜਾਈ ਦੇ ਅਖੀਂ ਡਿਠੇ ਹਾਲ ਫਾਰਸੀ ਵਿਚ ਲਿਖੇ, ਜਿਨ੍ਹਾਂ ਦਾ ਉਲਥਾ ਅੰਗਰੇਜ਼ੀ ਵਿਚ ਕਰਕੇ ਜੇਮਜ਼ ਬਰਾਊਨ ਸਾਹਿਬ ਨੇ ਸੰਮਤ ੧੭੯੧ ਈ: ਦੇ ਏਸ਼ੀਏਟਿਕ ਰੀਮਰਚਿਜ਼ ਨਾਮੀਂ ਮੈਗਜ਼ੀਨ ਵਿਚ ਉਹ ਹਾਲ ਛਪਵਾ ਦਿਤੇ, ਅਤੇ ੬ ਜਮਾਦੀ-ਉਲ-ਸਾਨੀ ਦੇ ਟਾਕਰੇ ਦੀ ਤਰੀਕ ੭ ਜਨਵਰੀ ਕਰ ਦਿਤੀ। ਬਸ, ਉਸ ਸਮੇਂ ਤੋਂ ਮਗਰੋਂ ਜਿਸ ੨ ਨੇ ਵੀ ਪਾਣੀਪਤ ਦੀ ਲੜਾਈ ਦੇ ਹਾਲ ਲਿਖੇ ਹਨ, ਸਭ ਨੇ ੭ ਜਨਵਰੀ ਨੂੰ ਹੀ ਮੰਨਿਆ ਹੈ, ਹਾਲਾਂ ਕਿ ੭ ਜਨਵਰੀ ਲਿਖਣ ਵਿਚ ਜੇਮਜ਼ ਬਰਾਊਨ ਸਾਹਿਬ ਨੇ ਭੁਲ ਕੀਤੀ ਸੀ, ਪਰ ਓਹ ਭੁਲ ਹੁਣ ਤੀਕ ਸਭ ਪ੍ਰਸਿਧ ਇਤਿਹਾਸਾਂ ਵਿਚ ਤੁਰੀ ਆਉਂਦੀ ਹੈ।

—o—

## ਨੰ: ੫

# ਨਵਾਬ ਭੀਖਣ ਖਾਂ ਦੀ ਮੌਤ

੧. 'ਤਵਾਰੀਖ ਪੰਜਾਬ' (ਕ੍ਰਿਤ ਬੂਟੇ ਸ਼ਾਹ) ਸਭ ਤੋਂ ਪਹਿਲੀ ਤਵਾਰੀਖ ਹੈ, ਜਿਸ ਵਿਚ ਮਲੇਰਕੋਟਲੇ ਦੇ ਨਵਾਬਾਂ ਦਾ ਸਿਲਸਿਲੇਵਾਰ ਹਾਲ ਦਿਤਾ ਗਿਆ ਹੈ। ਇਸ ਵਿਚ ਮੰਨਿਆ ਹੈ, ਕਿ ਨਵਾਬ ਭੀਖਣ

Digitized by Panjab Digital Library | www.panjabdigilib.org

ਖਾਂ ਵਡੇ ਘਲੂਘਾਰੇ ਸਮੇਂ ਅਹਿਮਦ ਸ਼ਾਹ ਅਬਦਾਲੀ ਦੀ ਹਮੈਤ ਉਤੇ ਸਿੰਘਾਂ ਨਾਲ ਲੜਿਆ ਸੀ, ਅਤੇ ਇਸ ਮਗਰੋਂ ੨੨ ਜਮਾਦੀ-ਉਲ-ਅਵਲ ਸੰ: ੧੧੭੯ ਹਿ: ਨੂੰ ਮਹਾਰਾਜਾ ਆਲਾ ਸਿੰਘ ਜੀ ਨਾਲ ਟਾਕਰਾ ਕਰਦਾ ਹੋਇਆ ਮਾਰਿਆ ਗਿਆ।

੨. 'ਤਵਾਰੀਖ ਪੰਜਾਬ' ਤੋਂ ਪੰਝੀ ਕੁ ਵਰ੍ਹੇ ਮਗਰੋਂ ਤਵਾਰੀਖ 'ਗੋਸ਼ਾ-ਏ-ਪੰਜਾਬ' ਲਿਖੀ ਗਈ ਸੀ, ਜਿਸ ਨੂੰ ਪੰਡਤ ਰਾਧਾ ਕਿਸ਼ਨ ਨੇ ਸੰਮਤ ੧੮੬੧ ਈ: ਵਿਚ ਲਿਖਿਆ ਸੀ, ਜੋ ਕੁਝ ਸਾਲ ਰਿਆਸਤ ਕੋਟਲਾ ਦੇ ਮੀਰ ਮੁਨਸ਼ੀ ਵੀ ਰਹੇ ਸਨ। ਇਸ ਤਵਾਰੀਖ ਅਨੁਸਾਰ ਨਵਾਬ ਭੀਖਣ ਖਾਂ ਸੰਮਤ ੧੮੨੦ ਬਿ: ਮਹਾਰਾਜਾ ਆਲਾ ਸਿੰਘ ਜੀ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ।

੩. ਸੰਨ ੧੮੮੨ ਬਿ: ਵਿਚ ਖਾਨ ਸਾਹਿਬ ਅਨੈਤ ਅਲੀ ਖਾਂ ਨੇ ਕੋਟਲੇ ਦੇ ਪਠਾਣਾਂ ਦੀ ਇਕ ਸਵਿਸਥਾਰ ਤਵਾਰੀਖ ਅੰਗਰੇਜ਼ੀ ਵਿਚ ਲਿਖੀ ਸੀ, ਜਿਸ ਅਨੁਸਾਰ ਨਵਾਬ ਭੀਖਣ ਖਾਂ ਵਡੇ ਘਲੂਘਾਰੇ ਸਮੇਂ ਅਹਿਮਦ ਸ਼ਾਹ ਅਬਦਾਲੀ ਦੀ ਹਮੈਤ ਉਤੇ ਸੀ। ਅਹਿਮਦ ਸ਼ਾਹ ਦੇ ਮੁੜ ਜਾਣ ਤੋਂ ਮਗਰੋਂ ਸਮਾਣੇ ਦੇ ਪਾਸ ਮਹਾਰਾਜਾ ਅਮਰ ਸਿੰਘ ਜੀ ਨਾਲ ਨਵਾਬ ਭੀਖਣ ਖਾਂ ਦਾ ਟਾਕਰਾ ਹੋ ਪਿਆ। ਜਿਸ ਵਿਚ ਨਵਾਬ ਭੀਖਣ ਖਾਂ ਨੂੰ ਭਾਜ ਹੋਈ, ਅਤੇ ਕੋਟਲੇ ਨੂੰ ਮੁੜੇ ਆਂਦਿਆਂ ਇਕ ਪਿੰਡ ਦੇ ਖੂਹ ਉਤੋਂ ਪਾਣੀ ਪੀਂਦਿਆਂ ਇਕ ਸਿੰਘ ਦੀ ਗੋਲੀ ਲਗਣ ਕਰਕੇ ਮਾਰੇ ਗਏ।

੪. 'ਬਿਆਨ-ਏ-ਵਾਕਈ' ਦਾ ਕਰਤਾ ਅਬਦੁਲ ਕਰੀਮ ਉਲਵੀ ਉਸ ਸਮੇਂ ਦਿਲੀ ਬੈਠਾ ਸੀ, ਜਦ ਅਹਿਮਦ ਸ਼ਾਹ ਨੇ ਕੁਪ ਰਹੀੜੇ ਦੇ ਮੈਦਾਨ ਸਿੰਘਾਂ ਉਤੇ ਚਬੋਲ ਆਇਆ ਸੀ। ਅਬਦੁਲ ਕਰੀਮ ਮੰਨਦਾ ਹੈ, ਕਿ ਉਸ ਸਮੇਂ ਨਵਾਬ ਭੀਖਣ ਅਹਿਮਦ ਸ਼ਾਹ ਦੀ ਹਮਾਇਤ ਉਤੇ ਸਿੰਘਾਂ ਨਾਲ ਲੜਿਆ ਸੀ, ਅਤੇ ਉਸ ਸਮੇਂ ਮੁਰਤਜ਼ਾ ਖਾਂ ਵੜੈਚ, ਤੇ ਕਾਸਮ ਖਾਂ ਮੜਲ ਵੀ ਅਹਿਮਦ ਸ਼ਾਹ ਦੀ ਹਮਾਇਤ ਉਤੇ ਆਏ ਸਨ।

Digitized by Panjab Digital Library | www.panjabdigilib.org

੫. ਅਮਾਮ ਦੀਨ ਹੁਸੈਨੀ ਨੇ ਕਈ ਸਾਲ ਅਫਗਾਨਿਸਤਾਨ ਵਿਚ ਰਹਿ ਕੇ, ਤੇ ਚੰਗੀ ਤਰ੍ਹਾਂ ਪੁਣ ਛਾਣ ਕਰ ਕੇ ਸ਼ਾਹਾਂ ਦਾ ਹਾਲ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਜਮਾਨ ਖਾਂ ਦੇ ਸਮੇਂ ਤੀਕ ਲਿਖੇ ਸਨ। ਇਸੇ ਤਵਾਰੀਖ ਦੇ ਅਧਾਰ ਉਤੇ ਮੁਨਸ਼ੀ ਅਬਦੁਲ ਕਰੀਮ ਨੇ ਪੰਜਾਹ ਸਾਲ ਮਗਰੋਂ 'ਤਵਾਰੀਖ ਅਹਿਮਦੀ ਲਿਖੀ ਸੀ, ਜਿਸ ਵਿਚ ਉਹ ਲਿਖਦਾ ਹੈ ਕਿ 'ਜ਼ੈਨ ਖਾਂ ਦੇ ਨਾਲ ਭੀਖਣ ਖਾਂ ਮਲੇਰੀ, ਮੁਰਤਜ਼ਾ ਖਾਂ ਵੜੈਚ, ਤੇ ਕਾਸਮ ਖਾਂ ਮੜਲ, ਵਡੇ ਘਲੂਘਾਰੇ ਸਮੇਂ ਸਿੰਘਾਂ ਨਾਲ ਲੜੇ ਸਨ।

ਉਤਲੀਆਂ ਪੰਜਾਂ ਹੀ ਤਵਾਰੀਖਾਂ ਤੋਂ ਇਹ ਸਿਧ ਹੁੰਦਾ ਹੈ, ਕਿ ਨਵਾਬ ਭੀਖਣ ਖਾਂ ਵਡੇ ਘਲੂਘਾਰੇ ਸਮੇਂ ਸਿੰਘਾਂ ਨਾਲ ਲੜਿਆ ਸੀ, ਇਸ ਲਈ ਇਹ ਕਦੇ ਸੰਭਵ ਹੋ ਸਕਦੀ ਹੈ, ਕਿ ਉਹ ਸੰਮਤ ੧੮੧੭ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਨਾਲ ਲੜਦਾ ਹੋਇਆ ਮਾਰਿਆ ਗਿਆ ਹੋਵੇ।

ਇਹ ਦਸਣ ਦੀ ਕੋਈ ਖਾਸ ਲੋੜ ਨਹੀਂ, ਕਿ ਪੰਡਤ ਰਾਧਾ ਕਿਸ਼ਨ ਤੇ ਖਾਨ ਸਾਹਿਬ ਅਨਾਇਤ ਅਲੀ ਖਾਂ ਦੀਆਂ ਤਵਾਰੀਖਾਂ ਵਿਚ ਸਿੰਘਾਂ ਦੇ ਹਾਲਾਂ ਸਬੰਧੀ ਬਹੁਤ ਸਾਰੀਆਂ ਭੁਲਾਂ ਹਨ, ਅਤੇ ਪੰਡਤ ਜੀ ਨੇ ਤਾਂ ਜਾਣ ਬੁਝ ਕੇ ਸਿਖ ਕੌਮ ਦਾ ਦਿਲ ਦੁਖਾਉਣ ਲਈ ਨਵਾਬ ਸ਼ੇਰ ਮਹੰਮਦ ਖਾਂ ਦੇ ਹਾਲ ਵਿਚ ਅਨੰਦਪੁਰ ਸਾਹਿਬ ਦੀ ਲੜਾਈ ਸਬੰਧੀ ਸੁਧਾ ਲੂਣ ਤੋਲਿਆ ਹੈ, ਅਤੇ ਉਸ ਨੀਚ ਘਟਨਾ ਦੀ ਨਕਲ ਸਰ ਲੇਪਲ ਗ੍ਰਿਫਨ ਤੇ ਖਾਨ ਸਾਹਿਬ ਅਨੈਤ ਅਲੀ ਖਾਂ ਨੇ ਆਪਣੀਆਂ ਤਵਾਰੀਖਾਂ ਵਿਚ ਕੀਤੀ ਹੈ।

ਪੰਡਤ ਰਾਧਾ ਕਿਸ਼ਨ ਤੇ ਖਾਨ ਸਾਹਿਬ ਅਨੈਤ ਅਲੀ ਖਾਂ ਦੀਆਂ ਤਵਾਰੀਖ਼ਾਂ ਦਾ ਜੇ ਕਰ ਕੋਈ ਖਿਆਲ ਨਾ ਕੀਤਾ ਜਾਵੇ, ਤਦ ਵੀ ਦਿੱਲੀ ਤੇ ਕਾਬਲ ਦੀਆਂ ਐਸੀਆਂ ਸ਼ਹਾਦਤਾਂ ਹਨ, ਜਿਨ੍ਹਾਂ ਨੂੰ ਝੂਠੀਆਂ ਨਹੀਂ ਕਿਹਾ ਜਾ ਸਕਦਾ, ਅਤੇ ਮੰਨਣਾ ਹੀ ਪੈਂਦਾ ਹੈ, ਕਿ

Digitized by Panjab Digital Library | www.panjabdigilib.org

ਨਵਾਬ ਖ਼ਾਂ ਵਡੇ ਪ ਲੂਘਾਰੇ ਸਮੇਂ ਅਬਦਾਲੀ ਦਾ ਹਮੈਤੀ ਸੀ, ਅਤੇ ਇਸ ਤੋਂ ਤਿੰਨ ਸਾਲ ਮਗਰੋਂ ਸੰਮਤ ੧੮੨੧ ਬਿ: ਵਿਚ ਕੰਵਰ ਹਿੰਮਤ ਸਿੰਘ ਜੀ ਦੇ ਹਥੋਂ ਮਾਰਿਆ ਗਿਆ ਸੀ ।

ਬਰਨਾਲੇ ਵਲ ਕੋਟਲੇ ਦੇ ਨਵਾਬਾਂ ਦੀ ਹੱਦ ਸੇਖੇ ਜਲੂਰ ਤੀਕ ਸੀ, ਜੋ ਨਵਾਬ ਭੀਖਣ ਖ਼ਾਂ ਦੇ ਅੰਤਲੇ ਸਮੇਂ ਓਸੇ ਤਰ੍ਹਾਂ ਕਾਇਮ ਰਹੀ । ਪਰ ਜਿਉਂ ਹੀ ਨਵਾਬ ਭੀਖਣ ਖ਼ਾਂ ਗੁਜ਼ਰਿਆ, ਕੋਟਲੇ ਦੀ ਬੁਹਾਰੀ ਦਾ ਬੰਨ੍ਹ ਟੁਟ ਗਿਆ, ਅਤੇ ਅਹਿਮਦ ਸ਼ਾਹ ਸਰਹੰਦੋਂ ਮੁੜਦਿਆਂ ਹੀ ਕੋਟਲੇ ਦਾ ਇਲਾਕਾ ਸਭ ਪਾਸਿਆਂ ਤੋਂ ਸਾਂਭਿਆ ਜਾਣ ਲਗ ਪਿਆ ਅਤੇ ਮਹਾਰਾਜ ਅਮਰ ਸਿੰਘ ਜੀ ਨੇ ਸ਼ੇਰ ਪੁਰ, ਭਦੌੜ, ਤੇ ਪਾਇਲ ਦਾ ਇਲਾਕਾ ਸਾਂਭ ਲਿਆ । ਇਸ ਤੋਂ ਵੀ ਇਹ ਸਿਧ ਹੁੰਦਾ ਹੈ, ਕਿ ਨਵਾਬ ਭੀਖਣ ਖ਼ਾਂ ਸੰਮਤ ੧੮੧੭ ਬਿ: ਵਿਚ ਨਹੀਂ, ਬਲਕਿ ਸੰਮਤ ੧੮੨੧ ਬਿ: ਵਿਚ ਗੁਜ਼ਰਿਆ ਹੋਵੇ । ਸੋ ਇਸੇ ਗਲ ਨੂੰ ਮੈਂ ਮੰਨਿਆ ਹੈ ।

----

## ਨੰ. ੬

## ਮਰਹੱਟਿਆਂ ਦਾ ਸਰਹੰਦ ਪੁਜਣਾ

ਰਾਏ ਭਗਵੰਤ ਰਾਏ ਜੀ ਪਾਸ ਮਹਾਰਾਜ ਆਲਾ ਸਿੰਘ ਜੀ ਦੇ ਸਮੇਂ ਦੀਆਂ ਕੁਝ ਚਿਠੀਆਂ ਹਨ, ਉਨ੍ਹਾਂ ਵਿਚੋਂ ਇਕ ਚਿਠੀ ਤੋਂ ਇਹ ਸਿਧ ਹੁੰਦਾ ਹੈ, ਕਿ ਰਾਓ ਰਘੁਨਾਥ ਦਾ ਡੇਰਾ ੨੪ ਤਰੀਕ ਨੂੰ ਮੁਗ਼ਲ ਦੀ ਸਰਾਏ ਸੀ, ੨੫ ਤਰੀਕ ਨੂੰ ਰਾਜਪੁਰੇ ਡੇਰਾ ਹੋਇਆ । ੨੬ ਤਰੀਕ ਮੰਗਲਵਾਰ ਨੂੰ ਅਲੂੰਏ ਦੀ ਸਰਾਂ, ਜਿਥੇ ਮਹਾਰਾਜ ਜੀ ਦਾ ਵਕੀਲ ਲਧਾ ਮਲ ਰਾਓ ਰਘੁਨਾਥ ਰਾਓ ਨੂੰ ਮਿਲਿਆ । ੨੭ ਤਰੀਕ ਨੂੰ ਸਰਾਏ

Digitized by Panjab Digital Library | www.panjabdigilib.org

ਅਲੂੰਆਂ ਤੋਂ ਕੂਚ ਹੋ ਕੇ ਤਿੰਨਾਂ ਕੋਹਾਂ ਉਤੇ ਇਕ ਪਿੰਡ ਡੇਰਾ ਹੋਇਆ। ਅਗਲੇ ਦਿਨ ਸਰਹੰਦ ਲੜਾਈ ਹੋਣੀ ਸੀ।

ਹੁਣ ਵੇਖਣਾ ਇਹ ਹੈ, ਕਿ ਇਹ ਤਰੀਕਾਂ ਕੇਹੜੇ ਮਹੀਨੇ ਦੀਆਂ ਹਨ, ਕਿਸੇ ਹਿੰਦੀ ਮਹੀਨੇ ਦੀਆਂ, ਕਿ ਮੁਸਲਮਾਨੀ ਮਹੀਨੇ ਦੀਆਂ? 'ਅਮਦਾ-ਤੁਲ-ਤਵਾਰੀਖ' ਵਿਚ ਮੰਨਿਆ ਹੈ, ਕਿ ਲਾਹੌਰ ਨੁਰਾਤਿਆਂ ਦੇ ਦਿਨੀਂ ਮਰਹਟੇ ਅਪੜੇ ਸਨ, ਅਤੇ ਇਸ ਲਈ ਜੁ ਇਸ ਤਵਾਰੀਖ ਦੇ ਕਰਤਾ ਨੇ ਆਪਣੇ ਪਿਤਾ ਜੀ ਜ਼ਬਾਨੀ ਅਦੀਨਾ ਬੇਗ ਦੇ ਸਮੇਂ ਦੇ ਅਖੀਂ ਡਿਠੇ ਹਾਲ ਲਿਖੇ ਹਨ, ਇਸ ਲਈ ਮਰਹੱਟਿਆਂ ਦਾ ਨੁਰਾਤਿਆਂ ਦੇ ਦਿਨੀਂ ਲਾਹੌਰ ਪੁਜਣਾ ਸੱਚੀ ਗੱਲ ਜਾਪਦੀ ਹੈ।

ਇਹ ਘਟਨਾ ੧੧੭੧ ਹਿ: ਤੇ ਸੰਮਤ ੧੮੧੪ ਬਿ: ਦੀ ਹੈ ਸੰਮਤ ੧੫੧੫ ਬਿ: ਦਾ ਪਹਿਲਾ ਨੁਰਾਤਾ ੩੧ ਚੇਤ ਸਨੀਚਰਵਾਰ ਨੂੰ ਹੈ; ਅਤੇ ਅਗਲੇ ਦਿਨ ਐਤਵਾਰ ਨੂੰ ਵਿਸਾਖੀ ਹੈ, ੨੬ ਚੇਤ ਨੂੰ ਸੋਮਵਾਰ ਹੈ, ਤੇ ੨੪ ਰਜਬ ਨੂੰ ਬੁਧਵਾਰ (ਜੋ ੨੯ ਚੇਤ ਦੇ ਟਾਕਰੇ ਦੀ ਤਰੀਕ ਹੈ)। ੨੬ ਜਮਾਦੀ ਉਲ-ਸਾਨੀ ਨੂੰ ਮੰਗਲਵਾਰ ਸੀ, ਪਰ ਇਹ ੭ ਮਾਰਚ ੧੭੫੮ ਈ: ਤੇ ੨੮ ਫਗਣ ਯਾ ਫਗਣ ਸੁਦੀ ੧੩ ਸੰਮਤ ੧੮੧੪ ਬਿ: ਦੇ ਟਾਕਰੇ ਦੀ ਤਰੀਕ ਹੈ।

ਜੇ ਕਰ ੨੬ ਜਮਾਦੀ-ਉਲ-ਸਾਨੀ ਸੰ: ੧੧੭੨ ਹਿ: ਨੂੰ ਰਘੁਨਾਥ ਰਾਓ ਅਲੂਏਂ ਦੀ ਸਰਾਏਂ ਡੇਰਾ ਕਰਨਾ ਮੰਨਿਆ ਜਾਵੇ, ਤਾਂ ਇਸ ਤੋਂ ਮਹੀਨਾ ਭਰ ਪਿਛੋਂ ਲਾਹੌਰ ਅਪੜਨਾ ਮੰਨਣਾ ਪੈਂਦਾ ਹੈ, ਜੋ ਓਪਰੀ ਨਜ਼ਰੇ ਤਾਂ ਅਣਹੋਣੀ ਜੇਹੀ ਗਲ ਜਾਪਦੀ ਹੈ, ਪਰ ਜਦ ਇਹ ਸੋਚੀਦਾ ਹੈ, ਕਿ ਮਰਹੱਟੇ ਹੌਲੀਆਂ ਹੌਲੀਆਂ ਮਜ਼ਲਾਂ ਕਰਦੇ, ਤੇ ਚੰਗੀ ਤਰ੍ਹਾਂ ਦੇਸ ਨੂੰ ਲੁਟਦੇ ਸਨ, ੨੪ ਤਰੀਕ ਨੂੰ ਮੁਗਲ ਦੀ ਸਰਾਏਂ (ਸਿੰਭੂ ਪਾਸ) ੨੫ ਤਰੀਕ ਨੂੰ ਰਾਜਪੁਰੇ ੨੬ ਤਰੀਕ ਨੂੰ ਅਲੂੰਏ ਦੀ ਸਰਾਏਂ (ਸਰਾਏ ਵਣਜਾਰਾ) ਤੇ ੨੭ ਤਰੀਕ ਨੂੰ ਤਿੰਨ ਕੋਹ ਪਰੇ ਜਾ ਕੇ ਡੇਰਾ ਕਰ ਬੈਠੇ ਸਨ, ਤਾਂ ਸਰਹੰਦ ਤੋਂ ਲੈ ਕੇ ਲਾਹੌਰ ਤੀਕ ਉਨ੍ਹਾਂ ਨੂੰ ਇਕ ਮਹੀਨਾ ਲਗ

Digitized by Panjab Digital Library | www.panjabdigilib.org

ਜਾਣਾ ਕੋਈ ਵੱਡੀ ਗਲ ਨਹੀਂ ਸੀ, ਜਦ ਕਿ ਅਦੀਨਾ ਬੇਗ ਵਲੋਂ ਉਨ੍ਹਾਂ ਨੂੰ ਇਕ ਇਕ ਮਜ਼ਲ ਦਾ ਇਕ ਇਕ ਲਖ ਰੁਪਿਆ ਮਿਲਦਾ ਹੋਵੇ। ਸੋ ਮੈਂ ਵੀ ੨੬ ਜਮਾਦੀ-ਉਲ-ਸਾਨੀ ਅਰਥਾਤ ੨੮ ਫਗਣ ਨੂੰ ਮਰਹੱਟਿਆਂ ਦੇ ਸਰਾਏਂ ਵਣਜਾਰੇ ਉਤਰਨਾ ਤੇ ੩੦ ਫਗਣ ਨੂੰ ਸਰਹੰਦ ਪੁਜਣਾ ਮੰਨਿਆ ਹੈ।

—o—

## ਨੰ. ੭

## ਫੂਲ ਪਿੰਡ ਦਾ ਮੁੜ ਵਸਣਾ

ਫੂਲ ਪਿੰਡ ਦੇ ਵਸਣ ਦਾ ਜੋ ਹਾਲ-ਉਤੇ ਦਿਤਾ ਗਿਆ ਹੈ, ਇਹ ਸ: ਰਾਜੂ ਸਿੰਘ ਦੀ ਯਾਦਦਾਸ਼ਤ ਅਨੁਸਾਰ ਹੈ, ਸੋ ਮਹਾਰਾਜ ਆਲਾ ਸਿੰਘ ਜੀ ਦਾ ਸਮਕਾਲੀ ਸੀ, ਅਤੇ ਇਸ ਇਲਾਕੇ ਦਾ ਪੂਰਾ ਪੂਰਾ ਜਾਣੂ। ਪਰ ਬੈਹਬਲ ਦੀ ਉਲਾਦ ਦਾ ਕਥਨ ਹੈ, ਕਿ ਬੈਹਬਲ ਦਾ ਪਿਤਾ ਝੰਡੂ ਤੇ ਫੂਲ ਦਾ ਪਿਤਾ ਰੂਪ ਚੰਦ, ਸਕੇ ਸਾਂਢੂ ਸਨ, ਜੋ ਜਟਾਣਿਆਂ ਦੇ ਘਰ ਵਿਆਹੇ ਗਏ ਸਨ। ਜੋ ਉਸ ਸਮੇਂ ਢਬਾਲੀ ਪਾਸ ਵਸਦੇ ਸਨ ਅਤੇ ਹੁਣ ਫੂਲ ਵਿਚ ਵਸਦੇ ਹਨ। ਜਦ ਫੂਲ ਨੇ ਸੰਤ ਸਮੇਰ ਪੁਰੀ ਜੀ ਦੇ ਬਚਨਾਂ ਅਨੁਸਾਰ ਫੂਲ ਪਿੰਡ ਦੀ ਮੋਹੜੀ ਗੱਡੀ ਤਾਂ ਕਾਂਗੜ ਦੇ ਚੌਧਰੀ ਨੇ ਈਸੇ ਖਾਂ ਮੰਜ ਪਾਸ ਜਾ ਚੁਗਲੀ ਖਾਧੀ, ਕਿ ਆਪ ਦੇ ਇਲਾਕੇ ਵਿਚ ਇਕ ਨਵਾਂ ਜਵਾਨ ਉਠਿਆ ਹੈ ਜੋ ਕਿਸੇ ਨੂੰ ਪੁਛੇ ਤੋਂ ਬਿਨਾਂ ਹੀ ਪਿੰਡ ਅਬਾਦ ਕਰੀ ਜਾਂਦਾ ਹੈ। ਇਹ ਗੱਲ ਸੁਣ ਕੇ ਈਸੇ ਖ਼ਾਂ ਨੂੰ ਬੜਾ ਗੁਸਾ ਆਇਆ ਕਿਉਂ ਜੋ ਇਹ ਫੂਲ ਵਾਲਾ ਥੇਹ ਉਸ ਦਾ ਸੀ। ਉਸ ਨੇ ਚਾਚੂ ਖਾਂ ਮੰਜ ਨੂੰ ਆਪਣੀ ਫੌਜ ਦੇ ਕੇ ਫੂਲ ਵਲ ਘਲਿਆ, ਜਿਸ ਨੇ ਆ ਕੇ ਫੂਲ ਨੂੰ ਫੜ ਲਿਆ ਅਤੇ ਚਾਚੋਆਣੀ ਢਾਬ ਉਤੇ ਡੇਰਾ ਕਰ ਕੇ ਬੈਠ ਗਿਆ, ਕਿ ਵੇਖੀਏ, ਫੂਲ ਨੂੰ ਛਡਾਉਣ ਵਾਲਾ ਕੌਣ ਆਉਂਦਾ ਹੈ।

Digitized by Panjab Digital Library | www.panjabdigilib.org

ਫੂਲ ਨੇ ਉਸ ਵੇਲੇ ਆਪਣਾ ਆਦਮੀ ਮਾੜੇ ਚੰਦੂਆਣੇ* ਪਿੰਡ ਵਲ ਦੁੜਾਇਆ, ਕਿ ਅਸੜ ਝੰਡੇ ਨੂੰ ਸੱਦ ਲਿਆਵੇ।

ਸੰਜੋਗ ਐਸਾ ਹੋਇਆ ਕਿ ਝੰਡਾ ਉਸ ਸਮੇਂ ਇਕ ਜਨੇਤ ਵਲ ਗਿਆ ਹੋਇਆ ਸੀ ਫੂਲ ਦਾ ਆਦਮੀ ਓਥੇ ਹੀ ਪੁਜਾ, ਤੇ ਸਭ ਗੱਲ ਆਖ ਸੁਣਾਈ।

ਝੰਡੇ ਨੇ ਸਾਰੀ ਜਨੇਤ ਪਾਸੋਂ ਪੁਛਿਆ ਕਿ ਕੋਈ ਹੈ ਜੋ ਇਸ ਸਮੇਂ ਸਾਥ ਦੇਵੇ। ਇਕ ਸੌ ਜਵਾਨਾਂ ਨੇ ਹਾਂ ਕੀਤੀ। ਸੋ ਉਸੇ ਸਮੇਂ ਘੋੜੀਆਂ ਨੂੰ ਅੱਡੀਆਂ ਲਾ ਕੇ ਫੂਲ ਵਲ ਨਠ ਤੁਰੇ, ਅਤੇ ਰਾਤੋ ਰਾਤ ਸਤਲੁਜ ਪਾਰ ਕਰ ਕੇ ਦਿਨ ਚੜ੍ਹਦਿਆਂ ਨੂੰ ਚਾਹੂ ਮੰਜ ਉਤੇ ਆ ਪਏ।

ਦੋਹਾਂ ਧਿਰਾਂ ਦੀ ਖੂਬ ਲੜਾਈ ਹੋਈ, ਜਿਸ ਵਿਚ ਚਾਹੂ ਖਾਂ ਮੰਜ ਮਾਰਿਆ ਗਿਆ, ਹੁਣ ਫੂਲ ਨੇ ਆਪਣੇ ਮਾਸੜ ਨੂੰ ਕਹਿਆ ਕਿ ਮੇਰਾ ਪਿੰਡ ਤਦ ਵਸਦਾ ਹੈ ਜੇ ਕਰ ਤੁਸੀਂ ਮੇਰੇ ਵਲ ਰਹੋ। ਸੋ ਝੰਡਾ ਤੇ ਉਸ ਦਾ ਪੁਤ੍ਰ ਬੈਹਬਲ ਫੂਲ ਵਿਚ ਵਸ ਪਏ, ਤੇ ਫਿਰ ਏਥੇ ਹੀ ਝੰਡਾ ਗੁਜ਼ਰ ਗਿਆ। ਕੁਝ ਸਾਲਾਂ ਮਗਰੋਂ ਬੈਹਬਲ ਨੇ ਇਹ ਵਿਚਾਰ ਕੇ ਫੂਲ ਦੀ ਉਲਾਦ ਮੇਰੀ ਉਲਾਦ ਨੂੰ ਮਤਾਂ ਪਿੰਡੋਂ ਕਢ ਦੇਵੇ ਉਸ ਨੇ 'ਗਿੱਲ ਨਾਮੇ ਆਪਣਾ ਨਵਾਂ ਪਿੰਡ ਬੰਨ੍ਹ ਲਿਆ। ਜਿਥੇ ਅਜ ਕਲ ਬੈਹਬਲ ਦੇ ਦੋ ਪੁਤ੍ਰਾਂ ਫਤੂਹੀ ਤੇ ਨਾਨੂ ਦੀ ਉਲਾਦ ਵਸਦੀ ਹੈ ਤੇ ਤੀਜੇ ਪੁਤ੍ਰ ਕੱਟੂ ਦੀ ਉਲਾਦ ਕੱਟੂ ਪਿੰਡ ਵਿਚ ਹੈ, ਜਿਸ ਨੂੰ ਗਿੱਲਾਂ ਤੋਂ ਉਠ ਕੇ ਕੱਟੂ ਨੇ ਅਬਾਦ ਕੀਤਾ ਸੀ।

ਝੰਡਾ
|
ਬੈਹਬਲ
|
ਫਤੂਹੀ | ਨਾਨੂ | ਕੱਟੂ

*ਹੁਣ ਇਹ ਦੋਹ ਹੈ।

Digitized by Panjab Digital Library | www.panjabdigilib.org

B-0610

Digitized by Panjab Digital Library | www.panjabdigilib.org

# ਪੰਜਾਬੀ ਦੀਆਂ ਵਧੀਆ ਪੁਸਤਕਾਂ

**ਸਾਹਿਤ ਦਰਸਨ:-ਮੁਲ ੪) ਰੁਪਏ**

ਇਹ ਪੁਸਤਕ ਪ੍ਰਿੰਸੀਪਲ ਤੇਜਾ ਸਿੰਘ ਜੀ ਪੰਜਾਬੀ ਬੋਲੀ ਅਤੇ ਸਾਹਿਤ ਬਾਰੇ ਸਮੇਂ ੨ ਲਿਖੇ ਸਾਹਿਤਕ ਲੇਖਾਂ ਦਾ ਇਕ ਅਦੁਤੀ ਸੰਗ੍ਰਹਿ ਹੈ। ਇਹ ਪੁਸਤਕ ਜਿਥੇ ਬੋਲੀ ਤੇ ਸਾਹਿਤ ਦਾ ਇਤਿਹਾਸ ਹੈ ਉਥੇ ਪੰਜਾਬੀ ਸਾਹਿਤ ਉਪਰ ਤੁਲਨਾਮਤ ਪੜਚੋਲ ਵੀ ਹੈ। ਪ੍ਰਿੰਸੀਪਲ ਸਾਹਿਬ ਦੀ ਰਸੀ ਹੋਈ ਵਿਦਵਤਾ ਤੇ ਕਲਾ-ਮਈ ਪੰਜਾਬੀ ਵਾਰਤਕ ਦਾ ਅੰਦਾਜ਼ਾ ਤੁਸੀਂ ਪੜ੍ਹਨ ਤੋਂ ਹੀ ਲਗਾ ਸ਼ਕਦੇ ਹੋ। ਪੰਜਾਬ ਦੇ ਰਸੀਏ ਪਾਠਕਾਂ ਤੋਂ ਛੁਟ ਪੰਜਾਬੀ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਲਈ ਇਹ ਪੁਸਤਕ ਇਕ ਰੋਸ਼ਨ ਮੀਨਾਰੇ ਦਾ ਕੰਮ ਦੇਵੇਗੀ।

**ਸਿਖ ਧਰਮ : ਮੁਲ ੨) ਰੁਪਏ**

ਪ੍ਰਿੰ: ਤੇਜਾ ਸਿੰਘ ਸਿਖ ਧਰਮ ਬਾਰੇ ਸਿਖ ਸਮਾਜ ਵਿਚ ਮਹਾਨ ਵਿਦਵਾਨ ਤੇ ਟੀਕਾਕਾਰ ਮੰਨੇ ਜਾਂਦੇ ਹਨ। ਆਪ ਦੇ ਜਗਤ ਪ੍ਰਸਿਧ ਲੇਖਾਂ ਤੇ ਕਿਤਾਬਾਂ ਦਾ ਪੰਜਾਬੀ ਰੂਪ ਤੁਸੀਂ ਉਨ੍ਹਾਂ ਦੀ ਆਪ ਦੀ ਲਿਖੀ ਮਟਕਾਂ ਭਰੀ ਪੰਜਾਬੀ ਵਾਰਤਕ ਵਿਚ ਏਸੇ ਪੁਸਤਕ ਅੰਦਰ ਹੀ ਪੜ੍ਹ ਸਕਦੇ ਹੋ। ਸਿਖ ਧਰਮ ਦੇ ਮੂਲ ਸਿਧਾਂਤ, ਸਿਖ ਧਰਮ ਵਿਚ ਸੰਪਰਦਾਵਾਂ, ਜਥੇਬੰਦੀ ਰਹਿਤ, ਧਰਮ ਅਤੇ ਆਜ਼ਾਦੀ, ਸਿਖ ਧਰਮ ਤੇ ਸ਼ਾਂਤਮਈ, ਆਦਿ ਵਿਸ਼ਿਆਂ ਉਤੇ ਆਪ ਨੂੰ ਭਰਵੀਂ ਵਾਕਫੀ ਇਸ ਪੁਸਤਕ ਬਿਨਾਂ ਹੋਰ ਕਿਧਰੇ ਨਹੀਂ ਮਿਲ ਸਕਦੀ। ਸਿਖ ਧਰਮ ਦੀ ਜਾਣਕਾਰੀ ਹਾਸਲ ਕਰਨ ਵਾਲਿਆਂ ਲਈ ਇਹ ਇਕ ਅਦੁਤੀ ਪੁਸਤਕ ਹੈ।

**ਭਾਵਾਂ ਦੇ ਦੇਸ :** ਪ੍ਰਿੰ: ਤੇਜਾ ਸਿੰਘ ਜੀ ਲਿਖਦੇ ਹਨ :

ਇਹ ਕਵੀ ਪੰਜਾਬੀ ਕਵਿਤਾ ਨੂੰ ਭਾਵੁਕਤਾ ਦੀ ਆਮ ਪੱਧਰ ਤੋਂ ਚੁਕਕੇ ਉੱਚੀ ਤੇ ਤਿੱਖੀ ਸੂਝ ਵਾਲੀ ਕਲਪਨਾ ਦੇ ਮੰਡਲ ਵਿਚ ਲੈ ਗਿਆ ਹੈ। ਜਿਥੇ ਵਲਵਲਾ ਤੀਬਰ ਹੈ ਉਥੇ ਖਿਆਲ ਵੀ ਕੋਮਲ ਤੇ ਉਚ-ਦਿਮਾਗੀ ਹੈ। ਇਸ ਸੰਗ੍ਰਹਿ ਦੇ ਪਰਕਾਸ਼ਨ ਨਾਲ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਪੰਜਾਬੀ ਕਵਿਤਾ ਖਿਆਲ ਦੀ ਉੱਚਤਾ ਵਿਚ ਕਿਸੇ ਕੋਲੋਂ ਘੱਟ ਨਹੀਂ। ੧॥) ਮੈਨੇਜਰ—ਪ੍ਰਕਾਸ਼ ਪੁਸਤਕਾਲਾ ਪਟਿਆਲਾ।

ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਲੋਇਰ ਮਾਲ ਪਟਿਆਲਾ ਵਿਚ ਛਪੀ।

Digitized by Panjab Digital Library | www.panjabdigilib.org